ਜਬ ਉਠ ਕਰਕੇ ਚਲਤਾ ਹੈ ਭਾਵ ਏਹ ਕਿ ਜਬ ਮਿਰਤ ਹੋਕਰ (ਜੰਦਾਰ) ਜਮੋਂ ਕੇ ਵਸ ਪੜਤਾ ਹੈ ਤਬ ਪਸਚਾਤਾਪ ਕਰਤਾ ਹੈ ਕਿ ਮੈਨੇ ਮਾਨੁਖ ਜਨਮ ਕੋ ਨਾਮ ਸਿਮਰਨ ਬਿਨਾ ਬਿਯਰਥ ਹੀ ਖੋਇ ਲੀਆ ਹੈ ॥ ੧ ॥ ਔਰ ਜੋ ਕਦਾਚਿਤ ਐਸੇ ਸਮਝੇ ਕਿ ਅਬੀ ਤੋ ਜੁਵਾ ਹੈ ਇਹ ਅਵਸਥਾ ਮੇਂ ਨਾਮ ਸਿਮਰਣ ਕਰ ਲੇਵੇਂਗੇ ਸੋ ਐਸੇ ਹੈਂ ॥

ਅੰਧੇ ਤੂੰ ਬੈਠਾ ਕੰਧੀ ਪਾਹਿ ॥ ਜੇ ਹੋਵੀ ਪੂਰਬਿ ਲਿਖਿਆ ਤਾਰੁ ਗੁਰ ਕਾ ਬਚਨੁ ਕਮਾਹਿ ॥੧॥ ਰਹਾਉ ॥

ਹੇ ਅਗਯਾਨੀ ਜੀਵ ਤੂੰ ਤੋ ਕਾਲ ਰੂਪੀ ਨਦੀ ਕੇ ਕਨਾਰੇ ਪਰ ਬੈਠਾ ਹੈਂ ਜੇਕਰ ਤੇਰੇ ਪੂਰਬ ਜਨਮ ਕੇ ਪੁੰਨ ਕਰਮੋਂ ਕਾ ਲਿਖਾ ਹੂਆ ਲੇਖ ਤੇਰੇ ਮਸਤਕ ਮੇਂ ਹੈ ਤੋ ਗੁਰੂ ਕੇ ਉਪਦੇਸ਼ ਕੋ ਕਮਾਵਨਾ ਕਰ ॥ ੧ ॥

ਹਰੀ ਨਾਹੀ ਨਹ ਡਡੂਰੀ ਪਕੀ ਵਢਣੁ ਹਾਰ ॥

ਜੈਸੇ ਕ੍ਰਿਸਾਨ ਅਪਨੀ ਖੇਤੀ ਕੇ ਕਾਟਨੇ ਮੈ ਸੰਕਾ ਨਹੀਂ ਕਰਤਾ ਹੈ (ਹਰੀ) ਕਚੀ ਕਾ ਨੇਮੁ ਨਹੀਂ ਕਾਟੇ ਤੋ ਕਾਟ ਹੀ ਲੇਵੇ ਔਰ (ਡਡੂਰੀ)ਅਰਧ ਪਕੀ ਕਾ ਭੀ ਸੰਕੋਚ ਨਹੀਂ ਹੈ ਔਰ ਪਰਪੱਕ ਹੂਈ ਹੂਈ ਤੋ ਅਵੱਸ ਹੀ ਕਾਟਨੇ ਯੋਗ ਹੋਤੀ ਹੈਂ ॥

ਲੈ ਲੈ ਦਾਤਿ ਪਹੁਤਿਆ ਲਾਵੇ ਕਰਿ ਤਈਆਰੁ ॥

(ਲਾਵੇ) ਖੇਤ ਕੋ ਕਾਟਣੇ ਵਾਲੇ ਔਰ ਦਾਤ੍ਰੀਓਂ ਕੋ ਲੇ ਲੇ ਕਰ ਤਿਆਰ ਸਾਵਧਾਨ ਕਰਕੇ ਖੇਤ ਮੈ ਕ੍ਰਿਸਾਣੁ ਪ੍ਰਾਪਤਿ ਹੋਤਾ ਭਯਾ।

Digitized by Panjab Digital Library | www.panjabdigilib.org

ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ ॥ ੨ ॥

ਜਬ ਧਰਮਰਾਜ ਕ੍ਰਿਸਾਨ ਕਾ ਹੁਕਮ ਹੂਆ ਤਬ ਤਿਸ (ਖੇਤਾਰੁ) ਖੇਤ ਭਾਵ ਸਰੀਰ ਕੋ ਮਿਣ ਕਰਕੇ (ਲੁਣਿ) ਕਾਟ ਲੀਆ ਵਾ ਸ੍ਵਾਸ ਗਿਣ ਕੇ ਸਰੀਰ ਕੀ ਨਾੜੀਓਂ ਸੇ ਸੂਖਮ ਸਰੀਰ ਕੋ ਜਮਦੂਤ ਗਿਣ ਮਿਣ ਕੇ ਨਿਕਾਲ ਲੇਤੇ ਹੈਂ ਵਾ ਕਾਟ ਕੇ ਮਿਣ ਲੇਤੇ ਹੈਂ ਭਾਵ ਇਹ ਕਿ ਜਬ ਬਾਲ ਜੁਵਾ ਬ੍ਰਿੱਧ ਆਦਿਕ ਜਮਦੂਤ ਕੋਈ ਵੀ ਕਟ ਕੇ ਲੈ ਜਾਂਦੇ ਹਨ ਤਾਂ ਕੀਤੇ ਕਰਮਾਂ-ਨੁਸਾਰ ਗਿਣਤੀ ਕੀਤੀ ਜਾਂਦੀ ਹੈ ਭਾਵ ਕਰਮਾਂ ਦਾ ਹਿਸਾਬ ਹੁੰਦਾ ਹੈ ॥ ਯਥਾ "ਨਹ ਬਾਰਕ ਨਹ ਜੋਬਨੈ ਨਹਿ ਬ੍ਰਿਧੀ ਕਛੁ ਬੰਧ। ਓਹ ਬੇਰਾ ਨਹਿ ਬੂਝੀਐ ਜਬ ਆਇ ਪਰੈ ਜਮ ਫੰਧ" ॥ ੨ ॥

ਪਹਿਲਾ ਪਹਿਰੁ ਧੰਧੈ ਗਇਆ ਦੂਜੈ ਭਰਿ ਸੋਇਆ ॥

ਅਬ ਜੀਵ ਕੀ ਬਿਵਸਥਾ ਕਹਤੇ ਹੈਂ ਸਾਰਾ ਦਿਨ ਤੋ ਬਿਉਹਾਰੋਂ ਮੈ ਬਤੀਤ ਹੋ ਜਾਤਾ ਹੈ ਪਰੰਤੂ ਰਾਤ੍ਰੀ ਮੈ ਪਰਮੇਸ੍ਵਰ ਕੋ ਚਿਤ ਕਰੇ ਤੋ ਹੋ ਸਕਤਾ ਹੈ ਵਹੁ ਭੀ ਬਜਰਥ ਹੀ ਖੋਇ ਦੇਤਾ ਹੈ ਸੋ ਕਹਿਤੇ ਹੈਂ ਰਾਤ੍ਰੀ ਕਾ (ਪਹਿਲਾ)ਪ੍ਰਥਮ ਪੈਹਰ ਤੋ ਧੰਧੇ ਮੈ ਬੀਤ ਗਿਆ ਔਰ ਦੂਸਰੇ ਪਹਰ ਮੈ ਗਾੜੀ ਨਿੰਦ੍ਰਾ ਭਰਕੇ ਸੋ ਰਹਾ ॥

ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ ॥

ਪੁਨਾ ਤੀਸਰੇ ਪਹਰ ਮੈ ਬਿਸੇ ਪਰਾਇਣ ਹੋਕਰ ਵਾ ਸ੍ਵਪਨ ਮੈ (ਝਾਖਝਖਾਇਆ) ਬਿਅਰਥ ਹੀ ਖਪਤਾ ਭਯਾ। ਚੌਥੇ ਪਹਰ ਰਾਤ੍ਰੀ ਕੇ (ਭੋਰੁ) ਦਿਨ ਹੋ ਜਾਤਾ ਭਯਾ ਭਾਵ ਏਹ ਕਿ ਦਿਨ ਰਾਤ੍ਰੀ ਕਾ ਸਮਾ ਬਿਅਰਥ ਬਤੀਤ ਹੋਤਾ ਭਯਾ ਭਾਵ ਪਹਿਲੀ ਬਾਲਪਣਾ ਖੇਡ ਰੂਪੀ ਧੰਧਿਓਂ ਮੈ ਗਇਆ ਦੂਜਾ ਜੋਬਨ ਪਨੇ ਮੈਂ ਵਿਸਿਓਂ ਵਿਕਾਰੋਂ ਰੂਪੀ ਨਿੰਦ੍ਰਾ ਮੈ ਅਚੇਤ ਰਹਾ ਤੀਸਰੀ ਅਵਸਥਾ ਸੰਸਕਾਰ ਝਖਣੇ ਪੁਤਾਂ ਧੀਆਂ ਦੇ ਕਾਰਜਾਂ ਵਿਚ ਝਖਿਆ ਚੌਥੇ ਸਮੇ ਬ੍ਰਿਧਾਪਨ ਮੈ ਕਾਲ ਪ੍ਰਾਪਤੀ ਰੂਪੀ ਸਵੇਰਾ ਹੋ ਗਿਆ ॥

ਕਦਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ ॥ ੩ ॥

ਜਿਸ ਪਰਮੇਸ੍ਵਰ ਨੇ ਇਸ ਜੀਵ ਕੋ ਇਹ ਮਨੁਖ ਸਰੀਰ ਦੀਆ ਥਾ ਸੋ ਕਦੇ ਵੀ ਚਿਤ ਨਹੀਂ ਆਯਾ ਭਾਵ ਏਹ ਕਿ ਤਿਸਕਾ ਸਿਮਰਨ ਨਹੀਂ ਕੀਆ ॥

ਸਾਧ ਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥

ਸਰੀਰ ਕਰਕੇ ਭੀ ਸਾਧ ਸੰਗਤ ਕੇ ਵਾਰਨੇ ਜਾਤਾ ਹੂੰ ਔਰ ਅਪਨੇ ਜੀਵ ਕੋ ਕੁਰਬਾਨ ਕੀਆ ਹੈ। ਭਾਵ ਸੋ ਜੀਵਣ ਪ੍ਰਯੰਤ ਸੰਤੋਂ

Digitized by Panjab Digital Library | www.panjabdigilib.org

ਕੇ ਨਿਮਿਤ ਸਰੀਰ ਲਗਾਯਾ ਹੈ ॥

ਜਿਸਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥

ਜਿਸ ਸਾਧ ਸੰਗਤ ਤੇ ਮਨ ਮੈਂ ਸ੍ਵਰੂਪ ਕੀ ਸਮਝ ਪ੍ਰਾਪਤਿ ਹੁਈ ਹੈ ਤਿਸ ਸਮਝ ਕਰਕੇ (ਪੁਰਖੁ ਸੁਜਾਨੁ) ਰੂਰੂ ਸ੍ਵੰਸ੍ਵ ਗਯਾਨ ਵਾਲਾ ਪ੍ਰਾਪਤਿ ਭਯਾ ਹੈ ॥

ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥ ੪ ॥ ੪ ॥ ੭੪ ॥

ਸ੍ਰੀ ਗੁਰੂ ਜੀ ਕਹਤੇ ਹੈਂ ਤਿਸ (ਜਾਣ) ਆਤਮ ਗਯਾਤ ਸੇ ਹਰਿ ਅੰਤਰਜਾਮੀ ਕੋ ਅਪਨੇ ਸਾਥ ਹੀ ਦੇਖਾ ਹੈ ॥ ਭਾਵ ਏਹਿ ਕਿ ਵਾਸਤਵ ਵੀਚਾਰ ਕਰ ਦੇਖੇ ਸੇ ਸਾਖੀ ਕੂਟਸਤ੍ਰ ਚਿਦਾਭਾਸ ਸੇ ਭਿੰਨ ਨਹੀਂ ਚਿਦਾਭਾਸ ਕੇ ਵਸੇਸ ਭਾਗ ਕਾ ਨਾਮੁ ਸਾਖੀ ਹੈ ॥ ੪ ॥ ੪ ॥ ੭੪ ॥

ਸਿਰੀ ਰਾਗੁ ਮਹਲਾ ੫ ॥ ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥

ਔਰ ਜੋ ਸੰਸਾਰੀ ਬਾਤਾਂ ਹੈਂ ਸੋ ਤੋ ਸਭ ਭੂਲ ਜਾਵੈਂ ਪਰੰਤੂ ਏਕੁ ਜੋ ਵਾਹਿਗੁਰੂ ਹੈ ਸੋ ਨਾ ਭੂਲ ਜਾਵੈ ॥

ਧੰਧਾ ਸਭੁ ਜਲਾਇਕੈ ਗੁਰਿ ਨਾਮੁ ਦੀਆ ਸਚੁ ਸੁਆਉ ॥

ਸੰਪੂਰਨ ਬਿਓਹਾਰੋਂ ਕੋ ਜਲਾਇ ਕਰ ਭਾਵ ਤਜਾਗ ਕੇ ਜੋ ਅਲਗ ਹੂਏ ਹੈਂ ਤਿਨਕੋ ਗੁਰੋਂ ਨੇ ਐਸਾ ਹਰੀ ਨਾਮੁ ਦੀਆ ਹੈ ਜਿਸ ਕਾ ਸਚਾ (ਸੁਆਉ) ਲਾਭੁ ਹੈ ॥

ਆਸਾ ਸਭੇ ਲਾਹਿਕੈ ਇਕਾ ਆਸ ਕਮਾਉ ॥

ਤਾਂਤੇ ਤੂੰ ਸਰਬ ਪਰਕਾਰ ਕੀ ਆਸਾ ਕੋ ਨਿਬਿਤਿ ਕਰਕੇ ਏਕ ਪਰਮੇਸਰ ਕੀ ਆਸਾ ਰਖ ਕੇ ਭਗਤੀ ਕੋ ਕਮਾਵਨਾ ਕਰੁ ਇਸ ਅਰਥ ਮੇ ਕੁਮਾਉ ਪਦ ਸੇ ਭਗਤੀ ਕਾ ਅਧਜਾਰੁ ਹੈ ॥

ਜਿਨੀ ਸਤਿਗੁਰੁ ਸੇਵਿਆ ਤਿਨਿ ਅਗੈ ਮਿਲਿਆ ਥਾਉ ॥ ੧ ॥

ਜਿਨਿ ਭਗਤੀਵਾਨ ਪੁਰਸੋਂ ਨੇ ਸਤਿਗੁਰੋਂ ਕਾ ਸੇਵਨ ਕੀਆ ਹੈ ਤਿਨਕੋ (ਅਗੈ) ਪਰਲੋਕ ਮੈਂ ਉੱਤਮ ਅਸਥਾਨ ਮਿਲਾ ਹੈ ਭਾਵ ਏਹਿ ਕਿ ਜਿਨਕੋ ਯਦਿ ਕਿੰਚਤ ਭੀ ਭਗਤੀ ਪ੍ਰਾਪਤਿ ਹੈ ਸੋ ਪੁਰਸ ਅਧੋਗਤ ਕੋ ਪ੍ਰਾਪਤਿ ਨਹੀਂ ਹੋਤੇ ਕਿੰਤੂ ਉੱਤਮ ਲੋਗੋਂ ਮੈਂ ਪ੍ਰਾਪਤਿ ਹੋਤੇ ਹੈਂ ॥ ੧ ॥

ਮਨ ਮੇਰੇ ਕਰਤੇ ਨੋ ਸਾਲਾਹਿ ॥ ਸਭੁ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥੧॥ਰਹਾਉ॥

Digitized by Panjab Digital Library | www.panjabdigilib.org

ਹੇ ਮੇਰੇ ਮਨ ਉਤਪਤਿ ਪਾਲਨਾ ਸੰਹਾਰ ਕਰਨੇ ਵਾਲਾ ਜੋ ਪਰਮੇਸ੍ਰਰ ਹੈ ਤਿਸਕੋ ਸਾਲਾਹਿ ਪਰੰਤੂ ਤੁਝ ਕੋ ਸਲਾਹੁਨੇ ਕੀ ਸਾਮਰਥ ਤਬ ਪ੍ਰਾਪਤਿ ਹੋਵੇਗੀ ਜਬ ਤੂੰ ਸਰਬ ਚਤੁਰਾਈਓਂ ਕੋ ਛੋਡ ਕਰਕੇ ਗੁਰੋਂ ਕੇ ਚਰਨੋਂ ਮੈਂ ਪ੍ਰਾਪਤਿ ਹੋਵੇਂਗਾ ॥ ੧ ॥

ਦੁਖ ਭੁਖ ਨਹ ਬਿਆਪਈ ਜੇ ਸੁਖ ਦਾਤਾ ਮਨਿ ਹੋਇ ॥

ਸਰਬ ਸੁਖੋਂ ਕੇ ਦੇਨੇ ਵਾਲਾ ਵਾਹਿਗੁਰੂ ਜੇ ਮਨ ਮੇਂ ਹੋਵੇ ਭਾਵ ਏਹਿ ਕਿ ਜਿਨਕੋ ਸਚਾ ਪਰਮੇਸ੍ਰਰ ਚਿੱਤ ਆਉਤਾ ਹੈ ਤਿਨ ਕੋ ਜਨਮ ਮਰਣਾਦਿ ਦੁਖ ਔਰ ਤ੍ਰਿਸਨਾਦਿ ਭੁਖ ਕਬੀ ਨਹੀਂ ਬਯਾਪਤੀ ॥

ਕਿਤਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥

ਸੋ ਪੁਰਸ ਅਪਨੇ ਪ੍ਰਾਰਬਦ ਕਰਮ ਕੇ ਅਨੁਸਾਰ ਕਿਸੀ ਭੀ ਕਾਮ ਕੇ ਬੀਚ ਲਗਾ ਰਹੇ ਜੋ ਸਚਾ ਵਾਹਿਗੁਰੂ ਹਿਰਦੇ ਮੈਂ ਹੋਵੈ ਤਿਸਕਾ ਕੋਈ ਕੰਮੁ ਨਹੀਂ ਛਿਜਦਾ ਵਾ ਚਿੰਤਾ ਨਹੀਂ ਕਰਦਾ ਵਾ ਏਕ ਸ੍ਵਾਸ ਕੀ ਨਹੀਂ ਛੀਜਤਾ ਹੈ ॥ ਭਾਵ ਏਹਿ ਕਿ ਨਿਸਫਲ ਨਹੀਂ ਹੋਤਾ ਹੈ ॥

ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥

ਹੇ ਭਾਈ ਤੂੰ ਇਸ ਬਾਤ ਕੋ ਸਮਝ ਲੈ ਕਿ ਜਿਸ ਕੋ ਵਾਹਿਗੁਰੂ ਅਪਨੀ ਕਿਰਪਾ ਰੂਪੁ ਹਾਥ ਦੇ ਰਖਤਾ ਹੈ ਤਿਸਕੋ ਕੋਈ ਭੀ ਮਾਰ ਨਹੀਂ ਸਕਤਾ ਹੈ ਪ੍ਰਹਿਲਾਦ ਵਤ ॥ ਕਦਾਚਿਤ ਐਸੀ ਅਸੰਕਾ ਹੋ ਕਿ ਅੰਤਸਕਰਣ ਮੈਂ ਜਨਮਾਂਤ੍ਰੋਂ ਕੀ ਜੋ ਮਲ ਲਗ ਰਹੀ ਹੈ ਤਿਸਕੀ ਨਿਬਿਰਤੀ ਬਿਨ ਪਰਮੇਸ੍ਰਰ ਕੀ ਪ੍ਰਾਪਤੀ ਕੈਸੇ ਹੋਵੇ? ਤਿਸਕਾ ਸਮਾਧਾਨ ॥

ਸੁਖ ਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥ ੨॥

ਜਬ ਸੁਖੋਂ ਕੇ ਦੇਨੇ ਵਾਲੇ ਗੁਰੂ ਕੀ ਸੇਵਾ ਕਰੀਏ ਤਬ ਸੰਪੂਰਣ ਅਵਗੁਣੋਂ ਕੀ ਮੈਲ ਕੋ ਨਾਮ ਰੂਪੀ ਜਲ ਸੇ ਧੋਇ ਕਰ ਨਿਕਾਲ ਦੇਤੇ ਹੈਂ ॥ ੨ ॥

ਸੇਵਾ ਮੰਗੈ ਸੇਵਕੋ ਲਾਈਆ ਅਪੁਨੀ ਸੇਵ ॥

ਐਸਾ ਜੋ ਗੁਰ ਭਗਤ ਹੈ ਤਿਸ ਪਰ ਜਬ ਗੁਰੂ ਵਾ ਪਰਮੇਸ੍ਰਰ ਪ੍ਰਸੰਨ ਹੋਵੇਂ ਤਬ ਤਿਨ੍ਹੋਂ ਸੇ ਸੇਵਾ ਹੀ ਕਾ ਦਾਨ ਮਾਂਗੇ ਕਦਾਚਿਤ ਐਸੀ ਅਸੰਕਾ ਹੋ ਕਿ ਕਿਸਕੀ ਸੇਵਾ ਮਾਂਗੇ ਸੋ ਐਸੇ ਕਹੈਂ ਕਿ ਹੇ ਭਗਵਨ ਮੇਰੇ ਕੋ ਸਰਬ ਓਰ ਤੇ ਅਪਨੀ ਸੇਵਾ ਮੈਂ ਹੀ ਲਗਾਇ ਰਖੀਏ ॥ ਕਦਾਚਿਤ ਗੁਰੂ ਵਾ ਵਾਹਿਗੁਰੂ ਐਸੇ ਕਹੈਂ ਕਿ ਹਮਾਰੀ ਸੇਵਾ ਸੇ ਕਿਆ ਪ੍ਰਾਪਤ ਹੋਤਾ ਹੈ। ਸੋ ਐਸੇ ਹੈ।

ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥

Digitized by Panjab Digital Library | www.panjabdigilib.org

ਪ੍ਰਕਾਸ਼ ਸਰੂਪ (ਦੇਵ) ਹੈ ਭਗਵਨ ਸਾਧੂਓਂ ਕਾ ਸੰਗੁ ਔਰ ਜਪ ਤਪ ਕੀ ਜੋ(ਮਸਕਤੇ)ਮੇਹਨਤ ਹੈ ਸੋ ਸਭ ਆਪਕੇ (ਤੁਠੇ) ਪ੍ਰਸਿੰਨ ਹੋਨੇ ਕਰ ਹੀ ਮੈਂ ਪਾਵਾਂਗਾ ॥

ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥

ਕਰਮ ਤੋ ਜੜ ਸਰੂਪ ਹੈਂ ਸੋ ਤੋ ਕਾਰਣ ਹੋ ਨਹੀਂ ਸਕਤੇ ਹੈਂ ਦ੍ਰਿਸ਼ਾਂਤ ਜੈਸੇ ਨਿੰਦ੍ਰਾ ਮੈਂ ਸੋਇਆ ਹੂਆ ਪੁਰਸ ਦੂਸਰੇ ਸੋਏ ਹੂਏ ਪੁਰਸ ਕੋ ਜਗਾਇ ਨਹੀਂ ਸਕਤਾ ਹੈ (ਸਭੁ ਕਿਛ) ਕਰਮ ਔਰ ਕਰਮੋਂ ਕੇ ਫਲ ਔਰ ਤਿਨਕੇ ਫਲੋਂ ਕੀ ਗਤੀ ਭਾਵ ਯਹਿ ਕਿ ਪ੍ਰਾਪਤੀ ਸੋ ਸਬਹੀ (ਸਾਹਿਬੈ) ਹੈ ਸ੍ਵਾਮੀ ਆਪਕੇ ਆਧੀਨ ਹੈ ਆਪ ਹੀ ਤੁਮ ਫਲੋਂ ਕੇ (ਕਰਨ) ਸਾਧਨ ਰੂਪ ਹੋ ਔਰ ਆਪ ਹੀ ਤਿਨਕੇ (ਕਰੇਵ) ਕਰਾਵਨੇ ਵਾਲੇ ਹੋ ਕਦਾਚਿਤ ਐਸੀ ਅਸੰਕਾ ਹੋ ਕਿ ਪਰਮੇਸ੍ਵਰ ਕੋ ਸਰਬ ਕਾ ਕਰਤਾ ਸਮਝਨੇ ਕੀ ਬੁਧੀ ਕਹਾਂ ਸੇ ਪ੍ਰਾਪਤਿ ਹੋਤੀ ਹੈ। ਤਿਸਕਾ ਸਮਾਧਾਨ ਐਸੇ ਹੈ ॥

ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ ॥ ੩ ॥

ਸਤਿਗੁਰੂ ਕੇ ਬਲਿਹਾਰਨੇ ਜਾਈਏ ਜੋ ਸਭ ਮਨਸਾ ਪੂਰਨ ਕਰਨੇ ਵਾਲੇ ਹੈਂ ॥ ੩ ॥

ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥

ਤਾਂਤੇ ਇਕੋ ਪ੍ਰਮੇਸ੍ਵਰੁ ਸੱਜਣੁ ਦ੍ਰਿਸ਼੍ਟਿਆਉਂਦਾ ਹੈ ਔਰ ਏਕ ਹੀ ਭਾਈ ਹੈ ਔਰ ਏਕ ਹੀ ਮਿਤ੍ਰ ਹੈ ॥

ਇਕਸੈ ਦੀ ਸਮਗਰੀ ਇਕਸੈ ਦੀ ਹੈ ਰੀਤਿ ॥

ਏਕ ਪਰਮੇਸ੍ਵਰ ਕੀ ਹੀ ਸਭ (ਸਮਗਰੀ) ਬਿਭੂਤੀ ਦੀ ਹੂਈ ਹੈ ਪੁਨਾਃ ਤਿਸੀ ਕੀ ਚੰਦ੍ਰਮਾ ਸੂਰਜ ਜਲ ਅਗਨੀ ਆਦਿਕੋਂ ਕੀ (ਰੀਤਿ) ਮਰਯਾਦਾ ਬਾਂਧੀ ਹੂਈ ਹੈ ॥

ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥

ਜਬ ਏਕ ਪਰਮੇਸ੍ਵਰ ਕੇ ਸਾਥ ਮਨੁ (ਮਾਨਿਆ) ਪਤਿ ਆਇਆ ਹੈ ਤਬ ਚਿਤੁ ਅਚਲੁ ਹੂਆ ਹੈ ॥

ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥ ੪ ॥ ੫ ॥ ੭੫ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜਿਨ ਪੁਰਸੋਂ ਨੇ ਸਚੁ ਪਰਮੇਸ੍ਵਰ ਕੀ (ਟੇਕ) ਓਟ ਕਰੀ ਹੈ ਤਿਨ ਕਾ ਭੋਜਨੁ ਕਰਨਾ ਭੀ ਸਚਾ ਹੈ ਔਰ ਬਸਤ੍ਰਾਦਿਕੋਂ ਕਾ ਪਹਿਰਨਾ ਸੰਪੂਰਨ ਹੀ ਸਚਾ ਹੈ ॥ ਭਾਵ ਸੇ ਸਫਲਾ ਹੈ ਵਾ ਸਚੁ ਨਾਮੁ ਕਾ ਹੀ ਖਾਣਾ ਭਾਵ ਜਪਣਾ ਔਰ ਸਚੁ ਨਾਮ ਕਾ ਪੈਨਣਾ ਭਾਵ ਸੁਨਣਾ ਕਰਤੇ ਹੈਂ ॥ ੪ ॥ ੫ ॥ ੭੫ ॥

Digitized by Panjab Digital Library | www.panjabdigilib.org

ਸਿਰੀ ਰਾਗੁ ਮਹਲਾ ੫ ॥ ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥

ਸਰਬ (ਥੋਕ) ਪਦਾਰਥ ਧਰਮ ਅਰਥ ਕਾਮ ਮੋਖ ਪ੍ਰਾਪਤਿ ਹੋਤੇ ਹੈਂ ਜੇਕਰ ਪ੍ਰਮੇਸ਼ਰ ਕਾ ਏਕ ਨਾਮੁ ਮਨ ਰੂਪੀ ਹਾਥ ਮੈ ਆਵੇ ਕਦਾਚਿਤ ਐਸੀ ਅਸੰਕਾ ਹੋ ਕਿ ਨਾਮ ਕਾ ਕਿਆ ਫਲੁ ਹੈ ਤਿਸਕਾ ਸਮਾਧਾਨ ॥

ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥

ਸਚਾ ਜੋ ਹੈ (ਸਬਦੁ) ਬ੍ਰਹਮੁ ਤਿਸਕਾ ਨਾਮੁ ਕਥਨੇ ਸੇ ਜਨਮੁ ਪਦਾਰਥ ਸਫਲ ਹੋਤਾ ਹੈ ॥

ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ ॥ ੧ ॥

ਪਰੰਤੂ ਜਿਸਕੇ ਮਸਤਕ ਮੈ ਸੁਭ ਲੇਖੁ ਲਿਖਾ ਹੋਵੇ ਤਿਸਕੋ ਗੁਰਦੁਆਰੇ (ਮਹਲੁ) ਸਰੂਪ ਕੀ ਪ੍ਰਾਪਤੀ ਹੋਤੀ ਹੈ ॥ ੧ ॥

ਮੇਰੇ ਮਨ ਏਕਸ ਸਿਉ ਚਿਤੁ ਲਾਇ ॥ ਏਕਸ ਬਿਨੁ ਸਭ
ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥ ੧ ॥ ਰਹਾਉ ॥

ਹੇ ਮੇਰੇ ਮਨ ਏਕ ਵਾਹਿਗੁਰੂ ਸੇ ਚਿਤ ਲਗਾਉ ਕਿਉਂ ਕਿ ਤਿਸ ਏਕ ਸੇ ਬਿਨਾ ਔਰ ਜੋ ਸਕ ਮਾਯਾ ਕੇ ਮੋਹ ਸੇ ਧੰਧਾ ਕਰਨਾ ਹੈ ਸੋ ਸਭ (ਮਿਥਿਆ) ਬੇਜਰਥ ਹੈ ॥ ੧ ॥

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥

ਜੇ ਸੁਤਿਗੁਰੂ ਕ੍ਰਿਪਾ ਦ੍ਰਿਸਟੀ ਕਰੈ ਤੋ ਲਖਾਂ ਹੀ ਪਾਤਿਸ਼ਾਹੀਆਂ ਕੀ ਪ੍ਰਾਪਤੀ ਕੇ ਸਮਾਨ ਪ੍ਰਸਿੰਨਤਾਈਆਂ ਪ੍ਰਾਪਤਿ ਹੋਤੀ ਹੈ ਭਾਵ ਅਬਿਨਾਸ਼ੀ ਅਨੰਦ ਕੋ ਦੇਤੇ ਹੈਂ ॥

ਨਿਮਖ ਏਕ ਹਰਿਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥

ਏਕ (ਨਿਮਖ) ਨੇਤ੍ਰ ਕੇ ਫੁਰਨੇ ਕੇ ਕਾਲ ਮੈ ਹਰਿਨਾਮੁ ਦੇ ਦੇਵੇ ਤਬ ਮੇਰਾ ਮਨ ਸੀਤਲ ਔਰ ਤਨ ਸੀਤਲ ਵਾ ਸਫਲ ਹੋਵੇ ॥

ਜਿਸਕਉ ਪੂਰਬਿ ਲਿਖਿਆ ਤਿਨ ਸਤਿਗੁਰ ਚਰਨ ਗਹੇ॥ ੨ ॥

ਪਰੰਤੂ ਜਿਸ ਪੁਰਸ਼ ਕੋ ਪੂਰਬ ਜਨਮ ਕਾ ਸੁਭ ਲੇਖੁ ਲਿਖਿਆ ਹੈ ਤਿਸਨੇ ਸਤਿਗੁਰੋਂ ਕੇ ਚਰਨ(ਗਹੇ)ਗ੍ਰਹਣ ਕੀਏ ਹੈਂ ॥੨॥

ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥

ਜਿਸ ਕਾਲ ਮੈਂ ਸਚੇ ਵਾਹਿਗੁਰੂ ਸਾਥ ਪਯਾਰ ਕੀਆ ਸੋ (ਮੂਰਤੁ) ਮਹੂਰਤੁ ਸਫਲ ਹੈ ਘੜੀ ਭੀ ਸਫਲ ਹੈ ॥

Digitized by Panjab Digital Library | www.panjabdigilib.org

ਦੂਖੁ ਸੰਤਾਪੁ ਨ ਲਗਈ ਜਿਸ ਹਰਿਕਾ ਨਾਮੁ ਅਧਾਰੁ ॥

ਜਿਸਨੇ ਹਰੀ ਨਾਮ ਕਾ ਆਸਰਾ ਕੀਆ ਹੈ ਤਿਸਕੋ ਦੁਖੋਂ ਕਰਕੇ (ਸੰਤਾਪ)ਸੰ ਭਲੀ ਪ੍ਰਕਾਰ ਜੋ ਤਪਤ ਹੈ ਸੋ ਨਹੀਂ ਲਾਗਤੀ।

ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆਪਾਰਿ ॥ ੩ ॥

ਗੁਰੋਂ ਨੇ ਜਿਸਕੋ ਬੁਧੀ ਰੂਪੀ ਭੁਜਾ ਪਕੜ ਕੇ ਨਿਕਾਲਿਆ ਹੈ ਸੋਈ ਸੰਸਾਰ ਸਮੁੰਦ੍ਰ ਤੇ ਪਾਰ ਉਤਰਿਆ ਹੈ॥ ੩ ॥

ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥

ਜਹਾਂ ਸੰਤ ਜਨੋਂ ਕੀ ਸਭਾ ਹੈ ਸੋਈ ਅਸਥਾਨ ਪਵਿਤ੍ਰ ਔਰ(ਸੁਹਾਵਾ)ਸੋਭਨੀਕ ਹੈ॥

ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥

ਪਰੰਤੂ (ਢੋਈ) ਮਾਨਤਾ ਵਾ ਸਮੀਪਤਾ ਤਿਸੀ ਕੋ ਮਿਲਤੀ ਹੈ ਜਿਸਨੇ ਪੂਰੇ ਸਤਿਗੁਰੂ ਕੋ ਪਾਇਆ ਹੈ॥

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥ ੪ ॥ ੬ ॥ ੭੬ ॥

ਸ੍ਰੀ ਗੁਰੂਜੀ ਕਹਿਤੇ ਹੈਂ ਜਿਨਕੋ ਗੁਰੂ ਪ੍ਰਾਪਤਿ ਭਏ ਹੈਂ ਤਿਨੋਂ ਨੇ ਤਹਾਂ ਘਰੁ ਬਾਧਿਆ ਹੈ ਭਾਵ ਇਸਥਿਤ ਭਏ ਹੈਂ ਜਿਸ ਅਸਥਾਨ ਮੈ ਜਨਮ ਮਰਣ (ਜਰਾ) ਬੁਢੇਪਾਦਿ ਖਟ ਵਿਕਾਰੋਂ ਕਾ ਅਭਾਵ ਹੈ ਭਾਵ ਬ੍ਰਹਮ ਸਰੂਪ ਮੈ ॥ ੪੬ ॥ ੭੬ ॥

ਸਿਰੀ ਰਾਗੁ ਮਹਲਾ ੫ ॥ ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥

ਹੇ ਜੀਵ ਜੋ ਪਾਤਿਸਾਹੋਂ ਕਾ ਸਿਰੋਮਣੀ (ਪਾਤਿਸਾਹੁ) ਪਰਮੇਸ੍ਵਰ ਹੈ ਉਸੀ ਕਾ ਧਯਾਵਨਾ ਕਰ॥

ਤਿਸਹੀ ਕੀ ਕਰਿ ਆਸ ਮਨ ਜਿਸਕਾ ਸਭਸੁ ਵੇਸਾਹੁ ॥

ਹੇ ਮਨ ਤਿਸ ਹੀ ਕੀ ਆਸ ਕਰ ਜਿਸ ਪਰਮੇਸ੍ਵਰ ਕਾ ਸਭ ਕੋ ਭਰੋਸਾ ਹੈ॥

ਸਭਿ ਸਿਆਣਪਾ ਛਡਿਕੈ ਗੁਰਕੀ ਚਰਣੀ ਪਾਹੁ ॥ ੧ ॥

ਅਪਣੀ ਸਰਬ ਚਤਰਾਈਓਂ ਕੋ ਛੋਡ ਕਰ ਗੁਰੋਂ ਕੇ ਚਰਨੋਂ ਮੈ ਪ੍ਰਾਪਤਿ ਹੋਹੁ ॥ ੧ ॥

ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥ ਆਠ ਪਹਰ

ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥ ੧ ॥ ਰਹਾਉ ॥

ਹੇ ਮੇਰੇ ਮਨ ਨਾਮ ਜਪ ਨਾਮ ਕੇ ਜਪਣੇ ਸੇ ਸਰੂਪ ਅਨੰਦ ਕੇ ਸੰਜੁਗਤ ਹੋਵੇਗਾ ਕਿਸ ਪ੍ਰਕਾਰ ਜਪ ਕਿ ਤੂੰ ਆਠ ਪਹਿਰ ਪ੍ਰਭੂ

Digitized by Panjab Digital Library | www.panjabdigilib.org

ਕਾ ਧਯਾਨ ਕਰ ਜਬ ਦੇਖੇ ਧਯਾਨ ਸੇ ਬ੍ਰਿਤੀ ਉਥਾਨ ਹੋਤੀ ਹੈ ਤਬ ਨਿਤਾਪ੍ਰਤਿ ਗੋਬਿੰਦ ਕੇ ਗੁਣੋਂ ਕੋ ਗਾਵਣਾ ਕਰ ॥ ੧ ॥

ਤਿਸਕੀ ਸਰਨੀ ਪਹੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥

ਹੇ ਮਨ ਜਿਸ ਪਰਮੇਸ੍ਵਰ ਜੈਸਾ ਵਡਾ ਔਰ ਕੋਈ ਨਹੀਂ ਹੈ ਤਿਸਕੀ ਸਰਣ ਕੋ ਗ੍ਰਹਣ ਕਰ ॥

ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥

ਜਿਸਕੇ ਸਿਮਰਨੇ ਸੇ ਦੁਖ ਜਨਮ ਮਰਨ ਕਾ (ਦਰਦੁ) ਈਰਖਾ ਰੂਪੀ ਸੂਲੁ (ਮੂਲੇ) ਕਦਾਚਿਤ ਭੀ ਨ ਹੋਵੇਗਾ ਸੁਖੁ (ਘਣਾ) ਬਹੁਤ ਹੋਵੇਗਾ ॥

ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥ ੨ ॥

ਸੋ ਜੋ ਪ੍ਰਭੂ ਸਦਾ ਸਚਾ ਸਾਹਿਬ ਹੈ ਤਿਸਕੀ (ਚਾਕਰੀ) ਸੇਵਾ ਹਮੇਸ਼ ਕਰੁ ॥ ੨ ॥

ਸਾਧ ਸੰਗਤਿ ਹੋਇ ਨਿਰਮਲਾ ਕਟੀਐ ਜਮੁ ਕੀ ਫਾਸ ॥

ਜਬ ਸੰਤੋਂ ਕੇ ਸੰਗ ਕਰਕੇ ਪਾਪ ਮਲ ਸੇ ਰਹਿਤ ਹੋਵੇਗਾ ਤਬ ਜਮ ਕੀ ਫਾਸੀ ਕਾਟੀ ਜਾਵੇਗੀ ॥

ਸੁਖ ਦਾਤਾ ਭੈਭੰਜਨੋ ਤਿਸੁ ਆਗੈ ਕਰਿ ਅਰਦਾਸਿ ॥

ਜੋ ਸਰਬ ਸੁਖੋਂ ਕੇ ਦੇਣੇ ਵਾਲਾ ਹੈ ਅਰੁ ਜਨਮਾਦਿ ਭੈ ਕਾ ਨਾਸ ਕਰਤਾ ਹੈ ਤਿਸ ਪਰਮੇਸ੍ਵਰ ਆਗੇ ਬੇਨਤੀ ਕਰੁ ॥

ਮਿਹਰ ਕਰੇ ਜਿਸੁ ਮਿਹਰਵਾਨੁ ਤਾ ਕਾਰਜੁ ਆਵੈ ਰਾਸਿ ॥ ੩ ॥

ਜਬ ਜਿਸ ਊਪਰ ਕਿਰਪਾਲੂ ਪਰਮੇਸ੍ਵਰ ਕਿਰਪਾ ਕਰਤਾ ਹੈ ਤਬ ਤਿਸਕਾ ਕਾਰਜੁ ਰਾਸ ਆਵਤਾ ਹੈ ਭਾਵ ਯਹਿ ਸਰਬ ਕਾਰਜ ਸਿਧ ਹੋਤੇ ਹੈਂ ਕਦਾਚਿਤ ਐਸੀ ਅਸੰਕਾ ਹੋ ਕਿ ਵਹੁ ਪ੍ਰਮੇਸ੍ਵਰ ਕੈਸਾ ਹੈ ਤਿਸਕਾ ਸਮਾਧਾਨੁ ॥

ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ ॥

ਤਿਸਕੋ ਬਹੁਤ ਸੇ ਬਹੁਤ (ਵਖਾਣੀਐ) ਕਥਨ ਕਰਤੇ ਹੈਂ (ਊਚੋ ਊਚਾ) ਊਚੇ ਜੋ ਬ੍ਰਹਮਾਦਿ ਲੋਕ ਤਿਨਸੇ ਊਚਾ ਅਸਥਾਨੁ ਹੈ ਵਾ ਊਚਾ ਹੀ ਆਪ ਹੈ ਔਰ ਅਸਥਾਨੁ ਤਿਸਕਾ ਬੈਕੁੰਠ ਵਾ ਸਰੂਪ ਊਚਾ ਹੈ ॥

ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ ॥

ਕਿਉਂਕਿ ਵਰਨ ਜੋ ਸ਼ਿਆਮ ਗੌਰਾਦਿ ਰੰਗ ਹੈਂ ਵਾ ਬ੍ਰਹਮਣਾਦਿ ਵਰਣ ਹੈਂ ਇਨਸੇ ਰਹਤ ਹੈ ਔਰ ਨਿਰਾਕਾਰ ਹੋਣੇ ਸੇ

Digitized by Panjab Digital Library | www.panjabdigilib.org

ਕੋਈਕ ਜੋਗੀ ਸੰਨਜਾਸੀ ਆਦਿਕ ਭੇਖ ਵਾ ਨਕ ਮੁਖ ਦਾੜੀ ਤਿਲਾਦਿ ਚਿੰਹਨ ਨਹੀਂ ਸੇਸ ਤਥਾ ਸਾਰਦਾ ਆਦਿ ਕੋਈ ਤਿਸਕਾ (ਕੀਮਤਿ) ਮੋਲ ਨਹੀਂ ਕਹ ਸਕਦਾ ॥ ਭਾਵ ਅੰਤ ਨਹੀਂ ਜਾਨ ਸਕਤਾ ॥

ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ ॥ ੪ ॥ ੭ ॥ ੭੭ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਯਾਂਤੇ ਹੇ ਮਨ ਐਸੇ ਬੇਨਤੀ ਕਰੀਏ ਕਿ ਹੇ ਵਾਹਿਗੁਰੂ ਮੇਰੇ ਕੋ ਕਿਰਪਾ ਕਰਕੇ ਅਪਨਾ ਸਚਾ ਨਾਮ ਦੇਵਹੁ ॥ ੪ ॥ ੭ ॥ ੭੭ ॥

ਸਿਰੀ ਰਾਗੁ ਮਹਲਾ ੫ ॥

ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ ॥

ਤਾਂਤੇ ਜੋ ਪੁਰਸ ਸ੍ਰਗੁਨ ਵਾ ਨਿਰਗੁਣ ਕਾ ਨਾਮੁ (ਧਿਆਏ) ਜਪਤਾ ਹੈ ਵਾ ਧਿਆਨੁ ਕਰਤਾ ਹੈ ਸੋ ਸੁਖੀ ਹੋਤਾ ਹੈ ਔਰ ਤਿਸਕਾ ਮੁਖੁ (ਊਜਲੁ) ਪਾਪਾਂ ਰੂਪੀ ਕਾਲਖ ਤੇ ਰਹਤ ਹੋਤਾ ਹੈ ॥

ਪੂਰੇ ਗੁਰ ਤੇ ਪਾਈਐ ਪ੍ਰਗਟੁ ਸਭਨੀ ਲੋਇ ॥

ਪਰੰਤੂ ਪੂਰਨ ਗੁਰੋਂ ਤੇ ਨਾਮ ਕੀ ਪ੍ਰਾਪਤੀ ਹੋਤੀ ਹੈ ਜਿਸਨੇ ਨਾਮੁ ਪਾਇਆ ਹੈ ਸੋ ਪੁਰਸੁ ਚੌਦਾਂ ਭੁਵਨੋਂ ਵਿਖੇ ਬਾਲਮੀਕਾਦਿਕੋਂ ਵਡ ਪਰਗਟੁ ਹੈ ॥

ਸਾਧ ਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥ ੧ ॥

ਸੋ ਜੋ ਏਕੁ ਸਚਾ ਵਾਹਿਗੁਰੂ ਹੈ ਸਾਧ ਸੰਗਤਿ ਕੇ (ਘਰਿ) ਅਸਥਾਨ ਭਾਵ ਯਹਿ ਕਿ ਸੰਤ ਸਮਾਗਮ ਮੈਂ ਬਸਤਾ ਹੈ ॥ ੧ ॥

ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥ ਨਾਮੁ ਸਹਾਈ
ਸਦਾ ਸੰਗਿ ਆਗੈ ਲਏ ਛਡਾਇ ॥ ੧ ॥ ਰਹਾਉ ॥

ਹੇ ਮੇਰੇ ਮਨ ਹਰਿ ਜੋ ਸਰਬ ਦੁਖਾਂ ਕੇ (ਹਰਿ) ਹਰਨੇ ਵਾਲਾ ਹੈ ਤਿਸਕਾ ਨਾਮੁ ਧਿਆਉਨਾ ਕਰੁ ਕਿਉਂਕਿ ਨਾਮ ਜੋ ਹੈ ਇਸ ਲੋਕ ਮੈਂ ਸਦਾ ਸਹਾਇਕੁ ਹੈ ਆਗੈ ਪ੍ਰਲੋਕ ਮੈਂ ਸਾਥੀ ਹੋਕਰ ਦੁਖਾਂ ਤੇ ਛੁਡਾਇ ਲੇਵੇਗਾ ॥ ੧ ॥

ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥

ਔਰ ਜੋ ਸੰਸਾਰ ਕੀਆਂ ਵਾ (ਦੁਨੀਆਂ) ਮਾਯਕ ਜੋ ਵਡਿਆਈਆਂ ਸਿਧੀਆਂ ਆਦਿਕ ਹੈਂ ਸੋ ਕਿਸ ਕਾਮ ਆਵਹਿਗੀਆਂ

Digitized by Panjab Digital Library | www.panjabdigilib.org

ਭਾਵ ਯਹਿ ਕਿ ਤਿਨਸੇ ਪ੍ਰਲੋਕ ਮੈਂ ਕੁਛ ਕਾਰਜੁ ਸਿਧ ਨਹੀਂ ਹੋਵੇਗਾ ॥

ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸ ਨਿਦਾਨਿ ॥

ਮਾਇਆ ਕਾ (ਰੰਗੁ) ਅਨੰਦੁ ਸਭੁ ਫਿਕਾ ਹੈ ਜਿਸਤੇ (ਨਿਦਾਨਿ) ਅੰਤ ਕੋ ਬਿਨਸ ਜਾਤਾ ਹੈ ਭਾਵ ਯਹ ਕਿ ਖਿਣ ਭੰਗਰ ਹੈ ਅਸਥਿਰੁ ਨਹੀਂ ਰਹਤਾ ॥

ਜਾਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥ ੨ ॥

ਜਿਸਕੇ ਰਿਦੇ ਮੈ ਹਰੀ ਕਾ ਸਰੂਪੁ ਵਸਤਾ ਹੈ ਸੋ ਪੁਰਸੁ ਗੁਣਾਂ ਕਰ ਪੂਰਨੁ ਹੈ ਔਰ ਉਸੀ ਕੋ ਸਾਸਤ੍ਰੋਂ ਬੇਦੋ ਮੈਂ ਪਰਧਾਨੁਮੁਖੁ ਕਹਾ ਹੈ ॥ ੨ ॥

ਸਾਧੂ ਕੀ ਹੋਹੁ ਰੇਣਕਾ ਅਪਣਾ ਆਪੁ ਤਿਆਗਿ ॥

ਤਾਂਤੇ (ਆਪਣਾ ਆਪੁ) ਹੰਕਾਰ ਕੋ ਤਜਾਗ ਕੇ ਸੰਤੋਂ ਕੇ ਚਰਨੋਂ ਕੀ (ਰੇਣਕਾ) ਧੂੜੀ ਹੋ ਰਹੋ ॥

ਉਪਾਵ ਸਿਆਣਪ ਸਗਲ ਛਡਿ ਗੁਰਕੀ ਚਰਣੀ ਲਾਗੁ ॥

ਮਾਯਾ ਕੇ ਵਾਸਤੇ ਬਿਵਹਾਰਕ ਉਪਾਉ ਔਰ ਚਤੁਰਾਈਆਂ ਸਰਬ ਕੋ ਤਜਾਗ ਕਰਕੇ ਗੁਰੋਂ ਕੇ ਚਰਨੋਂ ਮੈਂ ਲਾਗ ਰਹੁ ॥

ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥ ੩ ॥

ਪਰੰਤੂ ਜਿਸਕੇ ਮਸਤਕ ਮੈ ਸੁਭ ਪੁੰਨੋਂ ਕਾ ਲੇਖੁ ਲਿਖਾ ਹੋਤਾ ਹੈ ਤਿਸ ਪੁਰਸ ਕੋ (ਰਤਨੁ) ਬੈਰਾਗੁ ਪ੍ਰਾਪਤਿ ਹੋਤਾ ਹੈ ॥ ੩ ॥

ਤਿਸੈ ਪਰਾਪਤਿ ਭਾਈ ਹੋ ਜਿਸੁ ਦੇਵੈ ਪ੍ਰਭੁ ਆਪਿ ॥

ਜਿਸਕੋ ਪ੍ਰਭੂ ਆਪ ਦੇਤਾ ਹੈ ਤਿਸ ਵੈਰਾਗਵਾਨ ਕੋ ਗੁਰੂ ਪ੍ਰਾਪਤਿ ਹੋਤਾ ਹੈ॥

ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ॥

ਗੁਰੂ ਜੋ ਹੈ ਸੇਵਾ ਕਰ ਪ੍ਰਸਿੰਨ ਹੋਤੇ ਹੈਂ ਸਤਿਗੁਰੋਂ ਕੀ ਸੇਵਾ ਸੋ ਕਰਤਾ ਹੈ ਜਿਸਕਾ ਹਉਮੈ ਰੂਪੀ ਤਾਪੁ ਨਾਸ ਹੋ ਜਾਵੈ ਵਾ ਜੋ ਸੇਵਾ ਕਰਤਾ ਹੈ (ਸੋ) ਉਸ ਪੁਰਸ ਕਾ ਹੰਕਾਰੁ ਤਾਪੁ ਨਿਬ੍ਰਿਤ ਹੋ ਜਾਤਾ ਹੈ॥

ਨਾਨਕ ਕਉ ਗੁਰ ਭੇਟਿਆ ਬਿਨਸੇ ਸਗਲ ਸੰਤਾਪੁ ॥ ੪ ॥ ੮ ॥ ੭੮ ॥

ਸ੍ਰੀ ਗੁਰੂ ਜੀ ਕਹਤੇ ਹੈਂ ਮੇਰੇ ਕਉ ਵਾ ਜਿਨ੍ਹੋਂ ਕੋ ਗੁਰੂ ਮਿਲਿਆ ਹੈ ਤਿਨ੍ਹੋਂ ਕੇ ਸੰਪੂਰਨੁ(ਸੰਤਾਪੁ)ਦੁਖ ਬਿਨਾਸ ਹੋਗਏ ਹੈਂ ॥੪॥

Digitized by Panjab Digital Library | www.panjabdigilib.org

॥੮॥੭੮॥ ਸਿਰੀ ਰਾਗੁ ਮਹਲਾ ੫ ॥ ਇਕ ਪਛਾਣੂ ਜੀਅ ਕਾ ਇਕੋ ਰਖਣਹਾਰੁ ॥

ਏਕ ਵਾਹਗੁਰੂ (ਜੀਅ) ਮਨਕਾ ਪਛਾਣੂ ਕਰ ਯਹੀ ਏਕ ਸਰਬ ਦੁਖਾਂ ਤੇ ਰਖਣੇ ਵਾਲਾ ਹੈ ॥

ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ॥

ਹੇ ਮਨ ਇਕਸ ਕਾ ਭਰੋਸਾ ਕਰ ਇਕੋ ਹੀ ਪ੍ਰਾਣਾਂ ਕਾ(ਅਧਾਰੁ)ਆਸਰਾ ਹੈ ਕਿਉਂਕਿ ਤਿਸ ਇਕ ਵਾਹਿਗੁਰੂ ਕੀ ਸੱਤਾ ਕਰਕੇ ਹੀ ਪ੍ਰਾਣ ਸਰੀਰ ਕੋ ਚੈਤੰਨ ਕਰਤੇ ਹੈਂ ॥

ਤਿਸੁ ਸਰਣਾਈ ਸਦਾ ਸੁਖੁ ਪਾਰ ਬ੍ਰਹਮੁ ਕਰਤਾਰੁ ॥ ੧ ॥

ਤਾਤੇ ਤਿਸ ਪਰਮੇਸ਼ੁਰ ਕੀ ਸਰਣ ਪ੍ਰਾਪਤਿ ਹੋਣੇ ਤੇ ਸਦਾ ਸੁਖ ਹੋਤਾ ਹੈ ਸੋ ਕੈਸਾ ਹੈ (ਪਾਰਬ੍ਰਹਮ) ਸਰਬ ਕਾ ਪਰਾ ਰੂਪ ਔਰ ਬਿਆਪਕ ਸਰੂਪੁ ਹੈ ਔਰ ਉਤਪਤਿ ਆਦਿਕੋਂ ਕਾ ਕਰਤਾ ਹੈ ॥ ੧ ॥

ਮਨ ਮੇਰੇ ਸਗਲ ਉਪਾਵ ਤਿਆਗੁ ਗੁਰੁ ਪੂਰਾ ਅਰਾਧਿ ਨਿਤ ਇਕਸ ਕੀ ਲਿਵ ਲਾਗੁ ॥੧ ਰਹਾਉ

ਹੇ ਮੇਰੇ ਮਨ ਔਰ ਸਰਬ ਉਪਾਵੋਂ ਕੋ ਤਿਆਗ ਕਰਕੇ (ਪੂਰਾ) ਬ੍ਰਹਮ ਸੋਤੀ ਬ੍ਰਹਮ ਨੇਸਦੀ ਜੋ ਗੁਰੂ ਹੈ ਤਿਸਕੋ(ਅਰਾਧ) ਸੇਵਨ ਕਰ ਤਿਨ ਗੁਰੋਂ ਦ੍ਵਾਰੇ ਨਿਤ ਏਕ ਕੀ ਪ੍ਰੀਤੀ ਮੈਂ ਹੀ ਬ੍ਰਿਤੀ ਲਗਾਉ ॥

ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ ॥

ਪੁਨਾ ਤਿਸ ਏਕ ਕੋ ਹੀ ਭਾਈ ਏਕ ਕੋ ਹੀ ਮਿਤ੍ਰ ਏਕ ਕੋ ਹੀ ਮਾਤ ਪਿਤਾ ਰੂਪ ਜਾਨ ॥

ਇਕਸ ਕੀ ਮਨ ਟੇਕ ਹੈ ਜਿਨ ਜੀਉ ਪਿੰਡੁ ਦਿਤਾ ।

ਜਿਸ ਏਕ ਪਰਮੇਸ੍ਰ ਨੇ ਜੀਵਕੋ (ਪਿੰਡ) ਸਰੀਰੁ ਦੀਆ ਹੈ ਤਿਸ ਏਕ ਕੀ ਮਹਾਤਮਾ ਕੇ ਮਨ ਮੈਂ (ਟੇਕ) ਸਰਣ ਹੈ ॥

ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸ ਕੀਤਾ ॥ ੨ ॥

ਸੋ ਪ੍ਰਭੂ ਤੇ ਕਦੀ ਨ ਵਿਸਰੈ ਜਿਸਨੇ (ਸਭ ਕਿਛੁ) ਸਪੂਰਨ ਪ੍ਰਪੰਚ ਕਾਰਣ ਕਾਰਜ ਰੂਪੁ ਅਪਨੇ ਵਸ ਕਰਾ ਹੂਆ ਹੈ ॥੨॥

ਕਦਾਚਿਤ ਐਸੀ ਅਸੰਕਾ ਹੋ ਕੇ ਸੋ ਏਕ ਕਹਾਂ ਹੈ ਤਿਸਕਾ ਸਮਾਧਾਨ ॥

ਘਰਿ ਇਕੋ ਬਾਹਿਰ ਇਕੋ ਥਾਨ ਥਨੰਤਰਿ ਆਪਿ ॥

ਘਰ ਵਿਖੇ ਭੀ ਵਹੀ ਏਕ ਹੈ ਬਾਹਰ ਭੀ ਏਕ ਹੈ ਥਾਂਨ ਥਨੰਤ੍ਰੋਂ ਮੈ ਭੀ ਆਪ ਹੀ ਹੈ ਭਾਵ ਯੇਹਿ ਕਿ ਸਰਬ ਬਿਆਪੀ ਹੈ ॥

Digitized by Panjab Digital Library | www.panjabdigilib.org

ਜੀਅ ਜੰਤ ਸਭ ਜਿਨਿ ਕੀਏ ਆਠ ਪਹਰ ਤਿਸੁ ਜਾਪਿ ॥

ਜੀਵ ਅਸਥੂਲ (ਜੰਤ) ਸੂਖਮ ਵਾ ਜੀਵ ਜਿਨ ਵਿਖੇ ਅਸਤੀਆਂ ਹੋਂ(ਜੰਤ)ਜੋ ਅਸਤੀਆਂ ਰਹਤ ਹੈਂ ਏਹ ਸਭ ਜਿਸਨੇ ਕੀਏ ਹੈਂ ਅ ਠਪਹਿਰ ਤਿਸ ਪਰਮੇਸ਼ਰ ਕਾ ਜਾਪੁ ਕਰੁ ॥

ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ ॥ ੩ ॥

ਏਕ ਕੇ (ਸੇਤੀ) ਸਾਥ (ਰਤਿਆ) ਰੰਗਿਆ ਹੋਇਆਂ ਤੇਰੇ ਕੋ ਸੋਗ ਸੰਤਾਪ ਨਹੀਂ ਹੋਵੇਗਾ ॥ ੩ ॥

ਪਾਰਬ੍ਰਹਮ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ॥

ਸੋ ਪ੍ਰਭੂ ਸਾਮ੍ਰਥ ਪਾਰਬ੍ਰਹਮ ਏਕ ਹੀ ਹੈ ਤਿਸਤੇ ਬਿਨ ਦੂਸਰਾ ਕੋਈ ਨਹੀਂ ॥

ਜੀਉ ਪਿੰਡੁ ਸਭੁ ਤਿਸਕਾ ਜੋ ਤਿਸੁ ਭਾਵੈ ਸੁ ਹੋਇ ॥

(ਜੀਉ) ਪ੍ਰਾਣ ਕਲਾ (ਪਿੰਡੁ) ਸਰੀਰ ਸਭ ਤਿਸੀ ਕਾ ਕੀਆ ਹੂਆ ਹੈ ਜੋ ਤਿਸਕੋ ਭਾਵਤਾ ਹੈ ਸੋ ਹੋਤਾ ਹੈ ॥

ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ ॥ ੪ ॥ ੯ ॥ ੭੯ ॥

ਸ੍ਰੀ ਗੁਰੂਜੀ ਕਹਤੇ ਹੈਂ ਪੂਰਨ ਗੁਰੋਂ ਦ੍ਵਾਰੇ ਜਿਨੋਂ ਨੇ ਸਚੇ ਨਾਮ ਕੋ ਜਪਿਆ ਹੈ ਤਿਨਕੋ ਸੋ ਪੂਰਾ ਪਰਮੇਸ਼ਰ ਪ੍ਰਾਪਤਿ ਭਯਾਹੈ॥੪ ॥ ੯ ॥ ੭੯॥ ਸਿਰੀ ਰਾਗੁ ਮਹਲਾ ੫ ॥ ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ

ਤਾਂਤੇ ਜਿਨ ਪੁਰਸ਼ਾਂ ਨੇ ਸਤਿਗੁਰੂ ਸੇ ਚਿਤੁ ਲਾਯਾ ਹੈ ਸ ਸਰਬ ਗੁਨਾਂ ਕਰ ਪੂਰਨ ਹੈਂ ਔਰ (ਪ੍ਰਧਾਨ) ਮੁਖਜ ਹੈਂ ॥

ਜਿਨਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥

ਜਿਨ ਪੁਰਸ਼ੋਂ ਪਰ ਆਪ ਪਰਮੇਸ਼ਰ ਦਯਾ ਕਰਨੇ ਵਾਲਾ ਹੋਤਾ ਹੈ ਤਿਨੋਂ ਕ ਮਨ ਮੈ ਗਯਾਨ ਉਪਜਤਾ ਹੈ ॥

ਜਿਨਕਉ ਮਸਤਕਿ ਲਿਖਿਆ ਤਿਨ ਪਾਇਆ ਹਰਿਨਾਮੁ ॥

ਤਿਨ ਪੁਰਸ਼ੋਂ ਨੇ ਹਰਿਨਾਮ ਕੋ ਪਾਇਆ ਹੈ ਜਿਨਕੇ ਮਸਤਕ ਮੈ ਨਾਮ ਪ੍ਰਾਪਤੀ ਕਾ ਲੇਖ ਲਿਖਾ ਹੂਆ ਥਾ ॥ ੧ ॥

ਮਨ ਮੇਰੇ ਏਕੋ ਨਾਮੁ ਧਿਆਇ ॥ ਸਰਬ ਸੁਖਾ ਸੁਖ
ਊਪਜਹਿ ਦਰਗਹ ਪੈਧਾ ਜਾਇ ॥ ੧ ॥ ਰਹਾਉ ॥

ਹੇ ਮੇਰੇ ਮਨ ਏਕ ਪਰਮੇਸ਼ਰ ਕੇ ਨਾਮ ਹੀ ਕਾ ਧਿਆਵਣਾ ਕਰ ਕਿਉਂਕਿ ਸਰਬ ਸੁਖੋਂ ਕਾ ਜੋ ਸਿਰੋਮਣੀ ਆਤਮ ਸੁਖ ਹੈ ਸੋ

Digitized by Panjab Digital Library | www.panjabdigilib.org

ਤੇਰੇ ਰਿਦੇ ਮੈ ਉਤਪਤਿ ਹੋਵੇਗਾ । ਅਰ ਪਰਲੋਕ ਮੈ(ਪੈਧਾ)ਪਤ ਵਾ ਭਗਤੀ ਰੂਪੀ ਬਸਤ੍ਰੋਂ ਕਰਕੇ ਸੋਭਨੀਕ ਹੂਆ ਜਾਵੈਗਾ॥੧

ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ ॥

ਜਿਨ ਪੁਰਸ਼ੋਂ ਨੇ (ਗੋਪਾਲ) ਪਰਮੇਸ੍ਰਰ ਕੀ (ਭਾਉ ਭਗਤੀ) ਪ੍ਰੇਮਾਭਗਤੀ ਕਰੀ ਹੈ ਤਿਨਕਾ ਜਨਮ ਮਰਨਾਦਿ ਭੈ ਨਿਬਿਰਤਿ ਹੂਆ ਹੈ ਕਦਾਚਿਤ ਐਸੀ ਅਸੰਕਾ ਹੋ ਕਿ ਭਗਤੀਮੇਂ ਲਗੇ ਹੂਏ ਸਰੀਰ ਕੀ ਪਾਲਨਾ ਕੈਸੇ ਹੋਵੇ ਤਿਸਕਾ ਸਮਾਧਾਨ ਐਸੇ ਹੈਂ ॥

ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ ॥

ਸੰਤੋਂ ਕੀ ਸੰਗਤ ਕਰ ਮਨ ਨਿਰਮਲ ਹੋ ਜਾਤਾ ਹੈ ਅਰ ਯਹਿ ਨਿਸਚਾ ਹੋਤਾ ਹੈ ਕਿ ਸ੍ਰੀਵਾਹਿਗੁਰੂ ਆਪਹੀ ਪ੍ਰਤਿਪਾਲ ਕਰਤਾ ਹੈ

ਜਨਮ ਮਰਣ ਕੀ ਮਲੁ ਕਟੀਐ ਗੁਰ ਦਰਸਨੁ ਦੇਖਿ ਨਿਹਾਲ ॥

(ਗੁਰ) ਵਡਾ ਜੋ ਪਰਮੇਸ੍ਰਰ ਤਿਸਕਾ ਦਰਸਨ ਦੇਖ ਕਰ (ਨਿਹਾਲ) ਦੁਖਾਂ ਤੇ ਰਹਤ ਹੋ ਜਾਤਾ ਹੈ ਔਰ ਜਨਮ ਮਰਨ ਕੀ ਮਲ ਭੀ ਕਟੀ ਜਾਤੀ ਹੈ ਭਾਵ ਏਹ ਕਿ ਸਤਸੰਗਤ ਮੈ ਪਰਮੇਸ੍ਰਰ ਕੀ ਪ੍ਰਾਪਤਿ ਹੋਨੇ ਸੇ ਸਰਬ ਦੁਖੋਂ ਕੀ ਨਿਵਰਤੀ ਹੋ ਜਾਤੀ ਹੈ ਔਰ ਤਿਨਕਾ ਐਸਾ ਨਿਸਚਾ ਹੋ ਜਾਤਾ ਹੈ ॥ ੨ ॥

ਥਾਨ ਥਨੰਤਰਿ ਰਵਿ ਰਹਿਆ ਪਾਰ ਬ੍ਰਹਮੁ ਪ੍ਰਭੁ ਸੋਇ ॥

ਕੈਸਾ ਸੋ ਪਾਰਬ੍ਰਹਮ ਪ੍ਰਭੂ ਸਰਬ ਅਸਥਾਨੋਂ ਮੈ ਔਰ (ਥਨੰਤ੍ਰ) ਜੀਵੋਂ ਮੈ ਪੂਰਨ ਹੋ ਰਹਾ ਹੈ॥

ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ ॥

ਔਰ ਸਰਬ ਜੀਵੋਂ ਕੋ ਖਾਨ ਪਾਨਾਦਿ ਦੇਨੇ ਵਾਲਾ ਏਕ ਓਹੀ ਪਰਮਾਤਮਾ ਹੈ ਤਿਸ ਬਿਨਾ ਦੂਸਰਾ ਔਰ ਕੋਈ ਨਹੀ ਹੈ॥

ਤਿਸੁ ਸਰਣਾਈ ਛੁਟੀਐ ਕੀਤਾ ਲੋੜੇ ਸੁ ਹੋਇ ॥ ੩ ॥

ਤਾਂਤੇ ਤਿਸ ਪਰਮੇਸ੍ਰਰ ਕੀ ਸਰਣ ਹੋਨੇ ਕਰ ਜਨਮ ਮਰਣ ਕੇ ਬੰਧਨੋਂ ਸੇ ਛੂਟੀਤਾ ਹੈ ਔਰ ਸੋ ਐਸਾ ਸਾਮਰਥ ਹੈ ਕਿ ਜੋ ਕੁਛ ਕੀਆ ਚਾਹੇ ਸੋ ਹੋਤਾ ਹੈ ॥੩॥

ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ ॥

ਐਸਾ ਪਾਰਬ੍ਰਹਮੁ ਜਿਨ੍ਹੋਂ ਕੇ ਮਨ ਮੈਂ ਵਸਿਆ ਹੈ ਸੋ ਪੁਰਸ ਸਰਬ ਗੁਨੋਂ ਕਰ ਪੂਰਨ ਹੈ ਔਰ ਸਰਬ ਪੁਰਸੋਂ ਮੈਂ ਮੁਖਜ ਹੈ॥

ਤਿਨਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨੁ ॥

Digitized by Panjab Digital Library | www.panjabdigilib.org

ਤਿਨ ਪੁਰਸੋਂ ਕੀ ਸੋਭਾ (ਨਿਰਮਲੀ) ਕਿ ਅਵਗੁਨੋਂ ਕਰ ਕਲੰਕਤ ਨਹੀਂ ਹੁਈ ਹੈ ਅਰ ਸਰਬ ਸੰਸਾਰ ਮੈਂ ਪਰਗਟ ਹੋ ਰਹੀ ਹੈ ॥

ਜਿਨੀ ਮੇਰਾ ਪ੍ਰਭੁ ਧਿਆਇਆ ਨਾਨਕ ਤਿਨ ਕੁਰਬਾਨ ॥ ੪ ॥ ੧੦ ॥ ੮੦ ॥

ਸ੍ਰੀ ਗੁਰੂ ਸਾਹਿਬ ਜੀ ਕਹਤੇ ਹੈਂ ਜਿਨ ਪੁਰਸੋਂ ਨੇ ਮੇਰਾ ਪ੍ਰਭੂ ਧਿਆਇਆ ਹੈ ਮੈਂ ਤਿਨਕੇ (ਕੁਰਬਾਨ) ਬਲਹਾਰਨੇ ਜਾਤਾ ਹੂੰ ॥ ੪ ॥ ੧੦ ॥ ੮੦ ॥

ਸਿਰੀ ਰਾਗੁ ਮਹਲਾ ੫॥ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥

ਸਤਿਗੁਰੋਂ ਕੇ ਸਾਥ ਮਿਲਨੇ ਕਰ ਤਿਨਕਾ ਸਰਬ ਦੁਖ ਨਬਿਰਤ ਭਯਾ ਹੈ ਔਰ ਹਰੀ ਪ੍ਰਾਪਤੀ ਕਾ ਜੋ ਸੁਖ ਹੈ ਵਾ ਹਰੀ ਸੁਖ ਸਰੂਪ ਮਨ ਮੈਂ ਆਇ ਵਸਿਆ ਹੈ ॥

ਅੰਤਰ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥

ਤਿਨਕੇ ਮਨ ਮੈ (ਜੋਤਿ) ਪਰਮੇਸਰ ਕੀ ਗਜਾਤ (ਪ੍ਰਗਾਸੀਆ) ਸਰਬ ਓਰ ਤੇ ਪ੍ਰਗਟ ਹੋ ਰਹੀ ਹੈ ਏਕ ਅਦ੍ਵਤੀ ਬ੍ਰਹਮ ਸਾਥ (ਲਿਵ) ਬ੍ਰਿਤੀ ਲਗਾਇ ਰਹੇ ਹੈਂ ॥

ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥

ਸੰਤੋਂ ਕੇ ਸਾਥ ਮਿਲਨੇ ਕਰ ਤਿਨਕਾ ਮੁਖ ਉੱਜਲ ਹੁਆ ਹੈ ਪੂਰਬ ਜਨਮੋਂ ਵਿਖੇ ਜੋ ਪੁੰਨੋਂ ਕਾ ਫਲੁ ਲਿਖਾ ਥਾ ਸੋ ਪਾਇ ਲੀਆ ਹੈ ॥ ਕਦਾਚਿਤ ਐਸੀ ਅਸੰਕਾ ਹੋ ਕੇ ਕੌਨ ਪ੍ਰਕਾਰ ਸੇ ਪਾਇਆ ਹੈ ?

ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥ ੧ ॥

ਸੋ ਪੁਰਸ ਗੋਬਿੰਦ ਕੇ ਗੁਣੋਂ ਕੋ ਨਿਤਜੰ ਪ੍ਰਤਿ ਗਾਵਣੇਹਾਰੇ ਹੋ ਰਹੇ ਹੈਂ ਔਰ ਸਚੇ ਪ੍ਰਮੇਸਰ ਕੇ ਨਾਮ ਕੋ ਜਪ ਕਰ ਨਿਰਮਲ ਹੂਏ ਹੈਂ ॥ ੧ ॥

ਮੇਰੇ ਮਨ ਗੁਰ ਸਬਦੀ ਸੁਖੁ ਹੋਇ। ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ॥

ਹੇ ਮੇਰੇ ਮਨ ਗੁਰੋਂ ਕੇ ਉਪਦੇਸਵਾਨੋਂ ਕੋ ਸੁਖ ਹੋਤਾ ਹੈ ਔਰ ਜਿਸਨੇ ਪੂਰੇ ਗੁਰੋਂ ਕੀ (ਚਾਕਰੀ) ਸੇਵਾ ਕਰੀ ਹੈ ਸੋ (ਬ੍ਰਿਥਾ) ਖਾਲੀ ਨਹੀਂ ਜਾਤਾ ਹੈ ॥

ਮਨ ਕੀਆ ਇਛਾਂ ਪੂਰੀਆਂ ਪਾਇਆ ਨਾਮੁ ਨਿਧਾਨੁ ॥

Digitized by Panjab Digital Library | www.panjabdigilib.org

ਤਿਨ੍ਹੋਂ ਕੇ ਮਨ ਕੀ ਜੋ ਵਾਸਨਾ ਹੈ ਸੋ ਪੂਰਨ ਹੋ ਗਈ ਹੈ। ਔਰ ਨਾਮ ਰੂਪੀ (ਨਿਧਾਨੁ) ਭੰਡਾਰ ਪ੍ਰਾਪਤ ਭਯਾ ਹੈ ॥

ਅੰਤਰਜਾਮੀ ਸਦਾ ਸੰਗਿ ਕਰਣੈ ਹਾਰੁ ਪਛਾਣੁ ॥

ਕਰਣੇ ਹਾਰ ਪ੍ਰਮੇਸ੍ਵਰ ਅੰਤਰਜਾਮੀ ਕੋ ਸਦਾ ਹੀ ਆਪਣੇ ਸਾਥ ਪਛਾਨਿਆ ਹੈ ॥

ਗੁਰਪ੍ਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥

ਗੁਰੋਂ ਕੀ ਕ੍ਰਿਪਾ ਕਰਕੇ ਤਿਨਕਾ ਮੁਖੁ ਪਾਪ ਰੂਪੀ ਕਾਲਖ ਤੇ ਰਹਿਤ ਹੂਆ ਹੈ ਔਰ ਨਾਮ ਕੋ ਜਪਤੇ ਹੈਂ ਪੁਨਾ ਦਾਨੁ ਕਰਤੇ ਹੈਂ ਔਰ ਤੀਰਥੋਂ ਕਾ ਸਨਾਨੁ ਕਰਤੇ ਹੈਂ ਯਥਾ ਗੁਰਮੁਖੋਂ ਕਾ ਲਖਣੁ ਸਿਧਗੋਸਟ ਮੈਂ ਕਹਾ ਹੈ "ਗੁਰਮੁਖਿ ਨਾਮੁ ਦਾਨੁ ਇਸਨਾਨੁ"

ਕਾਮ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥ ੨ ॥

ਤਿਨ ਗੁਰਮੁਖੋਂ ਕਾ ਕਾਮੁ ਕ੍ਰੋਧ ਲੋਭਾਦਿਕੋਂ ਕਾ ਸਮੁਦਾਯ ਬਿਨਸ ਗਯਾ ਹੈ ਕਿਉਂ ਕਿ ਤਿਨ੍ਹੋਂ ਨੇ ਦੇਹ ਅਭਮਾਨੁ ਔਰ ਜਾਤੀ ਅਭਮਾਨੁ ਤਥਾ ਜੋਬਨ ਅਭਮਾਨਾਦਿ ਸਭੁ ਤਿਆਗ ਦੀਆ ਹੈ॥੨॥

ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥

ਔਰ ਨਾਮ ਰੂਪੀ ਲਾਹਾ ਪਾਇ ਲੀਆ ਹੈ ਜਿਸ ਨਾਮ ਤੇ ਆਤਮ ਲਾਭ ਹੂਆ ਹੈ ਨਾਮ ਕੇ ਸਾਥ ਆਤਮਾ ਕਾ ਅਧਿਆਹਾਰ ਹੈ ਜਿਸ ਆਤਮ ਲਾਭ ਕੋ ਪਾਇ ਕਰ (ਕਾਮ) ਸਭ ਸੰਕਲਪ ਪੂਰਨ ਹੁਏ ਹੈਂ ਕਿਉਂਕਿ ਆਤਮ ਲਾਭ ਤੇ ਪਰੇ ਔਰ ਕੋਈ ਲਾਭ ਨਹੀਂ ਹੈ ॥

ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥

ਕਿਰਪਾ ਕਰਕੇ ਪ੍ਰਮੇਸ੍ਵਰ ਨੇ ਜਬ ਅਪਣਾ ਨਾਮੁ ਦੀਆ ਤਬ ਅਪਣੇ ਮੈਂ ਮੇਲ ਲੀਆ ਹੈ ॥

ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥

ਜਿਨੋਂ ਪਰ ਆਪ(ਮਿਹਰਵਾਨੁ)ਦਿਆਲ ਹੂਆ ਹੈ ਤਿਨੋਂ ਕਾ (ਆਵਣ ਜਾਣਾ) ਜਨਮ ਮਰਣਾ ਨਬਿਰਤ ਭਯਾ ਹੈ ॥

ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥ ੩ ॥

ਜਬ ਗੁਰੋਂ ਕੇ (ਸਬਦੁ) ਉਪਦੇਸ਼ ਕਰ ਆਤਮ ਕੋ ਬ੍ਰਹਮ ਰੂਪ ਪਛਾਨਿਆ ਹੈ ਤਬ ਸਚੁ (ਮਹਲੁ) ਸਰੂਪੁ (ਘਰੁ) ਰਿਦੇ ਮੈਂ ਹੀ ਪਾਇ ਲੀਆ ਹੈ ॥ ੩ ॥

Digitized by Panjab Digital Library | www.panjabdigilib.org

ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥

ਪਰਮੇਸ੍ਰ ਅਪਣੀ ਕਿਰਪਾ ਧਾਰਿ ਕਰਕੇ ਭਗਤ ਜਨੋਂ ਕੀ ਰਖਿਆ ਕਰਤਾ ਹੈ ॥

ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥

ਜੋ ਭਗਤ ਜਨ ਸਚੇ ਕੇ ਗੁਣਾਂ ਕੀ (ਸਾਰਿ) ਸਮਾਲ ਕਰਤੇ ਹੈਂ ਤਿਨੋਂ ਕੇ (ਹਲਤਿ) ਇਸ ਲੋਕ ਮੈਂ (ਪਲਤਿ) ਪਰਲੋਕ ਮੈਂ ਮੁਖ ਉਜਲੇ ਹੁਏ ਹੈਂ ॥

ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥

ਆਠੋ ਪਹਰ ਹੀ ਪਰਮੇਸ੍ਰ ਕੇ ਗੁਣੋਂ ਕੋ (ਸਾਰਦੇ) ਸਿਮਰਤੇ ਹੈਂ (ਅਪਾਰ) ਪਰਮੇਸ੍ਰ ਕੇ (ਰੰਗਿ) ਪ੍ਰੇਮ ਮੇਂ ਰਤੇ ਹੁਏ ਹੈਂ ॥

ਪਾਰ ਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥ ੪ ॥ ੧੧ ॥ ੮੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਪਾਰਬ੍ਰਹਮ ਜੋ ਸਰਬ ਸੁਖ ਕਾ ਸਾਮੁੰਦ੍ਰ ਹੈ ਤਿਸਕੇ ਮੈਂ ਸਦਾ ਹੀ ਬਲਹਾਰਨੇ ਜਾਤਾ ਹੂੰ ॥ ੪ ॥ ॥ ੧੧ ॥ ੮੧ ॥

ਸਿਰੀ ਰਾਗੁ ਮਹਲਾ ੫ ॥ ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥

ਪਰੰਤੂ ਜੇਕਰ ਪੂਰਨ ਸਤਿਗੁਰੂ ਮਿਲੇ ਤਬ ਸਰਬ ਸੁਖੋਂ ਕਾ ਭੰਡਾਰ ਜੋ ਗੁਰ ਸ਼ਬਦ ਹੈ ਸੋ ਪ੍ਰਾਪਤਿ ਹੋਤਾ ਹੈ ॥

ਕਰਿ ਕਿਰਪਾ ਪ੍ਰਭੁ ਆਪਣੀ ਜਪਈਐ ਅੰਮ੍ਰਿਤ ਨਾਮੁ ॥

ਹੇ ਭ੍ਰਾਈ ਜਬ ਪਰਮੇਸ੍ਰ ਅਪਣੀ ਕਿਰਪਾ ਕਰੇ ਤਬ ਅੰਮ੍ਰਿਤ ਰੂਪੀ ਨਾਮ ਕਾ ਜਾਪੁ ਕਰੀਤਾ ਹੈ ॥

ਜਨਮ ਮਰਣ ਦੁਖੁ ਕਾਟੀਐ ਲਾਗੈ ਸਹਿਜ ਧਿਆਨੁ ॥ ੧ ॥

ਨਾਮੁ ਜਪਣੇ ਸੇ ਜਨਮ ਮਰਣ ਰੂਪੀ ਜੋ ਦੁਖ ਹੈ ਸੋ ਕਾਟਿਆ ਜਾਤਾ ਹੈ (ਸਹਜਿ) ਸੁਭਾਵਕ ਹੀ ਸਰੂਪ ਮੈਂ ਧਿਆਨੁ ਲਾਗ ਜਾਤਾ ਹੈ ॥ ਧੇਯਾਕਾਰ ਬ੍ਰਿਤੀ ਕਾ ਨਾਮੁ ਧਯਾਨੁ ਹੈ ॥

ਮੇਰੇ ਮਨ ਪ੍ਰਭੂ ਸਰਣਾਈ ਪਾਇ ॥ ਹਰਿ ਬਿਨੁ ਦੂਜਾ
ਕੋ ਨਹੀ ਏਕੋ ਨਾਮੁ ਧਿਆਇ ॥ ੧ ॥ ਰਹਾਉ ॥

ਹੇ ਮੇਰੇ ਮਨ ਪ੍ਰਭੂ ਕੀ ਸਰਣ ਕੋ ਪ੍ਰਾਪਤਿ ਹੋਹੁ ਕਿਉਂਕਿ ਹਰੀ ਸੇ ਬਿਨ ਦੂਸਰ ਔਰ ਕੋਈ ਨਹੀਂ ਤਾਂਤੇ ਏਕ ਵਾਹਿਗੁਰੂ ਕੇ

Digitized by Panjab Digital Library | www.panjabdigilib.org

ਹੀ ਨਾਮ ਕੋ ਜਪੁ ਔਰ ਤਿਸਕੇ ਹੀ ਸਰੂਪ ਕਾ ਧਿਆਨ ਕਰੁ ਈਹਾਂ ਧਿਆਨ ਕੇ ਸਬੰਧ ਸੇ ਧੇਯ ਕਾ ਅਧਿਆਹਾਰੁ ਹੈ ॥ ੧ ॥

ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ ॥

ਸੋ ਧੇਇ ਸਰੂਪੁ ਪ੍ਰਮੇਸ੍ਵਰ ਕੈਸਾ ਹੈ ਕੇ ਤਿਸਕੇ ਗੁਣੋਂ ਕੀ ਕੀਮਤਿ ਕਹੀ ਨਹੀਂ ਜਾਤੀ ਹੈ ਕਿਉਂਕਿ(ਗੁਣੀ) ਜੋ ਗੁਨੋਂ ਵਾਲਾ ਹੈ ਤਿਸਕੇ ਗੁਣ ਸਮੁੰਦ੍ਰ ਵਤ ਅਥਾਹ ਹੈਂ ਕਦਾਚਿਤ ਐਸੀ ਅਸੰਕਾ ਹੋ ਕਿ ਤਿਸਕੇ ਗੁਣੋਂ ਕੀ ਪ੍ਰਾਪਤੀ ਕੈਸੇ ਹੋ ਤਿਸਕਾ ਸਮਾਧਾਨ ਐਸੇ ਹੈ ॥

ਵਡ ਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ ॥

ਜੋ ਅਤਿ ਪੁੰਨ ਵਾਨ ਪੁਰਸ ਹੈਂ ਸੋ ਸਤਿ ਸੰਗਤਿ ਮੈਂ ਮਿਲ ਕਰ (ਗੁਰੋਂ ਕਾ) ਸਚਾ ਉਪਦੇਸ਼ (ਵਿਸਾਹੁ) ਖਰੀਦਤੇ ਹੈਂ ਭਾਵ ਯਹਿ ਕਿ ਸਰਧਾ ਰੂਪੀ ਪੂੰਜੀ ਦੇਕਰ ਉਪਦੇਸ਼ ਰੂਪੁ ਉੱਤਮ ਵਸਤੂ ਮੋਲ ਲੇਤੇ ਹੈਂ ॥

ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ ॥ ੨ ॥

ਪਾਤਸ਼ਾਹੋਂ ਔਰ ਸਾਹੂਕਾਰੋਂ ਕਾ ਸਿਰੋਮਣੀ ਜੋ ਪਰਮੇਸ੍ਵਰ ਸਰਬ ਸੁਖੋਂ ਕਾ ਸਮੁੰਦ੍ਰ ਹੈ ਤਿਸਕੀ ਭਗਤੀ ਕਰਤੇ ਹੈਂ ॥ ੨ ॥

ਚਰਣ ਕਮਲ ਕਾ ਆਸਰਾ ਦੂਜਾ ਨਾਹੀ ਠਾਉ ॥

ਤਿਨ ਪੁਰਸੋਂ ਕੇ ਰਿਦੇ ਮੈਂ ਪਰਮੇਸ੍ਵਰ ਕੇ ਚਰਨ ਕਵਲੋਂ ਕਾ ਆਸਰਾ ਹੈ ਔਰ ਦੂਸਰਾ ਕੋਈ ਅਸਥਾਨੁ ਨਹੀਂ ਜਾਣਿਆ ਹੈ॥

ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ ॥

ਔਰ ਐਸੇ ਬੇਨਤੀ ਕਰਤੇ ਹੈਂ ਹੇ ਪਾਰਬ੍ਰਹਮ ਪਰਮੇਸ੍ਵਰ ਮੇਰੇ ਕੋ ਤੋ ਏਕ ਤੇਰੀ ਹੀ (ਧਰ) ਟੇਕ ਹੈ ਔਰ ਤੇਰੇ ਹੀ (ਤਾਣੁ) ਬਲ ਕਰਕੇ (ਰਹਾਉ) ਇਸਥਿਤ ਹੂੰ ॥

ਨਿਮਾਣਿਆ ਪ੍ਰਭੁ ਮਾਣੁ ਤੂੰ ਤੇਰੈ ਸੰਗਿ ਸਮਾਉ ॥ ੩ ॥

ਹੇ ਪ੍ਰਭੂ ਤੂੰ ਨਮਾਣਿਆ ਕਾ ਮਾਨੁ ਹੈਂ ਕਿਉਂਕਿ ਜਿਨਕੋ ਤੈਨੇ ਮਾਨੁ ਦੀਆ ਸੋ ਪੁਰਸ ਤੇਰੇ ਸਾਥ (ਸਮਾਉ) ਮਿਲ ਗਏ ਹੈਂ ਯਥਾ "ਕੋਇ ਨ ਜਾਨੈ ਕੋਇ ਨ ਮਾਨੈ ਸੇ ਪ੍ਰਗਟ ਹਰਿ ਦ੍ਵਾਰੇ" ॥ ੩ ॥

ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥

ਤਾਂਤੇ (ਆਠ ਪਹਰ) ਸਦੀਵ ਕਾਲ ਹਰੀ ਨਾਮ ਕਾ ਜਾਪੁ ਕਰੀਏ ਔਰ ਗੋਵਿੰਦ ਕੋ (ਆਰਾਧੀਐ) ਧਿਆਈਐ ਜਪ ਕੇ ਸਾਥ ਨਾਮ ਕਾ ਅਧਿਆਹਾਰ ਹੈ ॥

Digitized by Panjab Digital Library | www.panjabdigilib.org

ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ॥

ਜਿਸ ਵਾਹਿਗੁਰੂ ਨੈ ਕ੍ਰਿਪਾ ਕਰਕੇ ਜੀਵ ਕੇ ਪ੍ਰਾਣ ਔਰ (ਤਨੁ) ਸਰੀਰ ਯਹਿ ਸਭ ਰਖੇ ਹੈ ਔਰ ਜਿੰਦਗੀ ਭਾਵ ਬੁਧੀ ਕੀ ਭੀ ਰਖਜਾ ਕਰੀ ਹੈ ਭਾਵ ਯਹਿ ਕਿ ਸਰਬ ਬਿਘਨੋਂ ਸੇ ਬਚਾਇ ਲੀਆ ਹੈ ॥

ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ ॥ ੪ ॥ ੧੨ ॥ ੮੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸ ਪਾਰਬ੍ਰਹਮ ਪ੍ਰਭੂ ਬਖਸਿੰਦ ਨੇ ਤਿਨ ਭਗਤ ਜਨੋ ਕੇ ਸਰਬ (ਦੋਖ) ਕਲੰਕ (ਉਤਾਰਿਅਨੁ) ਨਿਵਾਰਣ ਕੀਏ ਹੈਂ ॥ ੪ ॥ ੧੨ ॥ ੮੨ ॥

ਸਿਰੀ ਰਾਗੁ ਮਹਲਾਪ॥ ਪ੍ਰੀਤਿ ਲਗੀ ਤਿਸੁ ਸਚੁ ਸਿਉ ਮਰੈ ਨ ਆਵੈ ਜਾਇ ॥

ਯਾਂਤੇ ਭਗਤ ਜਨੋ ਕੀ ਪ੍ਰੀਤਿ ਤਿਸ ਸਚੇ ਸਾਥ ਲਗੀ ਹੈ ਜੋ ਜਨਮ ਕੇ ਆਵਤਾ ਨਹੀਂ ਔਰ ਮਰ ਕਰਕੇ ਜਾਤਾ ਨਹੀਂ ਹੈ ॥

ਨਾ ਵਿਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥

ਔਰ ਪ੍ਰਮੇਸ੍ਰਰ (ਵਿਛੋੜਿਆ) ਭਿੰਨ ਭੀ ਕਰੀਏ ਤੋ ਹੋਤਾ ਨਹੀਂ ਜਿਸਤੇ ਸਭ ਮੈਂ ਸਮਾਨ ਬਿਆਪ ਰਹਾ ਹੈ ਅਕਾਸ ਕੇ ਦ੍ਰਿਸਟਾਂਤ ਸੇ ਜਾਨ ਲੇਨਾ ਅਭਿੰਨ ਹੋਨੇ ਮੈਂ ਤੁਲ ਬਿਆਪਕਤਾ ਕਾਰਨ ਹੈ ॥

ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥

ਜੋ (ਦੀਨ) ਨੰਮ੍ਰ ਹੂਏ ਹੈਂ ਤਿਨਕੇ (ਦਰਦੁ) ਈਰਖਾਦਿ ਬਿਕਾਰ (ਦੁਖ) ਜਨਮ ਮਰਣਾਦਿ ਕਲੇਸ਼ (ਸਤ) ਸੇਵਕੋਂ ਕੇ (ਭੰਜਨਾ) ਨਾਸ ਕਰਤਾ ਹੈ। ਵਾ ਸੈਂਕੜੇ (ਭਾਇ) ਪ੍ਰਕਾਰ ਸੇ ਸੇਵਕ ਕੋ ਵਹੀ ਨਿਸਚੇ ਹੋ ਰਹਾ ਹੈ।

ਅਚਰਜ ਰੂਪ ਨਿਰੰਜਨੋ ਗੁਰਿ ਮੇਲਾਇਆ ਮਾਇ ॥ ੧ ॥

(ਮਾਇ)ਹੇ ਭਾਈ ਮਾਯਾ ਰੂਪੀ (ਅੰਜਨ) ਕਾਲਖ ਤੇ ਰਹਿਤ ਜੋ ਪਰਮੇਸ੍ਰਰ ਹੈ (ਅਚਰਜ ਰੂਪ) ਤਿਸਕਾ ਰੂਪ ਕਹਿਨੇ ਮੈਂ ਨਹੀਂ ਆਉਤਾ ਜੋ ਨੇਤ੍ਰਾਦਿਕੋਂ ਕਾ ਵਿਸਾ ਨਹੀਂ ਹੈ ਸੋ ਗੁਰੋਂ ਨੇ ਮੇਲਾਇ ਦੀਆ ਹੈ ॥ ੧ ॥

ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ॥ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ॥੧॥ਰਹਾਉ॥

ਹੇ ਭਾਈ ਸੋ ਜੋ ਪ੍ਰਮਾਤਮਾ ਹੈ ਤਿਸਕੋ ਮਿਤ੍ਰ ਕਰੋ ਔਰ ਜੋ ਮਾਯਾ ਮੈਂ ਮੋਹ ਕਰਕੇ ਪ੍ਰੀਤਿ ਕਰਨੀ ਹੈ ਤਿਸਕੋ (ਧ੍ਰਿਗੁ) ਧਿਕਾਰ ਹੈ ਕਿਉਂ ਕਿ ਮਾਯਾ ਮੈਂ ਮੋਹ ਕਰਨੇ ਵਾਲਾ ਕੋਈ ਸੁਖੀ ਨਹੀਂ ਦੇਖੀਤਾ ਹੈ ॥ ੧ ॥

ਦਾਨਾ ਦਾਤਾ ਸੀਲਵੰਤੁ ਨਿਰਮਲ ਰੂਪੁ ਅਪਾਰੁ ॥

Digitized by Panjab Digital Library | www.panjabdigilib.org

ਸਰਬ ਕਾ (ਦਾਨਾ) ਜਾਨਣੇ ਵਾਲਾ ਹੈ ਅਰ ਦਾਤਾ ਹੈ (ਸੀਲਵੰਤੁ) ਸੌਮ ਸੁਭਾਇ ਹੈ ਪੁਨਾ ਨਿਰਮਲੁ ਅਪਾਰ ਸਰੂਪ ਹੈ ॥

ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥

ਪੁਨਾ ਸਹਾਈ (ਸਖਾ) ਮੀਤ ਹੈ ਸਹਾਇਤਾ ਕਰਨੇ ਵਾਲਾ ਅਤਿ ਸੈ ਵਡਾ ਹੈ ਪੁਨਾ ਵਡਾ ਅਪਾਰ ਊਚਾ ਹੈ ਭਾਵ ਯਹਿ ਕਿ ਬ੍ਰਹਮਾਦਿ ਤੇ ਊਚਾ ਹੈ ॥

ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਬਾਰੁ ॥

ਜਿਸਮੈਂ ਬਾਲਕ ਬ੍ਰਿਧਾਦਿ ਖਟ ਵਿਕਾਰ ਨਹੀਂ ਜਾਣੇ ਜਾਤੇ ਔਰ ਤਿਸਕਾ ਦਰਬਾਰੁ ਭੀ ਨਿਹਚਲੁ ਹੈ ॥

ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ ॥ ੨ ॥

ਤਿਸਤੇ ਜੋ ਕਿਛੁ ਕਰਮਾਂ ਕਾ ਫਲ ਮਾਗੀਤਾ ਹੈ ਸੋਈ ਪਾਈਤਾ ਹੈ ਔਰ ਨਿਰਆਸਰਿਆਂ ਕਾ ਆਸਰਾ ਹੈ ਭਾਵ ਯਹਿ ਕਿ ਈਸ੍ਵਰ ਕਰਮ ਫਲ ਪਰਦਾਤਾ ਹੈ ॥ ੨ ॥

ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ ॥

ਜਿਸਕੇ ਦਰਸਨ ਮਾਤ੍ਰ ਸੇ ਹੀ (ਕਿਲਵਿਖ) ਪਾਪ (ਹਿਰਹਿ) ਨਾਸ ਹੋਤੇ ਹੈਂ ਮਨ ਤਨ ਮੈਂ ਸਾਂਤਿ ਪ੍ਰਾਪਤਿ ਹੋਤੀ ਹੈ ॥

ਇਕ ਮਨਿ ਏਕੁ ਧਿਆਈਐ ਮਨਕੀ ਲਾਹਿ ਭਰਾਂਤਿ ॥

ਐਸੇ ਏਕ ਪਰਮੇਸਰ ਕਾ ਮਨਕੀ ਏਕਾਗ੍ਰਤਾ ਕਰਕੇ ਔਰ ਮਨਕੀ ਭ੍ਰਾਂਤਿ ਉਤਾਰ ਕੇ ਧਯਾਨ ਕਰੀਏ। ਭਾਵ ਏਹ ਕਿ ਰਾਜਾਦਿ ਦੇਨੇ ਵਾਲੇ ਦੇਵਨ ਮੈ ਬੁਧੀ ਕੀ ਭ੍ਰਮਨਾ ਹੈ ਤਿਸਕੋ ਤਯਾਗ ਕੇ ਆਈਐ ॥

ਗੁਣ ਨਿਧਾਨੁ ਨਵ ਤਨੁ ਸਦਾ ਪੂਰਨ ਜਾਂਕੀ ਦਾਤਿ ॥

ਪਰਮੇਸ੍ਵਰ ਜੋ ਗੁਣੋਂ ਕਾ ਭੰਡਾਰੁ ਹੈ ਕਿਉਂਕਿ ਸਰਬ ਗੁਣ ਈਸ੍ਵਰ ਤੇ ਬਿਨਾਂ ਔਰ ਕਿਸੀ ਮੈ ਨਹੀਂ ਹੋਤੇ ਔਰ ਇੰਦ੍ਰਾਦਿ ਅਪਨੀ ਅਵਧਿ ਭੋਗ ਕਰ ਗਿਰ ਪੜਤੇ ਹੈਂ ਪ੍ਰਮੇਸ੍ਵਰ ਸਦੀਵ ਕਾਲ (ਨਵਤਨੁ) ਏਕ ਰਸ ਹੈ ਪੁਨਾ ਜਿਸਕੀ ਦਾਤ ਭੀ ਪੂਰਨ ਹੈ ॥

ਸਦਾ ਸਦਾ ਆਰਾਧੀਐ ਦਿਨ ਵਿਸਰਹੁ ਨਹੀ ਰਾਤਿ ॥ ੩ ॥

ਤਿਸਕੋ (ਸਦਾ) ਨਿਤ ਜਾਨ ਕਰ (ਸਦਾ) ਸਦੀਵਕਾਲ (ਅਰਾਧੀਐ) ਧਿਆਈਐ ਐਸੇ ਪਰਮਾਤਮਾ ਕੋ ਦਿਨ ਰਾਤਿ ਵਿਸਾਰਨਾ ਨ ਕਰੋ ॥ ੩ ॥

Digitized by Panjab Digital Library | www.panjabdigilib.org

ਜਿਨਕੋ ਪੂਰਬਿ ਲਿਖਿਆ ਤਿਨਕਾ ਸਖਾ ਗੋਵਿੰਦੁ ॥

ਪਰੰਤੂ ਜਿਨ ਪੁਰਸ਼ੋਂ ਕੇ ਮਸਤਕ ਮੈਂ ਪੂਰਬ ਜਨਮੋਂ ਕੇ ਪੁੰਨ ਕਰਮ ਲਿਖਾ ਹੈ ਤਿਨਕਾ ਸਖਾ ਗੋਬਿੰਦੁ ਹੁਆ ਹੈ ॥

ਤਨੁ ਮਨੁ ਧਨੁ ਅਰਪੀ ਸਭੁ ਸਗਲ ਵਾਰੀਐ ਇਹੁ ਜਿੰਦੁ ॥

ਹੇ ਭਾਈ ਐਸੇ ਗੋਬਿੰਦ ਉਪਰੋਂ ਤਨੁ ਮਨ ਧਨ ਸਭ ਅਰਪਣ ਕਰ ਦੇਈਏ ਔਰ ਇਹ ਜਿੰਦਗੀ ਸਭ ਵਾਰਨ ਕਰ ਦੇਈਏ।

ਦੇਖੈ ਸੁਣੈ ਹਦੂਰਿ ਸਦ ਘਟ ਘਟ ਬ੍ਰਹਮੁ ਰਵਿੰਦੁ ॥

ਪਰਮੇਸ੍ਵਰ ਸਰਬ ਜੀਵੋਂ ਕੇ ਕਰਮੋਂ ਕੋ ਦੇਖ ਰਿਹਾ ਹੈ ਔਰ ਬਚਨ ਸੁਨ ਰਹਾ ਹੈ ਔਰ ਸਦੀਵ ਕਾਲ ਨਿਕਟ ਹੈ ਕਿਉਂਕਿ ਘਟ ਘਟਮੈਂ ਬ੍ਰਹਮੁ (ਰਵਿੰਦੁ) ਰਵਿ ਰਹਿਆ ਹੈ ॥

ਅਕਿਰਤਘਣਾ ਨੋ ਪਾਲਦਾ ਪ੍ਰਭੁ ਨਾਨਕ ਸਦ ਬਖਸਿੰਦੁ ॥੪॥

ਸ੍ਰੀ ਗੁਰੂਜੀ ਕਹਿਤੇ ਹੈਂ ਪ੍ਰਭੂ ਜੋ ਸਦਾ ਬਖਸ਼ਨੇ ਜੋਗ ਹੈ ਸੋ* ਕ੍ਰਿਤਘਨ ਪੁਰਸ਼ੋਂ ਕੀ ਭੀ ਪਾਲਨਾ ਕਰਤਾ ਹੈ ॥੪॥ ੧੩॥੯੩॥

ਸਿਰੀ ਰਾਗੁ ਮਹਲਾ ੫ ॥ ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ॥

ਜਿਸ ਪਰਮੇਸ੍ਵਰ ਨੇ (ਮਨੁ) ਅੰਤਹਕਰਨ ਸੁਭ ਅਸੁਭ ਕੀ ਸਮਝ ਸਹਤ ਦੀਆ ਹੈ(ਤਨੁ)ਸਰੀਰ (ਧਨੁ)ਵਿਭੂਤੀ ਮੰਦਰਾਦਿ ਦੀਏ ਹੈਂ ਪੁਨਾ (ਸਹਜਿ) ਸ੍ਰਤੇ ਹੀ ਸਵਾਰ ਬਨਾਇ ਕੇ ਸਰੀਰਾਦਿਕੋਂ ਕੀ ਰਖਿਆ ਕਰੀ ਹੈ ॥

ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ ॥

(ਅਪਾਰ) ਬਿਅੰਤ ਪਰਮੇਸ੍ਵਰ ਨੇ ਸੰਪੂਰਨ ਪ੍ਰਾਣ ਤਥਾ ਇੰਦ੍ਰੇ ਆਦਿਕ ਜੋ ਸਰੀਰ ਕੀ ਕਲਾ ਹੈ ਤਿਨਕੋ ਸਹਤ ਅਸਥਾਪਨ ਕੀਆ ਹੈ ਸੰਘਾਤ (ਅੰਤਰਿ) ਕੇ ਬੀਚ ਅਪਨੀ (ਜੋਤਿ)ਸਤਾ ਰਾਖੀ ਹੈ ॥

ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ ਰਖੁ ਉਰਧਾਰਿ ॥ ੧ ॥

ਐਸ ਪ੍ਰਭੂ ਕੋ ਸਦੀਵ ਹੀ ਸਿਮਰਨ ਕਰੀਏ ਔਰ ਸਦਾ ਹੀ (ਉਰ) ਰਿਦੇ ਮੈਂ ਧਾਰਨ ਕਰ ਰਾਖੀਏ ॥ ੧ ॥

ਮੇਰੇ ਮਨ ਹਰਿ ਬਿਨੁ ਅਵਰੁ ਨ ਕੋਇ ॥

ਪ੍ਰਭੁ ਸਰਣਾਈ ਸਦਾ ਰਹੁ ਦੂਖੁ ਨ ਵਿਆਪੈ ਕੋਇ ॥ ੧ ॥ ਰਹਾਉ ॥

*ਅਕ੍ਰਿਤਘਨ ਸ [illegible] ਹੈ ਜ [illegible] ਪਰਸ਼ ਉਸਕੀ ਪਾਲਨਾ ਨਹੀਂ ਕਰਤਾ ਪਰਮੇਸ੍ਵਰ ਨੇ ਮਾਤਾ ਕੇ ਗਰਭਮੈ ਰਖਿਆ ਕਰੀਹੈ ਔਰ ਇੰਦ੍ਰਯਆਦਿਕ ਅਨੇਕ ਅਮੋਲਕ ਪਦਾਰਥ ਦੀਏ ਹੈਂ ਐਸੇ ਉਪਕਾਰ ਕੋ ਜਿਸ [illegible] ਵਿਸਰਾਇ ਦੀਆ ਹੈ ਪਰਮੇਸ੍ਵਰ ਤਿਨਕੀ ਭੀ ਪਾਲਨਾ ਕਰਤਾ ਹੈ ॥

Digitized by Panjab Digital Library | www.panjabdigilib.org

ਹੇ ਮੇਰੇ ਮਨ ਹਰੀ ਤੇ ਬਿਨਾ ਔਰ ਕੋਈ ਭੀ ਸਤਿ ਨਹੀ ਹੈ ਤਾਂਤੇ ਐਸੇ ਪ੍ਰਭੂ ਕੇ (ਸਰਣਾਈ) ਆਸਰੇ ਸਦਾ ਰਹੁ ਤੇਰੇ ਕੋ ਕੋਈ ਦੂਖ ਨਹੀਂ ਬਿਆਪੇਗਾ ॥ ੧ ॥

ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ ॥

ਮਾਣਕ ਆਦਿ ਰਤਨ ਔਰ ਸੁਇਨਾ ਰੁਪਾ ਆਦਿਕ ਸਰਬ ਪਦਾਰਥ (ਖਾਕੁ) ਮਾਟੀ ਹੈ ॥

ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥

ਮਾਤਾ ਪਿਤਾ ਪੁਤ੍ਰ (ਬੰਧਪ) ਭਾਈ (ਸਾਕ) ਸੰਬੰਧੀ ਜਨ ਏਹ ਸਭ ਝੂਠੇ ਹੈਂ ॥

ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ ॥ ੨ ॥

ਪਰੰਤੂ ਮਨਮੁਖ ਜੋ (ਪਸੂ) ਬੇਸਮਝੂ (ਨਾਪਾਕੁ) ਅਪਵਿਤ੍ਰ ਹੈ ਪਸੂ ਭਾਵ ਗਰਧਬ ਸੂਕਰ ਆਦਿਕ ਜਿਸ ਪਰਮੇਸਰ ਨੇ ਅਨੇਕ ਪਰਕਾਰ ਕੇ ਪਦਾਰਥੋਂ ਕੇ ਸਹਤ ਇਸ ਕੋ ਪੈਦਾ ਕੀਆ ਹੈ ਤਿਸਕੋ ਨਹੀਂ ਜਾਨਤਾ ਹੈ ॥੨॥

ਅੰਤਰਿ ਬਾਹਰਿ ਰਵਿ ਰਹਿਆ ਤਿਸਨੋ ਜਾਣੈ ਦੂਰਿ ॥

ਜੋ (ਅੰਤਰਿ) ਸਰੀਰ ਮੈਂ (ਬਾਹਰਿ) ਬ੍ਰਹਮਾਂਡ ਮੈਂ (ਰਵਿ ਰਹਿਆ) ਬਿਆਪ ਰਹਾ ਹੈ ਤਿਸਕੋ ਦੂਰ ਜਾਨਤਾ ਹੈ ॥

ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥

ਔਰ ਭੋਗੋਂ ਕੀ ਤ੍ਰਿਸਨਾ ਐਸੀ ਲਾਗੀ ਹੈ ਜਿਸਕੇ ਬੀਚ ਰਚ ਹੀ ਰਹਿਆ ਹੈ ਪੁਨਾ (ਕੂਰਿ) ਮੂਰਖ ਕੇ ਰਿਦੇ ਮੈਂ ਹੰਤਾ ਮਮਤਾ ਹੈ ॥

ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥ ੩ ॥

ਪਰਮੇਸ੍ਰਰ ਕੀ ਭਗਤੀ ਨਾਮ ਜਾਪਾਦਿ ਸੋ (ਵਿਹੂਣਿਆ) ਰਹਤ ਪੁਰਸੋਂ ਕੇ (ਪੂਰ) ਸਮਦਾਇ ਹੀ ਆਵਤੇ ਅਰੁ (ਵੰਞਹਿ) ਜਾਤੇ ਹੈਂ ਭਾਵ ਯਹਿ ਕਿ ਜਨਮਤੇ ਮਰਤੇ ਹੈਂ ॥

ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ ॥

ਐਸੇ ਪ੍ਰਾਰਥਨਾ ਕਰੇ ਹੇ ਪ੍ਰਭੂ ਕਰਣੇਹਾਰੇ (ਜੀਅ) ਅਸਥੂਲ (ਜੰਤ) ਸੂਖਮੋਂ ਕੋ ਦਇਆ ਕਰਕੇ ਰਖ ਲੇਵੋ ॥

ਬਿਨੁ ਪ੍ਰਭ ਕੋਇ ਨ ਰਖਨਹਾਰੁ ਮਹਾ ਬਿਕਟ ਜਮ ਭਇਆ ॥

Digitized by Panjab Digital Library | www.panjabdigilib.org

ਕਿਉਂ ਕਿ ਜਬ (ਮਹਾਬਿਕਟ) ਅਤੀ ਕਠਨ (ਜਮੁ) ਦੂਤੁ ਪ੍ਰਾਪਤਿ (ਭਇਆ) ਹੁਆ ਤਬ ਹੇ ਪਰਮੇਸ੍ਵਰ ਤੇਰੇ ਬਿਨਾ ਕੋਈ ਰਖਨੇ ਵਾਲਾ ਨਹੀਂ ਹੈ ॥

ਨਾਨਕ ਨਾਮੁ ਨ ਵੀਸਰਉ ਕਰਿ ਅਪਨੀ ਹਰਿ ਮਇਆ ॥ ੪ ॥ ੧੪ ॥ ੮੪ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਮਨ ਐਸੀ ਬੇਨਤੀ ਕਰ ਕਿ ਹੇ ਹਰੀ ਅਪਨੀ ਐਸੀ (ਮਯਾ) ਕਿਰਪਾ ਕਰੁ ਜਿਸ ਕਰਕੇ ਆਪ ਕਾ ਨਾਮੁ ਨ ਬੀਸਰੈ ॥ ੪ ॥ ੧੪ ॥ ੮੪ ॥

ਸਿਰੀ ਰਾਗੁ ਮਹਲਾ ੫ ॥ ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ ॥

ਏਹ ਜੋ ਤੂੰ ਸਮਝਤਾ ਹੈ (ਤਨੁ) ਸਰੀਰੁ ਮੇਰਾ ਹੈ ਔਰ (ਧਨੁ) ਹਸਤੀ ਘੋੜੇ ਆਦਿ ਸਮਾਜੁ ਮੇਰਾ ਹੈ ਔਰ ਦੇਸ ਕਾ ਰਾਜ ਮੇਰਾ ਹੈ ਮੈ ਰੂਪਵੰਤ ਹੂੰ ॥

ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸੁ ॥

(ਸੁਤ ਦਾਰਾ) ਪੁਤ੍ਰ ਕੀ ਇਸਤ੍ਰੀ (ਬਨਤਾ) ਅਪਨੀ ਇਸਤ੍ਰੀਆਂ ਅਨੇਕ ਹੀ ਔਰ ਬਹੁਤ ਹੀ (ਰੰਗ) ਅਨੰਦ ਮਾਨ ਰਹਾ ਹੈ ॥

ਹਰਿਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ ॥ ੧ ॥

ਜੇਕਰ ਹਰੀ ਕਾ ਨਾਮੁ ਰਿਦੇ ਮੈ ਨਾ ਵਸੈ ਤਾਂ ਇਹ ਸਭ ਪਦਾਰਥ ਕਿਸੇ ਅਰਥ ਨ (ਲੇਖਿ) ਲਖੋ ਭਾਵ ਏਹ ਕਿ ਪ੍ਰਲੋਕ ਮੈ ਕੁਛ ਸਹਾਇਤਾ ਨ ਕਰੈਂਗੇ ॥ ੧ ॥

ਮੇਰੇ ਮਨੁ ਹਰਿ ਹਰਿ ਨਾਮੁ ਧਿਆਇ ॥ ਕਰਿ ਸੰਗਤਿ
ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥ ੧ ॥ ਰਹਾਉ ॥

ਹੇ ਮੇਰੇ ਮਨ ਹਰਿ ਜੋ ਸਰਬ ਦੁਖੋਂ ਕੇ ਹਰਨੇ ਵਾਲਾ ਹੈ ਤਿਸਕੇ ਨਾਮ ਕੋ (ਧਿਆਇ) ਸਿਮਰਨ ਕਰ ਔਰ ਨਿਤਾਪ੍ਰਤੀ ਸਾਧੂਓਂ ਕੀ ਸੰਗਤ ਕਰ ਔਰ ਗੁਰੋਂ ਕੇ ਚਰਨੋਂ ਮੈ ਚਿਤੁ ਜੋੜੁ ॥

ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ ॥

ਤਾਂਤੇ ਨਾਮ ਰੂਪੀ ਸਰਬ ਸੁਖੋਂ ਕਾ (ਨਿਧਾਨ) ਖਜਾਨਾ ਤਬ (ਧਿਆਈਏ) ਸਿਮਰੀਤਾ ਹੈ ਜਬ ਮਾਥੇ ਮੈ ਪੁੰਨ ਕਰਮੋਂ ਕਾ ਲੇਖੁ ਲਿਖਾ ਹੋਤਾ ਹੈ ॥

Digitized by Panjab Digital Library | www.panjabdigilib.org

ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ ॥

ਹੇ ਮਨ ਗੁਰੋਂ ਕੀ ਚਰਣੀ ਲਾਗ ਰਹੁ ਕਿਉਂਕਿ ਗੁਰੋਂ ਦ੍ਵਾਰੇ ਨਾਮ ਕੇ ਜਪਨ ਸੇ ਸੰਪੂਰਨ ਕਾਰਜ(ਸਵਾਰੀਅਹਿ)ਸੁਧਰਜਾਵੇਂਗੇ॥

ਹਉਮੈ ਰੋਗੁ ਭ੍ਰਮ ਕਟੀਐ ਨਾ ਆਵੈ ਨ ਜਾਗੁ ॥ ੨ ॥

ਹੰਤਾ ਮਮਤਾ ਰੂਪੀ ਰੋਗੁ ਤਥਾ ਪੰਚ ਪ੍ਰਕਾਰ ਕਾ ਭ੍ਰਮੁ ਕਾਟਿਆ ਜਾਵੇਗਾ ਪੁਨਾ ਨ ਆਵੇਗਾ ਅਰ ਨ ਜਾਵੇਗਾ ਭਾਵ ਨ ਜਨਮੇਗਾ ਔਰ ਨ ਮਰੇਗਾ ॥ ੧ ॥

ਕਰਿ ਸੰਗਤਿ ਤੂੰ ਸਾਧ ਕੀ ਅਠ ਸਠਿ ਤੀਰਥ ਨਾਉ ॥

ਤਾਂਤੇ ਤੂੰ ਸਾਧੂ ਕੀ ਸੰਗਤਿ ਕਰਿ (ਅਠਸਠਿ) ਸੁਮੁਰੇ ਤੀਰਥੋਂ ਕਾ ਨਾਮੁ ਹੈ ਵਾ ਜੈਸੇ ਕੁਰਛੇਤ੍ਰ ਹੈ ਐਸੇ ਐਸੇ ਅਠਾਹਟ ਤੀਰਥੋਂ ਕੇ ਨਾਵਨੇ ਕਾ ਜੋ ਫਲੁ ਔਰ ਲਾਭੁ ਹੈ ਸੋ ਸਾਧੂ ਕੀ ਸੰਗਤ ਸੇ ਪ੍ਰਾਪਤਿ ਹੋਵੇਗਾ ॥

ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਇਹ ਸੁਆਉ ॥

ਏਹੁ ਸਾਚਾ ਲਾਭੁ ਪ੍ਰਾਪਤਿ ਹੋਵੇਗਾ ਪ੍ਰਾਣ ਔਰ ਮਨੁ (ਤਨੁ) ਮਾਨੁਖ ਸਰੀਰੁ ਸਭ (ਹਰੇ) ਸਫਲੇ ਹੋਵੇਂਗੇ ਭਾਵ ਯਹਿ ਕਿ ਮਨ ਕੀ ਹਰਿਆਵਲੀ ਅਨੰਦੁ ਹੈ ਸੋ ਪ੍ਰਾਪਤਿ ਹੋਜਾਵੇਗਾ ॥

ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥ ੩ ॥

ਇਸ ਲੋਕ ਮੈ ਵਡਾਈਆਂ ਪ੍ਰਾਪਤਿ ਹੋਵੇਂਗੀ ਪੁਨਾ (ਦਰਗਹਿ)ਪਰਲੋਕ ਮੈ ਉਤਮੁ ਅਸਥਾਨ ਕੋ ਪ੍ਰਾਪਤਿ ਹੋਵੇਂ ਗਾ ॥ ੩ ॥

ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ ॥

ਪਰੰਤੂ ਇਹ ਸਰਬ ਬਿਵਹਾਰ ਪਰਮੇਸ੍ਰਰ ਕੇ ਅਧੀਨ ਹੈ ਕਿੰਉਕਿ ਆਪਿ ਹੀ ਜੀਵੋਂ ਕੇ ਸਰੀਰੋਂ ਕੋ ਰਚੇ ਹੈ(ਕਰਾਏ) ਔਰ ਕਰਮ ਭੀ ਆਪ ਕਰਾਵਤਾ ਹੈ ਭਾਵ ਯਹਿ ਹੈ ਕਿ ਰਿਦੇ ਮੈ ਇਸਥਿਤ ਹੋਕਰ ਜੀਵੋਂ ਕੋ ਮਾਯਾ ਯੰਤ੍ਰ ਦ੍ਵਾਰੇ ਭ੍ਰਮਾਇ ਰਹਾ ਹੈ

ਮਾਰਿ ਆਪੇ ਜੀਵਾਲਦਾ ਅੰਤਰਿ ਬਾਹਿਰਿ ਸਾਥਿ ॥

ਪੁਨਾ ਆਪ ਹੀ ਮਾਰਤਾ ਹੈ ਔਰ ਆਪਹੀ ਜੀਵਾਲਤਾ ਹੈ ਪਿੰਡ ਬ੍ਰਹਮੰਡ ਕੇ ਸਾਥ ਮਿਲ ਰਹਾ ਹੈ ॥

ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇਨਾਥ ॥ ੪ ॥ ੧੫ ॥ ੮੫ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਮਨ ਐਸੇ ਪ੍ਰਭ ਕੀ ਸਰਣ ਮੈ (ਗਤੀ) ਪ੍ਰਾਪਤ ਹੋਈਏ ਜੋ ਸੰਪੂਰਣ (ਘਟਾ) ਸਰੀਰੋਂ ਕੇ

Digitized by Panjab Digital Library | www.panjabdigilib.org

ਸ੍ਵਾਮੀ ਹੈ ॥ ੪ ॥ ੧੫ ॥ ੮੫ ॥

ਸਿਰੀ ਰਾਗੁ ਮਹਲਾ ੫ ॥ ਸਰਣਿ ਪਏ ਪ੍ਰਭੁ ਆਪਣੇ ਗੁਰੁ ਹੋਆ ਕਿਰਪਾਲੁ ॥

ਜਿਨ ਪੁਰਸ਼ੋਂ ਪਰ ਗੁਰੂ ਕ੍ਰਿਪਾਲੁ ਹੂਆ ਹੈ ਸੋ ਅਪਨੇ ਪ੍ਰਭੂ ਕੀ ਸਰਨ ਕੋ ਪ੍ਰਾਪਤਿ ਭਏ ਹੈਂ ॥

ਸਤਿਗੁਰਕੈ ਉਪਦੇਸਿਐ ਬਿਨਸੇ ਸਰਬ ਜੰਜਾਲ ॥

ਸਤਿਗੁਰੋਂ ਕੇ ਉਪਮੇਸ਼ ਦੇਨੇ ਸੇ ਸੰਪੂਰਨ (ਜੰਜਾਲ) ਬੰਧਨ ਨਾਸ ਹੋ ਗਏ ਹੈਂ ॥

ਮੰਦਰੁ ਲਗਾ ਰਾਮਿ ਨਾਮਿ ਅੰਮ੍ਰਿਤ ਨਦਰਿ ਨਿਹਾਲੁ ॥ ੧ ॥

ਰਾਮ ਨਾਮ ਜਪਨੇ ਮੈ ਤਿਨਕਾ ਅੰਤਹਕਰਣ ਲਗਾ ਹੈ ਪੁਨਾ (ਨਾਮਿ ਅੰਮ੍ਰਿਤ) ਨਾਮੀ ਜੋ ਪਰਮੇਸਰ ਜਨਮ ਮਰਨ ਤੇ ਰਹਤ ਹੈ ਤਿਸਕੋ ਜਬ ਗਜਾਨ (ਨਦਰਿ)ਦ੍ਰਿਸ਼ਟੀ ਸੇ ਦੇਖਾ ਤਬ(ਨਿਹਾਲ)ਦੁਖ ਰਹਤ ਹੁਏ ਹੈਂ ਭਾਵ ਏਹ ਕਿ ਆਤਮ ਰੂਪਤਾ ਕਰਕੇ ਸਰਬ ਸੁਖ ਕੋ ਪ੍ਰਾਪਤਿ ਭਏ ਹੈਂ ॥ ੧ ॥

ਮਨ ਮੇਰੇ ਸਤਿਗੁਰ ਸੇਵਾ ਸਾਰੁ ॥ ਕਰੇ ਦਇਆ ਪ੍ਰਭੁ
ਆਪਣੀ ਇਕ ਨਿਮਖ ਨ ਮਨਹੁ ਵਿਸਾਰੁ ॥ ੧ ॥ ਰਹਾਉ ॥

ਹੇ ਮੇਰੇ ਮਨ ਸਤਿਗੁਰੋਂ ਕੀ ਸੇਵਾ (ਸਾਰੁ) ਉਤਮ ਹੈ ਜੇਕਰ ਪ੍ਰਭੂ ਆਪਣੀ ਦਯਾ ਕਰੇ ਤੋ ਸਤਿਗੁਰੋਂ ਕੀ ਸੇਵਾ ਕੋ ਮਨ ਸੇ ਨਿਮਖ ਮਾਤ੍ਰ ਨ ਵੀਸਾਰੀਏ ॥੧॥

ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣ ਹਾਰ ॥

ਤਾਂਤੇ ਗੋਬਿੰਦ ਕੇ ਗੁਨ ਨਿਤੰਪ੍ਰਤਿ ਗਾਇਨ ਕਰੀਏ ਸੋ ਪਰਮੇਸ੍ਵਰ ਕੇ ਗੁਨ ਕੈਸੇ ਹੈਂ ਸਬ ਔਗਣੋਂ ਕੇ ਕਾਟਨੇ ਵਾਲੇ ਹੈਂ ॥

ਬਿਨੁ ਹਰਿ ਨਾਮੁ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ॥

ਕਿਉਂਕਿ ਹਰੀ ਨਾਮ ਕੇ ਜਪੇ ਬਿਨਾਂ ਸੁਖੁ ਪ੍ਰਾਪਤਿ ਨਹੀਂ ਹੋਤਾ ਹੈ ਅਨੇਕ ਪੁਰਸ਼ੋਂ ਨੇ ਕਰਮੋਂ ਕੇ (ਬਿਸਥਾਰ) ਫੈਲਾਉ ਕਰਕੇ ਦੇਖ ਲੀਏ ਹੈਂ ॥

ਸਹਜੇ ਸਿਫਤੀ ਰਤਿਆ ਭਵਜਲੁ ਉਤਰੇ ਪਾਰਿ ॥ ੨ ॥

ਜੋ ਪੁਰਸ਼ (ਸਹਜੇ) ਸ੍ਵਭਾਵਕ ਹੀ (ਸਿਫਤੀ) ਪਰਮੇਸ੍ਵਰ ਕੇ ਪ੍ਰੇਮ ਮੈ(ਰਤਿਆ) ਰੰਗੇ ਹੁਏ ਹੈਂ ਸੋ ਸੰਸਾਰ ਸਮੁੰਦ੍ਰ ਸੇ ਪਾਰ ਉਤਰ

Digitized by Panjab Digital Library | www.panjabdigilib.org

ਗਏ ਹੈਂ ॥੨॥ ਕਦਾਚਿਤ ਐਸੀ ਅਸੰਕਾ ਹੋ ਕਿ ਤੀਰਥ ਬ੍ਰਤਾਦਿਕ ਕਰਨੇ ਕਾ ਭੀ ਮਹਾਤਮ ਬਹੁਤ ਹੈ ਤਿਸ ਪਰ ਕਹਤੇਹੈਂ

ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ ॥

ਤੀਰਥ ਸੇਵਨੇ ਔਰ ਬ੍ਰਤ ਧਾਰਨੇ ਪੁਨਾ ਸੰਜਮ ਧਾਰਨਾ ਧਯਾਨ ਸਮਾਧੀ ਇਨ ਸਬਕੇ ਕਰਨੇ ਸੇ ਜੋ ਫਲੁ ਹੋਤਾ ਹੈ ਸੋ ਸਾਧਨਾ ਸੰਪੰਨਜ ਮਹਾਤਮਾ ਜਨ ਕੀ ਚਰਨ ਧੂਰ ਪਾਵਨੇ ਸੇ ਹੋਤਾ ਹੈ। ਭਾਵ ਏਹ ਕਿ ਧਰਮ ਅਰਥ ਕਾਮ ਮੋਖ ਏਹ ਸਬ ਨਿਜ ਨਿਜ ਭਾਵਨਾ ਕਰ ਸਾਧ ਸੰਗਤ ਸੇ ਪ੍ਰਾਪਤਿ ਹੋਤੇ ਹੈਂ॥ ਨਨੂ॥ ਏਕ ਐਸੇ ਪੁਰਸ਼ ਹੈਂ ਕਿ ਬਾਹਰ ਸੇ ਤੋ ਸੰਤੋਂ ਕੀ ਸੰਗਤਿ ਕਰਤੇ ਹੈਂ ਔਰ ਅੰਤਰ ਸੇ ਲੁਕ ਕਰ ਪਾਪ ਕਰਤੇ ਹੈਂ॥

॥ ਉੱਤ੍ਰ ॥ ਲੂਕ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥

ਹੇ ਭਾਈ ਲੁਕ ਕਰਕੇ ਕਿਸਤੇ ਪਾਪ ਕੁਮਾਵੇਗਾ ਜੋ ਕਰਮ ਫਲ ਪ੍ਰਦਾਤਾ ਪਰਮੇਸ੍ਵਰ ਸਦਾ(ਹਦੂਰਿ) ਪ੍ਰਤਜਖ ਦੇਖ ਰਹਾ ਹੈ ਕਦਾਚਿਤ ਐਸੀ ਅਸੰਕਾ ਹੋ ਕਿ ਵਹੁ ਕਹਾਂ ਦੇਖਤਾ ਹੈ ਤਿਸਕਾ ਸਮਾਧਾਨ॥

ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ॥ ੩ ॥

ਸਰਬ (ਥਾਨ) ਅਸਥਾਨੋਂ ਮੈ ਔਰ (ਥਨੰਤਰੀ) ਸਥਾਨੋਂ ਕੇ ਅੰਤਰ ਰਹਿਨੇ ਵਾਲੇ ਜੋ ਜੀਵ ਹੈਂ ਇਨ ਸਬ ਕੇ ਅੰਤਰ ਮੇਰਾ ਪਰੀ ਪੂਰਣ ਪ੍ਰਭੁ ਬਯਾਪਕ ਹੋ ਰਹਾ ਹੈ॥ ੩॥

ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ ॥

ਤਿਸਸਰਬ ਬਯਾਪੀ ਪਰਮੇਸ੍ਵਰ ਕੀ ਪਾਤਿਸਾਹੀ ਸਚੀ ਹੈ ਕਿਉਂਕਿ ਕੋਈ ਤਿਸਕੀ ਆਗਿਆ ਕੋ ਫੇਰ ਨਹੀਂ ਸਕਤਾ ਹੈ ਪੁਨਾ ਤਿਸਕਾ(ਅਮਰ) ਹੁਕਮ ਭੀ ਸਚਾ ਹੈ ਕਿਉਂਕਿ ਜੈਸਾ ਸੁਭਾ ਸੁਭ ਕਰਮ ਜੀਵ ਨੇ ਕੀਆ ਹੈ ਤਿਸਕਾ ਫਲੁ ਸੁਖੁ ਵਾ ਦੁਖੁ ਭੁਗਾਉਨੇਨਮਿਤ ਤੈਸਾ ਹੀ ਹੁਕਮ ਕਰਤਾ ਹੈ ਬਿਭਚਾਰੀ ਹੁਕਮ ਨਹੀਂ ਕਰਤਾ ਹੈ।ਪੁਨਾਤਿਸ ਸਚੇ ਵਾਹਿਗੁਰੂ ਕਾ ਬੈਕੁੰਠ ਵਾ ਸਤਿਸੰਗ ਰੂਪੀ ਸਥਾਨ ਭੀ ਸਚਾ ਹੀ ਹੈ॥

ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥

ਤਿਸ ਪਰਮੇਸ੍ਵਰ ਨੇ (ਕੁਦਰਤਿ) ਸ਼ਕਤੀ ਭੀ ਸਚੀ ਹੀ ਧਾਰਨ ਕਰੀ ਹੈ ਔਰ ਸਚੁ ਸਰੂਪ ਹੀ (ਜਹਾਨ) ਸੰਸਾਰ(ਸਿਰਜਿਯਾ) ਰਚਿਆ ਹੈ ਭਾਵ ਏਹ ਕਿ ਕਲਪਤਿ ਰੂਪ ਸੰਸਾਰ ਕੀ ਅਧਿਸ੍ਠਾਨ ਰੂਪ ਬ੍ਰਹਮ ਤੇ ਪ੍ਰਥਕ ਕੁਛ ਭੀ ਸਤਾ ਨਹੀਂ ਹੈ ਯਾਂਤੇ ਸਤਿ ਸਰੂਪ ਹੀ ਹੈ॥

Digitized by Panjab Digital Library | www.panjabdigilib.org

ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ ॥ ੪ ॥ ੧੬ ॥ ੯੬ ॥

ਸ੍ਰੀ ਗੁਰੂਜੀ ਕਹਿਤੇ ਹੈਂ ਤਾਂਤੇ ਸਚੁ ਨਾਮ ਵਾਹਿਗੁਰੂ ਕਾ (ਜਪੀਏ) ਜਪਨੇ ਵਾਲੇ ਜੋ ਪੁਰਸ਼ ਹੈਂ ਮੈਂ ਤਿਨਾਂ ਕੇ ਊਪਰ ਸੇ ਸਦਾ ਸਦਾ ਬਲਿਹਾਰ ਜਾਤਾ ਹੂੰ। ਔਰ ਤਿਸ ਪਰ ਸਦਾ ਸਦਾ ਬਲਿਹਾਰ ਜਾਈਏ ॥ ੪ ॥ ੧੬ ॥ ੯੬ ॥

ਸਿਰੀ ਰਾਗੁ ਮਹਲਾ ੫ ॥ ਉਦਮੁਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥

ਤਾਂਤੇ ਉਦਮ ਕਰਕੇ ਹਰੀ ਕੋ ਜਪਨਾ ਕਰ ਹੇ ਵਡੇ ਪੁੰਨੋਂ ਵਾਲੇ ਨਾਮ ਰੂਪੀ ਧਨ ਕੋ ਖਾਟ ਲੇ ॥

ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮੁ ਜਨਮੁ ਕੀ ਕਾਟਿ ॥ ੧ ॥

ਸੰਤੋਂ ਕੀ ਸੰਗਤ ਕਰਕੇ ਹਰੀ ਕਾ ਸਿਮਰਨ ਕਰ ਔਰ ਜਨਮ ਜਨਮਾਂਤ੍ਰੋਂ ਕੀ ਮਲ ਕੋ ਕਾਟ ॥

ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥ ਮਨ ਇਛੇ ਫਲ
ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ ੧ ॥ ਰਹਾਉ ॥

ਹੇ ਮੇਰੇ ਪਯਾਰੇ ਰਾਮ ਨਾਮ ਕੋ ਜਾਪਕੋ ਜਪ, ਜਪ ਕਰਕੇ ਤੂੰ ਮਨ ਇਛੇ ਫਲੋਂ ਕੋ ਭੋਗੇਂਗਾ ਤਬ ਮਨ ਕੇ ਸੋਕ ਔਰ ਸੰਤਾਪ ਚੁਕ ਜਾਵੇਂਗੇ ॥

ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥

ਜਿਸ ਵਾਹਿਗੁਰੂ ਕੀ ਪ੍ਰਾਪਤੀ ਕੇ ਵਾਸਤੇ ਜਨਮ ਧਾਰਨ ਕੀਆ ਥਾ ਸੋ ਪ੍ਰਭੂ ਸਾਥ ਹੀ ਦੇਖ ਲੀਆ ਹੈ ਭਾਵ ਏਹ ਕਿ ਆਪ ਸੇ ਭਿੰਨ ਨਹੀਂ ਜਾਨਿਆ ਹੈ ਵਾ ਜਿਸ ਪਰਮੇਸ੍ਵਰ ਨੇ ਕਾਰਣ ਮਾਇਆ ਮਹਿਤਤ੍ਵਾਦਿ ਕਰਕੇ (ਤਨ) ਧਾਰਿਆ ਕਿਆ ਰਚਿਆ ਹੈ ਸੋ ਪ੍ਰਭੂ ਆਪ ਸੇ ਅਭਿੰਨ ਦੇਖਿਆ ਹੈ ॥

ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਅਪਣੀ ਨਦਰਿ ਨਿਹਾਲਿ ॥

ਪਰਮੇਸ੍ਵਰ (ਜਲ ਥਲ) ਪਤਾਲ (ਮਹੀ) ਪ੍ਰਿਥਵੀ ਔਰ (ਅਲ) ਅਕਾਸ ਇਨ ਸਭਨੋਂ ਮੈਂ ਜੋ ਪੂਰਨ ਹੋਰਹਾ ਹੈ ਸੋ ਪ੍ਰਭੂ ਅਪਨੀ ਗਯਾਨ ਦ੍ਰਿਸਟੀ ਸੇ (ਨਿਹਾਲਿ) ਦੇਖਿਆ ਹੈ ਵਾ ਸੋ ਪ੍ਰਭੂ ਅਪਨੀ ਕਿਰਪਾ ਦ੍ਰਿਸਟੀ ਕਰਕੇ ਨਿਹਾਲ ਕਰਤਾ ਹੈ ॥

ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥

ਤਿਨ ਪੁਰਸੋਂ ਕਾ ਮਨੁ ਤਨੁ ਤਬ ਨਿਰਮਲ ਭਯਾ ਹੈ ਜਬ ਸਚੁ ਰੂਪੁ ਪ੍ਰਮੇਸ੍ਵਰ ਸੇ ਪ੍ਰੀਤੀ ਲਗੀ ਹੈ ਕਦਾਚਿਤ ਐਸੀ ਅਸੰਕਾ

Digitized by Panjab Digital Library | www.panjabdigilib.org

ਹੋ ਕਿ ਕੇਵਲ ਪ੍ਰੀਤੀ ਸੇ ਤੋ ਜਪ ਤਪਾਦਿ ਬਿਨਾ ਕੁਛੁ ਸਿੱਧ ਨਹੀਂ ਹੋਤਾ ਤਿਸਕਾ ਸਮਾਧਾਨ ॥

ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨਹੀ ਕੀਤਿ ॥ ੩ ॥

ਜਿਨ ਪੁਰਸੋਂ ਨੇ ਪਾਰਬ੍ਰਹਮ ਕੇ ਚਰਣ ਸੇਵਨ ਕਰੇ ਹੈਂ ਤਿਨ੍ਹੋਂ ਨੇ ਜਪ ਤਪ ਬ੍ਰਤਾਦਿ ਸੰਪੂਰਣ ਕਰਤਬਜ ਕਰ ਲੀਏ ਹੀ ਸਮਝੋ ॥

ਰਤਨ ਜਵੇਹਰ ਮਾਣਕਾ ਅੰਮ੍ਰਿਤੁ ਹਰਿ ਕਾ ਨਾਉ ॥

ਜਿਨ ਪੁਰਸੋਂ ਨੇ ਗੁਰੋਂ ਦ੍ਵਾਰੇ ਅੰਮ੍ਰਿਤ ਰੂਪੀ ਹਰੀ ਕੇ ਨਾਮ ਕਾ ਜਪੁਨਾ ਕੀਆ ਹੈ ਤਿਨਕੋ ਵੈਰਾਗ ਰੂਪੀ ਤੋ ਰਤਨੁ ਪ੍ਰਾਪਤਿ ਭਯਾ ਹੈ ਔਰ ਮਨਨ ਰੂਪੀ ਮਾਣਕੁ ਮਿਲਾ ਹੈ ਪੁਨਾ ਸਾਖਜਾਤਕਾਰ ਰੂਪੀ ਜਵਾਹਰੁ ਪ੍ਰਾਪਤਿ ਭਯਾ ਹੈ ਭਾਵ ਯਹਿ ਕਿ ਸੰਪੂਰਨ ਪਦਾਰਥ ਅੰਮ੍ਰਿਤ ਰੂਪੀ ਨਾਮ ਕੇ ਅੰਤਰ ਭੂਤ ਹੈਂ ॥

ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ।੪॥੧੭॥੮੭॥

ਸ੍ਰੀ ਗੁਰੂ ਜੀ ਕਹਿਤੇ ਹੈਂ ਜਿਨ ਦਾਸੋਂ ਨੇ ਹਰੀ ਕੇ ਗੁਣ ਗਾਇਨ ਕੀਏ ਹੈਂ ਤਿਨ ਕੋ ਰਸ ਜੋ ਜਗਤ ਕੇ ਬਿਸੇ ਰਸ ਕਾ ਸੁਖੁ ਹੈ ਔਰ ਜੋ ਭਜਨਾਨੰਦ ਕਾ ਸੁਖੁ ਹੈ ਪੁਨਾ ਸਹਜ ਜੋ ਸਰੂਪਾਨੰਦ ਕਾ ਸੁਖੁ ਹੈ ਸੋ ਸਭ ਪ੍ਰਾਪਤਿ ਭਯਾ ਹੈ॥ ੪॥ ੧੭॥ ੮੭॥

ਸਿਰੀ ਰਾਗੁ ਮਹਲਾ ੫ ॥ ਸੋਈ ਸਾਸਤੁ ਸਉਣ ਸੋਇ ਜਿਤੁ ਜਪੀਐ ਹਰਿ ਨਾਉ ॥

ਤਾਂਤੇ ਹੇ ਮੇਰੇ ਮਨ ਸੋਈ ਸਾਸਤ੍ਰ ਸ੍ਰੇਸਟ ਹੈ ਔਰ ਸੋਈ (ਸਉਣ) ਸਗਨੁ ਸ੍ਰੇਸਟ ਹੈ ਜਿਸ ਸਾਸਤ੍ਰ ਕੇ ਵਿਚਾਰਨੇ ਔਰ ਜਿਸ ਸਗਨ ਕੇ ਹੋਨੇ ਕਰਕੇ ਪ੍ਰਮੇਸ੍ਵਰ ਕਾ ਨਾਮ ਜਪਨੇ ਮੈਂ ਆਵੇ ॥

ਚਰਣ ਕਮਲੁ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥

ਸੋ ਜਿਨ ਪੁਰਸੋਂ ਨੇ ਸਤਿਸਾਸਤ੍ਰ ਕਾ ਵੀਚਾਰ ਕੀਆ ਹੈ ਤਿਨ੍ਹੋਂ ਕੋ ਗੁਰੋਂ ਨੈ ਪਰਮਸ੍ਵਰ ਕੇ ਚਰਨ ਕਵਲੋਂ ਕਾ ਧਯਾਨੁ ਰੂਪੀ ਧਨੁ ਦੀਆ ਹੈ ਤਿਸ ਕਰਕੇ ਜੋ ਜੀਵ ਅਪਨੇ ਸਰੂਪ ਸੇ(ਨਿਥਾਵੇ)ਭੂਲੇ ਹੂਏ ਥੇ ਤਿਨ ਕੋ ਸਰੂਪ ਕੀ ਪ੍ਰਾਪਤੀ ਰੂਪੀ ਥਾਉ ਪ੍ਰਾਪਤਿ ਭਯਾ ਹੈ ॥

ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥

ਜਿਨ੍ਹੋਂ ਨੇ ਸ੍ਰਧਾ ਰੂਪੀ ਸਚੀ ਪੂੰਜੀ ਕਰਕੇ ਪੁਨਾ (ਸਚੁ ਸੰਜਮੋ) ਇੰਦ੍ਰਿਯੋਂ ਕੋ ਰੋਕਨ ਕਰਕੇ ਅਸਟ ਪਹਰ ਹਰੀ ਕੇ ਗੁਣ ਗਾਇਨ ਕਰੇ ਹੈਂ ॥

Digitized by Panjab Digital Library | www.panjabdigilib.org

ਕਰਿ ਕਿਰਪਾ ਪ੍ਰਭ ਭੇਟਿਆ ਮਰਣੁ ਨ ਆਵਣੁ ਜਾਉ ॥ ੧ ॥

ਤਿਨ੍ਹੋਂ ਕੋ ਕਿਰਪਾ ਕਰਕੇ ਪ੍ਰਭੂ (ਭੇਟਿਆ) ਮਿਲਿਆ ਹੈ ਸੋ ਪੁਰਸ ਫਿਰ ਜਨਮ ਕਰਕੇ ਤੋ ਆਤੇ ਨਹੀਂ ਔਰ ਮ੍ਰਿਤ ਹੋਕਰ ਜਾਤੇ ਨਹੀਂ ਹੈਂ ॥ ਭਾਵ ਯਹਿ ਕਿ ਜਨਮ ਮਰਨ ਸੇ ਰਹਿਤ ਭਏ ਹੈਂ ॥ ੧ ॥

ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥ ਘਟਿ ਘਟਿ
ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥ ੧ ॥ ਰਹਾਉ ॥

ਹੇ ਮੇਰੇ ਮਨ ਏਕਰਸ ਸਦਾ ਪ੍ਰੇਮ ਕਰਕੇ ਹਰੀ ਕਾ ਭਜਨ ਕਰ ਹਰੀ ਕੈਸਾ ਹੈ ਸਰਬ ਜੀਵੋਂ ਘਟ ਘਟਮੈਂ ਏਕ ਰਸ ਵਿਆਪ ਰਹਾ ਹੈ ਔਰ ਸਦਾ ਹੀ ਸੰਗੀ ਹੈ ਔਰ ਸਹਾਇਤਾ ਕਰਤਾ ਹੈ ਭਾਵ ਏਹ ਕਿ ਇੰਦ੍ਰੇ ਆਦਿਕ ਤਿਸਕੀ ਸੱਤਾ ਕੋ ਪਾਇ ਕਰਕੇ ਚੇਸ਼ਟਾ ਕਰਤੇ ਹੈ ਕਿਉਂਕਿ ਸ੍ਵਤੇ ਤੋ ਜੜ ਹੈ ਜਬ ਚੈਤਨ ਕੀ ਸੱਤਾ ਕੋ ਪਾਵਤੇ ਹੈਂ ਤਬ ਅਪਨੇ ਅਪਨੇ ਬਿਖਯੋਂ ਕੋ ਗ੍ਰਹਨ ਕਰਤੇ ਹੈਂ ॥ ੧ ॥

ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ ॥

ਜਬ ਗੋਬਿੰਦ ਕਾ ਸਿਮਰਨ ਕਰੀਏ ਤਬ ਤਿਸ ਕਰ ਜੋ ਸੁਖ ਪ੍ਰਾਪਤਿ ਹੋਤੇ ਹੈਂ ਤਿਨਕੀ(ਮਿਤਿ)ਮ੍ਰਯਾਦਾ ਕੀ ਕਿਆ ਗਿਨਤੀ ਕਰੀ ਜਾਵੇ ਭਾਵ ਏਹ ਕਿ ਅਮਿਤ ਸੁਖ ਪ੍ਰਾਪਤਿ ਹੋਤੇ ਹੈਂ ॥

ਜਿਨਿ ਚਾਖਿਆ ਸੇ ਤ੍ਰਿਪਤਾਸਿਆ ਓਹੁ ਰਸੁ ਜਾਣੈ ਜਿੰਦੁ ॥

ਜਿਨੋਂ ਨੇ ਸੋ ਹਰੀ ਰਸੁ ਚਾਖਿਆ ਹੈ ਸੋਈ ਤ੍ਰਿਪਤ ਭਏ ਹੈਂ ਭਾਵ ਏਹ ਕਿ ਬਿਖੇ ਅਭਿਲਾਖਾ ਸੇ ਰਹਿਤ ਹੁਏ ਹੈਂ ਔਰ ਉਸ ਆਤਮ ਰਸ ਕੋ ਤਿਨ ਆਤਮਵੇਤਾ ਪੁਰਸ਼ੋਂ ਕੀ (ਜਿੰਦੁ) ਬੁਧੀ ਹੀ ਅਨਭਵ ਕਰਤੀ ਹੈ ॥

ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥

ਪ੍ਰਭ ਜੋ ਬਖਸ਼ਸ਼ ਕਰਨੇ ਵਾਲਾ ਪ੍ਰੀਤਮੁ ਹੈ ਸੋ ਸੰਤੋਂ ਕੀ ਸੰਗਤਿ ਕਰਕੇ ਮਨਮੈ ਬਸਤਾ ਹੈ ॥

ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ ॥ ੨ ॥

ਜਿਸ ਪੁਰਸ਼ ਨੇ ਅਪਨੇ ਪ੍ਰਭੂ ਕੋ ਸੇਵਨ ਕੀਆ ਹੈ ਸੋ ਪੁਰਸ਼ ਰਾਜਿਓਂ ਕਾ ਭੀ (ਨਰਿੰਦੁ) ਰਾਜਾ ਹੈ ਭਾਵ ਏਹ ਕਿ ਰਾਜੇ ਭੀ ਤਿਨਕੇ ਸੇਵਕ ਹੈਂ ॥

Digitized by Panjab Digital Library | www.panjabdigilib.org

ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨ ॥

ਇਹ ਜੋ ਮਾਨੁਖ ਜਨਮ ਕਾ (ਅਉਸਰਿ) ਸਮਾ ਹੈ ਇਸ ਮੇਂ ਹਰੀ ਕੇ ਗੁਨੋਂ ਕਾ ਜਸੁ (ਰਮਣ) ਉਚਾਰਣ ਕਰੀਏ ਜਿਸ ਕਰਕੇ ਕੋਟ ਤੀਰਥੋਂ ਕੇ ਸਨਾਨ ਕਾ ਮਹਾਤਮ ਪ੍ਰਾਪਤਿ ਹੋਤਾ ਹੈ ॥

ਰਸਨਾ ਉਚਰੈ ਗੁਣਵਤੀ ਕੋਇ ਨ ਪੂਜੈ ਦਾਨੁ ॥

ਜੋ ਰਸਨਾ ਪਰਮੇਸ੍ਰ ਕੇ ਗੁਨੋਂ ਕੋ ਉਚਾਰਨ ਕਰਤੀ ਹੈ ਸੋ ਗੁਨਵਤੀ ਹੈ ਭਾਵ ਏਹ ਕਿ ਸ੍ਰੇਸਟ ਗੁਨੋਂ ਵਾਲੀ ਹੈ ਪੁਨਃ ਸਰਬ ਦਾਨੋਂ ਕੇ ਕਰਨੇ ਸੇ ਹਰੀ ਨਾਮ ਕਾ ਜਪਨਾ ਅਧਿਕ ਹੈ ਯਾਂਤੇ ਕੋਈ ਦਾਨੁ ਨਾਮ ਕੀ ਬ੍ਰਾਬਰੀ ਕੋ ਨਹੀਂ ਪ੍ਰਾਪਤਿ ਹੋਤਾ ਹੈ ॥

ਦ੍ਰਿਸਟਿ ਧਾਰਿ ਮਨਿ ਤਨਿ ਵਸੈ ਦਇਆਲ ਪੁਰਖੁ ਮਿਹਰਵਾਨੁ ॥

ਜਿਨਕੇ ਊਪਰ ਗੁਰੂ ਕ੍ਰਿਪਾ ਦ੍ਰਿਸਟੀ ਧਾਰਨ ਕਰਤੇ ਹੈਂ ਦਯਾਲੂ ਕ੍ਰਿਪਾਲੂ ਪੁਰਸ਼ ਜੋ ਵਾਹਿਗੁਰੂ ਸੋ ਤਿਨਕੈ ਮਨ ਤਨ ਮੇ ਬਸਤਾ ਹੈ ॥

ਜੀਉ ਪਿੰਡੁ ਧਨੁ ਤਿਸਦਾ ਹਉ ਸਦਾ ਸਦਾ ਕੁਰਬਾਨੁ ॥ ੩ ॥

ਜਿਉਂ ਪਿੰਡ (ਸਰੀਰ)ਔਰ ਧਨੁ ਜਿਨ ਪੁਰਸ਼ੋਂ ਨੇ ਤਿਸ ਵਾਹਿਗੁਰੂ ਕਾ ਹੀ ਜਾਨਿਆ ਹੈ ਵਾ ਜਿਸ ਹਰੀ ਕਾ ਦੀਆਹੂਆ ਹੈ ਮੈ ਤਿਸਕੇ ਸਦਾ ਸਦਾ ਬਲਿਹਾਰਨੇ ਜਾਤਾ ਹੂੰ ॥ ੩ ॥

ਮਿਲਿਆ ਕਦੇ ਨ ਵਿਛੁੜੈ ਜੋ ਮੇਲਿਆ ਕਰਤਾਰ ॥

ਜੋ ਕਰਤਾਰ ਨੇ ਮੇਲਿਆ ਹੈ ਸੋ ਪੁਰਸ਼ ਜਥ ਸਰੂਪ ਕੇ ਸਾਥ ਅਭੇਦ ਹੂਆ ਹੈ ਫਿਰ ਕਬੀ ਭਿੰਨ ਨਹੀਂ ਹੋਤਾ ਹੈ ॥

ਦਾਸਾ ਕੈ ਬੰਧਨ ਕਟਿਆ ਸਾਚੈ ਸਿਰਜਣ ਹਾਰਿ ॥

ਤਿਨ ਦਾਸਾਂ ਕੇ ਬੰਧਨਾਂ ਕੋ ਸਚੇ ਸਿਰਜਣਹਾਰ ਨੇ ਕਾਟਿ ਦੀਆ ਹੈ॥

ਭੂਲਾ ਮਾਰਗ ਪਾਇਓਨੁ ਗੁਣ ਅਵਗੁਣ ਨ ਬੀਚਾਰਿ ॥

ਸੋ ਦਾਸ ਕਬੀ ਬਜੋਹਾਰੋਂ ਕੇ ਸੰਬੰਧ ਕਰਕੇ ਭੂਲਾ ਭੀ ਹੈ ਤੋ ਭੀ ਅਪਨੇ ਮਾਰਗ ਮੇਂ ਪਾਇ ਲੀਆ ਹੈ ਤਿਸਕੇ ਗੁਨ ਤਥਾ ਅਵਗੁਨੋਂ ਕਾ ਬੀਚਾਰ ਨਹੀਂ ਕਰਿਆ ਹੈ॥

ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ ॥ ੪ ॥ ੧੮ ॥ ੮੮ ॥

Digitized by Panjab Digital Library | www.panjabdigilib.org

ਸ੍ਰੀ ਗੁਰੂਜੀ ਕਹਿਤੇ ਹੈਂ ਹੇ ਭਾਈ ਜੋ ਸਰਬ ਘਟਾਂ ਕਾ ਆਸਰਾ ਵਾਹਿਗੁਰੂ ਹੈ ਤਿਸਕੀ ਸਰਣ ਮੇਂ (ਆਵਤੀ)ਆਓਨਾ ਕਰ ।
॥ ੪ ॥ ੧੮ ॥ ੮੮ ॥

ਸਿਰੀ ਰਾਗੁ ਮਹਲਾ ੫ ॥ ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥

ਜਬ ਰਸਨਾ ਕਰਕੇ ਸਚਾ ਸਿਮਰਨ ਕਰੀਏ ਤਬ ਮਨੁ ਤਨੁ ਨਿਰਮਲ ਹੋ ਜਾਤਾ ਹੈ ॥

ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ ॥

ਔਰ ਜੋ ਮਾਤਾ ਪਿਤਾ ਤਥਾ ਔਰ (ਅਗਲੇ) ਬਹੁਤ ਸਾਕ ਸੰਬੰਧ ਹੈਂ ਪਰ ਤਿਸ ਵਾਹਿਗੁਰੂ ਬਿਨਾ ਜੀਵ ਕੀ ਸਹਾਇਤਾ ਕਰਨੇ ਵਾਲਾ ਕੋਈ ਨਹੀਂ ਹੈ ॥

ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ ॥ ੧ ॥

ਜੇਕਰ ਸੋ ਪਰਮੇਸ੍ਰਰ ਆਪਨੀ ਕਿਰਪਾ ਕਰੇ ਤਬ ਚਸਾ ਮਾਤ੍ਰ ਭੀ ਮਨ ਤੇ ਨਹੀਂ ਬਿਸਰੇ ਚਸਾ ਅਤੀ ਅਲਪ ਕਾਲ ਕਾ ਵਾਚਕੁ ਹੈ ॥

ਮਨ ਮੇਰੇ ਸਾਚਾ ਸੇਵਿ ਜਿਚਰੁ ਸਾਸੁ ॥ ਬਿਨੁ ਸਚੇ
ਸਭ ਕੂੜ ਹੈ ਅੰਤੇ ਹੋਇ ਬਿਨਾਸੁ ॥ ੧ ॥ ਰਹਾਉ ॥

ਹੇ ਮੇਰੇ ਮਨ ਜਬ ਲਗ ਸਰੀਰ ਮੇਂ ਸ੍ਵਾਸ ਹੈਂ ਤਬ ਲਗ ਸਚਾ ਜੋ ਵਾਹਿਗੁਰੂ ਹੈ ਤਿਸ ਕੋ (ਸੇਵ) ਸਿਮਰਨ ਕਰੁ ਤਿਸ ਸਚੇ ਪਰਮੇਸ੍ਰਰ ਸੇ ਬਿਨਾ ਹੋਰ ਜੋ ਪਰਪੰਚੁ ਹੈ ਸੋ ਸਭ (ਕੂੜ) ਝੂਠਾ ਹੈ ਅੰਤ ਕੋ ਨਾਸ ਹੋਜਾਤਾ ਹੈ ॥ ੧ ॥

ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ ਜਾਇ ॥

ਜਗਜਾਸੂ ਜਨ ਕੋ ਪਰਮੇਸ੍ਰਰ ਮੇਂ ਐਸੀ ਪ੍ਰੀਤੀ ਕਰਨੀ ਚਾਹੀਏ ਕਿ ਸ੍ਵਾਮੀ ਮੇਰਾ ਮਾਇਆ ਤਥਾ ਅਵਿਦਯਾ ਰੂਪੀ ਮੈਲ ਸੇ ਰਹਿਤ ਹੈ ਤਾਂਤੇ ਮੇਰੇ ਸੇ ਤਿਸ ਕੇ ਮਿਲੇ ਬਿਨਾ ਰਹਿਆ ਨਹੀਂ ਜਾਤਾ ਹੈ ॥

ਮੇਰੈ ਮਨਿ ਤਨਿ ਭੁਖ ਅਤਿ ਅਗਲੀ ਕੋਈ ਆਣਿ ਮਿਲਾਵੈ ਮਾਇ ॥

ਮੇਰੇ ਮਨ ਤਥਾ ਤਨ ਮੇ (ਭੁਖ) ਚਾਹ (ਅਗਲੀ) ਅਤੀ ਬਹੁਤੀ ਹੈ (ਮਾਇ) ਹੇ ਭਾਈ ਕੋਈ ਆਣ ਕਰਕੇ ਮੇਰੇ ਕੋ ਮਿਲਾਵੇ। ਅਗਲੀ ਮਾਰਵਾੜੀ ਭਾਸਾ ਹੈ ॥

Digitized by Panjab Digital Library | www.panjabdigilib.org

ਚਾਰੇ ਕੁੰਡਾ ਭਾਲੀਆ ਸਹ ਬਿਨੁ ਅਵਰੁ ਨ ਜਾਇ ॥ ੨ ॥

ਮੈਨੇ ਚਾਰੇ ਕੁੰਡਾ ਪੂਰਬਾਦਿ ਦਿਸਾ (ਭਾਲੀਆ) ਦੇਖੀਆ ਹੈਂ ਤਿਸ (ਸਹ) ਪਤੀ ਸੇ ਬਿਨਾ ਅਵਰੁ ਕੋਈ (ਜਾਇ) ਜਗਾ ਨਹੀਂ ਹੈ ॥ ੨ ॥

ਤਿਸੁ ਆਗੈ ਅਰਦਾਸ ਕਰਿ ਜੋ ਮੇਲੇ ਕਰਤਾਰੁ ॥

ਤਿਸ ਗੁਰੂ ਕੇ ਆਗੇ (ਅਰਦਾਸ) ਬੇਨਤੀ ਕਰੀਏ ਜੋ ਕਰਤਾਰ ਸੋ ਮਿਲਾਇ ਦੇਵੇ ॥

ਸਤਿਗੁਰ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥

ਸਤਿਗੁਰ ਨਾਮ ਕਾ ਦਾਤਾ ਹੈ ਔਰ ਜਿਸਕਾ ਮਨ ਰੂਪੀ ਭੰਡਾਰ ਪਰੀਪੂਰਣ ਹੈ ਭਾਵ ਏਹ ਕਿ ਗੁਰੋਂ ਕਾ ਰਿਦਾ ਸਰਬ ਗੁਣੋਂ ਕਰ ਪੂਰਣ ਹੈ ॥

ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥ ੩ ॥

ਤਿਸ ਗੁਰੂ ਦ੍ਵਾਰਾ ਸਦੀਵ ਤਿਸ ਵਾਹਿਗੁਰੂ ਕੋ ਸਲਾਹਨਾ ਕਰੀਏ ਸੋ ਵਾਹਿਗੁਰੂ ਕੈਸਾ ਹੈ (ਸਦਾ) ਨਿਤ ਹੈ ਪੁਨਾ ਤਿਸਕੇ ਪਾਰਵਾਰ ਕਾ ਅੰਤੁ ਨਹੀਂ ਹੈ ॥ ੩ ॥

ਪਰਵਦਗਾਰੁ ਸਲਾਹੀਐ ਜਿਸ ਦੇ ਚਲਤ ਅਨੇਕ ॥

(ਪਰਵਦਗਾਰ) ਪਾਲਨਾ ਕਰਨੇ ਵਾਲਾ ਪੁਨਾ ਜਿਸਕੇ ਅਨੇਕ ਪ੍ਰਕਾਰ ਕੇ ਚਰਿਤ੍ਰ ਹੈਂ ਤਿਸ ਕੀ ਸਲਾਘਾ ਕਰੀਏ ॥

ਸਦਾ ਸਦਾ ਅਰਾਧੀਐ ਏਹਾ ਮਤਿ ਵਿਸੇਖ ॥

ਜੋ (ਸਦਾ) ਨਿਤ ਰੂਪ ਪਰਮੇਸ੍ਵਰ ਹੈ ਤਿਸਕੋ ਸਦਾ ਹੀ ਆਰਾਧਨਾ ਕਰੀਏ ਐਸੀ ਬੁਧੀ (ਬਿਸੇਸ) ਅਧਿਕ ਹੈ ॥

ਮਨਿ ਤਨਿ ਮਿਠਾ ਤਿਸੁ ਲਗੈ ਜਿਸੁ ਮਸਤਕਿ ਨਾਨਕ ਲੇਖ ॥ ੪ ॥ ੧੯ ॥ ੮੯ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਮਨ ਤਨ ਕਰਕੇ ਵਾਹਿਗੁਰੂ ਤਿਸ ਪੁਰਸ ਕੋ (ਮਿਠਾ) ਪਿਆਰਾ ਲਗਤਾ ਹੈ ਜਿਸਕੇ ਮਸਤਕ ਮੈਂ ਸੁਭ ਲੇਖੁ ਲਿਖਿਆ ਹੁਆ ਹੈ ॥ ੪ ॥ ੧੯ ॥ ੮੯ ॥

ਸਿਰੀ ਰਾਗੁ ਮਹਲਾ ੫ ॥ ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥

ਹੇ ਭਾਈਓ ਤਾਂਤੇ ਸੰਤ ਜਨੋਂ ਕੇ ਸਾਥ ਮਿਲ ਕਰਕੇ ਸਚਾ ਨਾਮੁ (ਸਮਾਲਿ) ਸਿਮਰਨ ਕਰੋ ॥

Digitized by Panjab Digital Library | www.panjabdigilib.org

ਤੋਸਾ ਈਧਹੁ ਜੀਅ ਕਾ ਐਥੈ ਓਥੈ ਨਾਲਿ ॥

ਐਸਾ ਅਪਨੇ ਜੀ ਕਾ (ਤੋਸਾ) ਖਰਚੁ ਬਾਂਧਨਾ ਕਰੋ ਜੋ (ਐਥੈ) ਇਸ ਲੋਕ ਮੇਂ ਔਰ (ਓਥੈ) ਪਰਲੋਕ ਮੇ ਸਾਥ ਸਹਾਇਤਾ ਕਰਨੇ ਵਾਲਾ ਹੈ ॥

ਗੁਰ ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲਿ ॥

ਪਰੰਤੂ ਸੋ ਤੋਸਾ ਪੂਰਨ ਗੁਰੋਂ ਸੇ ਪ੍ਰਾਪਤਿ ਹੋਤਾ ਹੈ ਔਰ ਗੁਰੂ ਤਬ ਮਿਲਤੇ ਹੈਂ ਜਬ ਵਾਹਿਗੁਰੂ ਅਪਨੀ ਕਿਰਪਾ ਦ੍ਰਿਸ਼ਟੀ ਕਰਕੇ ਜੀਵ ਕੋ ਨਿਹਾਲ ਦੇਖਤਾ ਹੈ ॥

ਕਰਮਿ ਪਰਾਪਤਿ ਤਿਸੁ ਹੋਵੈ ਜਿਸਨੋ ਹੋਇ ਦਇਆਲੁ ॥ ੧ ॥

ਕਰਮੋਂ ਕਰਕੇ ਨਾਮੁ ਤਿਸਕੋ ਪ੍ਰਾਪਤਿ ਹੋਤਾ ਹੈ ਜਿਸਕੋ ਸਤਿਗੁਰੂ ਦਯਾਲਤਾ ਕਰਤਾ ਹੈ॥੧॥

ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥ ਦੂਜਾ ਥਾਉ ਨ ਕੋ ਸੁਝੈ ਗੁਰ ਮਿਲੇ ਸਚੁ ਸੋਇ ॥ ੧ ॥ ਰਹਾਉ ॥

ਹੇ ਮੇਰੇ ਮਨ ਗੁਰੋਂ ਕੇ ਬਰਾਬਰ ਔਰ ਕੋਈ ਬੜਾ ਨਹੀਂ ਹੈ ਤਿਸ ਸਚੇ ਪਰਮੇਸ਼ਰ ਕੇ ਮਿਲਨੇ ਵਾਸਤੇ ਦੂਜਾ ਅਸਥਾਨ ਔਰ ਕੋਈ ਨਹੀਂ ਸੂਝਤਾ ਹੈ ਸੋ ਗੁਰੂ ਹੀ ਮਿਲਤੇ ਹੈਂ ॥ ੧ ॥

ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ ॥

ਜਿਸ ਪੁਰਸ਼ ਨੇ ਸ੍ਰਧਾਪੂਰਬਕ ਜਾ ਕਰਕੇ ਗੁਰੋਂ ਕਾ ਦਰਸਨੁ ਕੀਆ ਹੈ ਧਰਮਾਦਿ ਚਾਰਿ ਪਦਾਰਥ ਤਿਸਕੋ ਹੀ ਪ੍ਰਾਪਤਿਭਏ ਹੈਂ

ਗੁਰ ਚਰਣੀ ਜਿਨ ਮਨੁ ਲਗਾ ਸੇ ਵਡ ਭਾਗੀ ਮਾਇ ॥

(ਮਾਇ) ਹੇ ਭਾਈ ਜਿਨ ਪੁਰਸ਼ੋਂ ਕਾ ਮਨ ਗੁਰੋਂ ਕੇ ਚਰਨੋਂ ਮੇ ਲਗਾ ਹੈ ਸੋ ਪੁਰਸ਼ ਵਡੇ ਪੁੰਨੋਂ ਵਾਲੇ ਹੈਂ ॥

ਗੁਰ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥

ਕਿਉਂਕਿ ਗੁਰੂ ਹਰਿ ਨਾਮ ਕੇ ਦਾਤਾਰ ਹੈਂ ਪੁਨਾ ਵਰ ਸ੍ਰਾਪਾਦਿ ਦੇਨੇ ਕੋ ਸਾਮਰਥ ਹੈਂ ਔਰ ਐਸੇ ਗੁਰੋਂ ਕਾ ਜਸੁ ਸਰਬ ਜਗਤ ਮੇ ਸਮਾਇ ਰਹਾ ਹੈ। ਵਾ ਗੁਰੂ ਹੀ ਸਰਬ ਮੇਂ ਸਮਾਇ ਰਹਾ ਹੈ ਕਦਾਚਿਤ ਐਸੀ ਅਸੰਕਾ ਹੋ ਗੁਰੂ ਤੇ ਬਜਕ੍ਰੀ ਸਹਤ ਏਕ ਦੇਸੀ ਹੈ ਤਿਸਕਾ ਸਮਾਧਾਨ ॥

Digitized by Panjab Digital Library | www.panjabdigilib.org

ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੂਬਦਾ ਲਏ ਤਰਾਇ ॥ ੨ ॥

ਗੁਰੂ ਪਰਮੇਸ਼ਰ ਪਾਰਬ੍ਰਹਮ ਸਰੂਪ ਹੈਂ ਤਾਂਤ ਗੁਰੂ ਹੀ ਸੰਸਾਰ ਸਾਮੁਦ੍ਰ ਮੇ ਡੂਬਤੇ ਜੀਵੋਂ ਕੋ ਤਰਾਇ ਲੇਤੇ ਹੈਂ ॥ ੨ ॥

ਕਿਤੁ ਮੁਖਿ ਗੁਰ ਸਾਲਾਹੀਐ ਕਰਣ ਕਾਰਣ ਸਮਰਥੁ ॥

ਐਸੇ ਗੁਰੂ ਕੀ ਕਿਸ ਪ੍ਰਕਾਰ ਮੁਖ ਕਰਕੇ ਸਲਾਘਾ ਕਰੀਏ ਜੋ ਸਰਬ ਪ੍ਰਕਾਰ ਕਾਰਜਾਂ ਕੇ ਕਰਨੇ ਕੋ ਕਾਰਨ ਰੂਪ ਹੈ ਔਰ ਸਾਮਰਥ ਹੈ ॥

ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਰਿਆ ਹਥੁ ॥

ਜਿਨਕੇ ਮਸਤਕ ਊਪਰ ਗੁਰੋਂ ਨੇ ਹਾਥ ਧਾਰਨ ਕੀਆ ਹੈ ਸੋ ਪੁਰਸ਼ ਨਿਹਚਲ ਰਹੇ ਹੈਂ। ਭਾਵ ਏਹ ਕਿ ਇਸਥਿਤ ਪਦ ਕੋ ਪ੍ਰਾਪਤਿ ਭਏ ਹੈਂ ॥

ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਣ ਕਾ ਪਥੁ ॥

ਕਿਉਂਕਿ ਜਨਮ ਮਰਣ ਕਾ ਜੋ ਦੁਖ ਹੋਤਾ ਹੈ ਤਿਸਕੋ ਨਿਵਾਰਣ ਕਰਣੇ ਕੋ ਨਾਮ ਰੂਪੀ ਅੰਮ੍ਰਿਤ (ਪਥੁ) ਔਖਧੀ ਵਾ ਸੰਜਮ ਰੂਪੀ ਪਥ ਕੇ ਸਹਿਤ ਗੁਰਾਂ ਨੇ ਨਾਮ ਅੰਮ੍ਰਿਤ ਪਿਲਾਵਨਾ ਕੀਆ ਹੈ ॥

ਗੁਰ ਪਰਮੇਸੁਰ ਸੇਵਿਆ ਭੈ ਭੰਜਨੁ ਦੁਖ ਲਥੁ ॥ ੩ ॥

ਗੁਰਾਂ ਦ੍ਵਾਰੇ ਜਿਨੋਂ ਨੇ ਭੈ ਭੰਜਨ ਪਰਮੇਸਰ ਕੋ ਸੇਵਿਆ ਹੈ ਤਿਨਕਾ ਜਨਮ ਮਰਨ ਕਾ ਦੁਖ ਲਹਿ ਗਿਆ ਹੈ ॥ ੩ ॥

ਸਤਿਗੁਰੁ ਗਹਿਰੁ ਗੰਭੀਰੁ ਹੈ ਸੁਖੁ ਸਾਗਰੁ ਅਘ ਖੰਡੁ ॥

ਸਤਿਗੁਰੂ ਕੈਸਾ ਹੈ (ਗਹਿਰ) ਡੂੰਘਾ ਔਰ (ਗੰਭੀਰ) ਨਿਰਹਲੁ ਹੈ ਸੁਖੋਂ ਕਾ ਸਮੁਦ੍ਰ ਹੈ ਔਰ ਪਾਪੋਂ ਕੋ(ਖੰਡੁ)ਨਾਸਕਰਤਾ ਹੈ

ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ॥

ਜਿਨ ਅਪਨੇ ਗੁਰੋਂ ਕੋ ਸੇਵਨ ਕੀਆ ਹੈ ਤਿਸਕੋ ਜਮ ਕੇ ਦੂਤੋਂ ਕਾ ਡੰਡੁ ਨਹੀਂ ਲਗਤਾ ਹੈ ॥

ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥

ਤਾਂਤੇ ਗੁਰੋਂ ਕੇ ਸਾਥ (ਤੁਲਿ) ਵਿਚਾਰ ਕੇ ਦੇਖੀਏ ਤਾਂ ਬਰਾਬਰ ਕੋਈ ਭੀ ਨਹੀਂ ਲਗ ਸਕਤਾ ਸਾਰੇ ਬ੍ਰਹਮੰਡ ਕੋ ਖੋਜ ਕਰ ਦੇਖ ਲੀਆ ਹੈ ਕਾਵ ਏਹ ਕਿ ਗੁਰੋਂ ਕੇ ਸਮਾਨ ਦੂਸਰਾ ਔਰ ਕੋਈ ਨਹੀਂ ਹੈ॥

Digitized by Panjab Digital Library | www.panjabdigilib.org

ਨਾਮ ਨਿਧਾਨੁ ਸਤਿ ਗੁਰਿ ਦੀਆ ਸੁਖ ਨਾਨਕ ਮਨ ਮਹਿ ਮੰਡੁ ॥ ੪ ॥ ੨੦ ॥ ੯੦ ॥

ਜਿਨਕੋ ਗੁਰੋਂ ਨੇ ਨਾਮ ਰੂਪੀ (ਨਿਧਾਨੁ) ਖਜਾਨਾ ਦੀਆ ਹੈ ਸ੍ਰੀ ਗੁਰੂਜੀ ਕਹਿਤੇ ਹੈਂ ਤਿਨੋਂ ਨੇ ਸੁਖ ਸਰੂਪ ਬ੍ਰਹਮ ਕੋ ਮਨ ਮੈਂ (ਮੰਡੁ) ਧਾਰਨ ਕੀਆ ਹੈ ॥ ੪ ॥ ੨੦ ॥ ੯੦ ॥

ਸਿਰੀ ਰਾਗੁ ਮਹਲਾ ੫

ਮਿਠਾ ਕਰਿਕੈ ਖਾਇਆ ਕਉੜਾ ਉਪਜਿਆ ਸਾਦੁ ॥

ਹੇ ਭਾਈ ਜਿਨ ਸਬਦਾਦਿ ਪਦਾਰਥੋਂ ਕੋ ਮੀਠੇ ਸਮਝ ਕਰ (ਖਾਇਆ) ਭੋਗਿਆ ਥਾ ਤਿਨ ਕਾ (ਸਾਦੁ) ਰਸੁ ਅੰਤ ਕੋ ਕੌੜਾ ਉਤਪਤਿ ਹੁਆ ਭਾਵ ਏਹ ਕਿ ਬਿਸੇ ਭੋਗ ਅੰਤ ਕੋ ਦੁਖਦਾਈ ਹੋ ਜਾਤੇ ਹੈਂ ॥

ਭਾਈ ਮੀਤ ਮੁਰਿਦ ਕੀਏ ਬਿਖਿਆ ਰਚਿਆ ਬਾਦੁ ॥

ਭ੍ਰਾਤਾ ਔਰ ਮਿਤ੍ਰ ਜੋ (ਮੁਰਿਦ) ਸੁਹਿਰਦ ਸ੍ਵਭਾਵ ਸੇ ਪ੍ਰੀਤੀ ਕਰੇ ਓਹ ਭੀ ਸੰਪੂਰਨ ਅਪਨੇ ਕੀਏ ਸੋ ਇਨੋਂ ਸਾਥ ਲਾਗ ਕਰਕੇ ਬਿਸੇ ਬਿਕਾਰੋਂ ਮੇ ਹੀ ਬਜਰਥ ਰਚਾ ਹੈ ॥

ਜਾਦੇ ਬਿਲਮੁ ਨ ਹੋਵਈ ਵਿਣੁ ਨਾਵੈ ਬਿਸਮਾਦੁ ॥ ੧ ॥

ਜੋ ਪੂਰਬ ਠਾਠੁ ਕਥਨ ਕੀਆ ਹੈ ਤਿਸਕੋ ਜਾਤੇ ਹੂਏ ਦੇਰੀ ਨਹੀਂ ਹੋਤੀ ਕਿਉਂਕਿ ਨਾਮ ਸੇ ਬਿਨਾ ਸਭ ਅਸਚਰਯਤਾ ਕੋ ਪ੍ਰਾਪਤਿ ਕਰਨੇ ਵਾਲਾ ਹੈ ਈਹਾਂ ਅਸਚਰਜ ਸ਼ੋਕ ਕਾ ਭਾਵ ਹੈ ॥ ੧ ॥

ਮੇਰੇ ਮਨ ਸਤਿਗੁਰ ਕੀ ਸੇਵਾ ਲਾਗੁ ॥ ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥

ਹੇ ਮੇਰੇ ਮਨ ਤੂੰ ਸਤਿਗੁਰੋਂ ਕੀ ਸੇਵਾ ਮੇਂ ਲਾਗ ਕਿਉਂਕਿ ਜੋ ਦ੍ਰਿਸਟਮਾਨ ਪ੍ਰਪੰਚ ਹੈ ਸੋ ਸੰਪੂਰਣ (ਵਿਣਸਣਾ) ਨਾਸ ਹੋ ਜਾਨਾ ਹੈ ਯਾਂਤੇ ਤੂੰ ਅਪਨੇ ਮਨ ਕੀ ਮਤ ਕੋ ਤਿਆਗ ਕਰ ਭਾਵ ਏਹ ਕਿ ਗੁਰੋਂ ਕੀ ਮਤ ਕੋ ਹੀ ਧਾਰਨ ਕਰ ॥ ੧ ॥

ਜਿਉ ਕੂਕਰ ਹਰਕਾਇਆ ਧਾਵੈ ਦਹਦਿਸ ਜਾਇ ॥

ਜੈਸੇ (ਹਰਕਾਇਆ)ਹਲਕਾਇਆ ਕੁਤਾ ਦੌੜ ਕਰ ਦਸੋ ਦਿਸ਼ਾ ਮੇਂ ਜਾਤਾ ਹੈ ॥

ਲੋਭੀ ਜੰਤੁ ਨ ਜਾਣਈ ਭਖ ਅਭਖੁ ਸਭੁ ਖਾਇ ॥

ਤੈਸੇ ਲੋਭੀ ਜੰਤ ਭੀ ਭਖ ਔਰ ਅਭਖ ਕੋ ਖਾ ਲੇਤਾ ਹੈ ਕਿਉਂ ਕਿ ਤਿਸਕੋ ਗੁਨ ਤਥਾ ਦੋਸ ਕੋ ਨਹੀਂ ਜਾਨਤਾ ਪਰੰਤੂ ਲੋਭ ਕਰ

Digitized by Panjab Digital Library | www.panjabdigilib.org

ਗ੍ਰਹਸਤੀਪੁਰਸ਼ ਤਿਸਕਾ ਤਯਾਗ ਨਹੀਂ ਕਰ ਸਕਤਾ ਭਾਵ ਏਹ ਕਿ ਜੋ ਅਪਨਾ ਪਦਾਰਥਹੈ ਵਹੁ ਭਖ ਹੈ ਔਰ ਜੋ ਪਰਾਇਆ ਹੈ ਵਹੁ ਅਭਖ ਹੈ ਪਰੰਤੂ ਲੋਭੀ ਕੋ ਇਨਕਾ ਕਛੂ ਬਿਚਾਰ ਨਹੀਂ ਹੋਤਾ ਹੈ ਔਰ ਅਪਨੇ ਪਰਾਏ ਦੀ ਸਮਝ ਤੋਂ ਬਿਨਾਂ ਕਟਦਾ ਕਹੀਏ ਭਖ ਅਭਖ ਖਾਂਦਾ ਹੈ ਔਰ ਸੂਧੀ ਪੂਛ ਵਤ ਯਾਚਨਾਰਥ ਹਥ ਪਸਾਰੀ ਰਖਦਾ ਹੈ ਔਰ ਝਗ ਫੁਟਣੀ ਮੂਹ ਤੋਂ ਨਾ ਦੇਣ ਵਾਲੇ ਦੀ ਨਿੰਦਾ ਕਰਤਾ ਹੈ ਔਰ ਸਤਿਸੰਗ ਰੂਪ ਪਾਣੀ ਵਲ ਨਹੀਂ ਜਾਤਾ ਹੈ ਔਰ ਜੇਹੜਾ ਓਸਦੀ ਸੰਗਤ ਕਰਦਾ ਹੈ ਉਸ ਨੂੰ ਲੋਭ ਰੂਪੀ ਹਲਕ ਚੜ੍ਹਾਉ ਦੇਂਦਾ ਹੈ ਜੈਸੇ ਪਾਣੀ ਹੀ ਪਾਇਆਂ ਮਰਤਾ ਹੈ ਤੈਸੇ ਅੰਤ ਨੂੰ ਸਤਸੰਗ ਰੂਪੀ ਹੀ ਜਲ ਕਰਕੇ ਮੁਕਤ ਨੂੰ ਪ੍ਰਾਪਤਿ ਹੁੰਦਾ ਹੈ ॥

ਕਾਮ ਕ੍ਰੋਧੁ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥

ਤਿਸ ਲੋਭੀ ਪੁਰਸ਼ ਕੋ ਕਾਮ ਕ੍ਰੋਧ ਤਥਾ(ਮਦਿ)ਹੰਕਾਰ ਬਯਾਪ ਰਹਾਹੈ ਇਸੀ ਕਰਕੇ ਬਾਰੰਬਾਰ ਜੋਨੀਓਂ ਮੈਂ ਪ੍ਰਾਪਤਿ ਹੋਤਾਹੈ ॥੨

ਮਾਇਆ ਜਾਲ ਪਸਾਰਿਆ ਭੀਤਰਿ ਚੋਗ ਬਣਾਇ ॥

ਈਸ਼ਰ ਨੇ ਮਾਇਆ ਰੂਪੀ ਜਾਲੁ ਪਸਾਰਿਆ ਹੈ ਤਿਸਕੇ ਬੀਚ ਸਬਦ ਸਪਰਸਾਦਿ ਬਿਸੇ ਚੋਗਾ ਬਨਾਇ ਦੀਆ ਹੈ ॥

ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥

ਤਿਸ ਮਾਇਆ ਰੂਪੀ ਜਾਲ ਮੈ ਤ੍ਰਿਸ਼ਨਾਵਾਨ ਜੋ ਜੀਵ ਹੈ ਸੋ ਪੰਖੀ ਫਸਾ ਹੂਆ ਨਿਕਸ ਨਹੀਂ ਸਕਤਾ ਹੈ ਮਾਇ ਪਦ ਹੇ ਭਾਈ ਸੰਬੋਧਨ ਹੈਂ ॥

ਜਿਨਿ ਕੀਤਾ ਤਿਸਹਿ ਨ ਜਾਨਈ ਫਿਰਿ ਫਿਰਿ ਆਵੈ ਜਾਇ ॥ ੩ ॥

ਜਿਸ ਪਰਮੇਸ਼ਰ ਨੇ ਅਨੇਕ ਪ੍ਰਕਾਰ ਕੇ ਸੁਖੋਂ ਕੇ ਸਹਿਤ ਕੀਆ ਹੈ ਤਿਹਕੋ ਜਾਨਤਾ ਨਹੀਂ ਹੈ ਯਾਤੇ ਬਾਰੰਬਾਰ ਜਨਮ ਔਰ ਮਰਨ ਕੋ ਪ੍ਰਾਪਤਿ ਹੋਤਾ ਹੈ ॥ ੩ ॥

ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥

ਬਹੁਤ ਪ੍ਰਕਾਰ ਕਾ ਜੋ ਸੰਸਾਰ ਹੈ ਭਾਵ ਏਹ ਕਿ ਦੇਵ ਦਾਨਵ ਮਾਨੁਖਾਦਿ ਪ੍ਰਪੰਚੁ ਔਰ ਨਾਨਾ ਪ੍ਰਕਾਰ ਕੇ ਬਯੋਹਾਰੋਂ ਮੈ ਮੋਹਤ ਹੋ ਰਹਾ ਹੈ ॥

ਜਿਸਨੋ ਰਖੈ ਸੋ ਰਹੈ ਸੰਬ੍ਰਿਥੁ ਪੁਰਖੁ ਅਪਾਰੁ ॥

ਜਿਸਕੋ ਸੋ ਸਾਮਰਥ ਬਿਅੰਤ ਪੁਰਸ਼ ਆਪ ਰਾਖਤਾ ਹੈ ਸੋਈ ਮੋਹ ਸੇ ਰਹਿਤ ਹੋਤਾ ਹੈ॥

Digitized by Panjab Digital Library | www.panjabdigilib.org

ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥ ੪ ॥ ੨੧ ॥ ੯੧ ॥

ਸ੍ਰੀ ਗੁਰੂਜੀ ਕਹਿਤੇ ਹੈਂ ਜੋ ਹਰੀ ਕੇ ਜਨ ਹੈਂ ਭਾਵ ਇਹ ਕਿ ਜੋ ਸੰਤ ਭਗਤਿ ਹੈਂ ਸੋ ਹਰੀ ਮੈ (ਲਿਵ) ਬ੍ਰਿਤੀ ਕੋ ਲਗਾਇ ਕਰਕੇ (ਉਬਰੇ) ਬਚ ਰਹੇ ਹੈਂ ਯਾਂਤੇ ਮੈ ਤਿਨਕੇ ਸਦੀਵ ਬਲਿਹਾਰਨੇ ਜਾਤਾ ਹੂੰ ॥ ੪ ॥ ੨੧ ॥ ੯੧ ॥

ਸਿਰੀ ਰਾਗੁ ਮਹਲਾ ੫ ਘਰੁ ੨ ॥ ਗੋਇਲਿ ਆਇਆ ਰੋਇਲੀ ਕਿਆ ਤਿਸੁ ਡੰਫੁ ਪਸਾਰੁ ॥

ਜੋ ਪੁਰਸ ਪਸੂ ਚਰਾਵਨੇ ਵਾਸਤੇ ਕਹੀ ਅੰਨਜ ਅਸਥਾਨ ਮੇਂ ਜਾਵੇ ਤਿਸਕੋ ਗੋਇਲੀ ਕਹਤੇ ਹੈਂ ਔਰ ਜਿਸ ਅਸਥਾਨ ਮੈਂ ਜਾਵੇ ਤਿਸ ਸਥਾਨ ਕੋ ਗੋਇਲ ਕਹਿਤੇ ਹੈਂ ਸੋ ਯੇਹ ਜੀਵ ਇਸ ਜਗਤ ਰੂਪੀ ਗੋਇਲਮੈਂ ਥੋੜੇ ਦਿਨੋਂ ਕੇ ਵਾਸਤੇ ਗੋਇਲੀ ਵਤ ਆਇਆ ਹੂਆ ਹੈ ਫਿਰ ਕਿਆ ਦੰਭ ਕਾ ਪਸਾਰਾ ਕਰਨਾ ਹੈ ਭਾਵ ਯਹ ਕਿ ਜੈਸੇ ਗੋਇਲੀ ਅਲਪਕਾਲ ਰਹਿਨੇ ਕਰਕੇ ਕੁਛ ਅਸਥਾਨ ਬਨਾਉਨੇ ਆਦਿਕ ਪਸਾਰਾ ਨਹੀਂ ਕਰਤਾ ਹੈ ਤੈਸੇ ਹੀ ਜੀਵ ਕੋ ਸਮਝਨਾ ਚਾਹੀਏ ਹੈ ॥

ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ ॥ ੧ ॥

ਕਿਉਂਕਿ ਜਬ ਰਹਿਨੇ ਕੀ (ਮੁਹਲਤਿ) ਅਵਧੀ (ਪੁੰਨੀ) ਪੂਰੀ ਹੂਈ ਤਬ ਹੀ ਚਲਨਾ ਹੈ ਭਾਵ ਯਹਿ ਕੇ ਪ੍ਰਲੋਕ ਕੋ ਜਾਨਾ ਹੋਗਾ ਤਾਂਤੇ ਤੂੰ ਅਪਨੇ ਘਰ ਕੇ (ਬਾਰ) ਦਰਵਾਜੇ ਗਜਾਨ ਕੋ (ਸੰਭਲੁ) ਸੰਭਾਲੁ ਭਾਵ ਯਹਿ ਕਿ ਤੂੰ ਅਪਨੇ ਸ੍ਵਰੂਪ ਕੋ ਪ੍ਰਾਪਤਿ ਹੋਨੇ ਕਾ ਪੁਰਖਾਰਥੁ ਕਰੁ ॥ ੧ ॥

ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥
ਕਿਆ ਥੋੜੜੀ ਬਾਤ ਗੁਮਾਨੁ ॥ ੧ ॥ ਰਹਾਉ ॥

ਹੇ ਮੇਰੇ ਮਨ ਤੂੰ ਸਤਿਗੁਰੋਂ ਕੋ ਸੇਵਨ ਕਰਕੇ ਪਿਆਰ ਸੇ ਹਰੀ ਕੇ ਗੁਣਾਂ ਕੋ ਗਾਇਨ ਕਰ ਕਿਆ ਥੋੜੀ ਬਾਤ ਕਾ ਗੁਮਾਨੁ ਕਰਤਾ ਹੈਂ ਭਾਵ ਯਹਿ ਕਿ ਜੋ ਸੰਸਾਰ ਕੇ ਪਦਾਰਥ ਹੈਂ ਸੋ ਅਲਪਕਾਲ ਰਹਿਨੇ ਵਾਲੇ ਹੈਂ ਤਿਨਕਾ ਕਿਆ ਅਭਿਮਾਨ ਹੈ ॥

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥

ਜੈਸੇ ਕਿਸੀ ਕੇ ਗ੍ਰਹ ਕੋਊ ਪਰਾਹੁਨੇ ਰਾਤ੍ਰੀ ਰਹਿ ਕਰ ਪ੍ਰਾਤਕਾਲ ਹੂਏ ਉਠ ਕਰ ਚਲ ਜਾਤੇ ਹੈਂ ਤਿਸੀ ਪ੍ਰਕਾਰ ਅਵਸਥਾ ਰੂਪੀ ਰਾਤ੍ਰੀ ਕੇ ਪੂਰੇ ਹੂਏ ਸੰਬੰਧੀ ਜਨੋਂ ਕ ਬੀਚ ਸੇ ਪਰਾਹੁਨੇ ਵਤ ਜੀਵ ਉਠ ਚਲਤੇ ਹੈਂ ॥

ਕਿਆ ਤੂ ਰਤਾ ਗਿਰਸਤ ਸਿਉ ਸਭ ਫੂਲਾ ਕੀ ਬਾਗਾਤਿ ॥ ੨ ॥

ਹੇ ਮਨ ਕਿਆ ਤੂੰ ਗ੍ਰਹਸਤ ਕੇ ਬੀਚ (ਰਤਾ) ਰਚ ਰਹਾ ਹੈਂ ਯਹ ਜੋ ਸਰਬ ਸੰਬੰਧੀ ਜਨ ਔਰ ਬਿਖੇ ਸੁਖ ਹੈਂ ਸੋ ਫੂਲੋਂ

Digitized by Panjab Digital Library | www.panjabdigilib.org

ਕੀ (ਬਾਗਾਤ) ਫੁਲਵਾੜੀਓਂ ਕੇ ਖਿੜਨੇ ਵਤ ਹੈ ਭਾਵ ਯਹਿ ਕਿ ਜੈਸੇ ਫੁਲ ਖਿਲੇ ਹੁਏ ਅਲਪਕਾਲ ਰਹਿਤੇ ਹੈਂ ਤੈਸੇ ਯਹਿ ਭੀ ਤੁਛਕਾਲ ਰਹਿਨੇ ਵਾਲੇ ਹੈਂ ॥ ੨ ॥

ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥

ਤਨ ਧਨ ਪੁਤ੍ਰ ਇਸਤ੍ਰੀਆਦਿ ਬਿਭੂਤੀ ਕੋ ਮੇਰੀ ਮੇਰੀ ਕਿਆ ਕਰ ਰਹਾ ਹੈਂ ਜਿਸ ਪਰਮੇਸ੍ਵਰ ਨੇ ਤੁਝ ਕੋ ਯਹਿ ਸਭ ਕੁਛ ਦੀਆ ਹੈ ਤਿਸਕੋ (ਲੋੜਿ) ਚਾਹੁਨਾ ਕਰ ॥

ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥ ੩ ॥

(ਸਰਪਰ) ਅਵਸਯ ਹੀ ਵਾ ਨਿਸਚ ਉਠ ਕੇ ਚਲੇ ਜਾਣਾ ਹੈ ਔਰ ਜੋ ਵਿਭੂਤੀ ਲਖਾਂ ਕਰੋੜ ਰੁਪਏ ਹੈਂ ਸੋ ਤਿਨ ਕੋ ਭੀ ਛੋੜ ਕਰਕੇ ਚਲਾ ਜਾਵੇਂਗਾ ਭਾਵ ਯਹਿ ਕਿ ਰੰਚਕ ਪਦਾਰਥ ਭੀ ਤੇਰੇ ਸੰਗ ਨਹੀਂ ਚਲੇਗਾ ॥ ੩ ॥

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥

ਚੌਰਾਸੀ ਲਖ ਜੋਨ ਵਿਖੇ ਫਿਰਤਿਆਂ ਹੋਇਆਂ ਤੈਨ ਮਾਨੁਖ ਜਨਮ ਦੁਰਲਭ ਪਾਇਆ ਹੈ ॥

ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥ ੪ ॥ ੨੨ ॥ ੯੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਮਨ ਤੂੰ ਪਰਮੇਸ੍ਵਰ ਕੇ ਨਾਮ ਕੋ ਸਮਾਲ ਕਿਉਂਕਿ ਸੋਈ ਦਿਨੁ ਤੇਰੇ ਨਿਕਟ ਆਇਆ ਹੈ ਭਾਵ ਯਹਿ ਕਿ ਮਰਨਾ ਤੇਰੇ ਸਿਰ ਪਰ ਖੜਾ ਹੈ ॥ ੪ ॥ ੨੨ ॥ ੯੨ ॥

ਸਿਰੀ ਰਾਗੁ ਮਹਲਾ ੫ ॥

ਇਸ ਸ਼ਬਦ ਮੈਂ ਦੇਹ ਅਰ ਜੀਵ ਦੋਨੋਂ ਕੋ ਉਪਦੇਸ਼ ਹੈ ॥

ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ ॥

ਹੇ ਦੇਹ ਤੂੰ ਤਬ ਤਕ ਸੁਖੀ ਵਸਤੀ ਹੈਂ ਜਬ ਤਕ ਸਾਥੀ ਜੀਵ ਤੇਰੇ ਸਾਥ ਹੈ ॥

ਜਾ ਸਾਥੀ ਉਠੀ ਚਲਿਆ ਤਾ ਧਨੁ ਖਾਕੂਰਾਲਿ ॥ ੧ ॥

ਜਬ (ਸਾਥੀ) ਜੀਵ ਉਠ ਕੇ ਚਲਾ ਜਾਵੇਗਾ ਤਬ ਹੇ ਦੇਹ ਤੂ ਖਾਕ ਮੈਂ ਰਲ ਜਾਵੇਗੀ ॥ ੧ ॥

ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥ ਧੰਨੁ ਸੁ ਤੇਰਾ ਥਾਨੁ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਮਨ ਜਿਨ੍ਹੋਂ ਕੋ ਵਾਹਿਗੁਰੂ ਕੇ ਦਰਸਨ ਦੇਖਨੇ ਕਾ ਚਾਉ ਹੋਇਆ ਹੈ ਤਿਨ੍ਹੋਂ ਕੇ ਮਨ ਮੈਂ ਸੰਸਾਰ ਸੇ ਬੈਰਾਗੁ ਹੋਇਆ ਹੈ ਤਬ ਵੈਰਾਗਵਾਨ ਐਸੇ ਉਸਤਤੀ ਕਰਤੇ ਹੈਂ ਜੋ ਤੇਰਾ ਥਾਨੁ ਸਤਸੰਗ ਵਾ ਬੈਕੁੰਠੁ ਸੋ ਧੰਨ ਹੈ ॥ ੧ ॥

ਜਿਚਰੁ ਵਸਿਆ ਕੰਤ ਘਰਿ ਜੀਉ ਜੀਉ ਸਭਿ ਕਹਾਤਿ ॥

ਜਬ ਤਕ (ਕੰਤ) ਜੀਵ (ਘਰਿ) ਰਿਦੇ ਮੈਂ ਵਸਿਆ ਹੁਆ ਹੈ ਤਬ ਤਕ ਆਈਏ ਜੀ ਆਈਏ ਜੀ ਸਭਿ ਕਹਤੇ ਹੈਂ ॥

ਜਾ ਉਠੀ ਚਲ ਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ ॥ ੨ ॥

ਜਬ (ਕੰਤੜਾ) ਪਤੀ ਜੀਵ ਉਠ ਕੇ ਚਲਾ ਜਾਵੇਗਾ ਤਬ ਤੇਰੀ ਕੋਈ ਬਾਤ ਨਹੀਂ ਪੂਛੇਗਾ ॥ ੨ ॥

ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥

ਤਾਂਤੇ ਹੇ ਜੀਵ ਰੂਪੁ ਇਸਤ੍ਰੀ (ਪੇਈਅੜੈ) ਇਸ ਲੋਕ ਮੈਂ ਤੂੰ (ਸਹੁ) ਪਤੀ ਕਾ ਸੇਵਨ ਕਰੁ ਕਿਉਂਕਿ (ਸਾਹੁਰੜੈ) ਪਰਲੋਕ ਮੈਂ ਸੁਖੀ ਵਸੇਂਗੀ ॥

ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥ ੩ ॥

ਔਰ ਗੁਰੋਂ ਕੇ ਸਾਥ ਮਿਲ ਕਰ (ਚਜੁ) ਸ੍ਰੇਸਟ ਕਰਮ ਸਿਖੁ (ਤੁਧੁ) ਤੇਰੇ ਕੋ ਕਬੀ ਦੁਖੁ ਨਹੀਂ ਲਗੇਗਾ ॥ ੩ ॥

ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥

ਸਰਬ ਜੀਵੋਂ ਨੇ (ਸਾਹੁਰੇ) ਪਰਲੋਕ ਮੈਂ (ਵੰਞਣਾ) ਜਾਣਾ ਹੈ ਔਰ ਸਰਬ ਕੋ ਕਾਲ ਮੁਕਲਾਵਣ ਵਾਲਾ ਹੈ ॥

ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥ ੪ ॥ ੨੩ ॥ ੯੩ ॥

ਸ੍ਰੀ ਗੁਰੂ ਜੀ ਕਹਤੇ ਹੈਂ(ਸੁਹਾਗਣੀ)ਸੇ ਗਯਾਨਵਾਨ ਧੰਨ ਹੈਂ ਜਿਨਕਾ ਪਤੀ ਪਰਮੇਸ੍ਵਰ ਕੇ ਸਾਥ ਪਯਾਰ ਹੈ॥ ੪ ॥ ੨੩ ॥ ੯੩ ॥

ਸਿਰੀ ਰਾਗੁ ਮਹਲਾ ੫ ॥ ਘਰੁ ੬ ॥ ਕਰਣ ਕਾਰਣ ਏਕ ਓਹੀ ਜਿਨਿ ਕੀਆ ਆਕਾਰੁ ॥

(ਕਾਰਣ) ਮਾਯਾ ਮਹਿ ਤਤ੍ਵ ਆਦਿ ਕੇ ਕਰਨੇ ਵਾਲਾ ਏਕ ਓਹੀ ਹੈ ਜਿਸਨੇ ਤੇਰਾ ਸਰੀਰ ਰਚਿਆ ਹੈ ॥

ਤਿਸਹਿ ਧਿਆਵਹੁ ਮਨ ਮੇਰੇ ਸਰਬ ਕੋ ਆਧਾਰੁ ॥ ੧ ॥

ਤਾਂਤੇ ਹੇ ਮੇਰੇ ਪਿਆਰੇ ਤਿਸ ਵਾਹਿਗੁਰੂ ਕੋ ਧਿਆਵਹੁ ਜਿਸਨੇ ਸਰਬ ਕੋ ਆਸਰਾ ਦੀਆ ਹੈ ॥ ੧ ॥

ਗੁਰ ਕੇ ਚਰਨ ਮਨ ਮਹਿ ਧਿਆਇ ॥ ਛੋਡਿ ਸਗਲ

Digitized by Panjab Digital Library | www.panjabdigilib.org

ਸਿਆਨਪਾ ਸਾਚਿ ਸਬਦਿ ਲਿਵ ਲਾਇ ॥ ੧ ॥ ਰਹਾਉ ॥

ਹੇ ਭਾਈ ਗੁਰੋਂ ਕੇ ਚਰਨੋਂ ਕਾ ਮਨ ਮੈਂ ਧਿਆਵਨਾ ਕਰੁ ਔਰ ਸੰਸਾਰ ਕੀ ਚਤਰਾਈਆਂ ਕੋ ਛੋਡ ਕਰਕੇ(ਸਾਚਿ ਸਬਦਿ) ਸਚ ਰੂਪ ਗੁਰੋਂ ਕੇ ਉਪਦੇਸ਼ ਮੈਂ ਬ੍ਰਿਤੀ ਲਗਾਓ ॥ ੧ ॥

ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤੁ ਹਿਰਦੈ ਹੋਇ ॥

ਜਿਨਕੇ ਹਿਰਦੇ ਮੈਂ ਗੁਰੋਂ ਕਾ ਮੰਤ੍ਰ ਹੋਤਾ ਹੈ ਤਿਨਕੋ (ਦੁਖੁ) ਜਨਮ ਮਰਣ ਕੀ ਪੀੜਾ ਔਰ ਕਲੇਸੁ ਪੰਚ ਪ੍ਰਕਾਰ ਕਾ ਅਵਿਦਿਆ ੧,ਅਸਮਿਤਾ ੨,ਰਾਗ ੩,ਦ੍ਵੇਖ ੪,ਅਭਿਨਿਵੇਸ ੫ ਕਿਯਾ ਹਠੁ ਔਰ (ਭਉ) ਡਰ ਜਮ ਕਾ ਨਹੀਂ ਲਾਗਤਾ ॥

ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ ॥ ੨ ॥

ਕਿਉਂਕਿ ਕੋਟਾਨ ਕੋਟ ਜਤਨ ਕਰਕੇ ਰਹ ਚੁਕੇ ਹੈਂ ਪਰੰਤੂ ਗੁਰੋਂ ਸੇ ਬਿਨਾ ਸੰਸਾਰ ਸਮੁੰਦ੍ਰ ਸੇ ਕੋਈ ਨਹੀਂ ਤਰਿਆ ॥ ੨ ॥

ਦੇਖਿ ਦਰਸਨੁ ਮਨੁ ਸਾਧਾਰੈ ਪਾਪ ਸਗਲੇ ਜਾਹਿ ॥

ਗੁਰੋਂ ਕਾ ਦਰਸਨ ਦੇਖ ਕਰ ਮਨ ਸਹਿਤ ਅਧਾਰ ਕ ਹੋਜਾਤਾ ਹੈ ਭਾਵ ਯਹਿ ਕਿ ਸੰਸੇ ਨਬ੍ਰਿਤ ਹੋਜਾਤੇ ਹੈਂ ਔਰ ਪਾਪ ਸਭ ਚਲੇ ਜਾਤੇ ਹੈਂ ॥

ਹਉ ਤਿਨਕੈ ਬਲਿਹਾਰਣੈ ਜਿ ਗੁਰ ਕੀ ਪੈਰੀ ਪਾਹਿ ॥ ੩ ॥

ਤਾਂਤੇ ਮੈਂ ਤਿਨ ਪੁਰਸੋਂ ਕੇ ਬਲਹਾਰਣੇ ਜਾਤਾ ਹੂੰ ਜੋ ਗੁਰੋਂ ਕੀ ਚਰਨੀ ਪੜਤੇ ਹੈਂ ॥ ੩ ॥

ਸਾਧ ਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥

ਪਰੰਤੂ ਸਤਸੰਗਤ ਕਰਨੇ ਸੇ ਸਾਚ ਰੂਪੁ ਹਰੀ ਕਾ ਨਾਮੁ ਮਨ ਮੈਂ ਵਸਤਾ ਹੈ ॥

ਸੇ ਵਡਭਾਗੀ ਨਾਨਕਾ ਜਿਨਾ ਮਨਿ ਇਹੁ ਭਾਉ ॥ ੪ ॥ ੨੪ ॥ ੯੪ ॥

ਸ੍ਰੀ ਗੁਰੂ ਜੀ ਕਹਤੇ ਹੈਂ ਸੇ ਪੁਰਸ ਵਡੇ ਭਾਗਾਂ ਵਾਲੇ ਹੈਂ ਜਿਨ੍ਹੋਂ ਕੇ ਮਨ ਮੈਂ ਇਹ ਸਤਸੰਗ ਕਾ ਪ੍ਰੇਮੁ ਹੈ ॥ ੪ ॥ ੨੪ ॥ ੯੪ ॥

ਸਿਰੀ ਰਾਗੁ ਮਹਲਾ ੫ ॥ ਸੰਚਿ ਹਰਿ ਧਨੁ ਪੂਜਿ ਸਤਿਗੁਰ ਛੋਡਿ ਸਗਲ ਵਿਕਾਰ ॥

ਤਾਂਤੇ ਹਰੀ ਨਾਮ ਧਨ ਕੋ ਇਕਤ੍ਰ ਕਰੁ ਔਰ ਸਤਿਗੁਰੋਂ ਕੋ ਪੂਜ ਸੰਪੂਰਨ ਕਾਮ ਕ੍ਰੋਧਾਦਿ ਵਿਕਾਰੋਂ ਕੋ ਛੋਡ ਦੇ ॥

ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥ ੧ ॥

Digitized by Panjab Digital Library | www.panjabdigilib.org

ਜਿਸ ਪਰਮੇਸ਼ਰ ਨੇ ਤੂੰ (ਸਾਜਿ) ਰਚ ਕੇ ਅੰਗ ਪ੍ਰਤਿ ਅੰਗੋਂ ਕਰਕੇ ਸਵਾਰਿਆ ਹੈਂ ਤਿਸ ਹਰੀ ਕੋ ਸਿਮਰਨੇ ਕਰ ਸੰਸਾਰ ਸੇ (ਉਧਾਰੁ) ਉਧਰਨਾ ਹੋਵੇਗਾ ॥ ੧ ॥

ਜਪਿ ਮਨ ਨਾਮੁ ਏਕੁ ਅਪਾਰੁ ॥ ਪ੍ਰਾਨ ਮਨੁ ਤਨੁ
ਜਿਨਹਿ ਦੀਆ ਰਿਦੇ ਕਾ ਆਧਾਰੁ ॥ ੧ ॥ ਰਹਾਉ ॥

ਹੇ ਮਨ ਏਕ (ਅਪਾਰ) ਪਰਮੇਸ਼ਰ ਕਾ ਨਾਮੁ ਜਪੁ ਵਹ ਪਰਮੇਸ਼ਰ ਕੈਸਾ ਹੈ ਜਿਸਨੇ (ਤਨ) ਸਰੀਰ ਪ੍ਰਾਣ ਔਰ (ਮਨ) ਅੰਤਸਕਰਣਾਦਿ ਸਭ ਠਾਟੁ ਤੁਝ ਕੋ ਦੀਆ ਹੈ ਔਰ ਰਿਦੇ ਕਾ ਆਸਰਾ ਤੁਝੁ ਹੈ ਭਾਵ ਯਹਿ ਕਿ ਸਤਾਸਫੁਰਤੀ ਕੇ ਦੇਣੇ ਵਾਲਾ ਹੈ ॥ ੧ ॥

ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥

ਔਰ ਜੋ ਕਾਮ ਕ੍ਰੋਧ ਅਹੰਕਾਰ ਕਰਕੇ ਮਸਤੁ ਹੈਂ ਤਿਨਕੋ ਸੰਸਾਰੁ ਵਿਆਪਿਆ ਹੁਆ ਹੈ ਅਰਥਾਤ ਜਨਮਤੇ ਮਰਤੇ ਹੈਂ ਕਦਾਚਿਤ ਐਸੀ ਅਸੰਕਾ ਹੋ ਕਿ ਸੰਸਾਰ ਸੇ ਕੈਸੇ ਬਚੇਗਾ ਤਿਸ ਪਰ ਕਹਿਤੇ ਹੈਂ ॥

ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥ ੨ ॥

ਹੇ ਭਾਈ ਸੰਤਜਨੋਂ ਕੀ ਸਰਣੀ ਪੜ ਕੇ ਤਿਨਕੇ ਚਰਣੀ ਲਾਗ ਰਹੁ (ਅੰਧਾਰੁ) ਅਗਯਾਨ ਅੰਧੇਰੇ ਕਰਕੇ ਜੋ ਜਨਮ ਮਰਣ ਰੂਪੀ ਦੁਖੁ ਹੈ ਸੋ ਮਿਟ ਜਾਏਗਾ ॥ ੨ ॥ ਕਦਾਚਿਤ ਐਸੀ ਅਸੰਕਾ ਹੋ ਕਿ ਸਿਖ ਕੋ ਕੌਨ ਕਰਨੀ ਸ੍ਰੇਸਟ ਹੈ ਜੋ ਕਰੇ ਤਿਸਕਾ ਸਮਾਧਾਨੁ ॥

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥

ਸਤੁ ਸੰਤੋਖੁ ਦਯਾ ਆਦਿ ਸੁਭ ਗੁਣੋਂ ਕਾ ਕਮਾਉਣਾ ਕਰੇ ਏਹੀ ਸ੍ਰੇਸਟ ਕਰਣੀ ਹੈ ॥

ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥ ੩ ॥

ਪੁਨਾ ਹੰਕਾਰ ਕੋ ਛੋਡ ਕਰਕੇ ਸਭ ਕੀ ਚਰਣ ਧੂੜ ਹੋ ਰਹੇ ਪਰੰਤੂ ਐਸੀ ਦੇਵੀ ਸੰਪਤੀ ਤਿਸਕੋ ਮਿਲਤੀ ਹੈ ਜਿਸਕੋ ਪ੍ਰਭੁ ਨਿਰੰਕਾਰ ਦੇਤਾ ਹੈ ॥ ੩ ॥

ਪ੍ਰਸਨੁ ॥ ਸੋ ਪ੍ਰਭੂ ਨਿਰੰਕਾਰ ਕੈਸੇ ਮਿਲੇ ?

ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ ॥

Digitized by Panjab Digital Library | www.panjabdigilib.org

ਉੱਤਰੁ ॥ ਹੇ ਭਾਈ ਜੋ (ਪਸਾਰੁ) ਫੈਲਾਵ ਰੂਪੁ ਪ੍ਰਪੰਚ ਪਸਰਿਆ ਹੁਆ ਦੇਖਾਈ ਦੇਤਾ ਹੈ ਸੋ ਸਰਬ ਤੂੰ ਹੀ ਹੈਂ ਭਾਵ ਯਹਿ ਕਿ ਤੂੰ ਅਧਿਸ੍ਠਾਨ ਚੇਤਨ ਰੂਪੁ ਹੈਂ ਪ੍ਰਪੰਚ ਤੇਰੇ ਸਰੂਪ ਮੈਂ ਕਲਪਤ ਰੂਪੁ ਹੈ ਇਸ ਸੰਸਾਰ ਕੀ ਸਤਾ ਤੇਰੇ ਸੇ ਭਿੰਨ ਨਹੀਂ ਐਸੇ ਜਾਣੇ ਕਦਾਚਿਤ ਐਸੀ ਅਸੰਕਾ ਹੋ ਕਿ ਕਿਸੀ ਨੇ ਪ੍ਰਪੰਚ ਕੋ ਬ੍ਰਹਮ ਰੂਪ ਜਾਣਿਆ ਹੈ ਤਿਸਕਾ ਸਮਾਧਾਨ॥

ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥ ੪ ॥ ੨੫ ॥ ੯੫ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਨ ਪੁਰਸੋਂ ਕਾ ਭਰਮ ਗੁਰੋਂ ਨੇ ਕਾਟ ਦੀਆ ਹੇ ਤਿਨ੍ਹੋਂ ਨੇ ਵਿਚਾਰ ਦ੍ਵਾਰਾ ਸਭ ਪ੍ਰਪੰਚ ਕੋ ਬ੍ਰਹਮ ਰੂਪ ਦੇਖਾ ਹੈ ॥ ੪ ॥ ੨੫ ॥ ੯੫ ॥

ਸਿਰੀ ਰਾਗੁ ਮਹਲਾ ੫ ॥ ਬੇਨਤੀ ॥ ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥

ਪਾਪ ਔਰ ਪੁੰਨ ਕੇ ਬੀਚ ਸਾਰਾ ਸੰਸਾਰੁ ਹੈ ਭਾਵ ਯਹਿ ਕਿ ਕੋਈ ਪਾਪੀ ਹੈ ਕੋਈ ਪੁੰਨੀ ਹੈ॥

ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥ ੧ ॥

ਪਾਪ ਪੁੰਨ ਦੋਨੋਂ ਸੇ ਰਹਤ ਕੋਈ ਵਿਰਲਾ ਭਗਤੁ ਹੀ ਜਾਨਿਆ ਹੈ ਭਾਵ ਯਹਿ ਕਿ ਪਾਪ ਪੁੰਨ ਅੰਤਸਕਰਨ ਕੇ ਧਰਮ ਮਾਨ ਕਰ ਆਪ ਕੋ ਸਾਖੀ ਰੂਪੁ ਦੇਖਣੇ ਵਾਲਾ ਕੋਈ ਵਿਰਲਾ ਹੀ ਭਗਤੁ ਹੈ ॥ ੧ ॥

ਠਾਕੁਰੁ ਸਰਬੇ ਸਮਾਣਾ ॥ ਕਿਆ ਕਹਉ ਸੁਣਉ
ਸੁਆਮੀ ਤੂੰ ਵਡ ਪੁਰਖ ਸੁਜਾਣਾ ॥ ੧ ॥ ਰਹਾਉ ॥

ਹੇ ਠਾਕੁਰ ਤੂੰ ਸਰਬ ਮੈਂ ਸਮਾਇ ਰਹਿਆ ਹੈਂ ਹੇ ਸੁਆਮੀ ਸੁਣੁ ਤੇਰੇ ਅਗੇ ਮੈਂ ਕਿਆ ਕਹੂੰ ਤੂੰ ਵਡਾ ਚਤ੍ਰ ਪੁਰਸ਼ ਹੈਂ ॥

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥

ਔਰ (ਮਾਨ) ਅਪਨੀ ਪਤਿਸ਼ਟਾ ਚਾਹੁਣੀ (ਅਭਿਮਾਨ) ਜਾਤੀ ਆਦਿਕੋਂ ਕਾ ਹੰਕਾਰੁ ਜਿਸਕੇ ਮਨ ਬੀਚ ਹੈ ਵਾ ਮਾਨ ਅਪਮਾਨ ਕੇ ਜੋ ਬੀਚ ਹੈਂ ਸੋ ਸੇਵਕ ਨਾਹੀ। ਭਾਵ ਪਰਮੇਸ੍ਵਰ ਕਾ ਭਗਤ ਨਹੀਂ ਹੈ ॥

ਤਤ ਸਮਰਦੀ ਸੰਤਹੁ ਕੋਈ ਕੋਟਿ ਮੰਧਾਹੀ ॥ ੨ ॥

ਜੋ ਭਗਤ ਸਰਬ ਮੈ ਸਮਾਨ ਦ੍ਰਿਸਟੀ ਦੇਖਤਾ ਹੈ (ਤਤ) ਸੋ ਹੇ ਸੰਤਹੁ ਕੋਈ ਕ੍ਰੋੜਾਂ ਬੀਚ ਹੈ ॥ ੨ ॥

ਕਹਨ ਕਹਾਵਨ ਇਹੁ ਕੀਰਤਿ ਕਰਲਾ ॥

Digitized by Panjab Digital Library | www.panjabdigilib.org

ਪਰਮੇਸ੍ਰਰ ਕੀ ਕੀਰਤੀ ਕੋ ਆਪ ਕਹਨਾ ਔਰੋਂ ਸੇ ਕਹਾਵਨਾ ਇਹ ਕਾਮ (ਕਰਲਾ) ਕਰੜਾ ਹੈ ਬਜਾਕਰਣ ਕੀ ਰੀਤੀ ਸੇ ਲਕਾਰ ਕਾ ਝਕਾਰ ਬਨਤਾ ਹੈ ਵਾ ਨਿਸ ਪਾਪ ਹੋਕਰ ਪਰਮੇਸਰ ਕੀਆਂ ਕਥਾ ਉਚਾਰਨੇ ਸੇ ਮੁਕਤ ਕੋਈ ਵਿਰਲਾ ਗੁਰਮੁਖਿਹੀ ਹੂਆ ਹੈ ਵਾ ਅਪਨੀ ਕੀਰਤਨ ਕਾ ਕਹਨਾ ਔਰ ਕਹਾਵਨਾ ਜੋ ਹੈ ਇਹ ਤੋ ਪੂਜਾਵਨੇ ਕਾ (ਕਰਲਾ) ਰਸਤਾ ਬਨ ਰਹਾ ਹੈ ॥

ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥ ੩ ॥

ਇਸ ਅਪਨੀ ਉਸਤਤੀ ਕੀ ਕਥਨੀ ਕੋ ਕਹਨੇ ਸੇ ਕੋਈ ਵਿਰਲ ਗੁਰਮੁਖਿ ਮੁਕਤ ਹੋਤਾ ਹੈ ਭਾਵ ਰਹਤ ਹੋਤਾ ਹੈ ॥ ੩ ॥

ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥

ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ॥ ੪ ॥ ੨੬ ॥ ੯੬ ॥

ਗਤਿ ਅਵਗਤਿ ਜਾਣਾ ਆਉਣਾ ਵਾ ਮੋਖ ਬੰਧ ਤਿਸ ਵਿਖੇ ਕੁਛ ਬੀ ਨਹੀਂ ਦੇਖਿਆ ਜਦ ਸੰਤਾਂ ਦੀ ਚਰਣ ਧੂਰੀ ਹੋ ਕਰਕੇ ਤਿਨ ਕੇ ਦਾਨ ਦੀਏ ਹੂਏ ਨੂੰ ਪਾਇਆ ਭਾਵ ਪਰਮੇਸਰ ਕੋ ਜਾਣਿਆ ਹੈ ॥ ੪ ॥ ੨੬ ॥੯੬॥

ਸਿਰੀ ਰਾਗੁ ਮਹਲਾ ੫ ਘਰੁ ੭ ॥

ਸ੍ਰੀ ਗੁਰੂਜੀ ਹਰਿ ਮੰਦਰ ਜੀ ਕੇ ਪ੍ਰਾਰੰਭ ਕਰਨ ਸਮੇ ਨਿਰਬਿਘਨ ਸਮਾਪਤੀ ਅਰਥ ਪਰਮੇਸ੍ਰਰ ਪਾਸ ਪ੍ਰਾਰਥਨਾ ਔਰ ਸੰਤੋਂ ਕੋ ਭਗਤਿ ਕਾ ਉਪਦੇਸ਼ ਰੂਪ ਸਬਦ ਉਚਾਰਨ ਕਰਤੇ ਹੈਂ

ਤੇਰੈ ਭਰੋਸੈ ਪਿਆਰੇ ਮੈ ਲਾਡੁ ਲਡਾਇਆ ॥

ਹੇ ਪਯਾਰੇ ਮੈ ਤੇਰੇ ਭਰੋਸੇ ਕਰਕੇ (ਲਾਡੁ) ਪਯਾਰ (ਲਡਾਇਆ) ਕਰਿਆ ਹੈ ਭਾਵ ਜੋ ਹਰੀ ਮੰਦਰ ਕਾ ਪ੍ਰਾਰੰਭੁ ਕੀਆ ਹੈ ਵਾ ਭਗਤੀ ਕਾ ਪ੍ਰਾਰੰਭ ਕੀਆ ਹੈ ॥

ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ ੧ ॥

ਜੇਕਰ ਹਮ ਬਾਲਕ ਸੰਸਾਰ ਕੇ ਪਦਾਰਥੋਂ ਮੇ ਭਰਮ ਕਰਕੇ ਤੇਰੇ ਸਰੂਪ ਸੇ (ਭੂਲਹਿ) ਭੂਲ ਜਾਵੇਂ ਔਰ ਤੇਰੇ ਸਿਮਰਨ ਤੇ (ਚੂਕਹਿ) ਰਹਤ ਹੋ ਜਾਵੇ ਤੋ ਭੀ ਹਰੀ ਤੂੰ ਮਾਤਾ ਪਿਤਾ ਵਤ ਬਖਸ਼ਨੇ ਵਾਲਾ ਹੈਂ ॥

ਸੁਹੇਲਾ ਕਹਨੁ ਕਹਾਵਨੁ ਤੇਰਾ ਬਿਖਮੁ ਭਾਵਨੁ ॥ ੧ ਰਹਾਉ ॥

ਹੇ ਭਗਵਨ ਸ਼ਾਸਤ੍ਰਾਂ ਦ੍ਵਾਰੇ ਤੇਰੇ ਜਸ ਕਾ ਕਹਨਾ ਅਰ ਔਰੋਂ ਸੇ ਕਹਾਵਨਾ ਸੁਖਾਲਾ ਹੈ ਪਰੰਤੁ ਤੇਰਾ ਭਾਣਾ ਮੰਨਣਾ (ਬਿਖਮੁ) ਕਠਨ ਹੈ ॥ ੧ ॥

Digitized by Panjab Digital Library | www.panjabdigilib.org

ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥

ਮੈਂ (ਮਾਣੁ) ਆਦਰੁ ਔਰ (ਤਾਣੁ) ਬਲੁ ਤੇਰਾ ਹੀ ਧਾਰਨ ਕਰਤਾ ਹੂੰ ਕਿਉਂ ਕਿ ਮੈਂ ਹੇ ਸ੍ਵਾਮੀ ਤੇਰੇ ਕੋ ਆਪਣਾ ਜਾਣਤਾ ਹੂੰ ॥ ਯਥਾ ॥ ਆਪਨੇ ਪੈ ਮਾਨੁ ਆਪਨੇ ਪੈ ਤਾਨਾ ਅਪਨੇ ਹੀ ਪੈ ਅਰਥਾ। ਅਪਨੇ ਪੈ ਦੂਖ ਅਪਨੇ ਪੈ ਸੂਖਾ ਅਪਨੇ ਹੀ ਪੈ ਬਿਰਥਾ ਜਾਹੂ ਕਾਹੂ ਆਪਨੋ ਹੀ ਚਿਤ ਆਵੈ ॥

ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ ੨ ॥

ਹੇ ਪਿਤਾ ਤੂੰ ਸਭ ਵਿਖੇ ਬਿਆਪਕੁ ਹੈਂ ਔਰ ਸਰਬ ਤੇ ਅਸੰਗ ਹੈਂ ਔਰ (ਬੇਮੁਹਤਾਜ) ਕਿਸੀ ਕੇ ਅਧੀਨ ਨਹੀਂ ਭਾਵ ਯਹਿ ਕਿ ਸੁਤੰਤ੍ਰ ਹੈਂ ॥ ੨ ॥

ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ॥

ਹੇ ਪ੍ਰਮੇਸ੍ਵਰ ਮੈਂ ਜੀਵ ਨਹੀ ਜਾਨ ਸਕਤਾ ਤਰੀ ਪ੍ਰਾਪਤੀ ਮੈਂ ਕੌਣਸੀ ਜੁਗਤ ਪ੍ਰਧਾਨ ਹੈ ॥

ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥

ਹੇ ਮਹਾਰਾਜ ਤੂੰ ਅਵਿਦਕ ਬੰਧਨਤਾ ਸੇ ਰਹਤ ਹੈਂ ਮੇਰੀ ਸੰਤ ਜਨੋ ਕੇ ਸਮ ਮਮਤਾ ਰਾਖਤਾ ਹੈਂ ਭਾਵ ਯਹ ਕਿ ਪ੍ਰਹਲਾਦ ਆਦਿਕੋਂ ਵਤ ਮੇਰੇ ਕੋ ਆਪਨਾ ਜਾਨਤਾ ਹੈਂ ਵਾ ਬੰਧਨਾ ਸੇ ਮੁਕਤ ਜੋ ਸੰਤ ਹੈਂ ਕਿਰਪਾ ਕਰਕੇ ਮੇਰੀ ਤਿਨ ਮੈਂ ਮਮਤਾ ਰਾਖਤਾ ਹੈ ਵਾ ਹੰਤਾ ਮਮਤਾ ਤੇ ਮੇਰੀ ਰਖਿਆ ਕਰਤਾ ਹੈਂ।

ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥

ਹੇ ਠਾਕੁਰ ਜਬ ਆਪ ਮੇਰੇ ਪਰ ਕ੍ਰਿਪਾਲ ਹੂਏ ਤਬ ਹਮ (ਆਵਣ) ਜਨਮ (ਜਾਣਾ) ਮਰਨ ਸੇ ਰਹਤ ਹੂਏ ਹੈਂ ॥

ਰਲਿ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ੪ ॥ ੨੭ ॥ ੯੭ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਪਾਰਬ੍ਰਹਮ ਗੁਰੋਂ ਕੋ ਮਿਲ ਕਰ ਮੈਂ ਤੇਰੇ ਕੋ ਬਿਆਪਕ ਰੂਪ ਕਰਕੇ ਪਛਾਣਿਆਹੈ॥੪॥੨੭॥੯੭॥

ਸਿਰੀ ਰਾਗੁ ਮਹਲਾ ੫ ਘਰੁ ੧ ॥

ਸੰਤਜਨਾ ਮਿਲਿ ਭਾਈਆ ਕਟਿਅੜਾ ਜਮ ਕਾਲੁ ॥

ਬੇਨਤੀ॥ਸੰਤ ਜਨਾ ਭਾਈਓਂ ਕੇ ਸਾਥ ਮਿਲ ਕਰਕੇ(ਜਮ)ਜਨਮ(ਕਾਲੁ)ਮਰਨੁ ਕਾਟ ਦੀਆ ਹੈ ਵਾ ਕਾਲ ਕੋ(ਜਮ)ਮੂਲ ਤੇ

Digitized by Panjab Digital Library | www.panjabdigilib.org

ਹੀ ਨਾਸ ਕਰ ਦੀਆ ਹੈ। ਭਾਵ ਯਹਿ ਕਿ ਜਨਮ ਮਰਨ ਸੇ ਰਹਤ ਹੁਆ ਹੂੰ ॥

ਸਾਚਾ ਸਾਹਿਬੁ ਮਨਿ ਵੁਠਾ ਹੋਆ ਖਸਮੁ ਦਇਆਲੁ ॥

ਜਬ ਸਾਚਾ ਸਾਹਿਬੁ ਮਨ ਮੇਂ (ਵੁਠਾ) ਵਸਿਆ ਹੈ ਤਬ ਵਹੁ (ਖਸਮੁ) ਮਾਲਕ ਪਰਮੇਸ੍ਵਰ ਦਿਆਲ ਹੁਆ ਹੈ ॥

ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ ॥ ੧ ॥

ਪਰੰਤੂ ਜਿਨ੍ਹੋਂ ਕੋ ਹੇ ਪੂਰਨ ਸਤਿਗੁਰ ਆਪ (ਭੇਟਿਆ) ਮਿਲਾ ਹੈ ਤਬ ਤਿਨ੍ਹੋਂ ਕਾ ਸਰਬ (ਜੰਜਾਲੁ) ਬੰਧਨੁ (ਬਿਨਿਸਿਆ) ਨਿਵਰਤ ਹੁਆ ਹੈ ॥ ੧ ॥

ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ। ਤੇਰੇ ਦਰਸਨ ਕਉ
ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ ॥ ੧ ॥ ਰਹਾਉ ॥

ਹੇ ਮੇਰੇ ਸਤਿਗੁਰ ਮੈਂ ਤੇਰੇ ਉਪਰ ਸੇ ਕੁਰਬਾਨ ਜਾਤਾ ਹੂੰ ਤੇਰੇ ਦਰਸਨ ਕੋ ਬਲਹਾਰਣੇ ਜਾਤਾ ਹੂੰ ਕਿਉਂਕਿ ਤੈਨੇ ਪ੍ਰਸਿੰਨ ਹੋਕਰ ਅੰਮ੍ਰਿਤ ਰੂਪੁ ਨਾਮੁ ਦੀਆ ਹੈ ॥ ੧ ॥

ਜਿਨਿ ਤੂੰ ਸੇਵਿਆ ਭਾਉ ਕਰਿ ਸੇਈ ਪੁਰਖ ਸੁਜਾਨ ॥

ਜਿਨ ਪੁਰਸੋਂ ਨੇ ਤੇਰੇ ਕੋ ਪ੍ਰੇਮ ਕਰਕੇ ਸੇਵਨ ਕੀਆ ਹੈ ਸੋਈ ਚਤਰ ਹੈਂ ॥

ਤਿਨਾ ਪਿਛੈ ਛੁਟੀਐ ਜਿਨਿ ਅੰਦਰਿ ਨਾਮੁ ਨਿਧਾਨੁ ॥

ਜਿਨਕੇ ਰਿਦੇ ਮੇ ਨਾਮ ਰੂਪੀ (ਨਿਧਾਨੁ) ਖਜਾਨਾ ਹੈ ਤਿਨ ਪੁਰਸੋਂ ਕੇ (ਪਿਛੈ) ਸਰਣ ਲੈਣੇ ਕਰ ਸੰਸਾਰ ਬੰਧਨਾਂ ਸੇ ਛੂਟੀਤਾ ਹੈ ॥

ਗੁਰੁ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ ॥ ੨ ॥

ਗੁਰੂ ਜੈਸਾ ਵਡਾ ਦਾਤਾ ਕੋਈ ਨਹੀਂ ਜਿਸਨੇ ਆਤਮ ਦਾਨੁ ਦੀਆ ਹੈ ਭਾਵ ਯਹਿ ਕਿ ਜਗਜਾਸੂਆਂ ਕੋ ਸਰੂਪ ਕੀ ਗਜਾਤ ਕਰਵਾ ਦਈ ਹੈ ॥ ੨ ॥

ਆਏ ਸੇ ਪਰਵਾਣੁ ਹਹਿ ਜਿਨਿ ਗੁਰੁ ਮਿਲਿਆ ਸੁਭਾਇ ॥

ਜਿਨ੍ਹੋਂ ਕੋ ਗੁਰੂ ਸੁਸਰੂ ਪ੍ਰੇਮ ਸੇ ਮਿਲਿਆ ਹੈ ਸੋਈ ਪੁਰਸ ਸੰਸਾਰ ਮੇਂ ਆਏ ਪ੍ਰਵਾਣੁ ਹੈਂ ॥

Digitized by Panjab Digital Library | www.panjabdigilib.org

ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥

ਜੋ ਸਚੇ ਵਾਹਿਗੁਰੂ ਸੇ (ਰਤਿਆ) ਰੰਗਤ ਹੂਏ ਹੋਂ ਤਿਨਕੋ ਸਤਕਾਰ ਪੂਰਬਕ ਦਰਗਾਹ ਮੇਂ ਬੈਠਣੇ ਕੋ ਜਗਾ ਮਿਲਤੀ ਹੈ॥

ਕਰਤੇ ਹਥਿ ਵਡਿਆਈਆ ਪੂਰਬਿ ਲਿਖਿਆ ਪਾਇ॥੩॥

ਏਹ ਸਭ ਵਡਿਆਈਆਂ (ਕਰਤੇ) ਪਰਮੇਸ੍ਵਰਕੇ ਹਾਥ ਮੇਂ ਹੈਂ ਪਰੰਤੂ ਪੂਰਬਲਾ ਲਿਖਿਆ ਹੋਵੇ ਤਾਂ ਪ੍ਰਾਪਤਿ ਹੋਤੀਆਂ ਹੈਂ॥੩॥

ਸਚੁ ਕਰਤਾ ਸਚੁ ਕਰਣ ਹਾਰੁ ਸਚੁ ਸਾਹਿਬੁ ਸਚੁ ਟੇਕ ॥

ਪੀਛੇ ਭੀ (ਸਚੁ) ਪਰਮੇਸ੍ਵਰ ਕਰਤਾ ਥਾ ਔਰ ਸੋਈ ਸਚੁ ਰੂਪ ਅਬ ਸ੍ਰਿਟੀ ਕੋ ਕਰਨੇ ਹਾਰਾ ਹੈ ਸੋਈ ਸਚਾ ਸਾਹਿਬੁ ਭਵਿਖਤ ਮੇਂ ਕਰੇਗਾ ਔਰ ਤਿਸਕਾ ਸਚਾ ਹੀ (ਟੇਕ)ਆਸਰਾ ਹੈ ॥

ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ॥

ਜੋ ਸਰਬ ਕਾਲ ਮੇਂ ਸਚੁ ਰੂਪ ਹੋ ਤਿਸਕੀ ਜਬ ਉਸਤਤੀ ਕਰੀਏ ਤਬ ਬੁਧੀ ਵਿਖੇ (ਸਚਾ ਬਿਬੇਕ) ਆਤਮ ਵੀਚਾਰ ਪ੍ਰਾਪਤ ਹੋਤਾ ਹੈ ॥

ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕੁ ॥ ੪ ॥ ੨੮ ॥ ੯੮ ॥

ਸ੍ਰੀ ਗੁਰੂਜੀ ਕਹਿਤੇ ਹੈਂ ਜੋ ਸਰਬ ਬਨ ਤ੍ਰਿਨ ਮੇਂ ਅੰਤਰੇ ਸੇ ਰਹਿਤ ਹੋਕਰ ਰਮਿਆ ਹੁਆ ਹੈ ਯਥਾ (ਬਨ ਤ੍ਰਿਨ ਪਰਬਤ ਹੈ ਪਾਰਬ੍ਰਹਮ) ਤਿਸ ਏਕ ਕੋ ਜਪ ਕਰ ਜੀਵਤਾ ਹੂੰ ॥ ੪ ॥ ੨੮ ॥ ੯੮ ॥

ਸਿਰੀ ਰਾਗੁ ਮਹਲਾ ੫ ॥ ੳਪਦੇਸੁ ॥ ਗੁਰ ਪਰਮੇਸਰ ਪੂਜੀਐ ਮਨਿ ਤਨਿ ਲਾਇ ਪਿਆਰੁ॥

ਹੇ ਭਾਈ ਗੁਰੋਂ ਕੋ ਪਰਮੇਸ੍ਵਰ ਜਾਣ ਕਰ ਔਰ ਮਨ ਤਨ ਕਾ ਪਿਆਰ ਲਗਾਇ ਕਰ ਪੂਜੀਐ ॥

ਸਤਿਗੁਰ ਦਾਤਾ ਜੀਅ ਕਾ ਸਭਸੈ ਦਇ ਅਧਾਰੁ ॥

ਕਿਉਂਕਿ ਸਤਿਗੁਰ ਜੀਵ ਕਾ ਦਾਤਾ ਹੈ ਕਾਵ ਏਹ ਕਿ ਜੀਵ ਕੋ ਚੌਰਾਸੀ ਸੇ ਛੁਡਾਵਣੇ ਵਾਲਾ ਹੈ ਔਰ ਸਭ ਕਿਸੀ ਕੋ ਆਸਰਾ ਦੇਤਾ ਹੈ ॥

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥

ਤਾਂਤੇ ਸਤਿਗੁਰੋਂ ਕੇ ਬਚਨ ਜੋ (ਕਮਾਵਣੇ) ਧਾਰਨੇ ਹੋਂ ਏਹੀ ਸਚਾ ਵੀਚਾਰ ਹੈ ॥

Digitized by Panjab Digital Library | www.panjabdigilib.org

ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ ॥ ੧ ॥

ਸੰਤੋਂ ਕੀ ਸੰਗਤ ਮੇ (ਰਤਿਆ) ਰੰਗਿਆਂ ਸੇ ਬਿਨਾਂ ਜੋ ਮਾਇਆ ਮੈ ਮੋਹੁ ਕਰਨਾ ਹੈ ਸੋ ਸਬ (ਛਾਰੁ) ਭਸਮ ਰੂਪ ਹੈ ॥ ੧ ॥

ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥ ਸਾਧੂ ਸੰਗਤਿ
ਮਨਿ ਵਸੈ ਪੂਰਨ ਹੋਵੈ ਘਾਲ ॥ ੧ ॥ ਰਹਾਉ ॥

ਹੇ ਮੇਰੇ ਪਿਆਰੇ ਹਰਿ ਹਰਿ ਨਾਮ ਕੋ ਯਾਦ ਕਰ ਪਰੰਤੂ ਜਬ ਸੰਤੋਂ ਕੀ ਸੰਗਤ ਕਰਨੇ ਕਰ ਹਰੀ ਕਾ ਨਾਮ ਮਨ ਮੈ ਵਸੇ ਤਬ ਤੇਰੀ ਕਰਣੀ ਪੂਰੀ ਹੋਵੇ ਭਾਵ ਏਹ ਕਿ ਫੇਰ ਕੁਛ ਕਰਤਬ ਕਰਨਾ ਨਹੀਂ ਰਹਤਾ ॥ ੧ ॥

ਗੁਰ ਸਮਰਥੁ ਅਪਾਰ ਗੁਰੁ ਵਡਭਾਗੀ ਦਰਸਨੁ ਹੋਇ ॥

ਗੁਰ (ਸਮਰਥੁ) ਸਰਬ ਸ਼ਕਤੀਵਾਨ ਹੈ ਔਰ ਗੁਰੂ ਪਰਮੇਸਰ ਰੂਪ ਹੋਣੇ ਕਰ (ਅਪਾਰ) ਪਾਰਾਵਾਰ ਸੇ ਰਹਤ ਹੈ ਪਰੰਤੂ ਵਡੇ ਭਾਗਾਂ ਵਾਲਿਓਂ ਕੋ ਦਰਸ਼ਨ ਹੋਤਾ ਹੈ ॥

ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥

ਪੁਨਾ ਗੁਰੋਂ ਕਾ ਸ੍ਵਰੂਪ (ਅਗੋਚਰ) ਇੰਦ੍ਰੀਓਂ ਸੇ ਪਰੇ ਹੈ ਔਰ (ਨਿਰਮਲਾ) ਮਾਯਾ ਅਵਿਦਯਾ ਮਲ ਸੇ ਰਹਤ ਹੈ ਭਾਵ ਏਹ ਗੁਰੋਂ ਕਾ ਸਰੂਪ ਸੁਧ ਹੈ ਗੁਰੋਂ ਜੈਸਾ ਵਡਾ ਔਰ ਕੋਈ ਨਹੀਂ ਹੈ ॥

ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥

ਪੀਛੇ ਭੀ ਗੁਰੂ ਕਰਤਾ ਥੇ ਅਬ ਭੀ ਗੁਰੂ ਕਰਣਹਾਰ ਹੈ ਗੁਰੂ ਜੋ ਮੁਖਜ ਰੂਪ ਹੈਂ ਤਿਨਕੀ ਸਚੀ ਸੋਭਾ ਹੈ ॥

ਗੁਰ ਤੇ ਬਾਹਰਿ ਕਿਛੁ ਨਹੀ ਗੁਰ ਕੀਤਾ ਲੋੜੈ ਸੁ ਹੋਇ ॥ ੨ ॥

ਕੋਈ ਵਸਤ ਗੁਰੋਂ ਸੇ ਬਾਹਰ ਨਹੀਂ ਹੈ ਜੋ ਗੁਰੂ ਕੀਆ ਚਾਹੇ ਸੋ ਹੋਤਾ ਹੈ॥ ੨ ॥

ਗੁਰ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣ ਹਾਰੁ ॥

ਪੁਨਾ ਗੁਰੂ ਤੀਰਥ ਵਤ ਪਵਿਤ੍ਰ ਕਰਨੇ ਵਾਲੇ ਹੈਂ ਔਰ ਕਲਪ ਬ੍ਰਿਛ ਰੂਪ ਮਨੋਂ ਕਾਮਨਾ ਕੋ ਦੇਨੇ ਵਾਲੇ ਹੈਂ ਔਰ ਗੁਰੂ ਮੋਖਾਦੀ ਸਰਬ (ਮਨਸਾ) ਇਛਾ ਕੋ ਪੂਰਨ ਕਰਨ ਵਾਲੇ ਹੈਂ ॥

ਗੁਰ ਦਾਤਾ ਹਰਿਨਾਮੁ ਦੇਇ ਉਧਰੈ ਸਭੁ ਸੰਸਾਰੁ ॥

Digitized by Panjab Digital Library | www.panjabdigilib.org

ਗੁਰੂ ਜੋ ਸਰਬ ਪਦਾਰਥੋਂ ਕੇ ਦਾਤਾ ਹੈਂ ਜੋ ਹਰੀ ਕਾ ਨਾਮੁ ਦੇਵੈਂ ਤੋ ਜੀਵ ਸਭ ਸੰਸਾਰ ਕੇ ਬੰਧਨਾਂ ਸੇ (ਉਧਰੇ) ਨਿਕਸੇ ॥

ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥

ਗੁਰੂ ਸਮਰਥ ਹੈਂ ਗੁਰੂ ਨਿਰੰਕਾਰ ਰੂਪ ਹੈਂ ਔਰ ਗੁਰੂ ਬ੍ਰਹਮਾਦਿਕੋਂ ਸੇ ਊਚੇ ਹੈਂ ਔਰ(ਅਗਮ) ਮਨ ਬਾਣੀ ਤਿਸ ਗੁਰੂ ਸਰੂਪ ਮੈਂ ਪ੍ਰਾਪਤਿ ਨਹੀਂ ਹੋਤੀ ਔਰ (ਅਪਾਰ) ਪਾਰ ਉਰਾਰ ਸੇ ਰਹਿਤ ਹੈਂ ॥

ਗੁਰ ਕੀ ਮਹਿਮਾ ਅਗਮ ਹੈ ਕਿਆ ਕਥੈ ਕਥਨਹਾਰੁ ॥ ੩ ॥

ਯਾਤੇ ਗੁਰੋਂ ਕੀ ਉਪਮਾ (ਅਗਮ) ਮਨ ਬਾਣੀ ਕਾ ਅਵਿਸੇ ਹੈ ਕਥਨ ਵਾਲਾ ਕਿਆ ਕਥਨ ਕਰੇ ॥ ੩ ॥

ਜਿਤੜੇ ਫਲ ਮਨਿ ਵਾਛੀਅਹਿ ਤਿਤੜੇ ਸਤਿਗੁਰ ਪਾਸਿ ॥

ਹੇ (ਮਨਿ) ਪਯਾਰੇ ਜਿਤਨੇ ਫਲ (ਵਾਛੀਅਹਿ) ਚਾਹੀਏ (ਤਿਤੜੇ) ਉਤਨੇ ਹੀ ਗੁਰੋਂ ਕੇ ਪਾਸ ਹੈਂ ਭਾਵ ਯਹਿ ਕਿ ਮਨ ਵਾਂਛਤ ਕੇ ਦੇਣੇ ਵਾਲੇ ਹੈਂ ॥

ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ ॥

ਪਰੰਤੂ ਪੂਰਬ ਜਨਮ ਕੇ ਪੁੰਨ ਲੇਖ ਲਿਖੇ ਕੇ ਅਨੁਸਾਰ ਗੁਰੂ ਵਾ ਫਲ ਪਾਵਣੇ ਹੋਤੇ ਹੈਂ ਜੇਕਰ ਸ੍ਰਧਾ ਰੂਪੀ (ਰਾਸਿ) ਪੂੰਜੀ ਹੋਵੈ ਤੋ ਸਚਾ ਨਾਮ ਭੀ ਗੁਰੂ ਹੀ ਦੇਤੇ ਹੈਂ ਵਾ ਸਚ ਨਾਮ ਕੀ ਪੂੰਜੀ ਭੀ ਗੁਰੂਹੀ ਦੇਤੇ ਹੈਂ ॥

ਸਤਿਗੁਰ ਸਰਣੀ ਆਇਆ ਬਾਹੁੜਿ ਨਹੀ ਬਿਨਾਸੁ ॥

ਸਤਿਗੁਰੋਂ ਕੀ ਸਰਣੀ ਆਇਆਂ ਹੋਇਆਂ (ਬਹੁੜਿ) ਫਰ (ਬਿਨਾਸੁ) ਜਨਮੁ ਮਰਨੁ ਨਹੀ ਹੋਤਾ ॥

ਹਰਿ ਨਾਨਕ ਕਦੇ ਨ ਵਿਸਰਉ ਇਹੁ ਜੀਉ ਪਿੰਡੁ ਤੇਰਾ ਸਾਸੁ ॥ ੪ ॥ ੨੯ ॥ ੯੯ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਭਾਈ ਐਸੇ ਪ੍ਰਾਰਥਨਾ ਕਰੋ ਹੇ ਹਰੀ ਆਪ ਕਾ ਨਾਮ ਮੇਰੇ ਕੋ ਕਬੀ ਨ ਵੀਸਰੇ ਏਹੁ ਜੀਉ ਪਿੰਡੁ ਸਾਸੁ ਸਭ ਤੇਰਾ ਹੀ ਦੀਆ ਹੁਆ ਹੈ ॥ ੪ ॥ ੨੯ ॥ ੯੯ ॥

ਸਿਰੀ ਰਾਗੁ ਮਹਲਾ ੫ ॥ ਸੰਤਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ ॥

ਉਪਦੇਸ਼। ਹੇ ਕਾਈ ਸੰਤਜਨੋ ਸ੍ਰਵਣ ਕਰੋ ਸੰਸਾਰ ਬੰਧਨਾ ਸੇ ਛੁਟਨਾ ਸਾਚ ਨਾਮ ਕਰ ਹੋਤਾ ਹੈ ॥

ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥

ਜਬ ਗੁਰੋਂ ਕੇ ਚਰਣ ਸੇਵਨੇ ਕਰੀਏ ਤਬ ਤੀਰਥ ਰੂਪੁ ਪਵਿਤ੍ਰ ਹਰੀ ਨਾਮ ਪ੍ਰਾਪਤਿ ਹੋਤਾ ਹੈ ॥

Digitized by Panjab Digital Library | www.panjabdigilib.org

ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੈ ਥਾਉ ॥ ੧ ॥

ਔਰ (ਆਗੈ ਦਰਗਹਿ) ਵਾਹਿਗੁਰੂ ਕੇ ਦਰਬਾਰ ਮੇਂ ਨਾਮ ਕਰਕੇ (ਮੰਨੀਐਂ) ਮਾਨੀਕ ਹੋਤਾ ਹੈ ਔਰ ਨਾਮ ਕਰਕੇ ਹੀ (ਨਿਥਾਵੇ) ਸੈਂ ਸਰੂਪ ਸੇ ਭੂਲੇ ਹੂਏ ਕੋ (ਥਾਉ) ਸਰੂਪ ਕੀ ਪ੍ਰਾਪਤੀ ਹੋਤੀ ਹੈ ॥

ਭਾਈ ਰੇ ਸਾਚੀ ਸਤਿਗੁਰਿ ਸੇਵ ॥ ਸਤਿਗੁਰਿ ਤੁਠੈ
ਪਾਈਐ ਪੂਰਨ ਅਲਖ ਅਭੇਵ ॥ ੧ ॥ ਰਹਾਉ ॥

ਹੇ ਭਾਈ ਸਤਿਗੁਰੋਂ ਕੀ ਸੇਵਾ ਸਚੀ ਹੈ ਕਿਉਂਕਿ ਸਤਿਗੁਰੋਂ ਕੇ (ਤੁਠੈ) ਪ੍ਰਸੰਨ ਹੋਣੇ ਸੇ ਪੂਰਨ ਅਲਖ ਅਭੇਵ ਰੂਪੁ ਪਰਮਾਤਮਾ ਕੋ ਪਾਈਤਾ ਹੈ ॥ ੧ ॥

ਸਤਿਗੁਰ ਵਿਟਹੁ ਵਾਰਿਆ ਜਿਨ ਦਿਤਾ ਸਚੁ ਨਾਉ ॥

ਤਿਨ ਸਤਿਗੁਰੋਂ ਕੇ ਊਪਰ ਸੇ ਵਾਰਨੇ ਜਾਤਾ ਹੂੰ ਜਿਨ੍ਹੋਂ ਨੇ ਸਚਾ ਨਾਮੁ ਦੀਆ ਹੈ ॥

ਅਨਦਿਨੁ ਸਚੁ ਸਲਾਹਣਾ ਸਚੇ ਕੇ ਗੁਣ ਗਾਉ ॥

ਹੇ ਭਾਈ ਰਾਤ ਦਿਨ (ਸਚ) ਪਰਮੇਸ੍ਵਰ ਕੋ ਸਲਾਹਣਾ ਕਰੀਏ ਔਰ ਰਾਤੋਂ ਕੇ ਬੀਚ ਪਾਕਰ ਸਚੇ ਕੇ ਹੀ ਗੁਣੋਂ ਕੋ ਗਾਇਨ ਕਰੀਏ ॥

ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ ॥ ੨ ॥

ਤਿਨ੍ਹੋਂ ਕਾ ਖਾਣਾ ਭੀ (ਸਚੁ) ਸਫਲ ਔਰ ਬਸਤ੍ਰੋਂ ਕਾ ਪੈਨਣਾ ਭੀ ਸਫਲ ਹੈ ਜਿਨੋਂ ਨੇ ਸਚਾ ਨਾਮੁ ਜਪਿਆ ਹੈ ਅਰ ਸੋ ਸਚੇ ਹੈਂ ॥ ੨ ॥

ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ ॥

ਸਾਸਿ ਜੋ ਪ੍ਰਾਣ ਬਾਹਰ ਆਵਤਾ ਹੈ ਔਰ (ਗਰਾਸ) ਅੰਦਰ ਕੋ ਜਾਤਾ ਹੈ ਜੋ ਆਪ ਗੁਰੂ ਸਫਲ ਮੂਰਤ ਹੈ ਸੋ ਸਾਸ ਗਰਾਸ ਨ ਭੂਲੇ ॥

ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ ॥

ਗੁਰੂ ਜੈਸਾ ਵਡਾ ਔਰ ਕੋਈ ਦ੍ਰਿਸਟ ਨਹੀਂ ਆਵਤਾ ਹੈ ਆਠ ਪਹਿਰ ਤਿਸ ਗੁਰੂ ਕੋ ਜਪਨਾ ਕਰੋ ।

ਨਦਰਿ ਕਰੇ ਤਾ ਪਾਈਐ ਸਚੁ ਨਾਮੁ ਰੁਣਤਾਸਿ ॥ ੩ ॥

Digitized by Panjab Digital Library | www.panjabdigilib.org

ਕਿਉਂਕਿ ਜਬ ਗੁਰੂ ਕ੍ਰਿਪਾ ਦ੍ਰਿਸਟੀ ਕਰੇਂ ਤਬ ਗੁਣੋਂ ਕੋ (ਤਾਸਿ) ਸਾਂਦਰ ਪਰਮੇਸ੍ਰ ਕਾ ਸਚਾ ਨਾਮੁ ਪਾਈਤਾ ਹੈ॥ ਵਾ ਨਾਮ ਔ ਤਿਸਕੇ ਗੁਣ ਪਾਈਤੇ ਹੈਂ॥ ੩ ॥

ਗੁਰ ਪਰਮੇਸਰੁ ਏਕੁ ਹੈ ਸਭਿ ਮਹਿ ਰਹਿਆ ਸਮਾਇ॥

ਗੁਰੂ ਔਰ ਪਰਮੇਸ੍ਰ ਏਕ ਰੂਪ ਹੀ ਹੈਂ ਗੁਰੋਂ ਕਾ ਜਸੁ ਸਭ ਮੈਂ ਸਮਾਇ ਰਹਾ ਹੈ॥

ਜਿਨਕਉ ਪੂਰਬ ਲਿਖਿਆ ਸੇਈ ਨਾਮੁ ਧਿਆਇ॥

ਜਿਨ ਪੁਰਸ਼ੋਂ ਕੋ ਪੂਰਬ ਪੁੰਨੋਂ ਕਰ ਨਾਮ ਪ੍ਰਾਪਤਿ ਹੋਨਾ ਲਿਖਾ ਹੈ ਸੋਈ ਨਾਮ ਕੋ ਧਿਆਉਤੇ ਹੈਂ॥

ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ॥ ੪॥ ੩੦॥੧੦੦॥

ਸ੍ਰੀ ਗੁਰੂਜੀ ਕਹਿਤੇ ਹੈਂ ਜੋ ਪੁਰਸ਼ ਗੁਰੋਂ ਕੀ ਸਰਣ ਮੈਂ ਪ੍ਰਾਪਤਿ ਭਏ ਹੈਂ ਸੋ ਮਰਕੇ ਜਾਤੇ ਨਹੀਂ ਜਨਮ ਕੋ ਆਵਤੇ ਨਹੀਂ॥ ੪ ॥ ੩੦॥ ੧੦੦ ॥

੧ ਓ ਸਤਿਗੁਰਪ੍ਰਸਾਦਿ ॥ ਸਿਰੀ ਰਾਗੁ ਮਹਲਾ ੧ ਘਰੁ ੧ ਅਸਟਪਦੀਆ॥

ਸ੍ਰੀ ਗੁਰੂਜੀ ਦਖਨ ਦੇਸ ਮੇ ਗਏ ਤਹਾਂ ਕਾਜੀ ਔਰ ਪੰਡਤ ਮਿਲ ਕਰ ਆਏ ਪ੍ਰਸਨ ਕੀਆ ਕਿ ਹੇ ਭਗਵਨ ਏਹ ਮਨ ਅਤੀ ਚੰਚਲ ਹੈ ਇਸਕੋ ਭਜਨ ਮੇ ਕੈਸੇ ਜੋੜੀਏ ਪੁਨਾ ਪਰਮੇਸ੍ਰ ਕਾ ਨਾਮੁ ਔਰ ਅਸਥਾਨ ਔਰ ਸ੍ਰੂਪ ਤਥਾ ਪ੍ਰਮਾਣ ਕਥਨ ਕਰੀਏ ਕਿ ਵਹੁ ਕਿਤਨਾਕੁ ਵਡਾ ਹੈ ਤਿਸ ਪਰ ਉਨਕੋ ਉਪਦੇਸ਼ ਸਹਤ ਪਰਮੇਸਰ ਅਰੋ ਬੇਨਤੀ ਸ੍ਰੀ ਗੁਰੂਜੀ ਨੇ ਅਸਟਪਦੀ ਮੈ ਉਚਾਰਨ ਕਰੀ॥

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ॥

ਹੇ ਭਾਈ ਜਨੋਂ ਪਰਮੇਸ੍ਰ ਕੇ ਜਸ ਕੋ (ਆਖ ਆਖ) ਕਥਨ ਕਰ ਕਰ ਕੇ ਮਨ ਕੇ ਪਾਸੋਂ ਉਚਾਰਣ ਕਰਵਾਈਏ (ਜਿਉਜਿਉ) ਜਿਸ ਜਿਸ ਪ੍ਰਕਾਰ ਗਾਇਨ ਕਰਨਾ(ਜਾਪੈ) ਜਾਨੇ ਈਹਾਂ ਜਸ ਕਾ ਅਧਜਾਹਾਰੁ ਹੈ॥

ਜਿਸਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ॥

ਯਹ ਜੋ ਤੁਮ ਕਹਤੇ ਹੋ ਕਿ ਜਿਸਨੋ (ਵਾਇ) ਗਾਇਨ ਕਰਕੇ ਸੁਨਾਈਏ ਸੋ (ਕੇਵਡੁ) ਕਿਤਨਾ ਕੁ ਵਡਾ ਹੈ ਔਰ ਕਿਸ ਅਸਥਾਨ ਰਹਤਾ ਹੈ॥

Digitized by Panjab Digital Library | www.panjabdigilib.org

ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥ ੧ ॥

ਸੋ ਐਸੇ ਹੈਂ ਪਰਮੇਸ਼ੁਰ ਕਾ ਜਸ ਕਥਨ ਕਰਨੇ ਵਾਲੇ ਜਿਤਨੇ ਹੈਂ ਸੋ ਸਭ (ਲਿਵ) ਮਨ ਕੀ ਬ੍ਰਿਤੀ ਕੋ ਲਗਾਇ ਕਰ ਕਥਨ ਕਰ ਰਹੇ ਹੈਂ ਪਰੰਤੂ ਤਿਸਕਾ ਅੰਤ ਨਹੀਂ ਪਾਇਆ ਹੈ ॥ ੧ ॥

ਬਾਬਾ ਅਲਹੁ ਅਗਮ ਅਪਾਰੁ ॥ ਪਾਕੀ ਨਾਈ ਪਾਕ
ਥਾਇ ਸਚਾ ਪਰਵਦਿਗਾਰੁ ॥ ੧ ॥ ਰਹਾਉ ॥

(ਬਾਬਾ) ਹੇ ਭਾਈ ਸੋ ਪਰਮੇਸ਼ੁਰ ਕੈਸਾ ਹੈ (ਅਲਹੁ) ਅਲਖ ਹੈ ਪੁਨਾ ਅਗੰਮ ਹੈ ਔਰ ਪਾਰ ਉਰਵਾਰ ਸੇ ਰਹਿਤ ਹੈ ਭਾਵ ਏਹ ਕਿ ਮਨ ਬਾਣੀ ਕਾ ਅਵਿਸਯ ਹੈ ਔਰ ਵੇਦ ਜਿਸਕੋ ਨੇਤਿ ਨੇਤਿ ਕਥਨ ਕਰਤੇ ਹੈਂ ਯਾਂਤ ਲਛਨਾਂ ਬ੍ਰਿਤੀ ਕਰਕੇ ਜਾਨਣੇ ਯੋਗਜ ਹੈ ਪੁਨਾ (ਪਾਕੀਨਾਈ)ਪਵਿਤ੍ਰ ਹੈ ਤਿਸ ਕੀ ਵਡਿਆਈ ਵਾ ਨਾਮ ਤਿਸਕੇ ਔਰ (ਪਾਕ ਥਾਉ) ਪਵਿਤ੍ਰ ਹੀ ਜਿਸਕਾ ਅਸਥਾਨ ਹੈ ਵਈਕੁੰਠ ਵਾ ਸਤਿਸੰਗ ਪੁਨਾ ਸਚਾ ਹੈ ਔਰ ਸਰਬ ਕੀ (ਪਰਵਦਿਗਾਰ) ਪਾਲਨਾ ਕਰਨੇ ਵਾਲਾ ਹੈ ਤਾਂਤੇ ਐਸੇ ਬੇਨਤੀ ਕਰੀਏ ॥ ੧ ॥

ਤੇਰਾ ਹੁਕਮ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥

ਹੇ ਪਰਮੇਸ਼ੁਰ ਤੇਰਾ ਹੁਕਮ ਨਹੀਂ(ਜਾਪੀ)ਜਾਨਿਆ ਜਾਤਾ ਕਿ(ਕੇਤੜਾ)ਕਿਤਨਾ ਹੈ ਪੁਨਾ ਲਿਖ ਕਰਕੇ ਭੀਕੋਈ ਨਹੀਂ ਜਾਨਤਾ ਹੈ ਕਦ ਚਿਤ ਐਸੇ ਅਸੰਕਾ ਹੋਇ ਕਿ ਸ਼ਾਇਰ ਲੋਗ ਤੋ ਕਹਿ ਸਕਤੇ ਹੋਵੇਂਗੇ ॥ ਤਿਸ ਕਾ ਸਮਾਧਾਨ ॥

ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥

ਹੇ ਭਾਈ (ਸਉ) ਪਦ ਅਨੇਕਤਾ ਕਾ ਵਾਚਕੁ ਹੈ ਸੋ ਜੇਕਰ ਅਨੰਤ(ਸਾਇਰ)ਕਬੀਸ਼ੁਰ ਭੀ ਇਕਤ੍ਰ ਕਰੀਏ ਤਉ ਭੀ ਪਰਮੇਸ਼ੁਰ ਕੇ ਜਸ ਕੀ (ਰੋਇ) ਸੋਭਾ ਕੋ ਏਕ ਤਿਲ ਮਾਤ੍ਰ ਭੀ ਨਹੀਂ ਪੁਜਾਇ ਸਕੇਂਗੇ ਵਾ(ਰੋਇ)ਯਤਨ ਕਰਕੇ ਅੰਤ ਕੋ ਰੋਤੇ ਹੈਂ ਕਿ ਹਮਾਰੀ ਪ੍ਰਤਗਯਾ ਮਿਥਿਆ ਭਈ ਹੈ ॥

ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥ ੨ ॥

ਤਿਸਕੀ ਕੀਮਤ ਕਿਸੀ ਨੇ ਨਹੀਂ ਪਾਈ ਸਭੁ ਸਾਸਤ੍ਰੋਂ ਦਾਰੇ (ਸੋਇ) ਸੋਭਾ ਕੋ ਸੁਣਿ ਸੁਣਿ ਕਰਕੇ ਕਥਨ ਕਰਤੇ ਹੈਂ ॥੨॥

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰ ਸਹੀਦ ॥

(ਪੀਰ) ਗੁਰੂ (ਪੈਕਾਮਰ) ਸੰਪ੍ਰਦਾਯ ਚਲਾਨੇ ਵਾਲੇ ਈਸਾ ਮਹੰਮਦ ਆਦਕ (ਸਾਲਕ) ਗਯਾਨਵਾਨ(ਸਾਦਿਕ) ਨਿਹਚੇਵਾਨ

Digitized by Panjab Digital Library | www.panjabdigilib.org

ਜਗਜਾਸੂ (ਸੁਹਦੇ) ਗਰੀਬੀ ਧਾਰਨੇ ਵਾਲੇ (ਸਹੀਦ) ਜੋ ਸਨਮੁਖ ਯੁਧ ਕਰਕੇ ਦੇਹ ਤਿਆਗਤੇ ਹੈਂ ਤਿਨ੍ਹਾਂ ਕੇ ਸਮੁਦਾਇ ॥

ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥

(ਸੇਖ) ਬਡੇ ਪੁਰਸ (ਮਸਾਇਕ) ਮਹੰਤ ਵਾ ਤਿਨ ਮਹਤ ਪੁਰਸੋਂ ਕੇ ਸਮੁਦਾਇ ਅਸਲ ਯਹਿ ਪਦੁ ਮਸਾਇਖ ਹੈ ਗੁਰੂ ਜੀ ਨੇ ਖਕਾਰ ਕੋ ਕਕਾਰੁ ਲਿਖਾ ਹੈ ਯਵਨੋਂ ਮੈਂ (ਕਾਜੀ) ਧਰਮ ਸਾਸਤ੍ਰੀ ਤਥਾ ਨਮਾਉਂ ਕਰਨੇ ਵਾਲੇ ਕੋ ਕਹਿਤੇ ਹੈਂ ਔਰ (ਮੁਲਾ) ਵਿਦਯਾਮਾਨ ਜੈਸੇ ਪੰਡਤ ਜਨ ਇਨਹਾਂ ਵਿਚੋਂ ਜੋ ਪਰਮੇਸਰ ਕੇ ਦ੍ਵਾਰਾ ਕੇ ਦਰਵੇਸ ਹੁਏ ਹੈਂ ਸੋ ਰਸੀਦ ਕਹੀਏ ਪਹੁੰਚੇ ਹੈਂ ਭਾਵ ਪਰਮੇਸਰ ਕੋ ਪ੍ਰਾਪਤਿ ਹੁਏ ਹੈਂ ॥ ਵਾ (ਰਸੀਦ) ਮੁਰਸ਼ਦ ॥

ਬਰਕਤਿ ਤਿਨ ਕਉ ਅਗਲੀ ਪੜਦੇ ਰਹਿਨ ਦਰੂਦ ॥ ੩ ॥

ਤਿਨ ਪਹੁਚੇ ਹੁਏ ਪੁਰਸੋਂ ਕੋ (ਬਰਕਤ) ਸਕਤੀ (ਅਗਲੀ)ਬਹੁਤ ਭੀ ਪ੍ਰਾਪਤ ਭਈ ਹੈ ਪਰ ਤੌ ਭੀ (ਦਰੂਦ)ਪ੍ਰਾਰਥਨਾ ਕੇ ਸਬਦ ਇਸਟ ਮੰਤ੍ਰਾਦਿ ਪੜਤੇ ਰਹਿਤੇ ਹੈਂ ॥ ੩ ॥

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥

ਪਰਮੇਸ੍ਵਰ ਕਿਸੀ ਕੋ ਪੂਛ ਕਰਕੇ ਪ੍ਰਜਾ ਕੋ (ਸਾਜਤਾ) ਰਚਤਾ ਨਹੀਂ ਹੈ ਔਰ ਪੂਛ ਕਰਕੇ(ਨ ਢਾਹੇ) ਪ੍ਰਜਾ ਕਾ ਨਾਸ ਨਹੀਂ ਕਰਤਾ ਕਿਸੀ ਕੋ ਪੂਛ ਕਰ ਲੇਤਾ ਨਹੀਂ ਔਰ ਪੂਛ ਕਰ ਕਿਸੀ ਕੋ ਦੇਤਾ ਨਹੀਂ ਹੈ ॥

ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥

ਅਪਨੀ(ਕੁਦਰਤਿ)ਸਕਤੀ ਕੋ ਆਪ ਹੀ ਜਾਨਤਾ ਹੈ ਔਰ ਆਪਹੀ ਸ੍ਰਿਸਟੀ ਕੇ ਮਹਿਤਤ੍ਵਾਦਿ(ਕਰਣੁ)ਸਾਧਨੋਂ ਕੋ ਕਰਤਾ ਹੈ।

ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥ ੪ ॥

ਸਰਬ ਕੋ ਦ੍ਰਿਸ੍ਟੀ ਕਰਕੇ ਦੇਖਤਾ ਹੈ ਪਰ ਜਿਸਕੋ (ਭਾਵੈ) ਚਾਹਿਤਾ ਹੈ ਤਿਸਕੋ ਭੁਗਤੀ ਆਦਿ ਦੇਤਾ ਹੈ ॥

ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡ ਨਾਉ॥

ਥਾਵਾਂ ਕੇ ਨਾਮ ਨਹੀਂ ਜਾਣੀਤੇ ਔਰ ਨਾਮਾ ਵਿਚੋਂ ਨਾਮ ਕੇਡਾ ਵਡਾ ਕਹੀਏ ਭਾਵ ਯਹਿ ਕਿ ਅਸਥਾਨ ਔਰ ਨਾਮ ਬੇਅੰਤ ਹੈਂ।

ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡ ਹੈ ਥਾਉ ॥

ਜਿਸ ਅਸਥਾਨ ਮੈਂ ਮੇਰਾ ਪਾਤਸਾਹੁ ਬਸਤਾ ਹੈ ਐਸੇ ਨਹੀਂ ਕਹਾ ਜਾਤਾ ਕਿ ਸੋ ਅਸਥਾਨੁ (ਕੇਵਡ) ਕਿਤਨਾ ਕੁ ਵਡਾ ਹੈ ਭਾਵ ਕਿਤਨੇ ਕੁ ਬਿਸਤਾਰ ਵਾਲਾ ਹੈ ॥ ਨਹੁ ॥ ਆਪ ਨਹੀਂ ਕਹਿ ਸਕਤੇ ਤਬ ਕਿਸੀ ਔਰਸੇ ਪੂਛਕੇ ਹਮਕੋ ਕਹਿ ਦੀਜੀਏ?

Digitized by Panjab Digital Library | www.panjabdigilib.org

ਉਤੁ ॥ ਅੰਬੜ ਕੋਇ ਨ ਸਕਈ ਹਉ ਕਿਸਨੋ ਪੁਛਣਿ ਜਾਉ ॥ ੫ ॥

ਹੇ ਭਾਈ ਜਨੋਂ ਤਿਸਕੋ ਕੋਈ (ਅੰਬੜਿ) ਪਹੁਚ ਨਹੀਂ ਸਕਤਾ ਹੈ ਤਾਂਤੇ ਮੈਂ ਕਿਸਕੇ ਪਾਸ ਪੂਛਨ ਕੋ ਜਾਊਂ ॥ ੫ ॥

ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥

(ਬਰਨ) ਬ੍ਰਹਮਣ ਛਤ੍ਰੀ ਆਦਿਕ ਔ (ਅਵਰਨ) ਨੀਚ ਜਾਤੀ ਏਹ ਤਿਸਕੋ ਨਹੀਂ ਭਾਵਤੇ ਹੈਂ (ਔਰ) ਇਨ ਮੇ ਸੇ ਚਾਹੇ ਕਿਸੀ ਕੋ ਵਡਾ ਕਰ ਦੇ ਭਾਵ ਯਹਿ ਸੁਤੰਤ੍ਰ ਹੈ ਊਚ ਨੀਚ ਜਾਤੀ ਕਾ ਖਿਆਲ ਨਹੀਂ ॥

ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥

ਤਿਸ ਸਭ ਸੇ ਬਡੇ ਪਰਮੇਸ੍ਵਰ ਕੇ ਹਾਥ ਮੇਂ ਬਡਿਆਈਆਂ ਹੈਂ ਜਿਸ ਕੋ ਚਾਹਤਾ ਹੈ ਤਿਸ ਕੋ ਦੇਤਾ ਹੈ ॥

ਹੁਕਮਿ ਸੁਵਾਰੇ ਆਪਣੈ ਚਸਾ ਨ ਢਿਲ ਕਰੇਇ ॥ ੬ ॥

ਜਿਸ ਭਗਤਿ ਕੋ ਆਪਨੇ ਹੁਕਮ ਕਰਕੇ ਸਵਾਰਤਾ ਹੈ ਤਿਸ ਕੋ ਚਸਾ ਮਾਤ੍ਰ ਭੀ ਦੇਰ ਨਹੀਂ ਕਰਤਾ ਹੈ ॥ ੬ ॥

ਸਭੁ ਕੋ ਆਖੈ ਬਹੁਤ ਬਹੁਤ ਲੈਣੈ ਕੈ ਵੀਚਾਰਿ ॥

ਹੇ ਭਾਈ ਆਪਨੇ ਸ੍ਵਾਰਥ ਕੇ ਲੇਨੇ ਕਾ ਵੀਚਾਰੁ ਕਰਕੇ ਸਭ ਕੋਈ ਪਰਮੇਸ੍ਵਰ ਕੋ ਬਹੁਤ ਬਹੁਤ ਹੀ(ਆਖੇ)ਸਾਲਾਹਤਾ ਹੈ।

ਕੇਵਡੁ ਦਾਤਾ ਆਖੀਐ ਦੇਕੈ ਰਹਿਆ ਸੁਮਾਰਿ ॥

ਤਾਂਤੇ ਤਿਸਕੋ (ਕੇਵਡੁ) ਕਿਤਨਾਕ ਵਡਾ ਦਾਤਾ ਕਥਨ ਕਰੀਏ ਭਾਵ ਯਹਿ ਕਿ ਬਿਅੰਤੁ ਹੀ ਕਥਨ ਕਰੀਏ ਜੋ ਦੇ ਕਰਕੇ ਸਮਾਲ ਕਰ ਰਹਾ ਹੈ ਵਾ ਦੇਕੇ ਗਿਣਤੀ ਨਹੀਂ ਕਰਤਾ ਹੈਂ ॥ ਤਾਂਤੇ ਐਸੇ ਬੇਨਤੀ ਕਰੀਏ ॥

ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥ ੭ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਮਹਾਰਾਜ ਤੇਰੇ ਭੰਡਾਰੋਂ ਕਾ ਜੁਗ ਜੁਗ ਮੇਂ ਤੋਟਾ ਨਹੀਂ ਹੈ ਸਰਬਦਾ ਪਰੀਪੂਰਣ ਹੋ ਰਹੇ ਹੈਂ ਭਾਵ ਯਹਿ ਕਿ ਸਰਬ ਯੁਗੋਂ ਮੇਂ ਪਾਲਨਾ ਕਰਤਾ ਹੈਂ ॥ ੭ ॥ ੧ ॥

ਮਹਲਾ ੧ ॥

ਜੀਵ ਰੂਪ ਇਸਤ੍ਰੀ ਪੂਰਬੋਕਤ ਪਤੀ ਕੋ ਕਿਉਂ ਕਰ ਰਾਵੇ ਔਰ ਪ੍ਰਸੰਨ ਕਰਨੇ ਕੋ ਕੌਨ ਸ਼ਿੰਗਾਰੁ ਕਰੇ ਤਿਨ ਕਾ ਉਤਰੁ ਦੇਤੇ ਹੂਏ ਕਹਤੇ ਹੈਂ ॥

Digitized by Panjab Digital Library | www.panjabdigilib.org

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥

ਹੇ ਕਾਈ ਸਰਬ ਜੀਵ ਕੰਤ ਪਤੀ ਪਰਮੇਸ੍ਰਰ ਕੀਆਂ (ਮਹੇਲੀਆਂ) ਇਸਤ੍ਰੀਆਂ ਹੈਂ ਭਾਵ ਯਹਿ ਕਿ ਸਭ ਜੀਵੋਂ ਕਾ ਮਾਲਕੁ ਪਰਮੇਸ੍ਰਰ ਹੈ ਔਰ ਸਰਬ ਹੀ ਕਰਮਾਂ ਰੂਪੀ ਸਿੰਗਾਰ ਕਰਤੀਆਂ ਹੈਂ ॥

ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥

ਅਪਨੇ ਆਪ ਕੋ ਗਿਣਤੀ ਮੈਂ ਗਿਣਾਵਣੇ ਆਈਆਂ ਹੈਂ ਭਾਵ ਯਹਿ ਕਿ ਦਿਖਲਾਵੇ ਕੀ ਸੁਹਾਗਨੀ ਹੈਂ ਕਿਉਂਕਿ ਜਪ ਤਪਾਦਿ ਕਰਮ ਉਨਕੇ ਵਿਖਯ ਬਾਸਨਾ ਸਹਿਤ ਹੈਂ ਵਾ ਮਾਨੁਖ ਜਨਮ ਕੀ ਗਿਨਤੀ ਗਿਨਾਵਣੇ ਆਈਆਂ ਹੈਂ ॥ ਭਾਵ ਕਿ ਬਿਨਾ ਸੁਕਰਮੋਂ ਕੇ ਅਪਨੇ ਆਪ ਕੋ ਸ੍ਰੇਸਟ ਗਿਣਦੇ ਹਨ (ਸੂਹਾ ਵੇਸ) ਦੇਭਕ ਕਰਮ ਵਾ ਵਿਸੰ ਭੋਗ ਕਾ ਅਨੰਦ ਕਸੁੰਭੇ ਕੇ ਰੰਗ ਵਤ ਖਿਣ ਭੇਗਰ (ਵਿਕਾਰੁ) ਬਿਅਰਥ ਹੈ ॥

ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥ ੧ ॥

ਇਨ ਪਖੰਡ ਰੂਪ ਕਰਮੋਂ ਕਰਕੇ ਪਰਮੇਸ੍ਰਰ ਕਾ ਪ੍ਰੇਮੁ ਨਹੀਂ ਪਾਈਤਾ ਹੈ (ਖੋਟਾ ਪਾਜੁ) ਮੰਦ ਕਰਮੋਂ ਕਾ ਪਾਜੁ ਉਤਰੇ ਸੋ (ਖੁਆਰੁ) ਖਰਾਬ ਹੀ ਹੋਤੀ ਹੈਂ ॥ ੧ ॥

ਹਰਿ ਜੀਉ ਇਹੁ ਪਿਰੁ ਰਾਵੈ ਨਾਰਿ ॥ ਤੁਧ ਭਾਵਨਿ
ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥ ੧ ॥ ਰਹਾਉ ॥

ਹੇ ਭਾਈ ਹਰਿ ਜੀ ਪਿਰ ਕੋ ਜੀਵ ਰੂਪੀ ਇਸਤ੍ਰੀ ਇਉਂ ਰਾਵੇ ਹੈ ਜੋ ਤੇਰੇ ਕੋ ਸੇਤ ਰੂਪੀ ਸੁਹਾਗਣੀਆਂ ਚਾਹੇ ਤਬ ਵਹੁ ਅਪਣੀ ਕਿਰਪਾ ਕਰਕੇ ਸਵਾਰ ਲੇਤੀਆਂ ਹੈਂ ॥ ੧ ॥

ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥

ਗੁਰੋਂ ਕੇ ਉਪਦੇਸ਼ ਦ੍ਵਾਰਾ ਜਿਨ੍ਹੋਂ ਨੇ ਸਿੰਗਾਰੁ ਕੀਆ ਹੈ ॥ ਭਾਵ ਯਹਿ ਕਿ ਗੁਰ ਉਪਦੇਸ਼ ਧਾਰ ਕਰਕੇ ਜੋ ਸੁਭਾਇਮਾਨ ਹੂਈ ਹੈਂ ਔਰ ਤਨੁ ਮਨੁ ਪਿਰ ਕੇ ਪਾਸ ਅਰਪਨ ਕਰ ਦੀਆ ਹੈ ਅਰਪਨ ਕਾ ਅਧਿਆਹਾਰੁ ਹੈ ॥

ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥

ਪੁਨਾ ਦੋਨੋ ਹਾਥ ਜੋੜ ਕਰ (ਖੜੀ) ਸਾਵਧਾਨ ਹੂਈ ਤਕਤੀਆਂ ਹੈ ਭਾਵ ਯਹਿ ਕਿ ਪਰਮੇਸ੍ਰਰ ਕੀ ਤਰਫ ਦੇਖਤੀਆਂ ਹੈਂ ਔਰ ਸਚ ਰੂਪੁ ਪਰਮੇਸ੍ਰਰ ਪਾਸ ਬੇਨਤੀ ਕਰਤੀਆਂ ਹੈ ॥

Digitized by Panjab Digital Library | www.panjabdigilib.org

ਲਾਲ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥ ੨ ॥

ਜੋ (ਲਾਲ) ਪਜਾਰੇ ਕੇ ਸਚੇ ਭੈ ਮੇਂ ਰਤੀ ਮਾਤ੍ਰ ਭੀ ਵਸੀ ਹੈ ਆਗੇ ਜੋ ਉਸਦੇ ਪ੍ਰੇਮ ਮੇਂ ਰਤੀ ਹੈ ਉਸ ਕੋ (ਰਾਸਿ) ਸਚਾ (ਰੰਗਿ) ਅਨੰਦ ਹੂਆ ਹੈ ॥ ਵਾ ਲਾਲ ਮੇ ਰਤੀ ਰਸਨਾ ਔਰ ਸਚੇ ਕੇ ਭੈ ਮੇਂ ਵਸੀ ਬੁਧੀ (ਭਾਇ) ਪ੍ਰੇਮ ਮੇਂ ਰਤੀ ਦੇਹ ਵਾ ਜੋ ਸਚੇ ਭੈ ਵਿਚ ਵਸੀ ਹੈ ਸੋ (ਲਾਲ) ਪਜਾਰੇ ਸੇ ਰਤੀ ਹੈ ਤਿਨ (ਭਾਇ) ਪ੍ਰੇਮ ਰਤੀਆਂ ਕਾ ਰੰਗੁ ਰਾਸ ਹੂਆ ਹੈ ॥ ਭਾਵ ਸਚਾ ਅਨੰਦ ਪ੍ਰਾਪਤਿ ਹੂਆ ਹੈ ॥ ੨ ॥

ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥

ਜੋ (ਲਾਲੀ) ਦਾਸੀ ਪਰਮੇਸ੍ਰਰ ਕੇ ਨਾਮ ਕੋ ਮਾਨਤੀ ਹੈ ਸੋ ਪਿਰ ਕੀ ਚੇਰੀ (ਕਾਢੀਐ) ਕਹੀ ਜਾਤੀ ਹੈ ਵਾ (ਲਾਲੀ) ਪਿਆਰੀ ਕਹੀ ਜਾਤੀ ਹੈ ॥

ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥

ਜਿਨਕਾ (ਸਚੇ) ਸਤਸੰਗ ਕੇ ਮੇਲ ਸੇ ਮਿਲਾਪੁ ਹੈ ਸੋ ਤਿਨਕੀ ਸਚੀ ਪ੍ਰੀਤ ਨਹੀਂ ਟੂਟਤੀ ਹੈ ॥

ਸਬਦਿ ਰਤੀ ਮਨੁ ਬੇਧਿਆ ਹਉ ਸਦ ਬਲਿਹਾਰੈ ਜਾਉ ॥ ੩ ॥

ਜਿਨੋਂ ਕਾ ਮਨ ਗੁਰੋਂ ਕੇ ਉਪਦੇਸ਼ ਮੇਂ ਰਤੀ ਮਾਤ੍ਰ ਭੀ (ਬੇਧਿਆ) ਮਿਲਾ ਹੈ ਮੈ ਤਿਨਕੇ ਸਦੀਵ ਬਲਹਾਰੇ ਜਾਤਾ ਹੂੰ ॥੩॥

ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥

ਸੋ ਜੀਵ ਰੂਪੀ ਇਸਤ੍ਰੀ (ਰੰਡ ਨ ਬੈਸਈ)ਅਰਥਾਤ ਆਤਮਾਨੰਦ ਸੇ ਰਹਤ ਨਹੀਂ ਹੋਤੀ ਜੋ ਸਤਿਗੁਰੋਂ ਕੇ ਉਪਦੇਸ਼ ਬੀਚ ਸਮਾਵਤੀ ਹੈ ॥

ਪਿਰੁ ਰੀਸਾਲੂ ਨ ਉਤਨੋ ਸਾਚਉ ਮਰੈ ਨ ਜਾਇ ॥

(ਪਿਰੁ) ਪਤੀ ਪਰਮੇਸ੍ਰਰ (ਰੀਸਾਲੂ) ਰਸੋਂ ਕਾ ਘਰ (ਨਉਤਨੋ) ਨਵੀਨ ਸ੍ਵਰੂਪ ਵਾਲਾ ਹੈ (ਸਾਚਉ)ਸਚੇ ਸਰੂਪ ਵਾਲਾ ਹੈ (ਮਰੈ) ਮਰਤਾ ਨਹੀਂ (ਜਾਇ) ਉਤਪਤਿ ਨਹੀਂ ਹੋਤਾ ਹੈ ॥

ਨਿਤਰਵੈ ਸੁਹਾਗਣੀ ਸਾਚੀ ਨਦਰਿ ਰਜਾਇ ॥ ੪ ॥

(ਸੁਹਾਗਣੀ) ਗਯਾਨ ਵਾਨ ਨਿਤ ਹੀ ਰਵਣ ਕਰਤੀਆਂ ਹੈਂ ॥

Digitized by Panjab Digital Library | www.panjabdigilib.org

ਪ੍ਰਸ਼ਨੁ॥ ਸੁਹਾਗਣੀਆਂ ਕੋ ਕਿਸ ਪ੍ਰਕਾਰ ਪ੍ਰਾਪਤਿ ਹੁਆ ਹੈ ?

ਉੱਤਰ॥ (ਰਜਾਈ) ਪਰਮੇਸ਼ਰ ਸਚੀ (ਨਦਰਿ) ਨਿਗਾਹ ਕਰਕੇ ਪ੍ਰਾਪਤਿ ਹੁਆ ਹੈ ॥ ੪ ॥

ਪ੍ਰਸ਼ਨੁ ॥ ਪਤੀ ਤੇ ਸਿੰਗਾਰ ਕਰ ਪ੍ਰਸਿੰਨ ਹੋਤਾ ਹੈ ਤਿਨੋਂ ਨੇ ਕੌਨ ਸਿੰਗਾਰ ਕੀਆ ਹੈ ?

ਉੱਤਰ॥ ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮੁ ਸੀਗਾਰੁ ॥

ਹੇ ਭਾਈ ਜਿਸ ਇਸਤ੍ਰੀ ਨੇ ਸਚ ਬੋਲਨੇ ਕੀ (ਧੜੀ) ਪਟੀਆਂ (ਮਾਡੀਐ) ਗੂੰਦਾਈਆਂ ਹੋਂ ਪ੍ਰਮ ਰੂਪੀ ਕਪੜਾ ਪਹਰਿ ਕਰ ਸਿੰਗਾਰ ਕੀਆ ਹੈ ॥

ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥

ਪੁਨਾ ਚਿਤ ਵਿਖੇ ਜੋ ਸਗੁਨ ਮੂਰਤੀ ਕਾ ਧਿਆਨ ਕਰਾ ਹੈ ਸੋ ਚੰਦਨ ਆਦਿ ਸੁਗੰਧ ਲਗਾਈ ਹੈ। ਔਰ ਮੰਦਰ ਦਸਮਾਂ ਦ੍ਵਾਰ ਹੈ ਵਾ ਸ੍ਵਰਗ ਵਿਸਰਗ ਆਦਿਕੋਂ ਕਾ ਆਸਰਾ ਰੂਪ ਦਸਵਾਂ ਹੈ ਸੋਈ ਮੰਦਰ ਵਾ ਨੌ ਦ੍ਵਾਰੋਂ ਮੈ ਦਸਵਾਂ ਪ੍ਰਕਾਸਕ ਚੈਤੰਨ ਵਾ ਨੌ ਦ੍ਵਾਰੇ ਗੋਲਕ ਔਰ ਦਸਵਾਂ ਅੰਤਸਕਰਨ ਮੰਦਰ ਹੈ ॥

ਦੀਪਕ ਸਬਦਿ ਵਿਗਾਸਿਆ ਰਾਮ ਨਾਮੁ ਉਰਹਾਰੁ ॥

ਤਿਸ ਅੰਤਸਕਰਨ ਮੈ ਗੁਰੋਂ ਕੇ ਉਪਦੇਸ਼ ਕਾ ਦੀਪਕੁ ਪ੍ਰਕਾਸਿਆ ਹੈ ਔਰ ਰਾਮ ਕੇ ਨਾਮ ਕਾ ਜਪਣਾ ਏਹੀ (ਉਰ)ਹਿਰਦੇ ਪਰਹਾਰੁ ਸੋਭਤਾ ਹੈ ॥ ੫ ॥

ਨਾਰੀ ਅੰਦਰ ਸੋਹਣੀ ਮਸਤਕਿ ਮਣੀ ਪਿਆਰੁ ॥

ਸੋ ਜੀਵ ਰੂਪ ਇਸਤ੍ਰੀ ਔਰ ਇਸਤ੍ਰੀਓਂ ਮੇਂ ਸੁੰਦਰ ਹੈ ਔਰ ਗੁਰਾਂ ਕਾ ਪਿਆਰ ਰੂਪੀ ਮਸਤਕ ਪਰ ਮਣੀ ਹੈ ॥

ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ॥

ਤਿਸਕੀ (ਸੋਭਾ) ਕੀਰਤੀ (ਸੁਰਤਿ) ਗਜਾਤ ਸੁਹਾਵਣੀ ਹੈ ਜਿਸਕਾ ਸਾਚੇ ਪਰਮੇਸ਼ਰ ਵਿਖੇ ਅਪਾਰ ਪ੍ਰੇਮ ਹੈ ॥

ਬਿਨੁ ਪਿਰੁ ਪੁਰਖੁ ਨ ਜਾਣਈ ਸਾਚੈ ਗੁਰਕੈ ਹੇਤਿ ਪਿਆਰਿ ॥ ੬ ॥

ਵਹੁ ਪਰਮੇਸ਼ਰ ਪਤੀ ਸੇ ਬਿਨਾਂ ਕਿਸੀ ਮੈ ਪੁਰਖ ਭਾਵਨਾ ਨਹੀਂ ਕਰਤੀ ਹੈ ਔਰ ਸਚੇ ਗੁਰੋਂ ਕੇ ਵਿਖੇਜਿਸਕੇ ਮਨਕਾ ਹਿਤ ਹੈ ਔਰ ਬਾਣੀ ਕਾ ਪਿਆਰ ਹੈ ਔਰ ਵਹੁ ਐਸੇ ਉਪਦੇਸ਼ ਕਰਤੀ ਹੈ ॥ ੬ ॥

Digitized by Panjab Digital Library | www.panjabdigilib.org

ਨਿਸਿ ਅੰਧਿਆਰੀ ਸੁਤੀਏ ਕਿਉ ਪਿਰੁ ਬਿਨੁ ਰੈਣਿ ਵਿਹਾਇ ॥

ਅਵਿਦਿਆ ਰੂਪੀ ਕਾਲੀ ਰਾਤ੍ਰ ਮੈ ਸੁਤੀ ਹੁਈਏ ਭਾਵ ਇਹ ਕਿ ਹ ਅਗਿਯਾਨੀ ਜੀਵ ਤੇਰੀ (ਰੈਣਿ) ਉਮਰ ਪਤੀ ਕੇ ਭਜਨ ਬਿਨਾਂ ਕੈਸ ਗੁਜਰਤੀ ਹੈ ਭਾਵ ਇਹ ਕਿ ਤੁਮਕੋ ਬਿਅਰਥ ਉਮਰ ਗੁਜਰਨੇ ਕਾ ਪਸਚਾਤਾਪ ਨਹੀਂ ॥

ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥

ਜਿਸ ਮੈ ਪਰਮੇਸ੍ਵਰ ਕਾ ਨਾਮੁ ਨਹੀਂ ਐਸਾ(ਅੰਕੁ) ਰਿਦਾ ਜਲ ਜਾਵੈ ਪੁਨਾ (ਤਨੁ) ਸਰੀਰ ਭੀ ਜਲਾਇ ਦੇਈਏ ਔ ਮਨੁ ਧਨੁ ਭੀ ਪਰਜ੍ਵਲਤ ਰੂਪ ਅਗਨੀ ਮੈ ਜਲ ਜਾਵੈ ॥

ਜਾ ਧਨੁ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥

ਜੇਕਰ ਜੀਵ ਰੂਪੀ ਇਸਤ੍ਰੀ ਕੋ (ਕੰਤਿ) ਪਰਮੇਸ੍ਵਰ ਨੇ ਨਾਹੀ (ਰਾਵਿਆ) ਅਭੇਦ ਕੀਆ ਤੌ (ਜੋਬਨੁ) ਪ੍ਰੇਮ ਵਾ ਮਨੁਖ ਜਨਮ ਬਿਅਰਥ ਹੀ ਜਾਤਾ ਹੈ ਭਾਵ ਯਦਪ ਪ੍ਰੇਮ ਕਾ ਹੋਨਾ ਬਿਅਰਥ ਨਹੀਂ ਪਰੰਤੂ ਇਸ ਮਾਨੁਖ ਜਨਮ ਮੇ ਸਾਖਜਾਤ ਨਾ ਹੋਨੇ ਤਕ ਬਿਅਰਥਤਾ ਕਹੀ ॥ ੨ ॥

ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥

ਅੰਤਸ਼ਕਰਨ ਰੂਪੀ ਛੇਜਾ ਪਰ (ਕੰਤ) ਸਾਖੀ ਚੈਤਨ ਬਿਰਾਜਮਾਨੁ ਹੈ (ਮਹੇਲੜੀ) ਜੀਵ ਰੂਪੀ ਇਸਤ੍ਰੀ ਅਵਿਦਿਆ ਨਿੰਦ੍ਰਾ ਮੈ ਸੁਤੀ ਹੁਈ ਹੈ ਯਾਂਤਿ ਆਤਮ ਸਰੂਪਕੀ ਸਮਝ ਨਹੀਂ ਪ੍ਰਾਪਤਿ ਹੁਈ ॥

ਹਉ ਸੁਤੀ ਪਿਰੁ ਜਾਗਨਾ ਕਿਸ ਕਉ ਪੂਛਉ ਜਾਇ ॥

(ਹਉ) ਮੈਂਭੀ ਪੂਰਬਕਾਲ ਮੈ ਜੀਵ ਰੂਪ ਇਸਤ੍ਰੀ ਸੋਈ ਹੁਈ ਥੀ ਔਰ (ਪਿਰੁ) ਪਤੀ ਪ੍ਰਮੇਸ੍ਵਰੁ (ਜਾਗਣਾ) ਪ੍ਰਕਾਸ ਰੂਪ ਕੇ ਮਿਲਾਪ ਕਾ ਰਸਤਾ ਕਿਸਕੋ ਜਾਇਕਰ ਪੁਛੀਏ ਐਸੇ ਕਹਤੀ ਥੀ ॥

ਸਤਿਗੁਰਿ ਮੇਲੀ ਭੈਵਸੀ ਨਾਨਕ ਪ੍ਰੇਮ ਸਖਾਇ ॥ ੮ ॥ ੨ ॥

ਜਬ ਜਨਮ ਮਰਨ ਕੇ ਭੈ ਸੰਜੁਗਤ ਹੋਕਰ ਗੁਰਾ ਕੇ ਗ੍ਰਹ ਵਿਖੇ(ਵਸੀ)ਨਿਵਾਸੁ ਕੀਆ ਤਬ ਸਤਿਗੁਰਾਂ ਨੇ ਪਰਮੇਸਰਕੇ ਸਾਥ ਮੇਲੀ ਸ੍ਰੀ ਗੁਰੂ ਜੀ ਕਹਿਤੇ ਹੈਂ ਪਰਮੇਸਰ ਕੇ ਮਿਲਾਪ ਮੈ ਪ੍ਰੇਮੁ (ਸਖਾਇ) ਸਹਾਇਤਾ ਕਰਨੇ ਵਾਲਾ ਹੈ ॥ ੮ ॥ ੨ ॥

ਸਿਰੀ ਰਾਗੁ ਮਹਲਾ ੧ ॥

ਜਿਨਕੋ ਪ੍ਰੇਮ ਨੇ ਸਹਾਯਤਾ ਕਰੀ ਹੈ ਤਿਨਕਾ ਨਿਸਚਾ ਦਿਖਾਵਤੇ ਹੁਏ ਕਥਨ ਕਰਤੇ ਹੈਂ ॥

Digitized by Panjab Digital Library | www.panjabdigilib.org

ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥

ਹੇ ਮਹਾਰਾਜ ਆਪ ਹੀ ਤੂੰ ਗੁਨਰੂਪੁ ਹੈਂ ਆਪਹੀ ਤਿਨ ਗੁਨੋਂ ਕੇ ਕਹਨ ਵਾਲਾ ਹੈਂ ਆਪਹੀ ਸੁਣਕਰ ਵੀਚਾਰੁਕਰਨੇਵਾਲਾਹੈਂ

ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥

ਤੂੰ ਆਪਹੀ(ਰਤਨੁ)ਨਾਮ ਰੂਪੁ ਹੈਂ ਆਪ ਹੀ ਪਰੀਖਿਆਰੂਪੁ ਹੈਂ ਪੁਨਾ ਅਪਾਰੁ(ਮੋਲੁ)ਬਿਅੰਤ ਸਰਧਾ ਰੂਪੁਭੀ ਆਪ ਹੀਹੈਂ ॥

ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣ ਹਾਰੁ ॥ ੧ ॥

ਸਚਾ ਵਡਾ (ਮਾਨੁ)ਆਦਰੁ ਔਰ(ਮਹਤੁ)ਵਡਿਆਈ ਪੁਨਾ ਤੂੰ ਆਪ ਹੀ ਹੈ ਔਰ ਆਪ ਹੀ ਮਾਨ ਵਡਾਈ ਦੇਣੇ ਵਾਲਾਹੈਂ ॥੧॥

ਹਰਿ ਜੀਉ ਤੂੰ ਕਰਤਾ ਕਰਤਾਰੁ॥ਜਿਉ ਭਾਵੈ ਤਿਉ ਰਾਖ ਤੂੰ ਹਰਿ ਨਾਮੁ ਮਿਲੈ ਆਚਾਰੁ॥੧ਰਹਾਉ॥

ਹੇ ਹਰਿ ਜੀਉ ਜੀਵੋਂ ਕਾ ਕਰਤਾ ਜੋ ਬ੍ਰਹਮਾਦੀ ਹੈਂ ਤੂੰ ਤਿਨਕਾ ਭੀ (ਕਰਤਾਰੁ) ਕਰਤਾ ਹੈਂ ਜੈਸੇ ਤੇਰੇ ਕੋ ਭਾਵੈ ਤੈਸੇ ਰਾਖੁ ਪਰੰਤੂ ਹੇ ਹਰੀ ਤੇਰੇ ਨਾਮ ਜਪਨੇ ਕਾ (ਆਚਾਰੁ) ਕਰਮੁ ਮਿਲੇ ॥

ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥

ਪੁਨਾ ਆਪ ਹੀ ਗਯਾਨ ਰੂਪੁ ਨਿਰਮਲੁ ਹੀਰਾ ਹੈ ਔਰ ਪ੍ਰੇਮਾਂਭਗਤੀ ਕਾ ਜੋ(ਰੰਗੁ)ਅਨੰਦੁ ਹੈ ਸੋ ਮਜੀਠ ਭੀ ਤੂੰ ਆਪ ਹੀ ਹੈਂ

ਆਪੇ ਮੋਤੀ ਊਜਲੋ ਆਪੇ ਭਗਤੁ ਬਸੀਠੁ ॥

ਆਪੇ ਹੀ (ਮੋਤੀ ਊਜਲੋ) ਤੀਬਰ ਤਰ ਵੈਰਾਗ ਰੂਪੁ ਹੈਂ ਆਪਹੀ ਭਗਤੁ (ਬਸੀਠੁ) ਬਿਚੋਲਾ ਅਰਥਾਤ ਰੂਰੂ ਰੂਪੁ ਵਕੀਲੁ ਹੈਂ ॥

ਗੁਰਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥

ਜਿਨੋਂ ਨੇ ਗੁਰੋਂ ਕੇ ਉਪਦੇਸ ਸੇ ਸਲਾਹੁਣਾ ਕੀਆ ਹੈ ਤਿਨੋਂ ਨੇ (ਅਡੀਠੁ) ਜੋ ਨਹੀਂ ਦ੍ਰਿਸਟੀ ਆਵਤਾ ਥਾ ਸੋ ਘਟਿ ਘਟਿ ਮੈਂ (ਡੀਠੁ) ਦੇਖ ਲੀਆ ਹੈ ॥ ੨ ॥

ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥

(ਸਾਗਰੁ) ਸੰਸਾਰ ਰੂਪੁ ਸਮੁੰਦ੍ਰ ਔਰ ਗਯਾਨ ਰੂਪੁ ਜਹਾਜੁ ਭੀ ਆਪ ਹੀ ਹੈਂ (ਪਾਰੁ) ਮੋਖ ਰੂਪ ਪਾਰ ਕਾ ਕਨਾਰਾ ਔਰ (ਅਪਾਰ) ਉਰਾਰ ਨਰਕ ਰੂਪ ਕਨਾਰਾ ਭੀ ਆਪ ਹੀ ਹੈਂ ॥

Digitized by Panjab Digital Library | www.panjabdigilib.org

ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣ ਹਾਰੁ ॥

(ਸਾਚੀ ਵਾਟ) ਸਚੀ ਭਗਤੀ ਕਾ ਰਸਤਾ ਦਿਖਲਾਵਣੇ ਕੋ ਚਤੁਰ ਔਰ (ਸਬਦਿ) ਉਪਦੇਸ ਕਰਕੋ ਪਾਰਲੰਘਾਵਣੇ ਵਾਲਾ ਮਲਾਹ ਰੂਪੁ ਗੁਰੂ ਭੀ ਤੂੰ ਹੀ ਹੈਂ।

ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰ ॥ ੩ ॥

ਹੇ ਵਾਹਿਗੁਰੂ ਜੋ ਤੇਰੇ ਭੈ ਸੇ ਰਹਤ ਹੈ ਤਿਨਕੋ ਜਮ ਕਾ ਭੈ ਪ੍ਰਾਪਤਿ ਹੋਵੇਗਾ ਏਹੁ ਸਾਸਤ੍ਰੋਂ ਦ੍ਵਾਰਾ ਜਾਣੀਤਾ ਹੈ ਕਿਉਂਕਿ ਗੁਰੋਂ ਸੇ ਬਿਨਾ ਅਗਯਾਨ ਰੂਪੁ ਅੰਧਕਾਰੁ ਹੋ ਰਹਾ ਹੈ ॥੩॥

ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥

ਹੇ ਜਗਤ ਕੇ ਕਰਤਾ (ਅਸਥਿਰੁ) ਅਚਲ ਰੂਪ ਤੋ ਏਕ ਤੂੰ ਹੀ ਦੇਖੀਤਾ ਹੈਂ ਔਰ ਜੋ ਤੇਰੇ ਸੇ ਭਿੰਨ ਸ੍ਰਿਸਟੀ ਕਿਤਨੀ ਹੀ ਹੈ ਸੋ ਜਨਮਤੀ ਮਰਤੀ ਹੈ ॥

ਆਪੇ ਨਿਰਮਲੁ ਏਕੁ ਤੂੰ ਹੋਰੁ ਬੰਧੀ ਧੰਧੈ ਪਾਇ ॥

ਔਰ ਏਕ ਆਪ ਹੀ ਤੂੰ ਮਾਯਾ ਅਵਿਦਯਾ ਮਲ ਤੇ ਰਹਤ ਹੈਂ ਅਰ ਹੋਰ ਸ੍ਰਿਸਟੀ (ਧੰਧੈ) ਬਿਉਹਾਰੋਂ ਕੇ ਜੇਵੜੇ ਪਾਇ ਕਰ ਬੰਧੀ ਹੂਈ ਹੈ ॥

ਗੁਰ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥ ੪ ॥

ਹੇ ਸਚੇ ਵਾਹਿਗੁਰੂ ਜੋ ਗੁਰੋਂ ਨੇ ਰਾਖੇ ਹੈਂ ਸੋ ਤੇਰੇ ਮੈਂ ਬ੍ਰਿਤੀ ਲਗਾਇ ਕਰਕੇ ਧੰਧਿਓਂ ਸੇ ਬਚੇ ਹੈਂ ॥ ੪ ॥

ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ ॥

ਹੇ ਭਾਈ ਹਰਿ ਜੀਉ ਕੋ (ਸਬਦਿ) ਬੇਦ ਦੁਆਰਾ ਤਿਨੋਂ ਕਰ ਪਛਾਣੀਤਾ ਹੈ ਜੋ ਸਚੇ ਗੁਰੋਂ ਕੇ ਬਚਨੋਂ ਮੈਂ ਰਤੇ ਹੈਂ ॥

ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ॥

ਤਿਸਕੇ ਸਰੀਰ ਮੈਂ ਪਾਪ ਰੂਪੀ ਮੈਲ ਨਹੀਂ ਲਾਗਤੀ ਹੈ ਜਿਸਨੇ (ਸਚ ਘਰਿ) ਸਚ ਸਰੂਪ ਪਰਮੇਸ੍ਵਰ ਵਿਖੇ (ਓਤਾਕ) ਘਰੁ ਕੀਆ ਹੈ ਵਾ ਯਥਾਰਥ ਰੂਪ ਕੋ (ਓਤਾਕੁ) ਵਿਸੇਸ ਕਰਕੇ ਤਕਿਆ ਕਿਆ ਦੇਖਿਆ ਹੈ ॥

Digitized by Panjab Digital Library | www.panjabdigilib.org

ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ॥ ੫ ॥

ਜੇ ਪਰਮੇਸ੍ਰਰ ਕਿਰਪਾ ਕੀ ਨਿਗਾਹ ਕਰੇ ਤੇ ਸਚਾ ਨਾਮੁ ਪਾਈਤਾ ਹੈ ॥ ਬਿਨੁ ਪਰਮੇਸਰ ਨਾਮ ਤੇ (ਸਾਕ) ਸਬੰਧੀ ਜਨ ਕਿਆ ਹੈਂ ਭਾਵ ਯਹਿ ਕਿ ਤੁੱਛ ਹੈਂ ॥ ੫ ॥

ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥

ਜਿਨ ਪੁਰਸੋਂ ਨੇ ਸਚ ਰੂਪੁ ਵਾਹਿਗੁਰੂ ਕੋ ਯਥਾਰਥ ਸਰੂਪ ਕਰਕੇ ਜਾਣਿਆ ਹੈ ਸੋ ਚਾਰੋਂ ਜੁਗੋਂ ਮੈਂ ਸੁਖੀ ਹੂਏ ਹੈਂ ॥

ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰਧਾਰਿ ॥

ਹੰਤਾ ਮਮਤਾ ਔਰ ਤ੍ਰਿਸਨਾ ਕੋ ਮਾਰ ਕੇ ਸਚ ਕੋ ਹੀ ਰਿਦੇ ਮੈਂ ਧਾਰਨ ਕਰ ਰਖਿਆ ਹੈ ॥

ਜਗੁ ਮਹਿ ਲਾਹਾ ਏਕੁ ਨਾਮੁ ਪਾਈਐ ਗੁਰੁ ਵੀਚਾਰਿ ॥ ੬ ॥

ਜਗਤ ਮੈਂ ਏਕ ਨਾਮ ਕਾ ਹੀ ਲਾਹਾ ਹੈ ਪਰੰਤੂ ਗੁਰੋਂ ਦ੍ਵਾਰਾ ਵਿਚਾਰ ਕਰਨੇ ਸੇ ਪ੍ਰਾਪਤਿ ਹੋਤਾ ਹੈ ॥ ੬ ॥

ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥

ਜਿਨ੍ਹੋਂ ਨੇ ਸਰਧਾ ਰੂਪੀ (ਰਾਸਿ) ਪੂੰਜੀ ਕਰਕੇ ਸਚ ਸਉਦਾ ਪਰਮਸ੍ਰਰ ਕਾ ਨਾਮੁ ਲਾਦਿਆ ਹੈ ਤਿਨ੍ਹੋਂ ਕੋ (ਸਚੁ) ਨਿਸਚੇ ਕਰਕੇ ਹਮੇਸ਼ ਹੀ ਨਫਾ ਹੂਆ ਹੈ ॥ ਭਾਵ ਯਹਿ ਕਿ ਆਤਮਾਨੰਦ ਪ੍ਰਾਪਤਿ ਹੂਆ ਹੈ ॥

ਸਾਚੀ ਦਰਗਹਿ ਬੈਸਈ ਭਗਤਿ ਸਚੀ ਅਰਦਾਸਿ ॥

ਬੇਨਤੀ ਸੰਜੁਗਤ ਜੋ ਸਚੀ ਭਗਤੀ ਕਰਤੇ ਹੈਂ ਸੋ ਪੁਰਸ ਸਚੀ ਦਰਗਾਹ ਸੰਤੋਂ ਕੀ ਸਭਾ ਮੈਂ ਆਨੰਦ ਪੂਰਬਕ ਬੈਠਤੇ ਹੈਂ ॥

ਪਤਿ ਸਿਉ ਲੇਖਾ ਨਿਬੜੈ ਰਾਮੁ ਨਾਮ ਪ੍ਰਗਾਸਿ ॥ ੭ ॥

ਤਿਨੋਂ ਕਾ ਲੇਖਾ ਇਜਤ ਕੇ ਸਾਥਿ ਨਿਬੜਤਾ ਹੈ ਜਿਨਕੇ ਮਨ ਮੈਂ ਰਾਮ ਨਾਮ ਕਾ ਪ੍ਰਕਾਸ਼ੁ ਹੂਆ ਹੈ ॥ ੭ ॥

ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥

ਊਚੇ ਜੋ ਬ੍ਰਹਮਾਦਿਕ ਹੈਂ ਤਿਨ ਸੇ ਭੀ ਊਚਾ ਕਹੀਤਾ ਹੈ ਪਰੰਤੂ ਕਿਸੀ ਨੇ ਵਾ ਕਿਸੀ ਜਗਹ ਜਾਇ ਕਰ ਬਿਨਾ ਗੁਰੂ ਕੇ ਮੈਨੇ ਨਹੀਂ ਦੇਖਿਆ ਥਾ ॥

ਜਿਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥

Digitized by Panjab Digital Library | www.panjabdigilib.org

ਜਬ ਤੇ ਸਤਿਗੁਰੋਂ ਨੇ ਦਿਖਾਇ ਦੀਆ ਹੈਂ ਤਬ ਤੇ ਜਹਾਂ ਦੇਖਤਾ ਹੂੰ ਤਹਾਂ ਏਕ ਤੂੰ ਹੀ ਤੂੰ ਹੈਂ ॥

ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥ ੮ ॥ ੩ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਹਰੀ ਜਿਨੋਂ ਨੇ ਤੇਰੀ (ਜੋਤਿ) ਸਤਾ ਨਰੰਤ੍ਰ ਜਾਨੀ ਹੈ ਤਿਨਕਾ ਸਾਂਤਿ ਸੁਭਾਵ ਹੁਆ ਹੈ ॥ ੮ ॥ ੩ ॥

ਸਿਰੀ ਰਾਗੁ ਮਹਲਾ ੧ ॥

ਕਿਸੀ ਏਕ ਸਮੇਂ ਗੁਰੂਜੀ ਮਹਾਰਾਜ ਨੇ ਸਮੁਦ੍ਰ ਕੇ ਕਨਾਰੇ ਮਾਛੀ ਕੇ ਜਾਲ ਮੇਂ ਮਛੀ ਫਸੀ ਦੇਖ ਕਰ ਤਿਸ ਪਰਥਾਇ ਅਸਟਪਦੀ ਉਚਾਰਨ ਕਰੀ ॥

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥

ਮਛਲੀ ਨੇ ਜਾਲ ਕੋ ਨਹੀਂ ਜਾਣਿਆ ਹੈ ਕਿ ਮੇਰੇ ਫਸਾਵਨੇ ਵਾਲਾ ਹੈ ਅਰ (ਸਰੁ) ਸਮੁੰਦ੍ਰ ਖਾਰਾ ਔਰ ਅਥਾਹੁ ਹੈ ॥

ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥

ਅਤਿ ਚਤੁਰ ਔਰ ਸੁੰਦਰ ਥੀ ਕੈਸੇ ਭਰੋਸਾ ਕੀਆ ॥

ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥ ੧ ॥

ਵਿਸਾਹੁ ਕਰਣੇ ਕੇ ਕਾਰਣ ਸੇ ਪਕੜੀ ਗਈ ਕਿਉਂਕਿ ਕਾਲ ਸਿਰ ਪਰ ਸੇ ਨਹੀਂ ਟਲਤਾ ਹੈ ॥ ੧ ॥

ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥ ਜਿਉ ਮਛੀ

ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ ੧ ॥ ਰਹਾਉ ॥

ਹੇ ਭਾਈ ਇਸ ਪ੍ਰਕਾਰ ਕਾਲ ਕਾ ਜਾਲ ਸਿਰ ਪਰ ਸਮਝੋ ਜੈਸੇ ਮਛੀ ਹੈ ਤੈਸੇ ਹੀ ਮਾਨੁਖੋਂ ਕੋ ਜਾਣੋ (ਅਚਿੰਤਾ)ਅਕਸ ਮਾਤ੍ਰ ਹੀ ਜਾਲ ਆਕਰ ਪਕੜੇਗਾ ਭਾਵ ਯਹਿ ਕਿ ਤੁਮਕੋ ਬੇਖਬਰ ਹੀ ਕਾਲ ਜਾਲੀ ਮੇਂ ਫਸਾ ਲਵਗਾ ॥ ੧ ॥

ਸਭੁ ਜਗੁ ਬਾਧਉ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥

ਹੇ ਭਾਈ ਐਸੇ ਹੀ ਸੰਪੂਰਨ ਜਗਤ ਕੋ ਕਾਲ ਨੇ ਬਾਂਧਿ ਰਖਿਆ ਹੈ ਗੁਰੋ ਕੀ ਕ੍ਰਿਪਾ ਸੇ ਬਿਨਾਂ ਕਾਲ (ਅਫਾਰ) ਅਮੋੜ ਹੈ ਭਾਵ ਏਹ ਕਿ ਕਿਸੀ ਕਾ ਹਟਾਇਆ ਨਹੀਂ ਹਟਤਾ ਹੈ ॥

ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰੁ ॥

Digitized by Panjab Digital Library | www.panjabdigilib.org

ਜਿਨ ਪੁਰਸ਼ੋਂ ਨੇ ਦ੍ਵੈਤ ਭਾਵਨਾ ਔਰ ਕਾਮਾਦਿ ਵਿਕਾਰ ਛੋਡ ਦੀਏ ਹੈਂ ਸੋ ਸਰੇ ਮੇ ਰਤੇ ਹੈਂ ਔਰ ਕਾਲ ਸੇ ਬਚੇ ਹੈਂ ॥

ਹਉ ਤਿਨਕੈ ਬਲਹਾਰਣੈ ਦਰਿ ਸਚੈ ਸਚਿਆਰ ॥ ੨ ॥

ਮੈਂ ਤਿਨੋਂ ਕੇ ਬਲਹਾਰੇ ਜਾਤਾ ਹੂੰ ਜੋ ਸਚੇ ਕੇ ਦਰ ਮੇ ਸਚੇ ਹੈਂ ॥ ੨ ॥

ਪ੍ਰਸ਼ਨੁ ॥ ਕਾਲ ਕੈਸੇ ਮਾਰਤਾ ਹੈ ?

ਉੱਤਰੁ ॥ ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥

ਜੈਸੇ ਬਾਜ ਪੰਛੀਆਂ ਕੋ ਮਾਰ ਲੇਤੇ ਹੈਂ ਔਰ ਜੈਸੇ (ਬਧਿਕ) ਝੀਵਰ ਚੋਗ ਦੇਖਾਇ ਕਰ ਜਾਲੀ ਹਾਥ ਮੈ ਲੇਕਰ ਪਸਾਰ ਦੇਤਾ ਹੈ ਤੈਸੇ ਕਾਲ ਰੂਪੀ ਬਧਕ ਨੇ ਸਬਦ ਸਪਰਸ ਰੂਪ ਰਸ ਗੰਧ ਏਹ ਚਗ ਖਿਲਾਰੀ ਹੈ ਔਰ ਮੋਹ ਰੂਪੀ ਜਾਲੀ ਪਸਾਰੀ ਹੈ ਤਿਸਮੈ ਜੀਵ ਰੂਪੀ ਪੰਛੀ ਫਸਤੇ ਹੈਂ ॥

ਗੁਰਿ ਰਾਖੇ ਸੇ ਉਬਰੇ ਹੋਰ ਫਾਥੇ ਚੋਗੈ ਸਾਥਿ ॥

ਪਰੰਤੂ ਜੋ ਗੁਰੋਂ ਨੇ ਮੋਹ ਰੂਪੀ ਜਾਲੀ ਕੇ ਫਸਨ ਤੇ ਰਾਖੇ ਹੈਂ ਸੋ ਕਾਲ ਤੇ ਬਚੇ ਹੈਂ ਔਰ ਮਨਮੁਖ ਸਬਦ ਸਪਰਸਾਦਿ ਚੋਗੇ ਸਾਥ ਫਸ ਗਏ ਹੈਂ ॥

ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥ ੩ ॥

ਪਰਮੇਸ੍ਵਰ ਕੇ ਨਾਮ ਸੇ ਬਿਨਾ ਅਸੁਭ ਕਰਮੀ ਚੁਣ ਕਰਕੇ ਨਰਕਾਂ ਮੈ ਗਿਰਾਇ ਦੀਏ ਜਾਵੇਂਗੇ ਉਨਕਾ ਇਸ ਲੋਕ ਮੈਂ ਕੋਈ ਸੰਗੀ ਔਰ ਪਰਲੋਕ ਮੈ ਸਾਥੀ ਨਹੀਂ ਹੋਵੇਗਾ ॥ ਵਾ ਜੋ ਅਬ ਇਸ ਲੋਕ ਕੇ ਸੰਗੀ ਹੈਂ ਸੋ ਪ੍ਰਲੋਕ ਮੇਂ ਕੋਈ ਸਾਥਨ ਨ ਹੋਵੇਗਾ ॥ ੩ ॥

ਸਚੋ ਸਚਾ ਆਖੀਐ ਸਚੋ ਸਚਾ ਥਾਨੁ ॥

(ਸਚੋ) ਨਿਸਚੇ ਕਰਕੇ ਤਾਂਤੇ ਪਰਮੇਸ੍ਵਰ ਕਾ ਨਾਮ ਸਚਾ ਜਪੀਏ ਨਾਮ ਜਪਨੇ ਕਰ ਸਚੇ ਵਾਹਿਗੁਰੂ ਕਾ (ਸਚਾ ਥਾਨੁ) ਬੈਕੁੰਠ ਵਾ ਸ੍ਵਰੂਪ ਪ੍ਰਾਪਤਿ ਹੋਤਾ ਹੈ ॥

ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥

ਜਿਨੋਂ ਨੇ ਸਚਾ ਨਾਮ ਮੰਨਿਆਂ ਹੈ ਤਿਨੋਂ ਕੇ ਮਨ ਮੈ ਸਚੁ ਵਾਹਿਗੁਰੂ ਕਾ ਧਿਆਨ ਹੈ ॥

Digitized by Panjab Digital Library | www.panjabdigilib.org

ਮਨਿਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥ ੪ ॥

ਜਿਨਾਂ ਕੋ ਗੁਰੋਂ ਦ੍ਵਾਰੇ ਗਿਆਨ ਹੂਆ ਹੈ ਸੋਈ ਪੁਰਸ਼ ਮਨ ਕਰਕੇ ਔਰ ਮੁਖ ਕਰਕੇ ਪਵਿਤ੍ਰ ਜਾਨੀਤੇ ਹੈਂ ॥੪ ॥

ਸਤਿਗੁਰ ਅਗੈ ਅਰਦਾਸਿ ਕਰਿ ਸਾਜਨ ਦੇਇ ਮਿਲਾਇ ॥

ਸਤਿਗੁਰੋਂ ਕੇ ਆਗੇ ਬੇਨਤੀ ਕਰੁ ਜੋ ਤੇਰੇ ਕੋ (ਸਾਜਨ) ਪਰਮੇਸ੍ਵਰ ਸਾਥ ਮਿਲਾਇ ਦੇਵੇਂ ॥

ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥

ਜਿਨਕੋ ਸਾਜਨੁ ਮਿਲਾ ਹੈ ਤਿਨੋਂ ਨੇ ਸੁਖੁ ਪਾਇਆ ਹੈ ਅਰੁ ਤਿਨਕੀ ਤਰਫ ਸੇ ਜਮਦੂਤ ਬਿਖੁ ਖਾਇਕਰ ਮਰ ਗਏ ਹੈਂ । ਭਾਵ ਏਹਿ ਕਿ ਜਮਦੂਤੋਂ ਕੋ ਦੁਖੁ ਹੂਆ ਕਿ ਏਹੁ ਪੁਰਸੁ ਹਮਾਰੇ ਹੁਕਮ ਅੰਦਰ ਸੇ ਜਾਤਾ ਰਹਾ ॥

ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ ॥ ੫ ॥

ਪਰਮੇਸਰ ਨੇ ਕਹਾ ਹੈ ਨਾਮ ਕੇ ਬੀਚ ਮੇਂ ਵਸਤਾ ਹਾਂ ਜੇਕਰ ਜੀਵਕੇ ਮਨ ਮੈ ਮੇਰਾ ਨਾਮੁ ਆਨ ਇਸਥਿਤ ਹੋਵੈ ਤਉ ਮੈਂ ਮਿਲਤਾ ਹਾਂ ॥ ੫ ॥

ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥

ਗੁਰੋਂ ਕੀ ਕ੍ਰਿਪਾ ਸੇ ਬਿਨਾ ਅਗਯਾਨ ਰੂਪੀ ਅੰਧਕਾਰੁ ਹੈ ਉਪਦੇਸ ਸੇ ਬਿਨਾ ਸਮਝ ਨਹੀਂ ਪਾਈ ਜਾਤੀ ਹੈ ॥

ਗੁਰਮਤੀ ਪਰਗਾਸੁ ਹੋਇ ਸਚ ਰਹੈ ਲਿਵਲਾਇ ॥

ਜੋ ਗੁਰੋਂ ਕੀ ਸਿਖਯਾ ਲੇਣੇ ਵਾਲੇ ਹੈਂ ਤਿਨਕੋ ਗਯਾਨ ਰੂਪ ਪ੍ਰਕਾਸ਼ ਹੂਆ ਹੈ ਸੋ ਸਚੇ ਮੈਂ ਬ੍ਰਿਤੀ ਲਗਾਇ ਰਹੇ ਹੈਂ ॥

ਤਿਥੈ ਕਾਲ ਨ ਸੰਚਰੈ ਜੋਤੀ ਜੋਤਿ ਸਮਾਇ ॥ ੬ ॥

(ਤਿਥੈ) ਤਿਨਕੇ ਸ੍ਵਰੂਪ ਮੈ ਕਾਲ ਨਹੀਂ (ਸੰਚਰੈ) ਪ੍ਰਵੇਸ ਹੋਤਾ ਕਿਉਂਕਿ ਜੋਤੀ ਪ੍ਰਮੇਸ੍ਵਰ ਕੇ ਬੀਚ ਤਿਨਕੀ ਜੋਤਿ ਮਿਲ ਗਈ ਹੈ ॥ ੬ ॥ ਹੇ ਭਾਈ ਪੁਨਾ ਵੋਹ ਐਸੇ ਬੇਨਤੀ ਕਰਤੇ ਹੈਂ ॥

ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥

ਕਿ ਹੇ ਮਹਾਰਾਜ ਤੂੰ ਹੀ (ਸਾਜਨੁ) ਅਕ੍ਰਿਤਮ ਉਪਕਾਰੀ ਮਿਤ੍ਰ ਹੈਂ ਤੂੰਹੀ ਚਤੁਰੁ ਹੈਂ ਤੂੰ ਆਪ ਹੀ ਮੇਲਣੇ ਵਾਲਾ ਹੈਂ ॥

ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥

Digitized by Panjab Digital Library | www.panjabdigilib.org

ਪਰੰਤੂ ਗੁਰੋਂ ਕੇ ਸਬਦ ਦ੍ਵਾਰਾ ਤੇਰੀ ਸਲਾਘਾ ਕਰੀਤੀ ਹੈ ਜਿਸਕੇ ਪਾਰ ਉਰਾਰ ਕਾ ਅੰਤ ਨਹੀਂ ਹੈ॥

ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥੭॥

(ਤਿਥੈ) ਕਾਲ ਨਹੀਂ ਪਹੁਚਤਾ ਹੈ ਜਿਥੇ ਗੁਰੋਂ ਕਾ ਸਬਦੁ ਲੈ ਕਰਕੇ ਅਪਾਰੁ ਪ੍ਰਮੇਸ੍ਵਰ ਮੈਂ ਨਿਸਚਾ ਹੁਆ ਹੈ ॥ ੭ ॥

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥

(ਹੁਕਮੀ) ਪ੍ਰਮੇਸ੍ਵਰ ਕੇ ਹੁਕਮ ਕਰਕੇ ਸੰਪੂਰਨ ਜੀਵ ਉਪਜਤੇ ਹੈਂ ਪ੍ਰਮੇਸ੍ਵਰ ਕੇ ਹੁਕਮ ਮੈਂ ਹੀ ਕਰਮ ਕਮਾਵਤੇ ਹੈਂ ॥

ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚੁ ਸਮਾਹਿ ॥

ਔਰ ਹੁਕਮੀ ਕੇ ਹੁਕਮ ਕਰਕੇ ਹੀ ਕਾਲ ਕੇ ਅਧੀਨ ਹੁਏ ਜਨਮਤੇ ਮਰਤੇ ਹੈਂ ਔਰ ਹੁਕਮ ਕਰਕੇ ਹੀ ਸਾਚ ਸ੍ਵਰੂਪ ਵਿਖੇ (ਸਮਾਹਿ) ਮਿਲ ਜਾਤੇ ਹੈਂ ॥

ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥ ੮ ॥ ੪ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਭਾਈ ਜੋ ਤਿਸੁ ਪ੍ਰਮੇਸ੍ਵਰ ਕੋ ਭਾਵਤਾ ਹੈ ਸੋਈ ਹੋਤਾ ਹੈ ਇਨ ਜੀਵੋਂ ਕੇ ਵਸ ਕਿਛੂ ਨਹੀਂ ਹੈ॥੮॥੪

ਸਿਰੀ ਰਾਗੁ ਮਹਲਾ ੧ ॥ ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥

ਮਨਮੁਖਿ ਜੋ ਗੁਣ ਹੀਨ ਹੈਂ ਤਿਨਕੇ (ਮਨਿਜੂਠੈ) ਅੰਤਸਕਰਨ ਅਪਵਿਤ੍ਰ ਹੈਂ ਤਨ ਮੈ ਭੀ ਪਾਪ ਰੂਪੁ ਜੂਠ ਹੈ ਜਿਹਵਾ ਭੀ ਝੂਠ ਬੋਲਨੇ ਸੇ ਜੂਠੀ ਹੋ ਰਹੀ ਹੈ ॥

ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥

ਝੂਠੇ ਪੁਰਸ਼ ਕਾ ਝੂਠੁ ਬੋਲਣਾ ਤੋ ਮੁਖੁ ਹੈ ਔਰ ਸਭ ਗੋਣ ਹੈ ਤਾਤੇ ਕਿਸ ਪ੍ਰਕਾਰ ਸੂਚਾ ਹੋਵੇ ॥

ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥

ਗੁਰੋਂ ਕੇ ਉਪਦੇਸ ਸੇ ਬਿਨਾ (ਅਕ) ਰਿਦਾ ਨਹੀਂ ਮਾਂਜੀਤਾ ਹੈ ਭਾਵ ਇਹਿ ਕਿ ਮਲ ਦ੍ਰਰ ਨਹੀਂ ਹੋਤੀ ਹੈ ਔਰ ਸਾਚੇ ਉਪਦੇਸ ਸੇ ਹੀ ਸਚ ਸਰੂਪ ਕੀ ਵਾ ਸੁਖ ਕੀ ਪ੍ਰਾਪਤੀ ਹੋਤੀ ਹੈ ॥ ੧ ॥

ਮੂੰਧੇ ਗੁਣ ਹੀਣੀ ਸੁਖੁ ਕੇਹਿ ॥ ਪਿਰੁ ਰਲੀਆ ਰਸਿ
ਮਾਣਸੀ ਸਾਚਿ ਸਬਦਿ ਸੁਖ ਨੇਹਿ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਜੀਵ ਰੂਪ ਇਸਤ੍ਰੀ ਦੈਵੀ ਗੁਣੋਂ ਸੇ ਬਿਨਾ ਸੁਖ ਕੈਸਾ ਵਾ ਕਿਸ ਕੋ ਹੂਆ ਹੈ ਜੋ ਪਤੀ(ਰਲੀਆ) ਖੁਸੀਆਂ ਵਾਲਾ ਵਾ ਅਨੰਦ ਰੂਪ ਹੈ ਤਿਸ ਕੇ ਸਾਥ ਤੂੰ ਤਬ ਸੁਖ ਮਾਣੇਂਗੀ ਜਬ ਸਚੇ ਸੁਖ ਰੂਪ ਉਪਦੇਸ਼ ਮੈਂ ਪ੍ਰੇਮ ਕਰੇਂਗੀ ॥ ੧ ॥

ਪਿਰ ਪਰਦੇਸੀ ਜੇ ਥੀਐ ਧਨ ਵਾਢੀ ਝੂਰੇਇ ॥

ਜੇ ਕਰ (ਸਬਦਿ) ਪਤੀ ਪਰਮੇਸ੍ਰਰ ਪਰਦੇਸ ਹੋਵੇ ਭਾਵ ਯਹਿ ਜੋ ਅਪ੍ਰੋਖ ਹੈ ਜੇ ਜਿਸ ਨੇ ਆਪ ਸੇ ਭਿੰਨ ਪ੍ਰਮੇਸਰ ਕੋ ਜਾਣਿਆ ਹੈ ਤੋ ਵਹੁ (ਧਨ) ਇਸਤ੍ਰੀ (ਵਾਢੀ) ਵਿਛੁੜੀ ਹੂਈ ਝੂਰਤੀ ਹੈ ॥

ਜਿਉ ਜਲ ਥੋੜੈ ਮਛੁਲੀ ਕਰਣ ਪਲਾਵ ਕਰੇਇ ॥

ਜੈਸੇ ਥੋੜੇ ਜਲ ਮੈਂ ਮਛਲੀ (ਕਰਣ ਪਲਾਵ) ਬਿਰਲਾਪ ਕਰਤੀ ਹੈ ॥ ਭਾਵ ਦੁਖੀ ਹੋਤੀ ਹੈ ॥

ਪਿਰ ਭਾਵੈ ਸੁਖ ਪਾਈਐ ਜਾ ਆਪੇ ਨਦਰਿ ਕਰੇਇ ॥ ੨ ॥

ਜਬ ਜੀਵ ਪਤੀ ਕੋ ਮਿਲਨਾ ਚਾਹੇ ਤਬ ਸੁਖ ਪਾਈਤਾ ਹੈ ਪਰੰਤੂ ਜਬ ਪਰਮੇਸ੍ਰਰ ਆਪ ਕਿਰਪਾ ਦ੍ਰਿਸਟੀ ਕਰੇ ਤਬ ਜੀਵ ਕੋ ਮਿਲਨੇ ਕੀ ਚਾਹ ਹੋਤੀ ਹੈ ॥ ੨ ॥

ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥

ਤਾਂਤੇ ਆਪਣੇ ਪਤੀ ਕੋ ਸਲਾਹੁਣਾ ਕਰੀਏ (ਸਖੀ ਸਹੇਲੀ) ਪਿਆਰੇ ਸੰਤਜਨੋਂ ਕੇ ਸਾਥ ਮਿਲ ਕਰਕੇ ॥

ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥

ਸੁੰਦ੍ਰ ਸਰੀਰ ਵਾਲੇ ਨੇ ਮੇਰਾ ਮਨੁ ਮੋਹਿਆ ਹੈ ਭਾਵ ਪਰਮੇਸ੍ਰਰ ਕੇ ਧਯਾਨ ਵਿਖੇ ਪ੍ਰੇਮ ਸੇ ਰਤੀ ਹੂਈ ਨਿਹਾਲ ਭਈ ਹੂੰ *

ਸਬਦਿ ਸਵਾਰੀ ਸੋਹਣੀ ਪਿਰੁ ਰਾਵੈ ਗੁਣ ਨਾਲਿ ॥ ੩ ॥

ਪਰੰਤੂ ਜੋ ਗੁਰ ਸ਼ਬਦ ਕਰ ਸਵਾਰੀ ਹੈ ਸੋਈ (ਸੋਹਣੀ) ਸੁਭ ਗੁਨੋਂ ਕਰ ਸੁੰਦਰ ਹੂਈ ਹੈ ਗੁਣ ਸਾਥ ਹੋਣੇ ਸੇ ਪਤੀ ਕੇ ਅਨੰਦ ਕੋ ਭੋਗਤੀ ਹੈ ॥ ੩ ॥

ਕਾਮਣਿ ਕਾਮਿ ਨ ਆਵਹੀ ਖੋਟੀ ਅਵਗਣਿਆਰਿ ॥

ਜੋ ਜੀਵ ਰੂਪ ਇਸਤ੍ਰੀ ਮੰਦ ਕਰਮੋਂ ਵਾਲੀ ਹੈ ਸੋ ਕਾਮ ਨਹੀਂ ਆਵਤੀ ਹੈ ਭਾਵ ਯਹਿ ਕਿ ਪਰਮੇਸ੍ਰਰ ਕੀ ਭਗਤੀ ਨਹੀਂ ਕਰਤੀ ਹੈ ॥

* ਵਾ ਜਿਸਕਾ ਮਨੁ ਪਰਮੇਸ੍ਰਰ ਕੇ ਧਿਯਾਨ ਮੈਂ ਮੋਹਿਆ ਹੈ ਤਿਸਕਾ ਤਨੁ ਸੋਭਨੀਕ ਹੈ ਔਰ ਅਨੰਦ ਮੈਂ ਰਤੀ ਹੂਈ ਨਿਹਾਲ ਭਈ ਹੈ ॥

Digitized by Panjab Digital Library | www.panjabdigilib.org

ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ॥

ਤਿਸ ਕੋ ਨ (ਪੇਈਐ) ਇਸ ਲੋਕ ਮੈਂ ਸੁਖੁ ਹੋਤਾ ਹੈ ਔਰ ਨ (ਸਾਹੁਰੈ) ਪ੍ਰਲੋਕ ਮੈਂ ।ਝੂਠਿ ਬੋਲਨ ਆਦਿ ਵਿਕਾਰੋਂ ਕਰ (ਜਲੀ) ਦਗਧ ਹੋਰਹੀ ਹੈ ॥

ਆਵਣ ਵੰਞਣੁ ਡਾਖਣੋ ਛੋਡੀ ਕੰਤਿ ਵਿਸਾਰਿ ॥ ੪ ॥

ਤਾਂਤੇ (ਆਵਣ) ਜਨਮ ਔਰ (ਵੰਞਣ) ਮਰਣ ਕਰ (ਡਾਖਣੋ) ਦੁਖੀ ਹੋਤੀ ਹੈ ਔਰ ਕੰਤ ਨੇ ਵਿਸਾਰ ਛੋਡੀ ਹੈ ॥ ੪ ॥

ਪ੍ਰਸ਼ਨੁ ॥ ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥

ਪਤੀ ਪਰਮੇਸ੍ਵਰ ਕੀ ਜੀਵ ਰੂਪੀ ਨਾਰਿ (ਸੁਹਾਵਣੀ) ਸੋਭਾਇਮਾਨਿ ਥੀ ਸੋ ਕਿਸ (ਸਾਦਿ) ਰਸ ਮੇ ਫਸ ਕਰ (ਮੁਤੀ) ਛੁਟੜ ਭਈ ਹੈ ?

ਉਤਰੁ ॥ ਪਿਰ ਕੇ ਕਾਮ ਨ ਆਵਈ ਬੋਲੇ ਫਾਦਿਲੁਬਾਦਿ ॥

ਪਤੀ ਕੇ ਕਾਮ ਨਹੀਂ ਆਵਤੀ ਹੈ ਭਾਵ ਯਹਿ ਕਿ ਭਗਤੀ ਨਹੀ ਕਰਤੀ ਹੈ ਕਿਉਂਕਿ(ਫਾਦਿਲੁਬਾਦਿ)ਬਾਧੂ ਬਜਰਬ ਬੋਲਤੀ ਹੈ ॥

ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥ ੫ ॥

ਔਰ ਜੋ ਦ੍ਵੈਤ ਕੇ ਸ੍ਵਾਦ ਕਰਕੇ ਛੂਟੀ ਹੈ ਸੋ (ਘਰਿ) ਸ੍ਵਰੂਪ ਕੇ (ਦਰਿ) ਥੀਚ (ਢੋਈ) ਸਮੀਪਤਾ ਨਹੀਂ ਪਾਵੇਗੀ ॥ ੫ ॥

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥

ਔਰ ਸ਼ਾਸਤ੍ਰ ਵਕਤਾ ਪੁਰਸ ਪੁਸਤਕ ਤੋ ਵਾਚਤੇ ਹੈਂ ਪਰੰਤੂ ਵਿਚਾਰ ਕਰ ਤਿਨ ਪੋਥੀਓਂ ਕੇ ਸਿਧਾਂਤ ਕੋ ਨਹੀਂ ਬੂਝਤੇ ਹੈਂ ॥

ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥

(ਅਨਕਉ) ਔਰੋਂ ਕੋ (ਮਤੀ) ਸਿਖਿਆ ਦੇਣੇ ਮੈ (ਚਲਹਿ) ਪ੍ਰਵਿਰਤ ਹੋਤੇ ਹੈਂ ਆਪ ਪੋਥੀਓਂ ਕੋ ਮਾਯਾ ਕਾ ਵਣਜੁ ਮਾਨ ਰਖਾ ਹੈ ॥

ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁਸਾਰੁ ॥ ੬ ॥

ਧਾਰਣਾ ਕੀਏ ਬਿਨਾਂ ਤਿਨ ਪੰਡਤੋਂ ਕੀ ਕਹਨੀ ਝੂਠੀ ਹੈ ਕਿਉਂਕਿ (ਸਬਦੁ) ਬਦ ਕੀ ਰਹਣੀ(ਸਾਰੁ)ਸ੍ਰੇਸ਼ਟ ਹੈ ਔਰ ਕੇਵਲ ਕਥਨੀ ਸੇ ਚੌਰਾਸੀ ਮੈ ਭ੍ਰਮਤੇ ਹੈਂ ॥ ੬ ॥

Digitized by Panjab Digital Library | www.panjabdigilib.org

ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥

ਅਨੇਕ ਹੀ ਪੁਰਾਣੋਂ ਕੇ ਵਕਤਾ ਪੰਡਤ ਹੈਂ ਔਰ ਅਨੇਕ ਹੀ ਜੋਤਸੀ ਹੈਂ ਔਰ ਕਿਤਨੇ ਹੀ ਬਦੋਂ ਕਾ ਵੀਚਾਰ ਕਰਨੇ ਵਾਲੇ ਹੈਂ

ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥

ਮਤ ਮਤਾਂਤ੍ਰੋਂ ਕੇ ਵੈਰ ਵਿਰੋਧ ਵਾ ਤਿਨ ਗ੍ਰੰਥੋਂ ਮੇਂ ਜੋ ਵਿਰੋਧ ਕੇ ਵਖਯਾਨ ਹੈਂ ਤਿਨਕੋ ਸਾਲਾਹਣੇ ਕਰਤੇ ਹੈਂ ਤਿਨ (ਬਾਦ) ਝਗੜੋਂ ਕੇ ਕਥਨ ਕਰਨੇ ਸੇ ਬਿਨਾਂ ਪਰਮੇਸ੍ਵਰ ਦੇ ਜਸ ਵਾ ਪ੍ਰੇਮ ਸੇ (ਆਵਣੁ) ਜਨਮ (ਜਾਣੁ)ਮਰਨ ਬਨਾ ਰਹਤਾ ਹੈ ॥ ਭਾਵ ਇਹ ਕਿ ਪਰਸਪਰ ਬਿਰੋਧ ਕਰਤੇ ਹੈਂ ਕਿਉਂਕਿ ਸ਼ੈਵ ਵੈਸ਼ਨੋਂ ਕੀ ਨਿੰਦਾ ਕਰਤੇ ਹੈਂ ਔ ਵੈਸ਼ਨਵ ਸ਼ੈਈਵੋਂ ਕੀ ਨਿੰਦਾ ਕਰਤੇ ਹੈਂ ਇਤਯਾਦੀ ਏਹ ਸਬ (ਬਾਦ ਵਿਰੋਧ) ਬਜਰਥ ਝਗੜੇ ਹੈਂ ॥

ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥ ੭ ॥

ਤਾਤੇ ਪੰਡਤ ਜਨ ਭੀ ਆਖ ਅਖਯਾਨ ਜੋ ਵਖਾਨ ਕੀਏ ਹੂਏ ਹੈਂ ਤਿਨਕੇ ਕਥਨ ਔਰ ਸ੍ਰਵਨ ਕਰਨੇ ਕਰਕੇ ਬਿਨਾਂ ਗੁਰੋਂ ਸੇ ਕਰਮੋਂ ਸੇ ਨਹੀਂ ਛੂਟੇਂਗੇ ॥ ੭੫॥

ਪ੍ਰਸ਼ਨੁ ॥ ਕ੍ਰਿਪਾ ਕਿਸ ਪ੍ਰਕਾਰ ਹੋਵੇ ਹੈ ?

ਉੱਤਰੁ॥ ਜੀਵ ਰੂਪ ਇਸਤ੍ਰੀ ਗੁਰੋਂ ਪਾਸ ਐਸੇ ਬੇਨਤੀ ਕਰੇ ਕਿ ਹੇ ਭਗਵਨ ॥

ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ॥

ਔਰ ਸਰਬ ਗੁਣਵੰਤੀ ਕਥਨ ਕਰੀ ਹੈਂ ਔਰ ਮੇਰੇ ਮੈਂ ਕੋਈ ਭੀ ਗੁਣ ਨਹੀਂ ਹੈ॥

ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥

ਤਾਂਤੇ ਜੋ ਹਰੀ (ਵਰੁ) ਪਤੀ ਕੀ ਨਾਰੀ ਸੋ ਸੋਭਨੀਕ ਹੈਂ ਯਾਤੇ ਮੇਰੇ ਕੋ ਭੀ ਸੋਈ ਸਾਮਰਥ ਪਤੀ ਭਾਵਤਾ ਹੈ ॥

ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥ ੮ ॥ ੫ ॥

ਸ੍ਰੀ ਗੁਰੂਜੀ ਕਹਿਤੇ ਹੈਂ ਜਿਸਕਾ (ਸਬਦਿ) ਗੁਰ ਉਪਦੇਸ਼ ਕਰਕੇ ਸ੍ਵਰੂਪ ਕੇ ਸਾਥ ਮਿਲਾਪੁ ਭਯਾ ਹੈ ਤਿਸਕਾ ਫਿਰ ਵਿਯੋਗ ਨਹੀਂ ਹੋਤਾ ਹੈ ॥ ੮ ॥ ੫ ॥

ਸਿਰੀ ਰਾਗੁ ਮਹਲਾ ੧ ॥ ਜਪੁ ਤਪੁ ਸੰਜਮ ਸਾਧੀਐ ਤੀਰਥਿ ਕੀਚੈ ਵਾਸੁ ॥

Digitized by Panjab Digital Library | www.panjabdigilib.org

ਨਾਮ ਤੇ ਬਿਨਾਂ ਜਪ ਤਪ (ਸੰਜਮ) ਧਾਰਨਾ ਧਿਆਨ ਇਨ ਸਾਧਨੋਂ ਕੋ ਸਿਧ ਕਰ ਲੀਜੀਏ ਪੁਨਾ ਤੀਰਥੋਂ ਵਿਖੇ ਵਾਸੁ ਕਰ ਰਹੀਏ ॥

ਪੁੰਨ ਦਾਨ ਚੰਗਿਆਈਆ ਬਿਨੁ ਸਚੇ ਕਿਆ ਤਾਸੁ ॥

ਔਰ ਜੋ (ਪੁੰਨ) ਅਮਾਵਸ ਸੰਕ੍ਰਾਂਤਾਦਿ ਪੁੰਨਕਾਲੋਂ ਮੈ ਦੇਣਾ ਹੈ (ਦਾਨ) ਜੋ ਹਮੇਸ਼ ਦੇਨਾ ਹੈ ਵਾ ਪੁੰਨ ਸਮੇਂ ਕਾ ਜੋ ਦਾਨ ਹੈ ਤਿਸਕਾ ਨਾਮ ਪੁੰਨ ਦਾਨ ਵਾ (ਪੁੰਨ) ਜੋ ਬਿਧੀ ਪੂਰਬਕ ਦਾਨ ਹੈ (ਦਾਨ) ਜੋ ਸਾਮਾਨ ਦਾਨ ਹੈ ਅਰ ਜੋ (ਚੰਗਿਆਈਆ) ਪਰਉਪਕਾਰਾਦਿ ਭਲਿਆਈਆਂ ਕਰਨੀਆਂ ਹੈਂ ਬਿਨ ਸਾਚੇ ਨਾਮ ਸੇ (ਤਾਸੁ) ਤਿਸ ਕਰਕੇ ਵਾ ਤਿਸ ਪੁਰਸ਼ ਕੋ ਏਹ ਕਿਆ ਸਹਾਇਤਾ ਕਰੇਂਗੇ ॥

ਜੇਹਾ ਰਾਧੈ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥ ੧ ॥

ਜੈਸਾ ਪੁਰਸ਼ (ਰਾਧੈ) ਬੀਜਤਾ ਹੈ ਤੈਸਾ (ਲੁਣੈ) ਕਾਟਤਾ ਹੈ ਭਾਵ ਏਹ ਕਿ ਜੈਸੇ ਜੀਵ ਪੁੰਨ ਵਾ ਪਾਪ ਕਰਮ ਕਰਤਾ ਹੈ ਤੈਸਾ ਹੀ ਸੁਖੁ ਦੁਖੁ ਫਲੁ ਭੋਗਤਾ ਹੈ ਪਰਮੇਸ਼ਰ ਕੇ ਗੁਣਾਨੁਬਾਦ ਭਗਤੀ ਸੇ ਬਿਨਾਂ ਜਨਮ ਮਰਣੁ ਹੀ ਰਹਤਾ ਹੈ ॥ ੧ ॥

ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ
ਸਮਾਈਐ ਗੁਰਮਤਿ ਪੂਰਾ ਸੋਇ ॥ ੧ ॥ ਰਹਾਉ ॥

ਹੇ ਮੁੰਧੇ ਦਾਸੀ ਭਾਉ ਕਾ ਗੁਣ ਹੋਇ ਤਬ ਸੁਖੁ ਹੋਵੇਗਾ ਵਾ ਗੁਣਵਾਨੋਂ ਕੀ ਦਾਸੀ ਹੋਇ ਕਿਉਂਕਿ ਅਵਗੁਣੋਂ ਕੋ ਤਿਆਗ ਕਰ ਔਰ ਗੁਰੋਂ ਕੀ (ਮਤਿ) ਸਿਖਜਾ ਲੇਕਰ ਪੂਰੇ ਪਰਮੇਸ਼ਰ ਵਿਖੇ (ਸਮਾਈਐ) ਮਿਲੀਤਾ ਹੈ ॥ ੧ ॥

ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ॥

ਸਰਧਾ ਰੂਪੀ (ਰਾਸੀ) ਪੂੰਜੀ ਸੇ ਬਿਨਾ ਕਰਮੋਂ ਕੇ ਵਾਪਾਰ ਕਰਨੇ ਵਾਲਾ ਕਰਮ ਕਾਂਡੀ (ਕੁੰਡਾ ਚਾਰਿ) ਪ੍ਰਤਖਹੀ ਪੂਰਬ ਪਛਮ ਉਤਰ ਦਖਣ ਕੇ ਤੀਰਥੋਂ ਕੀ ਜਾਤ੍ਰਾ ਕਰਤਾ ਹੈ ॥

ਮੂਲ ਨ ਬੂਝੈ ਆਪਣਾ ਵਸਤੁ ਰਹੀ ਘਰਿ ਬਾਰਿ ॥

(ਮੂਲ) ਸਰਬ ਕਾ ਆਸਰਾ ਰੂਪੁ (ਆਪਣਾ) ਜੋ ਨਿਜ ਸਰੂਪੁ ਤਿਸਕੋ ਜਾਨਤਾ ਨਹੀਂ ਕਿ (ਘਰਿ) ਅੰਤਸਕਰਣ ਮੈਂ ਆਤਮ ਵਸਤੂ ਰਹੀ ਹੁਈ ਹੈ (ਬਾਰਿ) ਉਜਾੜੋਂ ਮੈਂ ਢੂੰਢਤਾ ਹੈ ॥

ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੁੜਿਆਰਿ ॥ ੨ ॥

Digitized by Panjab Digital Library | www.panjabdigilib.org

ਨਾਮ ਰੂਪੀ (ਵਖਰੁ) ਸੌਦੇ ਸੈ ਬਿਨਾ ਦੁਖੁ (ਅਗਲਾ) ਬਹੁਤਾ ਪਾਵਤਾ ਹੈ (ਕੂੜਿ) ਝੂਠ ਰੂਪ ਸੰਸਾਰ ਮੈਂ ਤਿਸ (ਕੂੜਿਆਰਿ) ਝੂਠੇ ਕੀ ਬੁਧੀ (ਮੁਠੀ) ਠਗੀ ਗਈ ਹੈ ॥ ੨ ॥

ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥

ਤਿਨ ਕੋ ਲਾਹਾ ਦਿਨ ਰਾਤ ਨਵੀਨ ਹੀ ਮਿਲਤਾ ਹੈ ਜੋ (ਰਤਨੁ) ਵੈਰਾਗ ਔਰ (ਵਿਚਾਰਿ) ਬਿਬੇਕ ਕੀ (ਪਰਖੇ) ਕੀਮਤ ਪਾਵਤੇ ਹੈਂ ਭਾਵ ਯੇਹਿ ਕਿ ਜੋ ਚਤੁਸ਼ਟੇ ਸਾਧਨ ਸਪੰਨ ਹੈ ਤਿਨਕੋ ਸਦਾ ਹੀ ਮਾਨੁਖ ਜਨਮ ਕਾ ਲਾਭੁ ਹੈ ਵਾ ਵੀਚਾਰ ਕਰਕੇ ਆਤਮ ਰਤਨ ਕੋ ਪਰਖਤੇ ਹੈਂ ॥

ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥

ਸਾਧਨ ਸੰਪੰਨ ਪੁਰਸ਼ ਆਤਮਾ ਵਸਤੂ ਕੋ (ਘਰਿ) ਆਪਣੇ ਸਰੀਰ ਕੇ ਅੰਦਰ ਹੀ (ਲਹੈ) ਜਾਣਤੇ ਹੈਂ ਯਾਂਤੇ ਮੁਕਤ ਰੂਪੀ ਕਾਰਜੁ ਕੋ(ਸਾਰਿ) ਬਣਾ ਚਲੇ ਹੈਂ ਜੋ ਕਹੇ ਕਿਸ ਤਰਾਂ ਕਾਰਜੁ ਸਾਰ ਚਲੇ ਹੈਂ ਸੋ ਦਿਖਾਵਤੇ ਹੈਂ ॥

ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥ ੩ ॥

(ਵਣਜਾਰਿਆ) ਮਹਾਤਮਾ ਜਨੋਂ ਕੇ ਸਾਥ ਮਿਲ ਕਰ ਪ੍ਰਮੇਸ਼੍ਰਰ ਕੇ ਗੁਣੋਂ ਕਾ ਕਥਨ ਸ੍ਰਵਨ ਰੂਪੁ ਵਣਜੁ ਕਰਕੇ ਔਰੁ ਗੁਰੋਂ ਦ੍ਵਾਰਾ ਬ੍ਰਹਮ ਬੀਚਾਰੁ ਕਰਕੇ ॥ ੩ ॥

ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥

ਜੇ ਕਰ ਪਰਮੇਸ਼੍ਰਰ ਸਤ ਸੰਗਤਿ ਕੋ ਮੇਲੇ ਤੋ ਸੰਤੋਂ ਕੀ ਸੰਗਤਿ ਕਰਕੇ ਪਰਮੇਸ਼੍ਰਰੁ ਪਾਈਤਾ ਹੈ ॥

ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰੁ ॥

ਜਿਸਕੇ ਅੰਤਰਿ (ਅਪਾਰੁ) ਬੇਅੰਤ ਪ੍ਰਮੇਸ਼੍ਰਰ ਕੀ (ਜੋਤਿ) ਗਜਾਤਹੈ ਸੋ ਮਿਲਿਆ ਹੂਆ (ਨ ਵਿਛੁੜੈ) ਭਿੰਨ ਨਹੀਂ ਹੋਤਾ ਹੈ ॥

ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥ ੪ ॥

(ਸਚਿ) ਨਿਸਚੇ ਕਰਕੇ ਜਿਨਕਾ (ਸਚ) ਪ੍ਰਮੇਸ਼੍ਰਰ ਕੇ ਪ੍ਰੇਮ ਮੈਂ ਪਿਆਰੁ ਹੈ ਸੋ ਸਚ ਸਰੂਪ ਮੈਂ (ਆਸਣਿ) ਇਸਥਿਤੀ ਕਰ ਰਹੇ ਹੈਂ ॥ ੪ ॥

ਜਿਨੀ ਆਪੁ ਪਛਾਣਿਆ ਘਰੁ ਮਹਿ ਮਹਲੁ ਸੁਥਾਇ ॥

Digitized by Panjab Digital Library | www.panjabdigilib.org

ਜਿਨ੍ਹੋਂ ਨੇ ਆਪਣੇ (ਘਰਮਹਿ) ਸਰੀਰ ਕੇ ਬੀਚ (ਸੁਥਾਇ) ਉਤਮ ਅਸਥਾਨ ਸੁਧ ਅੰਤਸਕਰਨ ਮੈਂ (ਮਹਿਲ) ਸਰੂਪ ਕੋ ਜਾਣਿਆ ਹੈ॥

ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥

ਤਿਨ੍ਹੋਂ ਨੇ ਸਚੇ ਨਾਮ ਪ੍ਰਮੇਸ੍ਰਰ ਕੇ (ਸੇਤੀ) ਸਾਥ (ਰਤਿਆ) ਮਨ ਕੋ ਤਦਾਕਾਰ ਕਰਕੇ ਵਾ ਪ੍ਰੇਮ ਕਰਕੇ (ਸਚੋ)ਸਚਾ ਆਤਮਾਨੰਦ ਮਨ ਰੂਪੀ (ਪਲੈ) ਬਸਤ੍ਰ ਮੈਂ ਪਾ ਲੀਆ॥

ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥ ੫ ॥

ਸਚਾ ਸੋ ਪ੍ਰਭੂ ਤੀਨ ਲੋਕ ਮੈ ਸਚੇ ਨਾਮ ਕਰ ਜਾਨੀਤਾ ਹੈ॥ ੫॥

ਸਾ ਧਨ ਖਰੀ ਸੁਹਾਵਨੀ ਜਿਨਿ ਪਿਰੁ ਜਾਤਾ ਸੰਗਿ ॥

ਸੋ ਜੀਵ ਰੂਪ ਇਸਤ੍ਰੀ ਅਤੀ ਸੋਭਨੀਕ ਹੈ ਜਿਸਨੇ ਪਤੀ ਕੋ ਅਪਨੇ ਸੰਗ ਜਾਨਾ ਹੈ॥

ਮਹਲੀ ਮਹਲਿ ਬੋਲਾਈਐ ਸੋ ਪਿਰੁ ਰਾਵੈ ਰੰਗਿ ॥

ਸੋ (ਮਹਲੀ) ਜਗਜਾਸੂ ਰੂਪ ਇਸਤ੍ਰੀ (ਮਹਲਿ) ਸਰੂਪ ਮੰਦਰ ਮੈਂ ਬੁਲਾਈ ਜਾਤੀ ਹੈ ਔਰ (ਪਿਰੁ) ਪਤੀ ਕੋ (ਰੰਗਿ) ਅਨੰਦ ਕੋ (ਰਾਵੈ) ਭੋਗਤੀ ਹੈ॥

ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥ ੬ ॥

ਜੋ (ਸਚਿ) ਪਰਮੇਸ੍ਰਰ ਕੋ ਪਾਇ ਕਰ ਸੁਹਾਗਣ ਹੁਈ ਹੈ ਸੋਈ ਭਲੀ ਹੈ ਅਰ (ਪਿਰਿ) ਪਤੀ ਕੇ ਗੁਨ ਸਰਬਗਜਤਾਦਿ ਤਿਨ ਕਰਕੇ ਮੋਹਤ ਹੋਰਹੀ ਹੈ ॥ ੬ ॥

ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥

ਮਨ ਤਨ ਕਰਕੇ ਪਤੀ ਸੇ ਭੂਲੀ ਹੁਈ ਮੈਂ (ਥਲਿ ਚੜਾ) ਮਾਰੂ ਅਸਥਲ ਮੈਂ ਤਪ ਕਰਾ ਪੁਨਾ ਥਲ ਸੇ(ਡੂਗਰ)ਪਰਬਤੋਂ ਪਰ ਚੜ ਜਾਵਾਂ ਭਾਵ ਯਹਿ ਕਿ ਪਰਬਤੋਂ ਕੀ ਕੰਦਰੋਂ ਮੈਂ ਤਪ ਕਰਾਂ॥

ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥

ਔਰ ਜੇ ਪਰਮੇਸਰ ਸੇ ਭੂਲ ਕਰ ਬਨ ਮੈਂ ਭੀ ਫਿਰੇ * ਪਰੰਤੂ ਗੁਰੋ ਸੇ ਬਿਨ ਪਤੀ ਕੋ ਪਾਵਣੇ ਕੀ ਸਮਝ ਨਹੀਂ ਪ੍ਰਾਪਤ ਹੋਤੀ॥

* ਦਾ (ਥਲ) ਪਰਾਣ (ਡੂਗਰ) ਪ੍ਰਸਤ੍ (ਬਨ) ਥਦ ਇਸ ਕੋ ਦਿਸ਼ਾਰੇ '

Digitized by Panjab Digital Library | www.panjabdigilib.org

ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥ ੭ ॥

ਕਿਉਂਕਿ ਜੇ ਨਾਮ ਸੇ ਭੂਲੀ ਹੂਈ ਥਲ ਆਦਿਕੋਂ ਮੇਂ ਫਿਰੋਂ ਤੌ ਬਾਰੰਬਾਰ (ਆਵਉ ਜਾਉ) ਭਾਵ ਜਨਮਤੀ ਮਰਤੀ ਰਹੌਂਗੀ ॥ ੭ ॥

ਪੂਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥

ਤਾਂਤੇ ਹੇ ਭਾਈ (ਪਧਾਊਆ) ਭਗਤੀ ਕੇ (ਪੰਧ) ਰਸਤੇ ਮੈਂ ਚਲਨੇ ਵਾਲਜੋਂ ਰਾਹੀਓਂ ਸੇ ਪਰਮੇਸ੍ਵਰ ਕਾ ਮਾਰਗੁ ਪੂਛੋ ਜੋ (ਚਾਕਰ) ਦਾਸ ਭਾਉ ਧਾਰ ਕਰ ਚੱਲੇ ਹੈਂ ॥

ਰਾਜ ਨ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥

ਕਿਉਂਕਿ (ਰਾਜਨ) ਰਾਜਾ ਪਰਮੇਸ੍ਵਰ ਕੋ ਅਪਨਾ ਸਰੂਪ ਜਾਨਤੇ ਹੈਂ ਯਾਂਤੇ (ਘਰਿ) ਸਰੂਪ ਕੇ (ਦਰਿ) ਬੀਚ (ਠਾਕ) ਰੋਕ ਨਹੀਂ ਹੋਤੀ ਭਾਵ ਯਹਿ ਕਿ ਅਭੇਦ ਹੋਨੇ ਸੇ ਸੰਸੇ ਬਿਪਰਜੇ ਰੂਪ ਰੋਕ ਨਹੀਂ ਹੋਤੀ ॥

ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥ ੮ ॥ ੬ ॥

ਸ੍ਰੀ ਗੁਰੂ ਜੀ ਕਹਤੇ ਹੈਂ ਤਿਨਕੇ ਨਿਸਚੇ ਮੈਂ ਏਕੁ ਹੀ (ਰਵਰਹਿਆ) ਬਜਾਪ ਰਹਾ ਹੈ ਦੂਸਰਾ ਔਰ ਕੋਈ ਨਹੀਂ ॥ ੮ ॥ ੬ ॥

ਸਿਰੀ ਰਾਗੁ ਮਹਲਾ ੧ ॥ ਗੁਰ ਤੇ ਨਿਰਮਲੁ ਜਾਣੀਐ ਨਿਰਮਲੁ ਦੇਹ ਸਰੀਰੁ ॥

ਜਬ ਗੁਰੋਂ ਕੀ ਕਿਰਪਾ ਸੇ (ਨਿਰਮਲ) ਪਰਮੇਸ੍ਵਰ ਕੋ ਜਾਣੀਏ ਤਬ (ਦੇਹ) ਅਸਥੂਲ ਸੂਖਮ ਸਰੀਰ ਅੰਤਹਕਰਣ ਨਿਰਮਲ ਹੋਜਾਤੇ ਹੈਂ ॥

ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭਿ ਪੀਰੁ ॥

(ਨਿਰਮਲੁ) ਸੁਧੁ ਸਾਚਾ ਪਰਮੇਸ੍ਵਰ ਹੀ ਮਨ ਮੈਂ ਵਸਤਾ ਹੈ ਸੋਈ (ਅਭਿ) ਰਿਦੇ ਕੀ ਪੀੜ ਕੋ (ਜਾਣੈ) ਅਨਭਵ ਕਰਤਾ ਹੈ॥

ਸਹਜੇ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ ॥ ੧ ॥

(ਸਹਜੇ) ਗਯਾਨ ਕਰਕੇ (ਅਗਲੋ) ਅਧਕ ਸੁਖੁ ਆਤਮਾਨੰਦ ਹੋਤਾ ਹੈ ਜਮ ਕਾ (ਤੀਰੁ) ਬਾਣ ਭਾਵ ਯਹਿ ਕਿ ਜਮ ਕਾ ਸਸਤ੍ਰ ਨਹੀਂ ਲਗਤਾ ਹੈ ॥ ੧ ॥

ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥ ਨਿਰਮਲੁ

Digitized by Panjab Digital Library | www.panjabdigilib.org

ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥ ੧ ॥ ਰਹਾਉ ॥

ਹੇ ਭਾਈ ਗਯਾਨ ਰੂਪੀ ਜਲ ਮੈਂ ਸਨਾਨ ਕਰਨ ਮੇ ਅਗਯਾਨ ਰੂਪੀ ਮੈਲੁ ਨਹੀਂ ਰਹੇਗੀ ਤੂੰ ਇਸ ਬਾਤ ਕੋ ਨਿਸਚਯ ਜਾਨ ਕਿ ਨਿਰਮਲੁ ਸਚਾ ਏਕ ਵਾਹਿਗੁਰੂ ਹੈ ਔਰ (ਜਾਇ) ਜਗਾ ਸਭ ਮੈਲੁ ਕਰ ਕਰੀ ਹੂਈ ਹੈ ॥

ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰ ॥

ਅਬ ਵੈਰਾਟ ਰੂਪ ਕੋ ਕਥਨ ਕਰਤੇ ਹੂਏ ਮੱਧਮ ਅਧਿਕਾਰੀ ਪ੍ਰਤੀ ਉਪਦੇਸੁ ਕਰਤੇ ਹੈਂ ਏਹ ਬ੍ਰਹਮੰਡ ਹਰੀ ਕਾ ਮੰਦਰੁ (ਕਰਣੇ ਹਾਰ) ਪ੍ਰਮੇਸ਼ਰ ਨੇ (ਸੋਹਣਾ) ਸੋਭਨੀਕ ਕੀਆ ਹੈ ॥

ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥

ਔਰੁ ਇਸ ਬ੍ਰਹਮੰਡ ਰੂਪੀ ਮੰਦਰ ਮੈ (ਰਵਿ) ਸੂਰਜੁ (ਸਸਿ) ਚੰਦ੍ਰਮਾ ਏਹੁ ਦੋ ਦੀਪਕ ਅਨੂਪ ਜੋਤਿ ਵਾਲੇ ਪ੍ਰਕਾਸੇ ਹੈਂ ਕਿਉਂਕਿ ਅਉਰ ਦੀਪਕ ਤੋ ਤੇਲ ਬਤੀ ਬਿਨਾ ਪ੍ਰਕਾਸ ਨਹੀਂ ਕਰਤੇ ਹੈਂ ਏਹ ਤੇਲ ਬਤੀ ਅਗਨੀ ਬਿਨਾ ਹੀ ਸਦਾ ਪ੍ਰਕਾਸ਼ ਕਰ ਰਹੇ ਹੈਂ ॥ ਪ੍ਰਸਨੁ ॥ ਪਤਾਲ ਆਦਿ ਲੋਕੋਂ ਮੈ ਤੋ ਇਨਕਾ ਪ੍ਰਕਾਸ਼ੁ ਨਹੀਂ ਹੈ ਤਹਾਂ ਕੈਸੇ ਨਿਰਬਾਹੁ ਹੋਤਾ ਹੈ ? ਤਿਸ ਪਰ ਕਹਤੇ ਹੈਂ ਵਾਸਤਵ ਵਿਚਾਰ ਦੇਖੀਏ ਤੋ ਤੀਨ ਹੀ ਲੋਕ ਮੈ ਅਪਾਰ ਪਰਮੇਸ਼ਰ ਕੀ ਜੋਤਿ ਕਰ ਪ੍ਰਕਾਸਹੋ ਰਹਾ ਹੈ ਕਹੀਂ ਸੂਰਜ ਚੰਦ੍ਰਮਾਂ ਮੈ ਹੋਕਰ ਪ੍ਰਕਾਸੁ ਹੋ ਰਹਾ ਹੈ ਕਹੀਂ ਪਤਾਲਾਦਿਕੋਂ ਮੈਂ ਮਨੀਆਂ ਮਧ ਹੋਕਰ ਪ੍ਰਕਾਸੁ ਕਰ ਰਹਾ ਹੈ ॥

ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰੁ ॥ ੨ ॥

ਪੁਨਾ ਬਿਅਸਟੀ ਰੀਤਿ ਸੋ ਸਰੀਰ ਕਾ ਕਥਨ ਹੈ ਸਰੀਰ ਰੂਪੀ (ਪਟਣ) ਸ਼ਹਰੁ ਤਿਸਮੈ (ਹਾਟ)ਦਸ ਇੰਦ੍ਰੇ ਦੁਕਾਨ ਦਸਵਾਂ ਦ੍ਵਾਰ(ਗੜ) ਕਿਲਾ ਹੈ (ਕੋਠੜੀ) ਅੰਤਸਕਰਨ ਹੈ(ਸਚ ਸਉਦਾ)ਸਚ ਰੂਪ ਪ੍ਰਮੇਸ਼ਰ ਕਾ ਨਾਮ ਸਉਦੇ ਤਿਸਕਾ ਬਯਾਪਾਰੁ ਜੋ ਕਰਤੇ ਹੈਂ ਭਾਵ ਇੰਦ੍ਰੀਓਂ ਸੇ ਭਗਤੀ ਦਸਮੇ ਦ੍ਵਾਰ ਮੈ ਰਿਦੇ ਕਰ ਧਿਆਨੁ ਕਰਤੇ ਹੈਂ ॥ ੨ ॥

ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥

ਜਬ ਧਿਆਨ ਦੁਆਰੇ ਬੁਧੀ ਰੂਪੀ ਨੇਤ੍ਰੋਂ ਮੇਂ ਗਿਆਨ ਅੰਜਨ ਪਾਇਆ ਤਬ ਭੈ ਨਾਸ ਹੋ ਗਯਾ ਔਰ ਨਿਰੰਜਨ ਕੋ ਪੁਰਖੋਤਕ (ਭਾਇ) ਪ੍ਰਕਾਰ ਸੇ ਤਿਨੋਂ ਨੇ ਦੇਖ ਲੀਆ ਹੈ ॥ ਪ੍ਰਸਨੁ ॥ ਐਸੇ ਨਿਰੰਜਨ ਕੋ ਪੁਰਸ ਕੈਸੇ ਜਾਨੇਗਾ ? ਤਿਸਪਰ ਕਹਤੇ ਹੈਂ ॥

ਗੁਪਤੁ ਪ੍ਰਗਟੁ ਸਭੁ ਜਾਣੀਐ ਜੇ ਮਨੁ ਰਾਖੈ ਠਾਇ ॥

ਜੇਕਰ ਮਨਕੋ ਰਿਦੇ ਅਸਥਾਨ ਮੇ (ਠਾਇ) ਇਸਥਿਤ ਰਾਖੇ । ਤੋ ਗੁਪਤ ਪ੍ਰਗਟ ਸਭ ਜਗਾ ਪ੍ਰਮੇਸ਼ਰ ਕੋ ਜਾਣੀਤਾ ਹੈ॥

Digitized by Panjab Digital Library | www.panjabdigilib.org

ਐਸਾ ਸਤਿਗੁਰ ਜੇ ਮਿਲੈ ਸਹਜੇ ਲਏ ਮਿਲਾਇ ॥ ੩ ॥

ਔਰ ਜਿਸਨੇ ਮਨਕੋ ਇਸਥਿਤ ਕਰਾ ਹੋਵੇ ਜੇਕਰ ਐਸਾ ਸਤਿਗੁਰੂ ਮਿਲੇ ਤੌ (ਸਹਜੇ) ਸੁਭਾਵਕ ਹੀ ਪ੍ਰਮੇਸ੍ਵਰ ਕੇ ਸਾਥ ਮਿਲਾਇ ਲੇਤਾ ਹੈ ॥ ੩ ॥

ਕਸਿ ਕਸਵਟੀ ਲਾਈਐ ਪਰਖੇ ਹਿਤ ਚਿਤ ਲਾਇ ॥

ਕਸਵਟੀ ਪਥਰ ਵਿਸੇਸ ਹੈ ਜਿਸਕਰ ਸੁਇਨੇ ਕੀ ਪ੍ਰੀਖਜਾ ਕਰੀ ਜਾਤੀ ਹੈ ਸੋ ਸਿਖਕੋ ਜੋ ਜਪ ਤਪ ਵਿਖੇ(ਕਸਿ)ਖੈਂਚਣਾ ਹੈ ਸੋ ਗੁਰੂ ਕਸਵਟੀ ਲਾਵਤੇ ਹੈਂ ਔਰ ਚਿਤਕਾ (ਹਿਤੁ) ਪ੍ਰੇਮੁ ਲਗਾਕਰ ਸਿਖਕੋ ਪਰਖ ਲੇਤੇ ਹੈਂ ॥

ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥

ਜੋ ਖੋਟੇ ਹੈਂ ਕਿਆ ਕਸਵਟੀ ਨਹੀਂ ਸਹਾਰਤੇ ਸੋ ਸਰੂਪ ਅਸਥਾਨ ਕੋ ਨਹੀਂ ਪਾਵਤੇ ਹੈਂ ਜੋ ਕਸਵਟੀ ਸਹਾਰਨੇ ਵਾਲੇ ਖਰੇ ਹੈਂ ਹੋ (ਖਜਾਨੈ ਪਾਇ) ਸਰੂਪ ਮੈਂ ਅਭੇਦ ਕਰੀਤੇ ਹੈਂ ॥

ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥

ਜਬ (ਆਸ) ਇੱਛਾ ਔਰ ਕਈ ਪ੍ਰਕਾਰ ਕਾ ਪ੍ਰਮਾਣ ਗਤ ਪ੍ਰਮੇਗਤ ਮੋਖ ਮੈਂ (ਅੰਦੇਸਾ) ਸੰਸਾ ਤਤ ਪਦ ਤ੍ਵੰ ਪਦ ਮੈ ਸੰਸਾ ਇਨ ਸਭਕੋ ਦੂਰ ਕਰਾਵਤੇ ਹੈਂ ਐਸੇ ਅਗਯਾਨ ਰੂਪੀ ਮਲ ਜਾਤੀ ਹੈ ਤਬ ਬ੍ਰਹਮ ਰੂਪ ਖਜਾਨੇ ਮੈ (ਸਮਾਇ) ਮਿਲ ਜਾਤਾ ਹੈ ॥ ੪ ॥

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥

ਔਰੁ ਸਭ ਕੋਈ ਸੁਖ ਕੋ ਹੀ ਮਾਂਗਤਾ ਹੈ ਦੁਖ ਕੋ ਕੋਈ ਨਹੀਂ ਮਾਂਗਤਾ ਹੈ ॥

ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥

ਸੁਖ ਕੇ ਭੋਗਨੇ ਵਾਲੇ ਕੋ ਦੁਖੁ ਭੀ (ਅਗਲਾ) ਬਹੁਤਾ ਹੀ ਹੋਤਾ ਹੈ ਜਬ ਸੁਖਕਾ ਵਿਜੋਗੁ ਹੋਤਾ ਹੈ ਤਬ ਦੁਖ ਹੀ ਬਸੇਸ ਰਹ ਜਾਤਾ ਹੈ ਸੁਖ ਕਾ ਭਾਨ ਨਹੀਂ ਰਹਤਾ ਪਰੰਤੂ ਮਨਮੁਖੋਂ ਕੋ ਕੋਈ ਸਮਝ ਨਹੀਂ ਹੋਤੀ ਕਿ ਸੁਖ ਕੇ ਵਿਜੋਗ ਕਰ ਕੇਵਲ ਦੁਖ ਹੀ ਹੋਤਾ ਹੈ ॥

ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥ ੫ ॥

ਤਾਂਤੇ ਕਹਮੋਂ ਕਾ ਫਲੁ ਜਾਨ ਕਰ ਸੁਖ ਦੁਖ ਸਮ ਕਰ ਜਾਣੀਏ ਕਾਵ ਆਗਮਾ ਪਾਈ ਔਰ ਬ੍ਰਹਮ ਕਾ (ਭੇਦ) ਗਯਾਨ

Digitized by Panjab Digital Library | www.panjabdigilib.org

ਹੋਣੇ ਸੋ ਆਤਮ ਸੁਖ ਪ੍ਰਾਪਤਿ ਹੋਤਾ ਹੈ ॥ ੫ ॥

ਬੇਦ ਪੁਕਾਰੇ ਬਾਚੀਐ ਬਾਣੀ ਬ੍ਰਹਮ ਬਿਆਸੁ ॥

ਬੇਦੋਂ ਕੋ ਪੁਕਾਰ ਪੁਕਾਰ ਤਿਨਕਾ ਅਰਥ ਵਾਚਤੇ ਹੈਂ ਕੈਸੇ ਬੇਦ ਹੈ ਜੋ (ਬਾਣੀਬ੍ਰਹਮ) ਪਰਮੇਸ੍ਰਰ ਕੀ ਬਾਣੀ ਰੂਪ ਹੈਂ (ਬਿਆਸੁ) ਬਿਸਥਾਰ ਰੂਪ ਵਾ ਕਰਮ ਉਪਾਸਨਾ ਗਯਾਨ ਇਨਕੇ ਬਿਸਥਾਰ ਕਰਨ ਵਾਲੀ ਬਾਣੀ ਰੂਪ ਹੈਂ॥

ਪ੍ਰਸ਼ਨੁ ॥ ਸੋ ਬੇਦ ਬਾਣੀ ਕਿਆ ਕਹਤੀ ਹੈ ?

ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ ॥

(ਮੁਨਿ) ਮਨਨ ਸੀਲ (ਜਨ) ਭਗਤ ਜਨ (ਸੇਵਕ ਸਾਧਿਕਾ) ਔਰ ਜੋ ਦਾਸ ਹੋਕਰ ਸਾਧਨਾ ਕਰਨ ਵਾਲੇ ਹੈਂ ਜੋ ਇਨ ਮੈ ਸੇ (ਨਾਮਿ) ਪਰਮੇਸ੍ਰਰ ਕੇ ਨਾਮ ਮੈ ਰਤੇ ਹੈਂ (ਤਾਸੁ) ਤਿਨਕੇ ਗੁਣ ਬੇਦ ਕਹਿਤਾ ਹੈ ਵਾ ਬ੍ਰਹਮ ਕੀ ਬਾਣੀ ਬੇਦ ਸੋ ਭੀ ਯਹੀ ਪੁਕਾਰਤੇ ਹੈਂ ਔਰ ਬਯਾਸ ਬਾਣੀ ਪੁਰਾਣ ਭੀ ਵਾਚੀਏ ਤੌਭੀ ਯਹੀ ਪੁਕਾਰਤੇ ਹੈਂ ਔਰ ਮੁਨਿ ਜਨਿ ਸੇਵਕ ਸਾਧਕ ਭੀ ਯਹੀ ਪੁਕਾਰਤੇ ਹੈਂ ਔਰ ਜੋ (ਗੁਣਤਾਸੁ) ਵਾਹਗੁਰੂ ਕੇ ਨਾਮ ਮੈ ਰਤੇ ਹੈਂ ਸੋ ਭੀ ਯਹੀ ਪੁਕਾਰਤੇ ਹੈਂ ॥

ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ ॥੬॥

ਜੋ ਸਚੇ ਪੁਰਮੇਸ੍ਰਰ ਕੇ ਨਾਮ ਮੈ (ਰਤੇ) ਰੰਗੇ ਹੈਂ ਸੁ ਪੁਰਸ਼ ਜੀਤ ਗਏ ਹੈਂ ਮੈ ਤਿਨਕੇ (ਸਦਾ) ਸਦੀਵਕਾਲ ਬਲਹਾਰੇ ਜਾਤਾ ਹੂੰ ॥ ੬ ॥

ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥

ਔਰ ਜਿਨੋਂ ਕੇ ਮੁਖ ਸੇ ਨਾਮਕਾ ਉਚਾਰਣ ਨਹੀਂ ਹੋਤਾ ਸੋ ਪੁਰਸ਼ ਸਤਯੁਗ ਤ੍ਰੇਤਾ ਦ੍ਵਾਪਰ ਕਲਿਯੁਗ ਇਨਮੈ ਮੈਲੇ ਹੀ ਰਹਤੇ ਹੈਂ ਔਰ (ਮਲੁ) ਪਾਪੋਂ ਕਰ ਭਰੇ ਹੂਏ ਹੈਂ ॥

ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥

ਔਰ ਜੋ ਪ੍ਰੇਮਾਭਗਤੀ ਸੇ ਰਹਤ ਹੈਂ ਤਿਨਕਾ ਮੁਹ ਕਾਲਾ ਹੋਵੇਗਾ ਔਰ ਪ੍ਰਲੋਕ ਮੈ ਪਤਿ ਗਵਾਈ ਜਾਇਗੀ ॥

ਜਿਨੀ ਨਾਮੁ ਵਿਸਾਰਿਆ ਅਵਗੁਣ ਮੁਠੀ ਰੋਇ ॥੭॥

ਜਿਨ ਪੁਰਸੋਂ ਨੇ ਨਾਮ ਵਿਸਾਰ ਦੀਆ ਹੈ ਤਿਨਕੀ ਬੁਧੀ ਅਵਗੁਣੋਂ ਕਰ(ਮੁਠੀ)ਲੂਟੀ ਗਈ ਹੈ ਸੋ ਦੁਖੀ ਹੂਏ ਰੋਵਤੇ ਹੈਂ ॥੭॥

Digitized by Panjab Digital Library | www.panjabdigilib.org

ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ ॥

ਜੋ ਉਤਮ ਜਗਜਾਸੂ ਹੈਂ ਤਿਨੋਂ ਨੇ ਸੰਸਾਰ ਕੇ ਦੁਖੋਂ ਸੇ ਡਰ ਕਰ ਖੋਜਤੇ ਖੋਜਤੇ ਸਤਿਗੁਰੋਂ ਕੋ ਪਾਇਆ ਹੈ ਸੋ ਗੁਰੋਂ ਕੇ ਮਿਲਾਏ ਹੂਏ ਮਿਲੇ ਹੈਂ ॥

ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥

ਜੋ ਅਪਨੇ ਸਰੂਪ ਕੋ ਪਛਾਣ ਕੇ (ਘਰਿ) ਸ੍ਵੈਸਰੂਪ ਮੈਂ ਇਸਥਿਤ ਹੂਏ ਹੈਂ ਤਿਨੋਂ ਕੀ ਹਉ ਮੈ ਔਰ ਤ੍ਰਿਸ਼ਨਾ ਜਾਇ ਨਿਵਰਤ ਹੂਈ ਹੈ ॥

ਨਾਨਕ ਨਿਰਮਲੁ ਊਜਲੇ ਜੋ ਰਾਤੇ ਹਰਿ ਨਾਇ ॥ ੮ ॥ ੭ ॥

ਸ੍ਰੀ ਗੁਰੂਜੀ ਕਹਿਤੇ ਹੈਂ ਜੋ ਹਰੀ ਕੇ ਨਾਮ ਮੈਂ ਰਾਤੇ ਹੈਂ ਸੋਈ ਨਿਰਮਲ ਪਰਮੇਸ੍ਵਰ ਕੇ ਉਜਲੇ ਹੋਕਰ ਮਿਲੇ ਹੈਂ ॥ ੮ ॥ ੭ ॥

ਸਿਰੀ ਰਾਗੁ ਮਹਲਾ ੧ ॥ ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥

ਹੇ (ਮਨ) ਪਰਮੇਸ੍ਵਰ ਸੇ ਭੂਲੇ ਹੂਏ ਹੇ (ਬਾਵਰੇ) ਗੁਰੋਂ ਕੀ ਚਰਨੀ ਲਾਗੁ ॥

ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥

ਔਰ ਹਰੀ ਨਾਮ ਕੋ ਬਾਣੀ ਕਰਕੇ ਜਪੁ ਔਰ ਮਨ ਮੈ ਤੂੰ ਧਯਾਨ ਕਰ ਕਿਉਂਕਿ ਤੇਰੇ ਪਾਸ ਸੇ ਜਮ ਡਰ ਜਾਵੇਗਾ ਔਰ ਜਨਮ ਮਰਨ ਕਾ ਦੁਖੁ ਭਾਗ ਜਾਵੇਗਾ ॥

ਦੂਖੁ ਘਣੋ ਦੁਹਾਗਣੀ ਕਿਉ ਥਿਰੁ ਰਹੈ ਸੁਹਾਗੁ ॥ ੧ ॥

ਔਰ ਜੋ (ਦੋਹਾਗਣੀ) ਛੁਟੜਾਂ ਹੈਂ ਤਿਨਕੋ ਦੁਖੁ ਬਹੁਤ ਹੋਤਾ ਹੈ ਯਾਂਤੇ ਤਿਨਕੇ ਸੁਹਾਗ ਕਾ ਅਨੰਦ ਕਿਉਂਕਰ ਥਿਰ ਰਹੇ ਭਾਵ ਯੇਹ ਕਿ ਨਹੀਂ ਰਹਿਤਾ ਹੈ ॥ ੧ ॥

ਭਾਈ ਰੇ ਅਵਰ ਨਾਹੀ ਮੈ ਥਾਉ ॥ ਮੈ ਧਨੁ ਨਾਮੁ
ਨਿਧਾਨੁ ਹੈ ਗੁਰਿ ਦੀਆ ਬਲਿਜਾਉ ॥ ੧ ॥ ਰਹਾਉ ॥

ਹੇ ਭਾਈ ਮੇਰਾ ਦੂਸਰਾ ਸਥਾਨ ਨਹੀਂ ਹੈ ਮੇਰੇ ਕੋ ਤੋ ਗੁਰੋਂ ਨੇ ਨਾਮ ਧਨ ਕਾ (ਨਿਧਾਨੁ) ਖਜ਼ਾਨਾ ਰੂਪ ਉਪਦੇਸ਼ ਦੀਆ ਹੈ ਯਾਂਤੇ ਮੈਂ ਗੁਰੋਂ ਕੇ ਬਲਹਾਰੇ ਜਾਤਾ ਹੂੰ ॥ ੧ ॥

Digitized by Panjab Digital Library | www.panjabdigilib.org

ਗੁਰਮਤਿ ਪਤਿ ਸਾਬਾਸਿ ਤਿਸੁ ਤਿਸਕੈ ਸੰਗਿ ਮਿਲਾਉ ॥

ਜਿਨ੍ਹੋਂ ਨੇ ਗੁਰੋਂ ਕੀ ਮਤਿ ਲਈ ਹੈ ਤਿਨ ਕੀ ਇਸ ਲੋਕ ਮੈਂ ਪਤਿ ਬਨੀ ਹੈ ਇਸੀ ਤੇ ਤਿਨ ਕੋ ਸਾਬਾਸ ਮਿਲੀ ਹੈ ॥ ਯਾਂਤੇ ਮੈਂ ਤਿਨ ਕੇ ਸਾਥ ਮਿਲਾ ਹੂੰ ॥

ਤਿਸੁ ਬਿਨੁ ਘੜੀ ਨ ਜੀਵਉ ਬਿਨੁ ਨਾਵੈ ਮਰਿ ਜਾਉ ॥

ਜੋ ਨਾਮ ਦੇਨੇ ਵਾਲੇ ਗੁਰੂ ਹੈਂ ਤਿਨਸੇ ਬਿਨਾ ਮੈਂ ਘੜੀ ਭੀ ਜੀਵ ਨਹੀਂ ਸਕਤਾ ਹੂੰ ਔਰ ਨਾਮ ਸੇ ਬਿਨਾ ਭੀ ਮਰਣ ਹੋਤਾ ਹੈ ॥

ਮੈ ਅੰਧੁਲੇ ਨਾਮੁ ਨ ਵੀਸਰੈ ਟੇਕਿ ਟਿਕੀ ਘਰਿ ਜਾਉ ॥ ੨ ॥

ਤਾਂਤੇ ਐਸੇ ਕਹਣਾ ਜੋਗ ਹੈ ਮੈਂ ਅਗਯਾਨੀ ਕੋ ਨਾਮੁ ਨ ਵੀਸਰ ਜਾਵੇ ਮੈਨੇ ਤੋ ਨਾਮ ਕੀ (ਟੇਕਿ) ਸਰਣ ਲਈ ਹੈ ਕਿਉਂਕਿ ਨਾਮ ਜਪ ਕਰਕੇ (ਘਰਿ ਜਾਉ) ਸ੍ਵਰੂਪ ਮੈਂ ਜਾਈਤਾ ਹੈ ॥ ੨ ॥

ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥

ਔਰ ਜਿਨੋਂ ਕਾ ਗੁਰੂ ਅਗਯਾਨੀ ਹੈ ਤਿਨਕੇ ਚੇਲਿਓਂ ਕੋ (ਠਾਉ) ਸ੍ਵਰੂਪ ਕੀ ਪ੍ਰਾਪਤੀ ਨਹੀਂ ਹੋਤੀ ਹੈ ॥

ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥

ਸਤਗੁਰੋਂ ਬਿਨਾ ਨਾਮੁ ਨਹੀਂ ਪਾਈਤਾ ਹੈ ਔਰ ਨਾਮੁ ਪ੍ਰਾਪਤ ਹੂਏ ਬਿਨਾ ਕਿਆ (ਸੁਆਉ) ਲਾਭੁ ਹੈ ॥

ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥ ੩ ॥

(ਆਇ) ਜਨਮ ਕੇ ਮਰਗਯਾ ਜੈਸੇ ਖਾਲੀ ਘਰ ਕਾ ਕਾਂ ਬਿਅਰਥ ਕੁਰਲਾਂਉਂਦਾ ਹੈ ਭਾਵ ਯਹਿ ਕਿ ਜਨਮ ਕੇ ਮਰਨ ਤੋ ਭਯਾ ਪਰੰਤੂ ਕੁਛੁ ਮਾਨੁਖ ਸਰੀਰ ਕਾ ਲਾਭੁ ਪ੍ਰਾਪਤਿ ਨਹੀਂ ਹੂਆ ਯਾਂਤੇ ਪਸਚਾਤਾਪ ਹੀ ਰਹਾ ॥ ੩ ॥

ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥

ਵਾਹਿਗੁਰੂ ਕੇ ਨਾਮ ਸੇ ਬਿਨਾ ਦੁਖ ਹੋਤਾ ਹੈ ਔਰ ਜੋ (ਦੇਹੁਰੀ) ਦੇਹ ਹੈ ਸੋ ਐਸੇ ਨਾਸ ਹੋਤੀ ਹੈ ਜੈਸੇ ਕਲਰ ਕਰ ਬਨਾਈ ਹੂਈ (ਭੀਤ) ਦੀਵਾਰ ਨਿਤ ਹੀ ਅਨੇਕ ਕਲੇਸੋਂ ਕੋ ਦੇਤੀ ਹੂਈ ਗਿਰ ਪੜਤੀ ਹੈ ॥

ਤਬਲਗੁ ਮਹਲੁ ਨ ਪਾਈਐ ਜਬਲਗੁ ਸਾਚੁ ਨ ਚੀਤਿ ॥

ਔਰ ਤਬ ਪ੍ਰਯੰਤ (ਮਹਲੁ) ਸਰੂਪ ਨਹੀ ਪਾਈਤਾ ਹੈ ਜਬਛਕ ਸਚਾ ਨਾਮੁ ਚਿੱਤ ਮੈਂ ਨਹੀਂ ਵਸਤਾ ਹੈ ॥

Digitized by Panjab Digital Library | www.panjabdigilib.org

ਸਬਦਿ ਰਪੈ ਘਰੁ ਪਾਈਐ ਨਿਰ ਬਾਣੀ ਪਦੁ ਨੀਤਿ ॥ ੪ ॥

ਗੁਰ (ਸਬਦਿ) ਉਪਦੇਸ਼ ਮੈਂ (ਰਪੈ) ਰੰਗਿਆ ਹੂਆ (ਘਰੁ) ਅਪਨਾ ਸਰੂਪ ਜਿਸ ਪਦ ਮੈਂ ਦੁਖ ਕੀ ਪ੍ਰਾਪਤੀ ਨਹੀਂ ਸੋ ਨਿਤ ਰੂਪ ਪਦੁ ਪਾਈਤਾ ਹੈ ॥ ੪ ॥

ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥

ਜਗਜਾਸੂ ਜਨ ਐਸੇ ਚਿਤਵੇ ਮੈਂ ਅਪਨੇ ਗੁਰੋਂ ਸੇ ਪੂਛੋਂ ਔਰ ਸੋ ਗੁਰੋਂ ਸੇ ਪੂਛ ਕਰ ਕਾਰ ਕਮਾਵਾਂ ॥

ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿਜਾਉ ॥

ਜਬ (ਸਬਦਿ) ਗੁਰ ਉਪਦੇਸ਼ ਕਰ (ਸਲਾਹੀ) ਪਰਮੇਸ੍ਵਰ ਮਨ ਮੈਂ ਵਸੇ ਤਬ ਹੰਤਾ ਮਮਤਾ ਕਾ ਦੁਖੁ (ਜਲਜਾਉ) ਅਭਾਵ ਹੋਜਾਤਾ ਹੈ ॥

ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥ ੫ ॥

ਜਬ (ਸਹਜੇ) ਗਯਾਨ ਕਾ ਮੇਲ ਅੰਤਸਕਰਣ ਕੇ ਸਾਥ ਹੋ ਜਾਵੇ ਤਬ (ਸਾਚਿ) ਨਿਸਚੇ ਕਰਕੇ ਸਾਚੇ ਸੇ ਅਭੇਦ ਹੋ ਜਾਈਤਾ ਹੈ ॥ ੫ ॥

ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥

ਜਿਨੋਂ ਨੇ ਕਾਮ ਕ੍ਰੋਧੁ ਹੰਕਾਰ ਕੋ ਤਯਾਗ ਦੀਆ ਹੈ ਸੋ ਸ਼ਬਦ ਮੈਂ ਰਤੇ ਹੂਏ (ਨਿਰਮਲੇ) ਸੁਧ ਹੂਏ ਹੈਂ ॥

ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰਧਾਰਿ ॥

ਔਰ ਨਾਮ ਕੋ ਮਨ ਬਾਣੀ ਕਰਕੇ ਸਦੀਵ ਸਲਾਹਤੇ ਰਹਤੇ ਹੈਂ ਔਰ ਵਾਹਿਗੁਰੂ ਕੋ ਹਿਰਦੇ ਮੈਂ ਧਾਰਨ ਕਰ ਰਖਤੇ ਹੈਂ ॥

ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥ ੬ ॥

ਤਾਂਤੇ ਹੇ ਭਾਈ ਸੋ ਐਸਾ ਵਾਹਿਗੁਰੂ ਕਿਉਂ ਮਨ ਸੇ ਭੁਲਾਈਐ ਜੋ ਸਰਬ ਜੀਵੋਂ ਕਾ ਆਸਰਾ ਹੈ ॥ ੬ ॥

ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥

ਜੋ ਜੀਵ ਭਾਵ ਸੇ ਗੁਰ ਉਪਦੇਸ਼ ਕਰ ਮਰੇ ਹੈਂ ਸੋ ਪੁਰਸ (ਮਰਿ ਰਹੇ) ਜਮ ਸੇ ਰਹਤੁਕੇ ਹੈਂ (ਫਿਰ) ਪੁਨਾ ਦੂਸਰੀ ਵਾਰ ਨਹੀਂ ਮਰਤੇ ਹੈਂ ॥

Digitized by Panjab Digital Library | www.panjabdigilib.org

ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥

ਜਬ ਗੁਰ ਉਪਦੇਸ ਸੇ ਹਰਿਨਾਮ ਮੈ ਪਿਆਰੁ ਲਗੇ ਤਬ ਬ੍ਰਹਮ ਕੋ ਪਾਈਤਾ ਹੈ ॥

ਬਿਨ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰੁ ॥ ੭ ॥

ਗੁਰੂ ਕੇ ਉਪਦੇਸ ਸੇ ਬਿਨਾ ਸੰਸਾਰੁ ਭੂਲਾ ਹੂਆ ਫਿਰਤਾ ਹੈ ਯਾਂਤੇ ਬਾਰੰਬਾਰ ਜਨਮਤਾ ਮਰਤਾ ਹੈ ॥ ੭ ॥

ਸਭੁ ਸਾਲਾਹੇ ਆਪ ਕਉ ਵਡਹੁ ਵਡੇਰੀ ਹੋਇ ॥

ਹੇ ਪਯਾਰੇ ਸਭ ਕੋਈ ਅਭਮਾਨੁ ਕਰਕੇ ਅਪਨੇ ਕੋ ਸਲਾਹਤਾ ਹੈ ਕਿ ਮੇਰੀ ਸੋਭਾ ਬਡੋਂ ਸੇ ਬਡੀ ਹੋਵੇ ॥

ਗੁਰੁ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥

ਪਰੰਤੂ ਗੁਰੂ ਸੇ ਬਿਨਾ (ਆਪੁ ਨ ਚੀਨੀਐ) ਅਪਨੇ ਸਰੂਪ ਕੋ ਨਹੀਂ ਜਾਨੀਤਾ ਹੈ ਕਹਨੇ ਸੁਨਨੇ ਸੇ ਕਿਆ ਹੋਤਾ ਹੈ ਭਾਵ ਏਹ ਕਿ ਨਿਗੁਰਾ ਜੋ ਮਨਮਤ ਸੇ ਕਹਤਾ ਸੁਨਤਾ ਹੈ ਸੋ ਬਿਰਥਾ ਹੈ ॥

ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥ ੮ ॥ ੮ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਬ ਗੁਰੋਂ ਕੇ ਉਪਦੇਸ ਕੋ ਪਛਾਣੀਐ ਤਬ ਕਿਸੀ ਪਰਕਾਰ ਕੀ ਵਾ ਕੋਈ ਪੁਰਸ਼ ਹੰਤਾ ਮਮਤਾ ਨਹੀਂ ਕਰਤਾ ॥ ੮ ॥ ੮ ॥

ਸਿਰੀ ਰਾਗੁ ਮਹਲਾ ੧ ॥ ਬਿਨ ਪਿਰਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ ॥

ਪਤੀ ਕੀ ਪ੍ਰਸੰਨਤਾ ਬਿਨਾ (ਧਨੁ) ਇਸਤ੍ਰੀ ਸੀਗਾਰੁ ਬਸਤ੍ਰ ਭੂਖਣ ਪਹਰੇ ਤਬ ਤਿਸਕਾ ਜੋਬਨੁ ਬਿਅਰਥ ਜਾਤਾ ਹੈ ਔਰ ਖੁਆਰ ਹੋਤੀ ਹੈ ॥

ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ ॥

ਪਤੀ ਕੇ ਬਿਨਾ ਸੇਹਜਾ ਕਾ ਸੁਖ ਨਹੀ (ਮਾਣੈ) ਭੋਗਤੀ ਹੈ ਤਿਸਕਾ ਸਿੰਗਾਰੁ (ਬਾਦਿ) ਬਿਅਰਥ ਹੈ ॥

ਦੂਖਿ ਘਣੇ ਦੋਹਾਗਣੀ ਨਾ ਘਰਿ ਸੇਜ ਭਤਾਰੁ ॥ ੧ ॥

ਤਿਸ (ਦੋਹਾਗਣੀ) ਛੁਟੜ ਤਿਸਤ੍ਰੀ ਕੋ ਦੂਖੁ ਬਹੁਤ ਹੋਤਾ ਹੈ ਘਰਿ ਹੀ ਮੈ (ਭਤਾਰੁ) ਪਤੀ ਹੈ ਪਰੰਤੁ ਸੇਜਾ ਪਰ ਨਹੀਂ ਪ੍ਰਾਪਤਿ ਹੋਤੀ ਭਾਵ ਏਹ ਕਿ ਪਤੀ ਸੰਗਮ ਸੇ ਰਹਿਤ ਹੈ ਦ੍ਰਾਸ੍ਰਾਂਤ ਵਿਖੇ ਵਾਹਿਗੁਰੂ ਕੀ ਪ੍ਰਸੰਨਤਾ ਬਿਨ ਜੀਵ ਰੂਪੀ ਇਸਤ੍ਰੀ

Digitized by Panjab Digital Library | www.panjabdigilib.org

ਕਰਮ ਰੂਪ ਸਿੰਗਾਰ ਕਰੇ ਸਰੀਰ ਰੂਪੀ ਘਰ ਮੈ ਅੰਤਸਕਰਨ ਰੂਪੀ ਸੇਹਜਾ ਮੈ ਪਤੀਕੋ ਨਹੀਂ ਪ੍ਰਾਪਤਿ ਹੋਤੀ(ਖੁਆਰ)ਦੁਖੀ ਰਹਤੀ ਹੈ ਸਿਹਜਾ ਕਾ ਸੁਖੁ ਕਿਆ ਅਭੇਦਤਾ ਕਾ ਸੁਖੁ ਨਹੀਂ ਭੋਗਤੀ ਤਿਸਕੋ ਕਰਮ ਭੀ ਬਿਅਰਥ ਹੈਂ ਬੇਮੁਖ ਕੋ ਜਨਮ ਮਰਣ ਕਾ ਦੁਖੁ ਬਹੁਤ ਹੀ ਹੈ ॥ ੧ ॥

ਮਨਰੇ ਰਾਮ ਜਪਹੁ ਸੁਖੁ ਹੋਇ॥ਬਿਨਗੁਰ ਪ੍ਰੇਮ ਨ ਪਾਈਐ ਸਬਦਿਮਿਲੈਰੰਗੁਹੋਇ॥੧॥ਰਹਾਉ

ਹੇ ਮੇਰੇ ਮਨ ਰਾਮੁ ਜਪੁ ਜਿਸ ਕਰਕੇ ਸੁਖੁ ਪ੍ਰਾਪਤਿ ਹੋਵੇ ਗੁਰੋਂ ਮੈ ਪ੍ਰੇਮੁ ਕਰੇ ਬਿਨਾ ਗੁਰੋਂ ਕਾ ਉਪਦੇਸੁ ਨਹੀਂ ਪਾਈਤਾ ਜਬ ਗੁਰ ਉਪਦੇਸ ਕਰ ਵਾਹਿਗੁਰੂ ਸੇ ਮਿਲੇ ਤਬ (ਰੰਗੁ) ਅਨੰਦ ਪ੍ਰਾਪਤਿ ਹੋਤਾ ਹੈ ॥

ਗੁਰੁ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸਿਗਾਰੁ॥

ਗੁਰੋਂ ਕੀ ਸੇਵਾ ਕਰਕੇ ਸੁਖ ਪਾਈਤਾ ਹੈ ਜਿਨੋਂ ਨੇ (ਸਹਜਿ) ਸਾਂਤੀ ਆਦਿਕ ਗੁਣੋਂ ਕਾ ਸਿੰਗਾਰ ਕੀਆ ਹੈ ਤਿਨਕੋ ਹਰਿ ਵਰ ਪ੍ਰਾਪਤ ਹੂਆ ਹੈ ॥

ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ ॥

(ਸਚਿ) ਨਿਸਚੇ ਕਰਕੇ ਪਿਰਕੋ ਜੀਵ ਰੂਪੀ ਇਸਤ੍ਰੀ ਅੰਤਹਕਰਨ ਰੂਪੀ ਸੇਜਾ ਮੈ (ਮਾਣਤੀ) ਭੋਗਤੀ ਹੈ ਕਿਆ ਅਭੇਦ ਹੂਈ ਹੈ ਔਰ ਮਨਕਾ (ਗੂੜਾ) ਸੰਘਨਾ ਪ੍ਰੇਮੁ ਹੈ ਔਰ ਤਨ ਕਾ ਪਿਯਾਰੁ ਹੈ ॥

ਗੁਰਮੁਖ ਜਾਣਿ ਸਿਞਾਣੀਐ ਗੁਰਿ ਮੇਲੀ ਗੁਣ ਚਾਰੁ ॥ ੨ ॥

ਜਿਸਨੇ ਗੁਰੋਂ ਦੁਆਰੇ (ਜਾਣਿ) ਗਯਾਨ ਹੋਣੇ ਸੇ (ਸਿਞਾਣੀਐ) ਆਤਮ ਬ੍ਰਹਮ ਸਰੂਪੁ ਕਰ ਪਛਾਣਿਆ ਹੈ ਔਰ ਸਾਧਨ ਵੈਰਾਗਾਦਿਕ ਚਾਰੋਂ ਗੁਣਕੇ ਸੰਜੁਗਤ ਹੈ ਸੋ ਗੁਰੋਂ ਨੇ ਬ੍ਰਹਮ ਮੈ ਮੇਲੀ ਹੈ ॥ ੨ ॥

ਸਚਿ ਮਿਲਹੁ ਵਰੁ ਕਾਮਣੀ ਪਿਰਿ ਮੋਹੀ ਰੰਗੁ ਲਾਇ ॥

ਜੋ ਕਾਮਣੀ ਪਿਰ ਨੇ(ਰੰਗੁ)ਪ੍ਰੇਮੁ ਲਾਇਕਰ ਮੋਹੀ ਹੈ ਉਸ ਦ੍ਵਾਰਾ ਤੂੰ ਭੀ ਸਚੇ (ਵਰੁ)ਪਤੀ ਕੋ ਸਚ ਨਿਸਚੇ ਕਰਕੇ ਮਿਲੁ ॥

ਮਨੁ ਤਨੁ ਮਾਚਿ ਵਿਗਾਸਿਆ ਕੀਮਤਿ ਕਹਣੁ ਨ ਜਾਇ ॥

ਜਿਸ ਸਚੇ ਆਨੰਦ ਕੋ ਪਾਕਰ ਮਨ ਤਨ (ਵਿਗਾਸਿਆ)ਆਨੰਦ ਹੂਆ ਹੈ ਤਿਸ ਅਨੰਦ ਕੀ ਕੀਮਤ ਕਹੀ ਨਹੀਂ ਜਾਤੀ ਹੈ

ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ ॥ ੩ ॥

ਜੋ ਸੋਹਾਗਣੀਆਂ ਸਚੇ ਨਾਮ ਕਰ ਨਿਰਮਲ ਹੂਈਆਂ ਹੋਂ ਤਿਨੋਂ ਨੇ ਹਰੀ (ਵਰੁ) ਪਤੀ ਕੋ (ਘਰਿ)ਰਿਦੇ ਮੈਂ ਪਾਯਾ ਹੈ ॥੩॥

Digitized by Panjab Digital Library | www.panjabdigilib.org

ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ ॥

ਮਨਨ ਕਰਨੇ ਵਿਖੇ (ਮਨੂਆ) ਮਨ ਕਾ ਸੰਕਲਪ ਵਿਕਲਪ ਜੇਕਰ ਮਰ ਜਾਵੈ ਤਬ (ਪਿਰੁ) ਵਾਹਗੁਰੂ ਕੋ ਜੱਗਜਾਸੂ ਰੂਪੀ ਇਸਤ੍ਰੀ (ਰਾਵੈ) ਭੋਗੈ ॥

ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ ॥

ਜਿਨਹੋਂ ਨੇ ਪਤੀ ਕੇ ਅਨੰਦ ਕੋ ਭੋਗਿਆ ਹੈ ਤਿਨਕੀ ਦ੍ਰਿਸਟੀ ਦਿਖਾਵਤੇ ਹੈਂ ਇਸ ਤੁਕ ਮੈ ਦ੍ਰਿਸ੍ਰਾਂਤ ਦ੍ਰਾਸਟਾਂਤ ਦੋਨੋਂ ਸਮਝਨੇ ਜੈਸੇ ਗਲੇ ਮੈ ਮੋਤੀਓਂ ਕਾ ਹਾਰ ਹੋਤਾ ਹੈ ਔਰ ਵਹੁ ਸਭ ਮੋਤੀ ਏਕ ਹੀ ਤਾਗਾ ਮੈ ਰਲੇ ਮਿਲੇ ਹੋਤੇ ਹੈਂ ਤੈਸੇ ਹੀ ਏਕ ਚੈਤੰਨਜ ਸਤਾ ਰੂਪੀ ਸੂਤ੍ਰ ਹੈ ਜਿਸ ਮੈ ਸਭ ਸਰੀਰ ਰਲੇ ਹੈਂ ਤਿਸ ਮੈ ਵਹੁ ਮਿਲੇ ਹੈਂ ਜਿਨੋਂ ਨੇ ਗਲ ਭਾਵ ਰਿਦੇ ਮੈਂ ਵੈਰਾਗਾਦਿ ਗੁਨੋਂ ਕਾ ਸਮੂਹ ਧਾਰਾ ਹੈ ॥

ਸੰਤ ਸਭਾ ਸੁਖ ਊਪਜੈ ਗੁਰਮੁਖਿ ਨਾਮੁ ਅਧਾਰੁ ॥ ੪ ॥

ਜਿਨ ਗੁਰਮੁਖੋਂ ਨੇ ਸੰਤੋਂ ਕੀ ਸਭਾ ਮੈ ਜਾਕਰ ਨਾਮ ਕਾ ਆਸਰਾ ਲੀਆ ਹੈ ਤਿਨੋਂ ਕੋ ਆਤਮ ਸੁਖ ਪ੍ਰਗਟ ਹੋਤਾ ਹੈ ॥

ਖਿਨ ਮਹਿ ਉਪਜੈ ਖਿਨਿ ਖਪੈ ਖਿਨ ਆਵੈ ਖਿਨੁ ਜਾਇ॥

ਜਿਸ ਖਿਨਮੈ ਨਾਮ ਕਾ ਆਧਾਰ ਕਰਨੇ ਦ੍ਵਾਰਾ ਦੈਵੀ ਸੰਪਤਾ ਕੇ ਗੁਨ ਉਤਪੰਨ ਹੂਏ ਉਸੀ ਖਿਨ ਮੈ ਆਸੁਰੀ ਗੁਨ (ਖਪੈ) ਨਾਸ ਹੋ ਗਏ ਜਿਸ ਖਿਨ ਮਹਿ ਦੇਵੀ ਗੁਨ ਸੰਪਾਦਨ ਕਰ ਗਯਾਨ ਆਵੈ ਹੈ ਉਸੀ ਖਿਨ ਮਹਿ ਅਗਯਾਨ ਜਾਤਾ ਰਹਤਾ ਹੈ ਵਾ ਖਿਨ ਮੈ ਜੀਵ ਉਤਪਤਿ ਹੁੰਦੇ ਹਨ ਖਿਨ ਮੈ ਖਪ ਮਰ ਜਾਤੇ ਹੈਂ ਵਾ ਖਿਨ ਮੇ ਆਂਵਦੇ ਹੈਨ ਇਸ ਲੋਕ ਮੈ ਔਰ ਖਿਨਮੈ ਹੀ ਚਲੇ ਜਾਤੇ ਹੈਂ ਪਰਲੋਕ ਮੈ ॥

ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ ॥

ਜੋ (ਸਬਦੁ) ਬ੍ਰਹਮ ਕੋ ਪਛਾਣ ਕਰਕੇ ਅਭੇਦ ਹੋ ਰਹੇ ਹੈਂ ਤਿਨਕੋ ਕਾਲ ਨਹੀਂ ਸੰਤਾਵਤਾ ਹੈ ਭਾਵ ਏਹ ਕਿ ਜਨਮ ਮਰਣ ਸੇ ਰਹਤ ਹੂਏ ਹੈਂ ॥

ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ ॥ ੫ ॥

(ਸਾਹਿਬੁ)ਮਾਲਕ ਵਾਹਗੁਰੂ ਜਿਸਕੇ ਬਰਾਬਰ ਕੋਈ ਨਹੀਂ ਹੈ(ਨ ਤੋਲੀਐ)ਅਨੁਮਾਨਾਦਿ ਪ੍ਰਮਾਣੋਂ ਸੇ ਜਾਣਿਆ ਨਹੀਂ ਜਾਤਾ ਹੈ ਔਰ ਕਹਿਣੇ ਕਰਕੇ ਧਾਰਨਾ ਸੇ ਬਿਨਾ ਨਹੀਂ ਪਾਇਆ ਜਾਤਾ ਹੈ ॥ ੫ ॥

Digitized by Panjab Digital Library | www.panjabdigilib.org

ਵਾਪਾਰੀ ਵਣਜਾਰਿਆ ਆਏ ਵਜਹੁ ਲਖਾਇ ॥

ਵਣਜਾਰਿਆਂ ਕੀ ਨਜਾਈਂ ਜਗਜਾਸੂ ਵਾਪਾਰੀ (ਵਜਹੁ) ਦੇ ਮਾਹਾ ਲਿਖਾ ਕਰ ਆਏ ਹੈਂ ਭਾਵ ਏਹ ਕਿ ਪ੍ਰੇਮ ਕਾ ਸੁਭ ਲੇਖ ਲਿਖਾਇ ਆਏ ਹੈਂ ॥

ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥

ਸਾਚੇ ਵਾਹਿਗੁਰੂ ਕੀ ਭਗਤੀ ਕਮਾਵਤੇ ਹੈਂ ਤਿਨਕੋ ਪਰਮੇਸ੍ਰਰ ਕਾ (ਰਜਾਇ) ਭਾਣਾ ਮੰਨਣ ਰੂਪ ਲਾਹਾ ਮਿਲਤਾ ਹੈ॥ ਵਾ ਰਜਾਈ ਪਰਮੇਸਰ ਕੀ ਪ੍ਰਾਪਤੀ ਰੂਪ ਲਾਹਾ ਮਿਲਤਾ ਹੈ॥

ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ ॥੬॥

ਤਿਨਕੀ ਸਰਧਾ ਰੂਪੀ ਪੂੰਜੀ ਸਚੀ ਹੈ ਜਿਸ ਸਰਧਾ ਕਰ ਗੁਰੂ ਮਿਲੇ ਹੈਂ ਔਰ (ਤਿਸ) ਤ੍ਰਿਸ਼ਨਾ ਇਸ ਲੋਕ ਕੀ ਔਰ ਨ (ਤਮਾਇ) ਇਛਾ ਪਰਲੋਕ ਕੀ ਹੀ ਹੈ ॥੬॥

ਪ੍ਰਸ਼ਨੁ ॥ ਇਛਾ ਕਿਉਂ ਨਹੀਂ ਰਹੀ ?

ਗੁਰਮੁਖਿ ਤੋਲਿ ਤੁਲਾਇਸੀ ਸਚੁ ਤਰਾਜੀ ਤੋਲੁ ॥

ਉਤ੍ਰ:—ਜੋ ਗੁਰਮੁਖਿ ਹੈਂ ਸੋ ਆਪ(ਤੋਲਿ)ਵਿਚਾਰਤੇ ਹੈਂ ਔਰੋਂ ਸੇ(ਤੁਲਾਇਸੀ)ਵਿਚਾਰ ਕਰਵਾਵਤੇ ਹੈਂ ਬੁਧ ਰੂਪ (ਤਰਾਜੀ) ਤਕੜੀ ਤਿਨਕੀ ਸਚੀ ਹੈ ਔਰ ਬਿਬੇਕ ਰੂਪ (ਤੋਲੁ) ਬਟਾ ਭੀ ਸਚਾ ਹੈ ॥

ਆਸਾ ਮਨਸਾ ਮੋਹਨੀ ਗੁਰਿ ਠਾਕੀ ਸਚ ਬੋਲੁ ॥

(ਮਨਸਾ) ਬੁਧੀ ਵਿਖੇ ਜੋ (ਮੋਹਣੀ) ਮਾਯਾ ਕੀ ਆਸਾ ਲਗ ਰਹੀ ਥੀ ਸੋ ਗੁਰੋਂ ਨੇ (ਸਚ ਬੋਲ) ਸਚਾ ਉਪਦੇਸ਼ ਦੇ ਕਰਕੇ (ਠਾਕੀ) ਰੋਕ ਦਈ ਹੈ ॥

ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ ॥ ੭ ॥

ਜਬ ਆਪ ਵਾਹਿਗੁਰੂ (ਤੁਲਾਏ) ਵੀਚਾਰੁ ਕਰਾਵੈ ਤਬ ਜੀਵ (ਤੋਲਸੀ) ਵੀਚਾਰ ਕਰਤਾ ਹੈ ਪੂਰੇ ਕਾ (ਤੋਲੁ) ਵੀਚਾਰ ਭੀ ਪੂਰਾ ਹੈ ਕਿਉਂਕਿ ਵੀਚਾਰ ਕਰਨੇ ਸੇ ਪੂਰਨ ਵਾਹਿਗੁਰੂ ਕੀ ਪ੍ਰਾਪਤੀ ਹੋਤੀ ਹੈ ॥ ੭ ॥

ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕਿ ਭਾਰ ॥

ਵਿਚਾਰ ਸੇ ਬਿਨਾ ਕਥਾ ਕੇ ਕਹਣੇ ਮਾਤ੍ਰ ਔਰ ਨਾ ਪੁਸਤਕੋਂ ਕੇ (ਭਾਰ) ਬੋਝ ਅਰਥਾਤ ਬਹੁਤ ਪੜ੍ਹਨੇ ਸੇ ਸੰਸਾਰ ਬੰਧਨ

Digitized by Panjab Digital Library | www.panjabdigilib.org

ਸੇ ਛੂਟੀਤਾ ਹੈ ॥

ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰੁ ॥

ਔਰ ਵਾਹਿਗੁਰੂ ਕੋ ਦੇਹ ਕੀ ਪਵਿਤ੍ਰਤਾ ਕਰਕੇ ਭੀ ਨਹੀਂ ਪਾਈਤਾ ਹੈ ਹਰੀ ਕੀ ਭਗਤੀ ਕੇ ਬੀਚ ਪਿਆਰੁ ਕਰੇ ਬਿਨਾ ਪਾਵਨੇ ਕਾ ਕੋਈ ਪ੍ਰਕਾਰੁ ਨਹੀਂ ਹੈ ॥

ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥ ੮ ॥ ੯ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜਬ ਨਾਮੁ ਨ ਭੂਲੈ ਤਬ ਗੁਰੋਂ ਦ੍ਵਾਰਾ ਕਰਤਾਰ ਅਪਨੇ ਸਾਥ ਮੇਲ ਲੇਤਾ ਹੈ ॥ ੮ ॥ ੯ ॥

ਸਿਰੀ ਰਾਗੁ ਮਹਲਾ ੧ ॥ ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥

ਜੇਕਰ ਬ੍ਰਹਮ ਬੇਤਾ ਸਤਿਗੁਰ ਮਿਲ ਜਾਵੈ ਤੋ (ਰਤਨੁ) ਵੈਰਾਗ ਬੀਚਾਰ ਬਿਬੇਕ ਪ੍ਰਾਪਤਿ ਹੋਤਾ ਹੈ ॥

ਮਨੁ ਦੀਜੈ ਗੁਰ ਆਪਣੈ ਪਾਈਐ ਸਰਬ ਪਿਆਰੁ ॥

ਤਾਂਤੇ ਜਬ ਐਸੇ ਅਪਨੇ ਗੁਰੋਂ ਕੋ ਮਨੁ ਅਰਪਨ ਕਰਦੀਜੀਏ ਤਬ ਸਰਬ ਰੂਪ ਪਰਮੇਸ੍ਵਰ ਬਿਖੇ ਪਜਾਰੁ ਪਾਈਤਾ ਹੈ ॥

ਪ੍ਰਸ਼ਨੁ ॥ ਪਰਮੇਸ੍ਵਰ ਕੇ ਪਿਆਰੇ ਸੇ ਕਿਆ ਲਾਭ ਹੈ ?

ਉਤਰੁ ॥ ਮੁਕਤਿ ਪਦਾਰਥੁ ਪਾਈਐ ਅਵਗੁਣ ਮੇਟਣਹਾਰੁ ॥ ੧ ॥

ਮੁਕਤਿ ਰੂਪੀ ਪਦਾਰਥੁ ਪਾਈਤਾ ਹੈ ਪੁਨਾ ਪਿਆਰੁ ਅਵਗੁਣੋਂ ਕੇ ਮੇਟਨੇ ਵਾਲਾ ਹੈ ॥ ੧ ॥

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥ ਪੂਛਹੁ
ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ ॥ ੧ ॥ ਰਹਾਉ ॥

ਹੇ ਭਾਈ ਗੁਰੋਂ ਸੇ ਬਿਨਾ ਗਯਾਨ ਕੀ ਪ੍ਰਾਪਤੀ ਨਹੀਂ ਹੋਤੀ ਜੋ ਇਸ ਮੇਂ ਕੁਛੁ ਸੰਦੇਹ ਹੈ ਤੋ ਬ੍ਰਹਮਾ ਸੇ ਨਾਰਦ ਸੇ ਬਿਆਸ ਸੇ ਬੇਦੋਂ ਸੇ ਵਾ ਬੇਦਬਯਾਸ ਇਸ ਬਯਾਸ ਜੀ ਕੀ ਸੰਗਯਾ ਭੀ ਹੈ ਇਸ ਤੇ ਸਿੱਧ ਹੋਤਾ ਹੈ ਕਿ ਬਯਾਸ ਕੋਈ ਏਕ ਹੈਂ ॥ ਪੂਛੋ ਭਾਵ ਯਹਿ ਕਿ ਬੇਦ ਪੁਰਾਨ ਨਾਰਦ ਪੰਚ ਰਾਤ੍ਰਿਆਦਿ ਗ੍ਰੰਥੋਂ ਨੇ ਯਹੀ ਸਿਧਾਂਤ ਕਥਨ ਕੀਆ ਹੈ ॥ ੧ ॥

ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥

ਪਰੰਤੂ ਗੁਰੋਂ ਕੇ (ਧੁਨਿ) ਉਪਦੇਸ਼ ਕਰਕੇ ਗਯਾਨੁ ਪ੍ਰਾਪਤਿ ਹੋਤਾ ਹੈ ਔਰ ਧਿਆਨੁ ਭੀ ਗੁਰੋਂ ਕੇ ਉਪਦੇਸ਼ ਕਰਕੇ ਜਾਣੀਤਾ ਹੈ ਅਕਥ ਰੂਪ ਕਾ ਜਸੁ ਭੀ ਸੋ ਗੁਰੂ ਹੀ ਕਹਾਵਤੇ ਹੈਂ ॥

Digitized by Panjab Digital Library | www.panjabdigilib.org

ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥

ਪੁਨਾ ਗੁਰੂ (ਸਫਲਿਓ) ਫਲੋਂ ਵਾਲਾ ਬਿਰਖੁ ਹੈ ਗਯਾਨ ਬੈਰਾਗਾਦਿ ਫਲ ਹੈ (ਹਰੀਆਵਲਾ) ਅਨੰਦ ਰੂਪ ਹਰਿਆਵਲੀ ਹੈ ਔਰ ਸਾਂਤੀ ਰੂਪ ਛਾਯਾ (ਘਣੇਰੀ) ਬਹੁਤ ਹੋਰਹੀ ਹੈ ॥

ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥ ੨ ॥

ਸੋ (ਲਾਲ) ਪ੍ਰੇਮ ਔਰ (ਜਵੇਹਰ) ਸਾਖਿਆਤਕਾਰ ਔਰ (ਮਾਣਕੀ) ਮਨਨਾਦਿ ਗੁਨ ਗੁਰੋਂ ਕੇ ਅੰਤਸਕਰਣ ਰੂਪੀ (ਭੰਡਾਰੈ) ਖਜਾਨੇ ਮੈਂ ਹੈਂ ॥ ੨ ॥

ਗੁਰ ਭੰਡਾਰੈ ਪਾਈਐ ਨਿਰਲ ਨਾਮ ਪਿਆਰੁ ॥

ਔਰ ਸੁਧ ਨਾਮ ਮੈਂ ਪਿਆਰੁ ਭੀ ਗੁਰੋਂ ਕੇ ਭੰਡਾਰੈ ਸੇ ਹੀ ਪ੍ਰਾਪਤਿ ਹੋਤਾ ਹੈ ॥

ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥

ਪਰੰਤੂ ਜਬ ਪੂਰੇ (ਅਪਾਰੁ) ਪਰਮੇਸ੍ਵਰ ਕੀ (ਕਰਮ) ਕ੍ਰਿਪਾ ਹੋਤੀ ਹੈ ਤਬ ਸਾਚਾ ਨਾਮ ਰੂਪੀ ਸੌਦਾ ਸੰਚਨ ਕਰੀਤਾ ਹੈ ॥

ਸੁਖ ਦਾਤਾ ਦੁਖ ਮੇਟਣੋ ਸਤਿ ਗੁਰੁ ਅਸੁਰ ਸੰਘਾਰ ॥ ੩ ॥

ਔਰ ਸਤ ਗੁਰੂ ਸੁਖੋਂ ਕੇ ਦਾਤਾ ਹੈਂ ਦੁਖੋ ਕੇ(ਮੇਟਣੋ)ਅਭਾਉ ਕਰਨੇ ਵਾਲਾ ਹੈ ਔਰ (ਅਸੁਰ)ਆਸਰੀ ਸੰਪਤਾ ਕੇ ਸਿੰਘਾਰ ਕਰਨੇ ਵਾਲਾ ਹੈ ॥ ੩ ॥

ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥

ਔਰ ਅਗਯਾਨੀ ਜੀਵੋਂ ਕੋ ਸੰਸਾਰ ਸਮੁੰਦ੍ਰ ਕਾ ਤਰਨਾ (ਬਿਖਮੁ) ਕਠਨ ਔਰ (ਡਰਾਵਣੋ) ਭੈ ਦਾਇਕ ਮਾਲੂਮ ਹੋਤਾ ਹੈ ਔਰ ਨਾ ਉਰਾਰ ਕਾ ਨਾ ਪਾਰ ਕਾ (ਕੰਧੀ) ਕਨਾਰਾ ਪ੍ਰਤੀਤ ਹੋਤਾ ਹੈ ॥

ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝ ਮਲਾਰੁ ॥

ਤਿਸ ਸੰਸਾਰ ਸਮੁੰਦ੍ਰ ਕੇ ਤਾਰਨੇ ਕੋ ਨਾ ਕੋਈ ਬੇੜੀ ਨਾ ਤੁਲਹਾ ਨਾ ਵੰਝ ਮਲਾਹ ਆਦਿਕ ਬਾਹਯ ਸਾਧਨ ਹੈ ਵਾ ਜਿਸਕੀ ਉਰਾਰ ਕੀ ਕੰਧੀ ਰੂਪੀ ਸਰਧਾ ਭੀ ਪ੍ਰਾਪਤ ਨਹੀਂ ਹੈ ਔਰ ਪਾਰ ਕਾ ਕਨਾਰਾ ਰੂਪ ਗਯਾਨ ਕੀ ਨਹੀਂ ਹੈ ਨਾ ਭਗਤੀ ਰੂਪੀ ਤੁਲਾਹੈ ਨਾ ਤਿਸ ਸੰਸਾਰਸਮੁੰਦ੍ਰ ਵਿਖੇ ਉਪਦੇਸ਼ ਰੂਪ ਵੰਝ ਹੈ ਔਰ ਨਾ ਸਤਗੁਰ (ਮਲਾਰੁ) ਮਲਾਹ ਪ੍ਰਾਪਤਿ ਹੈਂ ॥

Digitized by Panjab Digital Library | www.panjabdigilib.org

ਸਤਿ ਗੁਰ ਭੈ ਕਾ ਬੋਹਿਥਾ ਨਦਰੀ ਪਾਰ ਉਤਾਰੁ ॥ ੪ ॥

ਪਰੰਤੂ ਸਤਿਗੁਰੂ ਹੀ ਭੈ ਦਾਇਕ ਸੰਸਾਰ ਸਮੁੰਦ੍ਰ ਕਾ (ਬੋਹਿਥਾ) ਨਾਮ ਰੂਪੀ ਜਹਾਜੁ ਦੇਕੇ ਅਪਨੀ (ਨਦਰੀ) ਕ੍ਰਿਪਾ ਦ੍ਰਿਸ਼ਟੀ ਸੇ ਪਾਰ ਉਤਾਰਤੇ ਹੈਂ ॥ ੪ ॥

ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥

ਜੇ ਏਕ ਸ੍ਵਾਸ ਮਾਤ੍ਰ ਭੀ ਪਿਆਰਾ ਵੀਸਰ ਜਾਵੇ ਤੋ ਦੁਖੁ ਆਨ ਲਾਗਤਾ ਹੈ ਔਰ ਸੁਖ ਜਾਤਾ ਰਹਿਤਾ ਹੈ ਤਿਲ ਥੋੜਾ ਹੋਤਾ ਹੈ ਲਖਣਾ ਸੇ ਅਰਥ ਕੀਆਹੈ ॥

ਜਿਹਬਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥

ਜੋ ਜਿਹਵਾ (ਰਸਾਇ) ਤਦਾਕਾਰ ਹੋਕਰ ਨਾਮੁ ਨਹੀਂ ਜਪਤੀ ਸੋ ਜਲ ਜਾਵੇ ਕਿਉਂਕਿ ਜਲਾਵਣੀ ਹੀ ਜੋਗ ਹੈ ॥

ਘਟੁ ਬਿਨਸੈ ਦੁਖੁ ਅਗਲੋ ਜਮ ਪਕੜੈ ਪਛੁਤਾਇ ॥ ੫ ॥

ਜਬ (ਘਟੁ) ਸਰੀਰੁ ਨਾਸ ਹੋਵੈਗਾ ਤਬ ਦੁਖੁ ਬਹੁਤ ਹੋਵੇਗਾ ਕਿਉਂਕਿ ਪਾਪੀ ਜੀਵੋਂ ਕੋ ਜਮੁ ਪਕੜੇਗਾ ਫੇਰ ਪਸਚਾਤਾਪੁ ਕਰੇਂਗੇ ॥ ੫ ॥

ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤ ਨ ਸਾਥ ॥

ਮੇਰੀ ਦੇਹ ਮੇਰੀ ਵਿਭੂਤੀ ਕਰਤੇ ਹੂਏ ਚਲੇ ਗਏ ਹੈਂ ਭਾਵ ਮ੍ਰਿਤੂ ਕੋ ਪ੍ਰਾਤਤਿ ਭਏ ਹੈਂ ਤਨੁ ਔਰ ਧਨ ਔਰ (ਕਲਤ) ਇਸਤ੍ਰੀ ਇਨ ਮੈਂ ਸੇ ਪਰਲੋਕ ਮੈਂ ਕੋਈ ਸਾਥ ਨਹੀਂ ਗਇਆ ॥

ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ ॥

ਵਾਹਗੁਰੂ ਕੇ ਨਾਮ ਸੇ ਬਿਨਾ (ਧਨੁ) ਵਿਭੂਤੀ (ਬਾਦਿ) ਬਿਅਰਥ ਹੈ (ਆਥਿ) ਮਾਇਆ ਮੈ ਲਾਗਕਰ ਪ੍ਰਮੇਸ੍ਵਰ ਕਾ ਮਾਰਗ ਭੂਲ ਗਯਾ ਹੈ ॥

ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋਕਾਥਿ ॥ ੬ ॥

ਤਾਂਤੇ ਗੁਰੋਂ ਦ੍ਵਾਰਾ ਸਚੇ ਸਾਹਿਬੁ ਕਾ ਸੇਵਨ ਕਰੀਏ ਔਰ ਤਿਸ ਅਕਥੋਂ ਪ੍ਰਮੇਸ੍ਵਰ ਕਾ ਹੀ ਕਥਨ ਕਰੀਏ ਵਾ ਗੁਰੋਂ ਦ੍ਵਾਰਾ ਸਚੇ ਸਾਹਿਬ ਕੋ ਜਿਸਕੀ ਅਕਥ ਕਥਾ ਹੈ ਸੇਵਨ ਕਰੀਏ ॥

ਆਵੈ ਜਾਇ ਭਵਾਈਐ ਪਈਐ ਕਿਰਤਿ ਕਮਾਇ ॥

Digitized by Panjab Digital Library | www.panjabdigilib.org

ਵਾਹਿਗੁਰੂ ਕੇ ਸੇਵਨ ਬਿਨ ਆਵਣੇ ਜਾਣੇ ਬੀਚ ਚੌਰਾਸੀ ਮੇ ਭਰਮਾਈਤਾ ਹੈ ਜੈਸਾ ਪੂਰਬ ਮਸਤਕ ਮੇਂ ਲੇਖ ਪੜ ਗਯਾ ਹੈ ਤਿਨ੍ਹਾਂ ਕਰਮਾਨੁਸਾਰ ਅਬ ਕਮਾਵਤਾ ਹੈ ॥

ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥

(ਰਜਾਇ) ਰਜਾਈ ਪ੍ਰਮੇਸ੍ਵਰ ਨੇ ਪੂਰਬ ਜੋ ਲੇਖ ਲਿਖਾ ਹੈ ਸੋ ਲਿਖਿਆ ਕੈਸੇ ਨਿਵਾਰੀਏ ॥

ਬਿਨੁ ਹਰਿ ਨਾਮੁ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥ ੭ ॥

ਸੰਸਾਰ ਬੰਧਨਾ ਸੇ ਹਰੀ ਨਾਮੁ ਬਿਨਾ ਨਹੀਂ ਛੂਟੀਤਾ ਹੈ ਪਰੰਤੂ ਜਬ ਗੁਰ ਸਿਖਜਾ ਪ੍ਰਾਪਤਿ ਹੋਵੇ ਤਬ ਵਾਹਿਗੁਰੂ ਅਪਨੇ ਸਾਥ ਮਿਲਾਇ ਲੇਤਾ ਹੈ ॥ ੭ ॥

ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ ॥

ਤਿਸ ਵਾਹਿਗੁਰੂ ਸੇ ਬਿਨਾ ਮੇਰਾ ਕੋਈ ਆਸਰਾ ਨਹੀਂ ਹੈ ਜਿਸਨੇ ਜੀਵੋਂ ਕੋ (ਪ੍ਰਾਨ) ਸ੍ਵਾਸ ਦੀਆ ਹੁਆ ਹੈ ॥

ਹਉਮੈ ਮਮਤਾ ਜਲ ਬਲਉ ਲੋਭੁ ਜਲਉ ਅਭਿਮਾਨੁ ॥

(ਹਉਮੈ) ਦੇਹੋਹੰ ਵਾਲੀ ਬੁਧੀ ਜਲਾਇ ਦੇਈਏ ਔਰ ਜੋ ਮਮਤਾ ਇਸਤ੍ਰੀ ਪੁਤ੍ਰਾਦਿਕਨ ਮੈ ਹੈ ਤਿਸਕੋ ਭੀ ਪੁਨਾ ਲੋਭ ਔਰ (ਅਭਿਮਾਨੁ) ਜਾਤਿ ਵਿਦਿਆਦਿਕ ਕਾ ਹੰਕਾਰ ਭੀ ਜਲਾਇ ਦੇਈਏ ॥

ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ ॥ ੮ ॥ ੧੦ ॥

ਸ੍ਰੀ ਗੁਰੂਜੀ ਕਹਿਤੇ ਹੈਂ ਇਨ ਸਭ ਕੋ ਜਲਾਇ ਕੇ (ਸਬਦੁ) ਬੇਦ ਕਾ ਵੀਚਾਰ ਕਰੀਏ ਤਬ ਸਰਬ (ਗੁਣੀ) ਗੁਨੋਂ ਵਾਲਾ ਨਿਧਾਨੁ ਸਰਬ ਸੁਖੋਂ ਕੀ ਨਿਧਿ ਵਾਹਿਗੁਰੂ ਪਾਈਤਾ ਹੈ॥ ੮ ॥ ੧੦ ॥

ਸਿਰੀ ਰਾਗੁ ਮਹਲਾ ੧ ॥

ਪਰਮੇਸ੍ਵਰ ਕੀ ਪ੍ਰਾਪਤੀ ਮੈ ਸੁਖੈਨ ਸਾਧਨ ਪ੍ਰੀਤੀ ਹੈ ਸੋ ਦੇਖਾਵਤੇ ਹੂਏ ਅਪਨੇ ਮਨ ਪ੍ਰਤਿ ਉਪਦੇਸ਼ ਕਰਤੇ ਹੂਏ ਦ੍ਰਸਟਾਂਤੋਂ ਸਹਤ ਕਹਿਤੇ ਹੈਂ ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ ॥

ਹੇ ਮਨ ਹਰੀ ਕੇ ਸਾਥ ਐਸੀ ਪ੍ਰੀਤੀ ਕਰ ਜੈਸੀ ਜਲ ਕੇ ਸਾਥ ਕਮਲ ਕੀ ਹੈ ॥

Digitized by Panjab Digital Library | www.panjabdigilib.org

ਲਹਰੀ ਨਾਲ ਪਛਾਰੀਐ ਭੀ ਵਿਗਸੈ ਅਸਨੇਹਿ ॥

(ਲਹਰੀ) ਜਲ ਅਪਨੇ ਤਰੰਗੋਂ ਕੇ ਸਾਥ ਉਸਕੋ (ਪਛਾੜੀਐ) ਉਲਟਾ ੨ ਕੇ ਗੇਰਤਾ ਰਹਿਤਾ ਹੈ ਤੋ ਭੀ (ਵਿਗਸੈ)ਖਿਲਾ ਹੀ ਰਹਤਾ ਹੈ ਜਲਕੇ ਸਾਥ ਐਸਾ (ਨੇਹਿ) ਪ੍ਰੇਮ ਹੈ ॥

ਜਲ ਮਹਿ ਜੀਅ ਉਪਾਇਕੈ ਬਿਨੁ ਜਲੁ ਮਰਣੁ ਤਨੇਹਿ ॥ ੧ ॥

ਜਲ ਕੇ ਬੀਚ ਹੀ ਕਵਲੋਂ ਕੀ (ਜੀਅ ਉਪਾਇਕੈ) ਜੀਵਨ ਸ਼ਕਤੀ ਉਤਪਤਿ ਕਰਕੇ ਜਲ ਮੈ ਹੀ ਇਸਥਿਤੀਹੈ ਇਸਥਿਤੀ ਕਰ ਅਧਜਾਹਾਰ ਹੈ ਯਾਂਤੇ ਤਿਨ ਕਵਲੋਂ ਕਾ ਜਲ ਸੇ ਬਿਨਾ ਸੂਕਣਾ ਹੋਤਾ ਹੈ ਵਾ ਜੈਸੇਜੋ ਜਲ ਮੈ ਉਤਪੰਨ ਕੀਏ ਹੈਂ ਤਿਨਹੁ ਕਾ ਜਲ ਬਿਨਾਂ ਮਰਣਾ ਹੋਤਾ ਹੈ ਐਸੇ ਹੀ ਜੋ ਪੁਰਸ਼ ਵਾਹਿਗੁਰੂ ਕੇ ਨਾਮ ਮੈਂ ਪ੍ਰੀਤੀ ਕਰਤੇ ਹੈਂ ਉਨਕੋ ਅਨੇਕ ਕਲੇਸ਼ ਭੀ ਆਨ ਪ੍ਰਾਪਤ ਹੋਵੈਂ ਤੋ ਭੀ ਅਪਨੇ ਕਰਮੋਂ ਕਾ ਫਲ ਜਾਨ ਕਰ ਆਨੰਦ ਰਹਤੇ ਹੈਂ ਪਰਮੇਸ਼ਰ ਵਿਖੇ ਦੋਸ਼ ਨਹੀਂ ਅਰੋਪਨ ਕਰਤੇ ਹੈਂ ਔਰ ਅਪਨਾ ਜੀਵਨ ਰੂਪ ਅਰ ਅਧਾਰ ਰੂਪ ਵਾਹਿਗੁਰੂ ਕੋ ਜਾਨਤੇ ਹੈਂ ਔਰ ਉਸਕੋ ਭੂਲ ਜਾਨੇਮੈਂ ਅਪਨਾ ਮਰਣਾ ਮਾਨਤੇ ਹੈਂ (ਯਥਾ) ਮਰਣੰ ਬਿਸਰਣੰ ਗੋਬਿੰਦਹ ਜੀਵਣੰ ਹਰਿਨਾਮ ਧਿਆਵਣਹਿ ॥ ੧ ॥

ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥ ਗੁਰਮੁਖਿ ਅੰਤਰਿ
ਰਵਿ ਰਹਿਆ ਬਖਸੇ ਭਗਤਿ ਭੰਡਾਰ ॥ ੧ ॥ ਰਹਾਉ ॥

ਹੇ ਮਨ ਪ੍ਰੇਮ ਕੇ ਬਿਨਾਂ ਕੈਸੇ ਛੂਟੇਂਗਾ ਜੋ ਪੁਰਸ਼ ਗੁਰੋਂ ਦ੍ਵਾਰਾ ਮਨਕੇ ਅੰਤਰ(ਰਵਿ ਰਹਿਆ) ਸਿਮਰਨ ਕਰ ਰਹਿਆ ਹੈ ਤਿਸਕੋ ਵਾਹਿਗੁਰੂ ਨੇ ਭਗਤੀ ਰੂਪ ਖਜਾਨੇ ਬਖਸ਼ ਹੈਂ ॥ ੧ ॥

ਰੇ ਮਨਿ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ ॥

ਹੇ ਮਨ ਹਰੀ ਕੇ ਸਾਥ ਐਸੀ ਪ੍ਰੀਤੀ ਕਰ ਜੈਸੀ ਮਛੀ ਕੀ ਜਲ ਸਾਥ ਹੋਤੀ ਹੈ ॥

ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ ॥

ਜਿਉਂ ਜਿਉਂ ਜਲ ਅਧਕ ਹੋਤਾ ਹੈ ਤਿਉਂ ਤਿਉਂ ਤਨ ਮੈ ਸੁਖ ਬਹੁਤ (ਮਨਿ) ਮਾਨਤੀ ਹੈ ਔਰ ਸੂਖਮ ਸਰੀਰ ਮੈਂ ਸ਼ਾਂਤੀ ਮਾਨਤੀ ਹੈ ॥

ਬਿਨ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ ॥ ੨ ॥

ਜਲ ਸੇ ਬਿਨਾਂ ਏਕ ਘੜੀ ਭੀ ਨਹੀਂ ਜੀਵਤੀ ਹੈ ਤਿਸ ਜਲ ਕੇ ਵਿਯੋਗ ਕਰ ਮਛੀ ਕੇ ਰਿਦੇ ਕੀ ਪੀੜਾ ਕੋ ਪਰਮੇਸਰ

Digitized by Panjab Digital Library | www.panjabdigilib.org

ਹੀ ਜਾਨਤਾ ਹੈ ਐਸੇ ਹੀ ਵਾਹਿਗੁਰੂ ਕੇ ਪਿਆਰਿਆਂ ਕੀ ਜੋ ਬੁਧੀ ਹੈ ਸੋ ਭੀ ਮਛੀਵਤ ਸਤਿਸੰਗ ਰੂਪੀ ਜਲ ਕਰ ਅਧਿਕ ਸੁਖੁ ਮਾਨਤੀ ਹੈ ਸਤਿਸੰਗ ਕੇ ਵਿਜੋਗ ਕਰ ਮਰਣਾ ਮਾਨਤੀ ਹੈ॥ ੨ ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ ॥

ਹੇ ਮਨ ਹਰੀ ਕੇ ਸਾਥ ਐਸੀ ਪ੍ਰੀਤੀ ਕਰ ਜੈਸੀ ਪਪੀਹਾ ਮੇਘ ਕੇ ਸਾਥ ਕਰਤਾ ਹੈ ॥

ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ ॥

ਜਲ ਬਰਸਨੇ ਕਰ (ਸਰ) ਤਾਲਾਬ ਭਰ ਜਾਤੇ ਹੈਂ (ਥਲ ਹਰੀਆਵਲ) ਜੋ ਬਨ ਮੈਂ ਅਸਥਲ ਹੈਂ ਸੋ ਭੀ ਬਰਖਾ ਕਰ ਹਰੇ ਹੋਜਾਤੇ ਹੈਂ ਜੇਕਰ ਪਪੀਹੇ ਕੇ ਮੁਖ ਮੈਂ ਏਕ ਸ੍ਵਾਂਤੀ ਬੂੰਦ ਨਾ ਪਈ ਤਬ ਤਿਸਕੇ (ਕੇਹ) ਕਿਸ ਅਰਥ ਹੈਂ ॥

ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ ॥ ੩ ॥

ਜੇਕਰ ਵਡੇ ਭਾਗ ਹੋਵੈ ਤੋ ਸ੍ਵਾਂਤੀ ਨਿਛਤ੍ਰ ਕੇ ਮਿਲਨੇ ਸੇ ਸੋ ਸ੍ਵਾਂਤੀ ਬੂੰਦ ਕੀ ਪ੍ਰਾਪਤੀ ਹੋਵੇ ਨਹੀਂ ਤੋ ਮੇਘ ਕੀ ਪ੍ਰੀਤੀ ਸੇ ਪੁਕਾਰਤੇ ਹੂਏ ਚਾਤ੍ਰਿਕ ਕੇ ਮਸਤਕ ਮੈਂ (ਸਿਰ ਦੇਹ) ਸੀਸ ਦੇਣ ਕਾ (ਕਿਰਤੁ) ਕਰਮ (ਪਇਆ) ਲਿਖਾ ਹੁਆ ਹੈ ਦਾਸਟਾਂਤ ਮੈਂ ਵਾਹਿਗੁਰੂ ਕੇ ਪਿਆਰਿਜੋਂ ਕਾ ਜੋ ਚਿਤੁ ਹੈ ਵਹੀ ਭਯਾ ਚਾਤ੍ਰਿਕੁ ਔਰ ਗੁਰੂ ਰੂਪੁ ਬਾਦਲੁ ਹੈ ਸੋ ਉਪਦੇਸ਼ ਰੂਪੀ ਵਰਖਾ ਕਰਕੇ ਸੰਤ ਸਮਾਗਮ ਕੋ ਭਰ ਰਹੇ ਹੈਂ ਔਰ ਥਲ ਰੂਪ ਜੋ ਗ੍ਰਿਸਤੀ ਸਤਿਸੰਗੀ ਹੈਂ ਸੋ ਭੀ ਤਿਨ ਮਹਾਤਮਾਂ ਕਾ ਉਪਦੇਸ਼ ਪਾਇ ਕਰ ਅਨੰਦ ਹੋਰਹੇ ਹੈਂ ਪਰੰਤੂ ਜਬਤਕ ਸ੍ਵਾਂਤੀ ਨਿਛਤ੍ਰ ਕੀ ਬੂੰਦ ਰੂਪ ਸਤ ਨਾਮ ਜਗਜਾਸੂ ਕ ਕਾਨ ਮੈਂ ਨਾ ਪੜੇ ਤਬਤਕ ਔਰ ਕੋ ਜੋ ਅਨੰਦ ਹੈ ਤਿਸਕੇ ਕਿਸ ਕਾਮ ਹੈ ਜਬ ਪੂਰਬ ਜਨਮ ਕੇ ਅਤੀ ਪੁੰਨ ਇਕਤ੍ਰ ਹੋਵੇਂ ਤਬ ਸਤ ਨਾਮ ਕੇ ਉਪਦੇਸ਼ ਕੀ ਪ੍ਰਾਪਤੀ ਹੋਵੇ ਨਹੀਂ ਤੋ ਵਾਹਿਗੁਰੂ ਕੇ ਪ੍ਰੇਮ ਮੈਂ ਸਿਰੁ ਦੇਣੇ ਕਾ ਕਰਮੁ ਜਗਜਾਸੂ ਕੇ ਮਸਤਕ ਮੈਂ ਪੜ ਹੀ ਰਹਾ ਹੈ ॥ ੩ ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ॥

ਹੇ ਮਨ ਹਰੀ ਕੇ ਸਾਥ ਐਸੀ ਪ੍ਰੀਤੀ ਕਰੁ ਜੈਸੀ ਜਲ ਕੀ ਦੂਧ ਕੇ ਸਾਥ ਹੋਤੀ ਹੈ ॥

ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥

ਕਿਉਂਕਿ ਜਲੁ (ਆਵਟਣੁ) ਤਾਉ ਕੜਨੇ ਮੇ ਆਪ ਹੀ (ਖਵੈ) ਸਹਾਰਤਾ ਹੈ ਔਰ ਦੂਧ ਕੋ(ਖਪਣਿ)ਕਮ ਨਹੀਂ ਹੋਣੇ ਦੇਤਾ ਹੈ। ਐਸੇ ਹੀ ਵਾਹਿਗੁਰੂ ਕੇ ਪਿਆਰੇ ਭਾਣਾ ਮੰਨ ਕਰ ਆਪ ਦੁਖੋਂ ਕੋ ਸਹਾਰਤੇ ਹੈਂ ਭਾਣੇ ਕੋ ਹਟਾਇਕਰ ਦੁਖ ਕਾਲ

Digitized by Panjab Digital Library | www.panjabdigilib.org

ਮੈਂ ਭੀ ਸਹਾਇਤਾ ਕੇ ਵਾਸਤੇ ਅਰਾਧਨਾ ਨਹੀਂ ਕਰਤੇ ਹੈਂ ਜੈਸੇ ਗੁਰੂ ਤੇਗਬਹਾਦਰ ਸਾਹਿਬ ਜੀ ਨੇ ਹੁਕਮ ਮਾਨਾ ਹੈ ਔਰ ਸਹਾਇਤਾ ਨਹੀਂ ਮਾਂਗੀ ॥

ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ ॥ ੪ ॥

ਤਿਨ ਵਿਛੁੜਿਆਂ ਹੋਇਆਂ ਜਗਜਾਸੂਓਂ ਕੋ ਵਾਹਿਗੁਰੂ ਅਪਨੇ ਸਾਥ ਮੇਲਕਰ ਮੁਕਤੀ ਰੂਪ ਸਚੀ ਵਡਜਾਈ ਦੇਤਾ ਹੈ॥ ੪ ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ ॥

ਹੇ ਮਨ ਹਰੀ ਕੇ ਸਾਥ ਐਸੀ ਪ੍ਰੀਤੀ ਕਰ ਜੈਸੀ ਚਕਵੀ ਸੂਰਜ ਕ ਸਾਥ ਕਰਤੀ ਹੈ ਚਕਵੀ ਕੀ ਪ੍ਰੀਤੀ ਸੂਰਜ ਸੇ ਅਪਨੇ ਪਤੀ ਕੇ ਮਿਲਨੇ ਵਾਸਤੇ ਹੋਤੀ ਹੈ ਯਦਪਿ ਪਤੀ ਪਾਸ ਭੀ ਹੋਵ ਤਦਯਪ ਰਾਮਚੰਦ ਕੇ ਸਰਾਪ ਕਰ ਰਾਤ ਵਿਖੇ ਵਿਯੋਗ ਹੀ ਰਹਤਾ ਹੈ ਏਕ ਪਿੰਜਰੇ ਵਿਖੇ ਪਾਏ ਹੁਏ ਭੀ ਚਕਵਾ ਚਕਵੀ ਪੀਠ ਜੋੜ ਕਰ ਰਹਿਤੇ ਹੈਂ ॥

ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ ॥

ਸੋ ਚਕਵੀ ਖਿਨ ਪਲ ਮਾਤ੍ਰ ਭੀ ਨੀਂਦ ਕਰ ਨਹੀਂ ਸੋਵਤੀ ਹੈ ਭਾਵ ਯਹਿ ਕਿ ਅਤਿ ਦੁਖਤ ਰਹਤੀ ਹੈ ਸੂਰਜ ਉਦੇ ਬਿਨਾ ਚਕਵਾ (ਹਜੂਰਿ) ਪਾਸ ਭੀ ਹੈ ਤੋ ਭੀ ਦੂਰ ਜਾਣਤੀ ਹੈ ਭਾਵ ਯਹਿ ਕਿ ਵਿਜੋਗ ਹੀ ਰਹਤਾ ਹੈ ਤੈਸੇ ਜਗਜਾਸੂ ਰੂਪੁ ਚਕਵੀ ਕੋ ਗੁਰੂ ਰੂਪੀ ਸੂਰਜ ਕੇ ਮਿਲੇ ਬਿਨਾ ਯਦਯਪਿ ਬ੍ਰਹਮ ਨਿਕਟ ਹੀ ਹੈ ਤਦਯਪਿ ਦੂਰ ਜਾਨਤਾ ਹੈ ਸੋਈ ਸਪਸ਼ ਕਰਕੇ ਕਹਿਤੇ ਹੈਂ ॥

ਮਨਮੁਖਿ ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ ॥ ੫ ॥

ਯਾਂਤੇ ਜੋ ਮਨਮੁਖਿ ਹੈਂ ਤਿਨ ਕੋ ਬ੍ਰਹਮੁ ਆਤਮ ਰੂਪ ਕਰਕੇ ਸੂਝ ਨਹੀਂ ਪੜਤੀ ਹੈ ਔਰ ਗੁਰਮੁਖਿ ਬ੍ਰਹਮ ਕੋ ਸਦਾ ਪਰਤਖਜ ਦੇਖਤੇ ਹੈਂ ॥ ੫ ॥

ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥

ਜੋ ਮਨਮੁਖਿ ਹੈਂ ਸੋ ਗਿਣਤੀ ਗਣਾਵਣੀ ਕਰਤੇ ਹੈਂ ਕਿ ਮੈਂ ਅਮਕਾ ਯੱਗ ਕੀਆ ਅਮਕਾ ਤੀਰਥੁਕੀਆ ਅਮਕਾ ਕਾਮੁ ਐਸੇ ਹੋਵੇ ਅਮਕਾ ਨਾ ਹੋਵੇ ਪਰੰਤੂ ਜੋ (ਕਰਤਾ) ਈਸ੍ਵਰੁ ਕਰਤਾ ਹੈ ਸੋਈ ਹੋਤਾ ਹੈ ॥

ਤਾਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥

ਤਿਸ ਕਰਤੇ ਕੀ ਕੀਮਤ ਨਹੀਂ ਪਾਈ ਜਾਤੀ ਹੈ ਜੇ ਸਭ ਕੋਈ ਮਿਲ ਕਰ (ਲੋਚੇ) ਚਾਹੇ ਭੀ ॥

Digitized by Panjab Digital Library | www.panjabdigilib.org

ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖ ਹੋਇ ॥ ੬ ॥

ਪਰੰਤੂ ਜਬ ਗੁਰੋਂ ਕੀ ਸਿਖਯਾ ਪ੍ਰਾਪਤਿ ਹੋਵੇ ਤਬ ਕੀਮਤਿ ਪਾਈਤੀਹੈ ਕਿ ਅਕ੍ਰੈ ਹੈ ਅਬਨਾਸੀ ਹੈ ਅਨੰਤ ਹੈ ਅਜ ਹੈ ਸਤ ਚਿਤ ਅਨੰਦ ਰੂਪੁ ਹੈ ਕਦਾਚਿਤ ਐਸੀ ਅਕ੍ਰਕਾ ਹੋ ਕਿ ਐਸੇ ਜਾਨਣੇ ਸੇ ਕਿਆ ਫਲੁ ਹੋਤਾ ਹੈ ਤਿਸ ਕਾ ਸਮਾਧਾਨ ਸਚ ਰੂਪ ਪ੍ਰਮੇਸ੍ਵਰ ਮੇਂ ਮਿਲਨੇ ਸੇ ਸੁਖ ਸਰੂਪ ਹੀ ਹੋ ਜਾਤਾ ਹੈ ॥ ੬ ॥

ਸਚਾ ਨੇਹੁ ਨ ਤੁਟਈ ਜੇ ਸਤਿਗੁਰ ਭੇਟੈ ਸੋਇ ॥

ਮਿਲਣੇ ਮੈ ਸਚਾ ਪ੍ਰੇਮੁ ਹੀ ਕਾਰਣੁ ਹੈ ਜੇਕਰ ਸਤਿਗੁਰੋਂ ਸੇ ਪ੍ਰਾਪਤਿ ਹੋਵੇ ਤਾਂ ਸੋ ਸਚਾ ਪ੍ਰੇਮੁ ਨਹੀਂ ਟੂਟਤਾ ਹੈ ॥

ਪੁਨਾ ॥ ਗਿਆਨੁ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥

ਸਤਿਗੁਰੋਂ ਸੇ ਗਯਾਨ ਰੂਪੀ ਪਦਾਰਥੁ ਪਾਈਤਾ ਹੈ ਤਿਸ ਗਯਾਨ ਸੇ ਤੀਨ ਲੋਕ ਮੈ ਪ੍ਰਮੇਸ੍ਵਰ ਪੂਰਨ ਰੂਪ ਕੀ ਸੋਝੀ ਹੋਤੀਹੈ॥

ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥ ੭ ॥

ਜੋ ਪੁਰਸ ਵਾਹਗੁਰੂ ਕੇ ਗੁਣਾਂਨੁਵਾਦ ਕਾ (ਗਾਹਕੁ) ਗ੍ਰਹਣ ਕਰਣੇ ਵਾਲਾ ਹੋਇ ਤਿਸਕੋ ਨਿਰਮਲ ਨਾਮੁ ਨਹੀਂ ਵੀਸਰਤਾ ਹੈ ॥ ੭ ॥

ਖੇਲਿ ਗਏ ਸੇ ਪੰਖਿਣੂੰ ਜੋ ਚੁਗਦੇ ਸਰਤਲਿ ॥

ਜੋ ਪੰਛੀ ਜੋ (ਸਰਤਲਿ) ਸਮੁੰਦ੍ਰੋਂ ਕੇ ਅਸਥਲ ਮੇਂ ਅਰਥਾਤ ਟਾਪੂਓਂ ਮੇਂ ਚੁਗਦੇ ਥੇ ਸੋ ਰਾਜੇ ਭੋਗ ਬਿਲਾਸ ਕਰਤੇ ਹੂਏ ਚਲੇ ਗਏ ॥

ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ ॥

ਏਕ ਘੜੀ ਅਥਵਾ (ਮੁਹਤਿ) ਆਧੀ ਘੜੀ ਕੋ ਮਰਣਾ ਹੈ ਔਰ ਆਜ ਕਾਲ ਕਾ ਖੇਲਣਾ ਹੈ ਭਾਵ ਯਹਿ ਕਿ ਸੰਸਾਰ ਮੇਂ ਥੋੜੇ ਦਿਨੋਂ ਕਾ ਰਹਨਾ ਹੈ॥

ਜਿਸ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ ॥ ੮ ॥

ਹੇ ਮਨ ਤੂੰ ਐਸੇ ਜਾਨੁ ਜਿਸਕੋ ਵਾਹਿਗੁਰੂ ਮੇਲਤਾ ਹੈ ਸੋ ਮਿਲਤਾ ਹੈ ਔਰ (ਸਚਾ ਪਿੜ) ਅਧਸਟਾਨ ਬ੍ਰਹਮੁ ਤਿਸ ਮੈ ਜਾਇ (ਮਲਿ) ਮਿਲਤਾ ਹੈ ॥

ਬਿਨੁ ਗੁਰ ਪ੍ਰੀਤਿ ਨ ਊਪਜੈ ਹਉ ਮੈ ਮੈਲੁ ਨ ਜਾਇ ॥

Digitized by Panjab Digital Library | www.panjabdigilib.org

ਹੇ ਭਾਈ ਗੁਰੋਂ ਸੇ ਬਿਨਾ ਵਾਹਿਗੁਰੂ ਮੈਂ ਪ੍ਰੀਤੀ ਨਹੀਂ ਉਤਪਤੀ ਔਰ ਪ੍ਰੀਤਿ ਕੇ ਬਿਨਾ ਹੰਤਾ ਮਮਤਾ ਰੂਪੀ ਮੈਲੁ ਨਹੀਂ ਜਾਤੀ ਹੈ ॥

ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ ॥

ਜਬ ਪ੍ਰੀਤਿ ਕਰਕੇ ਹੰਕਾਰ ਰੂਪੁ ਮੈਲ ਕੀ ਨਿਵਰਤੀ ਹੂਈ ਔਰੁ ਗੁਰੋਂ ਕੇ (ਸਬਦਿ) ਅਰਥਾਤ ਮਹਾਵਾਕ ਕੇ ਅਰਥ (ਭੇਦਿ) ਜਾਨਨੇ ਕਰਕੇ ਨਿਸਚਾ ਹੋਤਾ ਹੈ ਤਬ (ਸੋਹੰ) ਈਸਰੁ ਕਾ ਵਾਚਕ ਤਤ ਪਦੁ ਤਿਸੁਦਾ ਲਖ ਅਰਥੁ ਬ੍ਰਹਮੁ ਸੋ ਮੈ ਹਾਂ ਐਸੇ ਆਪਕੋ ਪਛਾਣੀਤਾ ਹੈ ॥ ਪ੍ਰਸ਼ਨੁ ॥ ਐਸੇ ਨਿਸਚੇ ਵਾਲੇ ਕੋ ਔਰ ਭੀ ਕੁਛ ਕਰਤਵ ਹੈਂ ਵਾ ਨਹੀਂ? ਤਿਸ ਪਰ ਕਹਤੇ ਹੈਂ ॥

ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ ॥ ੯ ॥

ਜਿਨ੍ਹੋਂ ਨੇ ਗੁਰੋਂ ਦ੍ਵਾਰੇ ਆਪਕੋ ਜਾਣਿਆ ਹੈ ਤਿਨੋਂ ਨੇ ਔਰ ਕਿਆ ਕਰਨਾ ਕਰਾਉਣਾ ਹੈ ਭਾਵ ਯਹਿ ਤਿਨੋਂ ਕੋ ਕਰਮ ਉਪਾਸਨਾ ਰੂਪੁ ਕੋਈ ਕਰਤਬਜ ਨਹੀਂ ਹੈ॥੯॥ ਪ੍ਰਸਨੁ॥ਤਿਨ ਕੋ ਦੇਹ ਪਾਤ ਅਨੰਤਰ ਅਪਨੇ ਸਾਥ ਵਾਹਗੁਰੂ ਮੇਲਤਾ ਹੋਵੇਗਾ ਤਿਸ ਪਰ ਕਹਤੇ ਹੈਂ ॥

ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੈ ਪਤੀਆਇ॥

ਮਿਲਿਆ ਕਾ ਫੇਰ ਕਿਆ ਮੇਲਣਾ ਹੈ ਜੋ (ਸਬਦਿ) ਉਪਦੇਸ ਮੈ (ਪਤੀਆਇ) ਨਿਸਚੇ ਕਰਨ ਕਾਲ ਮੈ ਮਿਲੇ ਹੂਏ ਹੈਂ ॥

ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ ॥

ਔਰ ਜੋ ਮਨਮੁਖ ਹੈ ਤਿਸਕੋ ਆਪਨੇ ਸਰੂਪ ਕੀ ਸਮਝ ਨਹੀਂ ਪੜਤੀ ਹੈ ਯਾਤੇ ਵਿਛੁੜਕੇ ਜਮ ਕੀਆ ਚੋਟਾਂ ਖਾਤਾ ਹੈ॥ ਪ੍ਰਸਨੁ ਵਹੁ ਬ੍ਰਹਮ ਕੌਣ ਅਸਥਾਨ ਮੈ ਹੈ ? ਤਿਸ ਪਰ ਕਹਤੇ ਹੈਂ॥

ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ ॥ ੧੦ ॥੧੧॥

ਸ੍ਰੀ ਗੁਰੂ ਜੀ ਕਹਤੇ ਹੈਂ(ਘਰ)ਸਰੀਰੁ ਤਿਸਕੇ (ਦਰ) ਅੰਦਰ(ਏਕ)ਅਦੁਤੀ ਹੈ ਤਿਸਕੇ ਬਿਨਾ ਔਰ ਦੂਸਰੀ ਜਗਹ ਕੋਈ ਨਹੀਂ ਹੈ ਜਥਾ "ਜੋ ਬ੍ਰਹਮੰਡੇ ਸੋਈਪਿੰਡੇ ਜੋ ਏਜੇ ਸੋ ਪਾਵੇਪੀਪਾ ਪ੍ਰਣਵੈ ਪਰਮਤਤੁ ਹੈਸਤਿਗੁਰ ਹੋਇ ਲਖਾਵੈ"।੧੦॥੧੧॥

ਸਿਰੀ ਰਾਗੁ ਮਹਲਾ ੧ ॥ ਮਨਮੁਖਿ ਭੁਲੈ ਭੁਲਾਈਐ ਭੂਲੀ ਠੌਰ ਨ ਕਾਇ ॥

Digitized by Panjab Digital Library | www.panjabdigilib.org

ਜੋ ਗੁਰ ਉਪਦੇਸ ਸੇ ਰਹਤ ਹੈਂ ਸੋ ਵਾਹਿਗੁਰੂ ਸੇ ਆਪ ਭੂਲੇ ਹੈਂ ਔਰੋਂ ਕੋ ਭੁਲਾਵਤੇ ਹੈਂ ਤਿਸਕੀ ਭੂਲੀ ਹੂਈ ਬੁਧੀ ਕੋ ਇਸਥਿਤੀ ਕੀ (ਠੌਰ) ਜਗਾ ਕੋਈ ਨਹੀਂ ਮਿਲਤੀ ਹੈ ॥

ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥

ਗੁਰੋਂ ਸੇ ਬਿਨਾ ਵਾਹਗੁਰੂ ਕੋ ਕੋਈ ਨਹੀਂ ਦੇਖਾਵਤਾ ਹੈ ਗਯਾਨਰੂਪ ਨੇਤ੍ਰੋਂ ਸੇ ਰਹਤ ਹੂਈ ਬੁਧੀ ਵਾਲਾ ਜਨਮਤਾ ਮਰਤਾਹੈ

ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥ ੧ ॥

ਜੋ ਸ੍ਵੈ ਸਰੂਪ ਕਾ ਜਾਨਣਾ ਵਡਾ ਪਦਾਰਥੁ ਥਾ ਸੋ ਜੀਵਨੇ(ਖੋਇਆ) ਗਵਾਇ ਲੀਆ ਹੈ ਔਰ ਕਾਮਾਦਿ ਠਗੋਂ ਕਾ (ਆ) ਸਰਬ ਓਰਤੇ (ਮੁਠਾ) ਲੂਟਾ ਦਲਾ ਜਾਤਾ ਹੈ ॥ ੧ ॥

ਬਾਬਾ ਮਾਇਆ ਭਰਮਿ ਭੁਲਾਇ॥ਭਰਮਿਭੁਲੀ ਡੋਹਾਗਣੀ ਨਾ ਪਿਰੁ ਅੰਕਿ ਸਮਾਇ॥੧॥ਰਹਾਉ

ਹੇ ਬਾਬਾ ਮਾਯਾ ਨੇ ਸ੍ਰਿਸਟੀ ਭਰਮ ਮੇਂ ਭੁਲਾਈ ਹੈ ਇਸੀ ਕਰਕੇ ਜੋ (ਡੋਹਾਗਣੀ) ਪਤਿਕਰ ਤਜਾਗੀ ਹੂਈ ਭਗਤੀ ਹੀਨ ਇਸਤ੍ਰੀ ਹੈ ਸੋ (ਪਿਰੁ) ਪਤੀ ਅਕਾਲ ਪੁਰਖ ਕੇ ਅੰਕ ਮੇ ਨਹੀਂ ਸਮਾਉਂਤੀ ਹੈ ॥

ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥

ਪੁਨਾ ਭੂਲ. ਹੂਈ ਘਰ ਕੋ ਛੱਡਕੇ ਚਲੀ ਜਾਤੀ ਹੈ। ਭੂਲੀ ਹੂਈ ਸ੍ਰਿਸਟੀ ਅਪਨੇ ਦੇਸ ਸੇ ਔਰ ਦੇਸੋਂ ਮੇਂ ਫਿਰਤੀ ਹੈ॥

ਭੂਲੀ ਡੂਗਰਿ ਚਲਿ ਚੜੈ ਭਰਮੈ ਮਨੁ ਡੋਲਾਇ ॥

ਔਰ ਵਾਹਿਗੁਰੂ ਸੇ ਭੂਲੀ ਹੂਈ (ਡੂੰਗਰਿ) ਪਰਬਤੋਂ ਪਰ ਚਢਤੀ ਹੈ ਔਰ ਮਨਕੀ ਭੁਲਾਈ ਹੂਈ ਥਲੋਂ ਮੇ ਭਰਮਤੀ ਹੈ॥

ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥ ੨ ॥

(ਧੁਰਹੁ)ਆਦ ਰੂਪ ਵਾਹਿਗੁਰੂ ਸੇ ਵਿਛੁੜੀ ਹੂਈ ਕੈਸੇ ਮਿਲੇ ਕਿਉਂਕਿ(ਗਰਬਿ)ਹੰਕਾਰ ਕਰਕੇ ਲੂਟੀ ਹੂਈ(ਬਿਲਲਾਇ) ਬਿਰਲਾਪ ਕਰਤੀ ਹੈ ॥ ੨ ॥

ਪ੍ਰਸ਼ਨੁ ॥ ਤਿਨ ਵਿਛੁੜਿਆਂ ਕੋ ਕੌਨੁ ਮੇਲੇਗਾ ਔਰ ਕੈਸੇ ਮਿਲੇਂਗੇ ਤਿਸ ਪਰ ਕਹਤੇ ਹੈਂ ॥

ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ ॥

ਹਰੀ ਕੇ ਨਾਮ ਰਸ ਕਾਪਯਾਰੁ ਦੇਕੇ ਵਿਛੜੇ ਹੂਏ ਜੀਵਾਂ ਕੋ ਗੁਰੂ ਹੀ ਮੇਲੇਂਗੇ ॥

Digitized by Panjab Digital Library | www.panjabdigilib.org

ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਾਧਾਰਿ ॥

ਕਿਉਂਕਿ ਹਰੀ ਕੇ ਗੁਣਾਨੁਬਾਦ ਕਾ ਆਸਰਾ ਕਰਨੇ ਕਰ ਸਚੀ ਸਾਂਤੀ ਹੋਤੀ ਹੈ ਔਰ ਸੋਭਾ ਭੀ (ਘਣੀ) ਬਹੁਤ ਹੋਤੀ ਹੈ ॥

ਜਿਉ ਭਾਵੈ ਤਿਉ ਰਖ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ ॥

ਤਾਂਤੇ ਹੇ ਭਾਈ ਐਸੇ ਬੇਨਤੀ ਕਰੇ ਹੇ ਭਗਵਨ ਜੈਸੇ ਤੇਰ ਕੋ ਭਾਵੈ ਤੈਸੇ ਹੀ ਤੂੰ ਰਾਖੁ ਹੇ (ਭਤਾਰੁ) ਪਤੀ ਮੇਰਾ ਤੇਰੇ ਬਿਨਾ ਕਵਨੁ ਹੈ ॥ ਪ੍ਰਸਨੁ ॥ ਸਾਸਤ੍ਰ ਪੜਕੇ ਜਾਂ ਭੇਖ ਧਾਰਕਰ ਜਾਂ ਤੀਰਥ ਨਾਉਨੇ ਕਰ ਪੁਰਸ ਕੋ ਸਮਝ ਹੋ ਜਾਤੀ ਹੋਵੈ ਹੈ ਤਾਂਤੇ ਬੇਨਤੀ ਕਿਉਂ ਕਰਨੀ ਹੈ ਤਿਸ ਪਰ ਕਹਤੇ ਹੈਂ ॥ ੩ ॥

ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤ ਅਭਿਮਾਨੁ ॥

ਵਾਹਿਗੁਰੂ ਕੀ ਭਗਤੀ ਬਿਨਾ ਸਾਸਤ੍ਰ ਪੜਿ ਪੜਿ ਕਰਕੇ ਭੀ ਭੂਲਨਾ ਹੋਤਾ ਹੈ ॥ ਅਰ ਭੇਖੇ ਕੇ ਧਾਰਨ ਕਰ ਭੀ ਪੁਰਸ਼ ਕੋ ਬਹੁਤੁ ਅਭਿਮਾਨੁ ਹੋਜਾਤਾ ਹੈ ॥

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥

ਅਰੁ ਪੁਰਸ਼ ਕੋ ਤੀਰਥ ਨਾਵਣੇ ਕਾ ਮਹਾਤਮ ਕਿਆ ਕਰੇਗਾ ਮਨ ਮਹਿ ਤੋ ਅਭਿਮਾਨ ਰੂਪੀ ਮੈਲੁ ਹੈ ॥

ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥ ੪ ॥

ਹੇ ਭਾਈ ਗੁਰੋਂ ਕੀ ਕ੍ਰਿਪਾ ਸੇ ਬਿਨਾਂ ਸ਼ਾਸਤ੍ਰ ਪੜਨੇ ਕਰ ਔਰ ਭੇਖ ਧਾਰਨੇ ਕਰ ਔਰ ਤੀਰਥ ਨਾਵਣੇ ਕਰ ਕਿਸਕੋ ਸਮਝ ਹੈ ਆਈ ਭਾਵ ਏਹ ਕਿ ਨਹੀਂ ਆਈ ਯਾਂਤੇ ਬਿਨਾਂ ਸਮਝ ਤੇ ਅਪਨੇ ਸੰਕਲਪ ਕਰਕੇ ਹੀ ਮਨ ਰਾਜਾ ਹੋ ਜਾਤਾ ਹੈ ਕਬੀ (ਸੁਲਤਾਨ) ਬਲਵਾਨ ਰਾਜਾ ਅਰਥਾਤ ਚਕ੍ਰਵਰਤੀ ਹੋ ਜਾਤਾ ਹੈ ਭਾਵ ਮਨੋ ਰਾਜ ਮੈਂ ਲਗਾ ਰਹਤਾ ਹੈ ॥ ੪ ॥

ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥

ਜੇਕਰ ਪ੍ਰੇਮ ਰੂਪੀ ਪਦਾਰਥ ਪ੍ਰਾਪਤਿ ਹੋਵੈਂ ਤੋ ਗੁਰੋਂ ਦ੍ਵਾਰਾ ਤੱਤ ਮਿਥਿਆ ਕਾ ਵੀਚਾਰ ਕਰੀਤਾ ਹੈ ॥

ਸਾ ਧਨ ਆਪੁ ਗਵਾਇਆ ਗੁਰਕੈ ਸਬਦਿ ਸੀਗਾਰੁ ॥

ਜਿਸਨੇ ਗੁਰੋਂਕੇ ਉਪਦੇਸ਼ ਕਰਕੇ ਸਾਧਨੋਂ ਕਾ ਸੀਂਗਾਰ ਕੀਆ ਹੈ ਉਸ ਜੀਵ ਰੂਪੀ ਇਸਤ੍ਰੀ ਨੇ ਹੰਕਾਰ ਗਵਾਇਆ ਹੈ ॥

ਘਰ ਹੀ ਸੋ ਪਿਰੁ ਪਾਇਆ ਗੁਰਕੈ ਹੇਤਿ ਅਪਾਰੁ ॥ ੫ ॥

ਔਰ ਜਬ ਗੁਰੋਂ ਕੇ ਵਿਖੇ ਅਪਾਰੁ ਪ੍ਰੇਮ ਕੀਆ ਤਬ (ਘਰ) ਸਰੀਰ ਕੇ ਬੀਚ ਹੀ ਸੋ(ਪਿਰ)ਪਤੀ ਵਾਹਿਗੁਰੂ ਕੋ ਪਾਇਆਹੈ॥੫

ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥

Digitized by Panjab Digital Library | www.panjabdigilib.org

ਜਿਸਨੇ ਗੁਰੋਂ ਕੀ ਸੇਵਾ ਰੂਪ (ਚਾਕਰੀ) ਕਰੀ ਹੈ ਤਿਸਕਾ ਮਨੁ ਨਿਰਮਲੁ ਹੂਆ ਹੈ ਔਰ ਸੁਖੁ ਪ੍ਰਾਪਤਿ ਹੂਆ ਹੈ॥

ਪ੍ਰਸ਼ਨੁ ॥ ਗੁਰ ਸੇਵਾ ਕਾ ਫਲੁ ਯਹੀ ਹੈ ਵਾ ਕੁਛੁ ਔਰ ਭੀ ਹੈ ਤਿਸ ਪਰ ਕਹਿਤੇ ਹੈਂ ॥

ਗੁਰਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥

ਜਬ ਗੁਰੋਂ ਕਾ ਉਪਦੇਸ਼ ਮਨ ਮੈ ਇਸਥਿਤਿ ਹੁਆ ਤਬ ਹੰਤਾ ਮਮਤਾ ਅੰਤਸਕਰਨ ਕੇ ਬੀਚ ਸੇ ਗਵਾਈ ਗਈ ਹੈ ॥

ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨੁ ਹੋਇ ॥ ੬ ॥

ਔਰ ਜਬ ਨਾਮ ਰੂਪੀ ਪਦਾਰਥ ਪ੍ਰਾਪਤਿ ਹੂਆ ਤਬ ਮਨ ਮੈ(ਲਾਭੁਸਦਾ)ਨਿਤ ਲਾਭੁ ਭਾਵ ਆਤਮ ਲਾਭੁ ਪ੍ਰਾਪਤਿ ਹੋਤਾਹੈ॥੬

ਕਰਮਿ ਮਿਲੈ ਤਾ ਪਾਈ ਆਪਿ ਨ ਲਇਆ ਜਾਇ ॥

ਜਬ ਪੂਰਬ ਕਰਮਾਨੁਸਾਰ ਮਿਲੇ ਤਬ ਵਾਹਿਗੁਰੂ ਕਾ ਨਾਮ ਪਾਈਤਾ ਹੈ ਆਪਨੇ ਆਪ ਨਹੀਂ ਲੀਆ ਜਾਤਾ ਹੈ ॥

ਗੁਰਕੀ ਚਰਣੀ ਲਗਾ ਰਹੁ ਵਿਚਹੁ ਆਪੁ ਗਵਾਇ ॥

ਤਾਂਤੇ ਅੰਤਸਕਰਨ ਮੈ ਸੇ ਹੰਕਾਰ ਗਵਾਇ ਕਰਕੇ ਗੁਰੋਂਕੀ ਚਰਨੀ ਲਾਗ ਰਹੁ ॥

ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ੭ ॥

ਸਚੇ ਉਪਦੇਸ ਕਰਨੇ ਵਾਲੇ ਗੁਰੋਂ ਕੇ ਸਾਥ (ਰਤਿਆ) ਪ੍ਰੀਤੀ ਕਰਨੇ ਸੇ ਸਚਾ ਨਾਮ ਹੀ ਰਿਦੇ ਰੂਪੀ ਪਲੇ ਮੈਂ ਪੜਤਾ ਹੈ॥

ਪ੍ਰਸ਼ਨੁ ॥ ਸਭਕੋ ਗੁਰੋਂ ਕੀ ਚਰਨੀ ਲਾਗਨੇ ਕਾ ਉਪਦੇਸ਼ ਕਰਤੇ ਹੋ ਇਸ ਮੈ ਕੌਨ ਕਾਰਨ ਹੈ ॥ ੭ ॥

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥

(ਭੁਲਣ) ਅਗਯਾਨ ਕੇ ਬੀਚ ਤੌ ਸਭ ਕੋਈ ਹੈ ਅਗਯਾਨ ਰਹਤ ਤੌ ਗੁਰੂ ਹੀ ਕਰਤਾਰ ਸਰੂਪ ਹੈ ॥

ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥

ਯਾਂਤੇ ਜਿਸਨੇ ਗੁਰ ਸਿਖਿਆ ਲੇਕਰ ਮਨਕੋ ਸਮਝਾਇਆ ਹੈ ਤਿਸਕਾ ਪਰਮੇਸਰ ਮੇਂ ਪ੍ਰੇਮ ਲਾਗ ਰਹਾ ਹੈ ॥

ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥ ੮ ॥ ੧੨ ॥

ਸ੍ਰੀ ਗੁਰੂਜੀ ਕਹਿਤੇ ਹੈਂ ਜੋ ਗੁਰੋਂ ਨੇ (ਸਬਦੁ) ਇਹਮ (ਅਪਾਰੁ) ਬਸੰਤ ਕੇ ਸਾਥ ਮੇਲੇ ਹੈਂ ਤਿਨਕੋ ਸਚਾ ਵਾਹਿਗੁਰੂ ਨਹੀਂ ਵੀਸਰਤਾ ਹੈ ॥ ੮ ॥ ੧੨ ॥

Digitized by Panjab Digital Library | www.panjabdigilib.org

ਸਿਰੀ ਰਾਗੁ ਮਹਲਾ ੧ ॥ ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥

ਮਾਇਆ ਮੋਹਣੀ ਕੀ ਜੋ ਤ੍ਰਿਸਨਾ ਲਗ ਰਹੀ ਹੈ ਪੁਤ੍ਰ ਔ ਭਾਈ ਪੁਨਃ ਘਰ ਅਰ ਇਸਤ੍ਰੀ ਜੋ ਹੈ ॥

ਧਨੁ ਜੋਬਨੁ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥

ਔਰ ਧਨ ਜੋਬਨ ਔਰ (ਲਬਿ) ਖਾਣ ਕੀ ਲਾਲਸਾ ਔਰ ਲਭ ਪਦਾਰਥ ਸੰਚਨੇ ਕੀ ਇੱਛਾ ਔਰ (ਹੰਕਾਰਿ) ਦੇਹ ਅਭਿਮਾਨੁ ਇਨ ਸਭਨੋਂ ਨੇ ਸੰਸਾਰ ਕੋ ਛਲ ਲੀਆ ਹੈ ॥

ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥ ੧ ॥

ਜਿਸ ਮੋਹ ਔਰ ਹਉਮੈ ਰੂਪੀ ਠਗ ਬੂਟੀ ਸੇ ਪਾਛੇ ਸ੍ਰਿਸਟੀ ਨਾਸ ਕੋ ਪ੍ਰਾਪਤਿ ਭਈ ਹੈ ਸੋ ਅਬ ਭੀ ਸੰਸਾਰ ਮੈਂ ਵਰਤਮਾਨ ਹੈ ॥ ੧ ॥

ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥ ਮੈ ਤੁਝ ਬਿਨੁ
ਅਵਰੁ ਨ ਭਾਵਈ ਤੂੰ ਭਾਵਹਿ ਸੁਖ ਹੋਇ ॥ ੧ ॥ ਰਹਾਉ ॥

ਹੇ ਮੇਰੇ ਪਯਾਰੇ ਮੇਰੇ ਕੋ ਤੇਰ ਬਿਨਾ ਇਨ ਠਗਾਂ ਸੇ ਬਚਾਕਰ ਸੁਖ ਦੇਣੇ ਵਾਲਾ ਦੂਸਰਾ ਕੋਈ ਨਹੀਂ ਹੈ ਇਸ ਕਰਕੇ ਮੇਰੇ ਕੋ ਤੇਰੇ ਬਿਨਾ ਦੂਸਰਾ ਨਹੀਂ ਭਾਉਂਦਾ ਹੈ ਪਰੰਤੂ ਜੋ ਤੂੰ ਆਪ ਕੋ ਭੀ ਮੇਰੀ ਪ੍ਰੀਤ ਭਾਵੇ ਤੋ ਸੁਖ ਪ੍ਰਾਪਤਿ ਹੋਤਾ ਹੈ ॥ ੧ ॥

ਨਾਮੁ ਸਾਲਾਹੀ ਰੰਗਿ ਸਿਉ ਗੁਰ ਕੈ ਸਬਦਿ ਸੰਤੋਖੁ ॥

ਤਾਂਤੇ ਮੈਂ ਇਹੀ ਵਿਚਾਰਿਆ ਹੈ ਪ੍ਰੇਮ ਕੇ ਸਾਥ ਨਾਮੁ ਜਪੀਏ ਔਰ (ਸਾਲਾਹੀ) ਉਸਤਤੀ ਕਰੀਏ ਔਰ ਗੁਰੋ ਕੇ ਉਪਦੇਸ਼ ਸੇ ਸੰਤੋਖ ਧਾਰਨ ਕਰੀਏ ॥

ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥

ਜੋ ਨਾਮ ਰੂਪ ਜਗਤੁ ਦ੍ਰਿਸ੍ਟੀ ਆਵਤਾ ਹੈ ਸੋ ਨਾਸ ਹੋਵੇਗਾ ਕਿਉਂਕਿ ਝੂਠਾ ਹੈ ਯਾਤ ਮੋਹ ਕਰਕ ਸੰਸਾਰ ਕੀ ਤਰਫ ਨਾ ਦੇਖ ॥

ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥ ੨ ॥

ਜੈਸੇ (ਵਾਟ) ਰਸਤੇ ਚਲਾ ਜਾਤਾ (ਵਟਾਊ) ਮੁਸਾਫਰ ਰਾਤ ਕੋ ਸਰਾਇ ਮੇਂ ਆਇ ਰਹਾ ਤਬ ਵਹੁ ਔਰ ਮੁਸਾਫਰੋਂ ਸੇ ਪ੍ਰੀਤੀ ਨਹੀਂ ਕਰਤਾ ਪ੍ਰਾਤਾਕਾਲ ਮੇਂ ਨਿਤ ਹੀ ਮੁਸਾਫਰੋ ਕਾ (ਸਾਥੁ) ਸਮਦਾਇ ਚਲਤਾ ਹੁਆ ਦੇਖੁ ਤੈਸੇ ਹੀ ਸੰਸਾਰ

Digitized by Panjab Digital Library | www.panjabdigilib.org

ਰੂਪੀ ਸਰਾਇ ਮੈਂ ਜੀਵ ਰੂਪੀ ਮੁਸਾਫਰ ਆਨ ਏਕਠੇ ਹੂਏ ਹੈਂ ਅਪਨੇ ਅਪਨੇ ਕਰਮੋਂਕੇ ਅਨੁਸਾਰ ਸੁਖੁ ਦੁਖੁ ਭੋਗਕੇ ਮਰਤੇ ਜਾਤੇ ਦੇਖੀ ਤੇ ਹੈਂ ॥ ੨ ॥

ਆਖਣਿ ਆਖੈ ਕੇਤੜੇ ਗੁਰ ਬਿਨ ਬੂਝ ਨ ਹੋਇ ॥

(ਆਖਣਿ) ਅਖਿਆਨ ਅਰਥਾਤ ਕਥਾ ਪ੍ਰਸੰਗ (ਕੇਤੜੇ) ਬਹੁਤੇ ਹੀ (ਆਖਹਿ) ਕਹਤੇ ਹੈਂ ਪਰੰਤੂ ਗੁਰੋਂ ਸੇ ਬਿਨਾ ਸਮਝ ਨਹੀਂ ਹੋਤੀ ਹੈ॥

ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥

ਜੇਕਰ ਨਾਮ ਜਪਨੇ ਕੀ ਵਡਿਆਈ ਮਿਲੈ ਤੌ ਸਚ ਰੂਪ ਵਾਹ ਗੁਰੂ ਮੈ ਮਨ (ਰਪੈ) ਰੰਗਿਆ ਜਾਵੇ ਤਬ ਇਜਤ ਹੋਵੇ ॥

ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥ ੩ ॥

ਐਸੇ ਪਰਮੇਸਰ ਅਗੇ ਪ੍ਰਾਰਥਨਾ ਕਰੇ ਹੇ ਮਹਾਰਾਜ ਜੋ ਤੇਰੇ ਕੋ ਭਾਵਤੇ ਹੈਂ ਸੇ ਭਲੇ ਹੈਂ ਖੋਟੇ ਖਰੇ ਕਾ ਨੇਮੁ ਤੇਰੇ ਘਰ ਮੈਂ ਕੋਈ ਨਹੀਂ ਹੈ ਅਜਾਮੇਲ ਗਨਕਾ ਆਦਿਕ ਕਾ ਪ੍ਰਸੰਗੁ ਅਰਥਾਤ ਵਾਹਿਗੁਰੂ ਉਨਕੀ ਖੋਟਾਈ ਖਰਾਈ ਨਹੀਂ ਦੇਖਤਾ ਹੈ ਵਾ ਉਨਕੀ ਦ੍ਰਿਸ਼ਟ ਮੈ ਕੋਈ ਖੋਟਾ ਖਰਾ ਨਹੀਂ ਹੈ ॥ ੩ ॥

ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥

ਗੁਰੋਂ ਕੀ ਸਰਣ ਲੈਣੇ ਕਰ ਸੰਸਾਰ ਬੰਧਨੋਂ ਸੇ ਛੂਟ ਜਾਈਤਾ ਹੈ ਔਰ ਜੋ ਮਨਮੁਖ ਹੈਂ ਤਿਨ ਕੀ ਮੰਦ ਕਰਮੋਂ ਰੂਪੀ ਵਾ ਖੋਟੀ ਸਰਧਾ ਰੂਪੁ ਪੂੰਜੀ ਖੋਟੀ ਹੈ ਯਾਂਤੇ ਗੁਰੋਂ ਕੀ ਸਰਣ ਨਹੀਂ ਲੇਤੇ ॥

ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥

ਪਾਤਸਾਹ ਕੀ ਦਰਗਾਹ ਮੇਂ (ਸਬਦਿ) ਏਕੋ ਹੰਬਹੁਸਿਯਾਪ੍ਰਜਾ ਯੇਹ ਇਸ ਸਬਦ ਕੇ(ਵਿਗਾਸ) ਉਚਾਰਨੇ ਸੇ(ਅਸਟਧਾਤ) ਆਠ ਧਾਤੁ* ਕੇ ਸਰੀਰ ਰਚੀਤੇ ਹੈਂ ॥

ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥ ੪ ॥

---

*ਪ੍ਰਸਨ। ਧਾਤੂਆਂ ਤੌਂ ਸਾਤ ਹੈਂ। ਔਰ ਆਠ ਧਾਤੂਆ ਕੈਸੇ ਹੈਂ॥ਉਤਰ।ਯੇਹ ਗਰ ਸੇਕਤ ਕਹੈ ਦਬੋਸ ਰੇ ਤਰਬਵਿਤ ਨਾਟਕ ਮੇ ਦਸਮੇਪਾਤਿਸਾਹ ਜੀਨੇ ਲਿਖਾ ਹੈ ਸਮੁੰਦਰ ਮਥਨ ਕਾਲਮੈ ਅਸਟਧਾਤੂ ਅਸਟ ਉਪਧਾਤੂ ਉਤਪੰਨ ਭਏ ਹੈਂ ਯਥਾ ਗਰਗਧ ਮਹਿਖ ਖਡਮੰਗਾਰ ਲਾਹ ੧,ਪਿਤਲ ੨ ਤੂਤੰਗ ੩,ਰਜਤ ਧਾਤ ਸਿਤੇ (ਰੁਕਮੀ) ੪, ਚਾਂਦੀ ਬਹੁਰੋ ਕਥਨ ਮਰਪ,ਕਲੀ ੬ ਪਿਤਲੰ ੭,ਕਾਂਚ ਅਸਾ ਜਿਸਤ ਹੈ ਧਾਤਹੁਰੇ ੮ ਇਹ ਪਰ ਅਸਟ ਧਾਤ ਕੀ ਚਾਰ ਪਿਤ ਕੀ ਮਾਤਾਂਕੀ ਧਾਤ ਮਾਸ ੧,ਨਾੜੀ ੨, ਤ੍ਰਚਾ ੩,ਰਕਤ੪ ਪਿਤਾ ਕੀ ਧਾਤ ਅਸਤ੫,ਮਜਾਂ੬,ਚਰਬ ੭,ਬੀਰਜ ੮,ਇਸਮੇ ਕੋਈਕ ਮਾਸ ਕੋ ਸਥਨ ਚਰਮ ਕੋ ਕਹਤੇ ਹੈ।

Digitized by Panjab Digital Library | www.panjabdigilib.org

ਤਿਨ ਅਸ੍ਟ ਧਾਤੂਓਂ ਕੇ ਸਰੀਰ ਧਾਰੀਓਂ ਮੈ ਪਾਰਖੂ ਵਾਹਗੁਰੂ ਆਪ ਹੀ ਤਿਨਕੇ ਸੁਭ ਅਸੁਭ ਕਰਮੋਂ ਕੋ (ਪਰਖੇ)ਵੀਚਾਰਤਾ ਹੈ ਜੋ (ਰਾਸਿ) ਸਚੇ ਹੈਂ ਸੋ ਵਾਹਿਗੁਰੂ ਕੇ ਸਰੂਪ ਖਜਾਨੇ ਮੈਂ (ਪਵੈ) ਮਿਲ ਜਾਤੇ ਹੈਂ ਅਰ ਵਹੁ ਐਸੇ ਬੇਨਤੀ ਕਰਤੇ ਹੈਂ॥

ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥

ਹੇ ਵਾਹਿਗੁਰੂ ਤੇਰੀ ਕੀਮਤਿ ਨਹੀਂ ਪੜਤੀ ਸਭ ਸ੍ਰਿਸਟੀ (ਠੋਕ ਵਜਾਇ) ਨਿਰਨੇ ਕਰਕੇ ਦੇਖ ਲਈ ਹੈ॥ ਜੈਸੇ ਮਿਟੀ ਕਾ ਬਾਸਨ ਠਕੋਰ ਲਈਤਾ ਹੈ ਔਰ ਕੋਈ ਵਾਜਾ ਮੋਲ ਲੈਣਾ ਹੋ ਤੇ ਵਜਾਇ ਕਰ ਦੇਖ ਲਈਤਾ ਹੈ ਸੋ ਠੋਕ ਵਜਾਵਣੇ ਮੈਂ ਨਿਰਨਾ ਸਿਧ ਹੂਆ॥

ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥

ਕੇਵਲ ਸ਼ਾਸਤ੍ਰ (ਕਹਣੈ) ਉਚਾਰਨ ਸੇ ਭੀ ਤੇਰੀ (ਹਾਥ) ਥਾਹ ਨਹੀਂ ਪਾਈ ਜਾਤੀ ਹੈ ਹੇ ਸਚ ਰੂਪ ਵਾਹਿਗੁਰੂ ਜੋ ਤੇਰੇ ਮੈਂ ਟਿਕੇ ਹੈਂ ਸੋ ਹੇ (ਪਤਿ) ਪਤੀ ਤੇਰੇ ਕੋ ਪਾਇ ਲੇਤੇ ਹੈਂ॥

ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥ ੫ ॥

ਜਿਨੋਂ ਨੇ ਗੁਰੋਂ ਕੀ ਸਿਖਿਆ ਲੇਕਰ ਤੇਰੇ ਕੋ ਸਾਲਾਹਣਾ ਕੀਆ ਹੈ ਸੋ ਤੇਰੇ ਮੈਂ ਸਮਾਇ ਗਏ ਹੈਂ ਔਰ ਪੁਰਸੋਂ ਸੇ ਤੇਰੀ ਕੀਮਤਿ ਕਹੀ ਨਹੀਂ ਜਾਤੀ ਹੈ ਭਾਵ ਏਹ ਕਿ ਜੈਸਾ ਤੂੰ ਹੈਂ ਤੈਸਾ ਜਾਣਿਆ ਨਹੀਂ ਜਾਤਾ ਹੈ॥ ੫॥

ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥

ਜਿਸ ਸਰੀਰ ਮੈਂ ਨਾਮ ਜਪਣਾ ਨਹੀਂ ਭਾਵਤਾ ਹੈ ਤਿਸ ਸਰੀਰ ਮੈਂ ਹੌਂਤਾ ਮਮਤਾ ਔਰ (ਵਾਦੁ) ਵਿਰੋਧ ਆਦਿ ਵਿਕਾਰ ਨਿਵਾਸ ਕਰਤੇ ਹੈਂ॥

ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥

ਵਿਖਿਆਂ ਕਾ ਜੋ ਦੂਜਾ ਸ੍ਵਾਦ ਹੈ ਤਿਸਮੇਂ ਲਗਨੇ ਸੇ ਗੁਰੋਂ ਸੇ ਬਿਨਾਂ ਗਿਆਨ ਨਹੀਂ ਪ੍ਰਾਪਤਿ ਹੋਤਾ ਹੈ॥

ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥ ੬ ॥

ਵਾਹਿਗੁਰੂ ਕੇ ਗੁਣ ਉਚਾਰਨ ਬਿਨਾਂ ਏਹ ਸਰੀਰ ਕਾਮ ਨਹੀਂ ਆਵਤਾ ਹੈ ਕਿਉਂਕਿ ਮਾਯਾ ਕਾ ਰਸ ਫੀਕਾ ਹੈ ਭਾਵ ਏਹ ਕਿ ਜੋ ਮਾਇਕ ਅਨੰਦ ਹੈ ਸੋ ਏਕ ਰਸ ਨਹੀਂ ਰਹਤਾ ਹੈ॥ ੬ ॥

ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥

Digitized by Panjab Digital Library | www.panjabdigilib.org

ਔਰ ਯਹਿ ਜੀਵ ਅੰਤਰੀਵ ਆਸਾ ਮੈਂ ਬੰਧਾ ਹੂਆ ਉਤਪਤਿ ਹੂਆ ਹੈ ਔਰ ਉਸੀ ਆਸਾ ਮੇਂ ਬੰਧਾਇਮਾਨ ਹੂਆ ਰਸੋਂ ਕਸੋਂ ਕੋ ਖਾਤਾ ਹੈ ॥

ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥

ਪੁਨਾ ਆਸਾ ਕਰਕੇ ਹੀ ਬੰਧਾ ਹੂਆ ਫਿਰ ਮਾਰ ਕਰਕੇ ਜਮ ਪੁਰੀ ਕੋ ਚਲਾਈਤਾ ਹੈ ਮੋਹ ਕਰ ਵਹਾਂ ਮੂੰਹ ਪਰ ਚੋਟਾਂ ਖਾਤਾ ਹੈ ਕਿਉਂ ਚੋਟਾਂ ਖਾਤਾ ਹੈ ?

ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥ ੭ ॥

ਬੁਰੇ ਕਰਮੋਂ ਕਰਕੇ ਬਾਂਧਾ ਹੈ ਇਸੀ ਕਰਕੇ ਮਾਰੀਤਾਹੈ ਅਰ ਗੁਰੋਂਕੀ(ਮਤਿ)ਸਿਖਯਾ ਕਰਸਾਚਾਨਾਮਸਿਮਰਨੇਸੇਛੂਟਤਾਹੈ ॥

ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥

ਹੇ ਵਾਹਿਗੁਰੂ ਸਰਬ ਅਸਥਾਨੋਂ ਮੈ ਏਕ ਤੂਹੀਂ ਹੈਂ ਜਿਉਂ (ਭਾਵੈ)ਚਾਹੋਂ ਤਿਓਂ ਰਖ ਲਓ ॥

ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥

ਜਿਨਕੇ ਮਨ ਮੈ ਗੁਰ ਸਿਖਿਆ ਲੇਕਰ ਤੇਰਾ ਸਚਾ ਨਾਮੁ ਵਸ ਜਾਵੇ ਤਿਨਕੀ (ਪਤਿ) ਇਜਤ ਇਸ ਲੋਕ ਮੈ ਭੀ ਅਰੁ ਪਰਲੋਕ ਮੈਂ ਭੀ ਸਾਖ ਬਨੀ ਰਹਤੀ ਹੈ ॥

ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥ ੮ ॥

ਤਾਂਤੇ ਹੰਤਾ ਮਮਤਾ ਰੂਪੀ ਰੋਗਕੋ ਗਵਾਇ ਦੇਈਏ ਔਰ ਸਚੇ ਗੁਰੋਂ ਕੇ ਉਪਦੇਸ ਕਰਕੇ ਤੇਰਾ ਸਚਾ ਨਾਮੁ ਉਚਾਰਨ ਕਰੀਏ ॥ ੮ ॥

ਅਕਾਸੀ ਪਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ॥

ਹੇ ਵਾਹਗੁਰੂ ਅਕਾਸ ਮੈਂ ਜੋ ਮਹਰਜਨ ਤਪ ਸਤਲੋਕ ਹੈਂ ਔਰ (ਪਤਾਲ) ਅਤਲ ਵਿਤਲਾਦਿ ਜੋ ਨੀਚੇ ਕੇ ਲੋਕ ਹੈਂ ਅਰਥਾਤ ਤੀਨੋਂ ਲੋਕੋਂ ਮੈ ਤੂੰ ਸਮਾਇ ਰਹਾ ਹੈਂ ॥

ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ ॥

ਆਪ ਹੀ ਭਗਤੀ ਰੂਪੁ ਹੈਂ ਔਰ ਤੂੰ (ਕਾਉ) ਗਿਆਨ ਰੂਪੁ ਭੀ ਆਪਹੀ ਹੈਂ ਔਰ ਜਗਜਾਸੂ ਰੂਪੁ ਹੋਕੇ ਭੀ ਤੂੰ ਆਪਹੀ ਮਿਲਤਾ ਹੈਂ ਔਰ (ਮਿਲਾਇ) ਮਿਲਾਵਣੇ ਵਾਲਾ ਗੁਰੂ ਭੀ ਆਪਹੀ ਹੈ ॥

Digitized by Panjab Digital Library | www.panjabdigilib.org

ਨਾਨਕ ਨਾਮੁ ਨਾ ਵੀਸਰੈ ਜਿਉ ਭਾਵੈ ਤਿਵੈ ਰਜਾਇ ॥ ੯ ॥ ੧੩ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ (ਰਜਾਇ) ਆਗਯਾ ਕਰਨੇ ਵਾਲੇ ਵਾਹਗੁਰੂ ਤੇਰਾ ਨਾਮੁ ਨ ਭੂਲ ਜਾਵੇਂ ਔਰ ਜੈਸੇ ਤੁਝ ਕੋ ਭਾਵੈ ਤੈਸੇ ਰਾਖੁ ॥ ੯ ॥ ੧੩ ॥

ਸਿਰੀ ਰਾਗੁ ਮਹਲਾ ੧ ॥

ਰਾਮ ਨਾਮਿ ਮਨੁ ਬੇਧਿਆ ਅਵਰ ਕਿ ਕਰੀ ਵੀਚਾਰੁ ॥

ਹੇ ਪਿਆਰੇ ਜਬ ਰਾਮ ਕੇ ਨਾਮ ਸੇ ਮਨੁ (ਬੇਧਿਆ) ਮਿਲਿਆ ਤਬ ਅਵਰੁ ਵੀਚਾਰੁ ਕਿਆ ਕਰਨਾ ਹੈ ॥

ਸਬਦੁ ਸੁਰਤਿ ਸੁਖੁ ਉਪਜੈ ਪ੍ਰਭੁ ਰਾਤਉ ਸੁਖ ਸਾਰੁ ॥

ਜਿਸਨੇ ਉਪਦੇਸ ਮੈਂ ਸੁਰਤਿ ਲਗਾਈ ਹੈ ਔਰ ਪ੍ਰਭੂ ਸੁਖ ਸਾਰ ਰੂਪ ਮੈਂ ਰਤਾ ਹੈ ਤਿਸਕੋ ਸੁਖੁ ਉਤਪਤਿ ਹੋਤਾ ਹੈ ॥

ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥ ੧ ॥

ਹੇ ਮਨ ਤੂੰ ਐਸੇ ਬੇਨਤੀ ਕਰੁ ਕਿ ਹੇ ਹਰੀ ਜੈਸੇ ਤੇਰੇ ਕੋ ਭਾਵੈ ਤੈਸੇ ਰਖਯਾ ਕਰੁ ਮੇਰੇ ਕੋ ਤੋ ਤੇਰੇ ਨਾਮ ਕਾ ਆਸਰਾ ਹੈ ॥੧॥

ਮਨਰੇ ਸਾਚੀ ਖਸਮ ਰਜਾਇ ॥ ਜਿਨਿ ਤਨੁ ਮਨੁ
ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥ ੧ ॥ ਰਹਾਉ ॥

ਹੇ ਮਨ (ਖਸਮ) ਵਾਹਗੁਰੂ ਕੀ ਆਗਿਆ ਸਚੀ ਹੈ ਭਾਵ ਯਹਿ ਕਿ ਅਮੇਟ ਹੈ ਜਿਸਨੇ ਤਨੁ ਮਨੁ ਕੋ ਸਾਜਕੇ ਸ਼ਿੰਗਾਰ ਕੀਆ ਹੈ ਤਿਸਕੇ ਸਾਥ ਬ੍ਰਿਤੀ ਲਗਾਓ ॥ ੧ ॥

ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥

ਜੇਕਰ ਤਨ ਕੋ ਅਗਨੀ ਮੈਂ ਏਕ ਏਕ ਰੱਤੀ ਭਰੁ (ਤੋਲਿ) ਵਜਨੁ ਕਟਾਇਕੇ ਹੋਮ ਕਰੀਏ ਭਾਵ ਯਹਿ ਕਿ ਹੋਮ ਕਰਤੇ ਹੂਏ ਅਤੀ ਕਸਟੁ ਸਹਾਰੀਏ ॥

ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥

ਔਰ (ਤਨੁ) ਸੂਖਮੁ ਜੋ ਮਨੁ ਅੰਤਹਕਰਣੁ ਹੈ ਤਿਸਕੋ ਭੀ ਜੇ (ਸਮਧਾ) ਕਾਸਟ ਕਰੀਏ ਔਰ ਰਾਤਿ ਦਿਨ ਅਗਨ ਮੈ ਜਲਾਈਏ ਮਨਕੇ ਜਲਾਵਣੇ ਕਾ ਭਾਵ ਯਹਿ ਕਿ ਕ੍ਰਿਸ ਚੰਦ੍ਰਾਇਣਾਦਿ ਬ੍ਰਤੋਂ ਕਰ ਕਸਟੁ ਦੇਈਏ ॥

Digitized by Panjab Digital Library | www.panjabdigilib.org

ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥ ੨ ॥

ਤੋ ਭੀ ਹਰੀ ਨਾਮ ਕੇ ਬਰਾਬਰ ਨਹੀਂ (ਪੁਜਈ) ਪਹੁੰਚਤੇ ਏਕ ਦੋ ਕਰਮ ਕਿਯਾ ਜੇ ਐਸੇ ਲਖੋਂ ਕਰੋੜੋਂ ਕਰਮ ਕਮਾਵੇ ॥੨॥

ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥

ਜੇ ਕਰ ਸਿਰ ਪਰ ਕਰਵਤੁ ਧਰਾਯਕੇ ਸਰੀਰ ਆਧੋ ਆਧ ਦੋਫਾੜ ਕਰਕੇ ਕਟਾਇ ਦੇਈਏ ॥

ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥

ਪੁਨਃ ਤਨਕੋ ਹਮਾਲੇ ਪ੍ਰਬਤ ਮੈ ਗਾਲ ਦੇਈਏ ਤੋ ਭੀ ਮਨ ਤੇ ਹੰਕਾਰ ਵਾ ਅਗਯਾਨ ਰੋਗੁ ਨਹੀਂ ਜਾਤਾ ਹੈ ॥

ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕ ਵਜਾਇ ॥ ੩ ॥

ਹਰੀ ਨਾਮ ਕੇ ਬਰਾਬਰ ਨਹੀਂ ਹੋਤਾ ਹੈ ਕਿਉਂਕਿ ਸਭ ਸ੍ਰਿਸਟੀ ਕੋ ਠੋਕ ਬਜਾਇ ਕੇ ਦੇਖ ਲੀਆ ਹੈ ਭਾਵ ਏਹ ਕਿ ਨਿਰਨੇ ਕਰ ਲੀਆ ਹੈ ॥ ੩ ॥

ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥

ਜੇਕਰ ਬਹੁਤ ਸੇ (ਕੋਟ) ਕਰੋੜੋਂ ਭਾਰ (ਕੰਚਨ) ਸੁਰਨ ਕੇ(ਦਤੁ)ਦਾਨੁ ਕਰੀਏ ਵਾ ਕੰਚਨ ਕ੍ਰੋੜਾਂ ਮੋਹਰੋਂ ਕੇ ਦਾਨ ਕਰੀਏ ਔਰ ਸ੍ਰੇਸਟ(ਹੈ) ਘੋੜੇ ਔਰ ਸ੍ਰੇਸਟ (ਗੈ) ਹਾਥੀ ਦਾਨੁ ਕਰੀਏ ॥

ਭੂਮਿ ਦਾਨੁ ਗਉਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥

ਔਰ ਭੂਮੀ ਕਾ ਔਰ ਬਹੁਤ ਗਉਓਂ ਕਾ ਦਾਨੁ ਕਰੀਏ ਤੋ ਭੀ ਜਾਤੀ ਆਦਿਕੋਂ ਕਾ (ਗਰਬੁ) ਹੰਕਾਰ ਔਰ (ਗੁ) ਇੰਦ੍ਰੀਓਂ ਦ੍ਵਾਰੇ ਮਾਨ ਜੋ ਬਾਣੀ ਕਰ ਕਥਨ ਕਰਣਾ ਹੈ ਕਿ ਮੈਨੇ ਅਮਕਾ ਦਾਨ ਕੀਆ ਹੈ ਏਹ ਅਭਿਮਾਨ ਅੰਤਰਿ ਬਨਾ ਰਹਤਾ ਹੈ ॥

ਰਾਮ ਨਾਮ ਮਨੁ ਬੇਧਿਆ ਗੁਰ ਦੀਆ ਸਚੁ ਦਾਨੁ ॥ ੪ ॥

ਐਸਾ ਕਰਮੋਂ ਕੋ ਹੰਕਾਰ ਸਹਤ ਜਾਨ ਕਰ ਤਿਨ੍ਹੋਂ ਕਾ ਮਨ ਰਾਮ ਕੇ ਨਾਮ ਮੈ (ਬੇਧਿਆ) ਮਿਲਿਆ ਹੈ ਜਿਨਕੋ ਗੁਰੋਂ ਨੇ ਸਚ ਰੂਪ ਵਾਹਗੁਰੂ ਕਾ ਉਪਦੇਸ ਰੂਪੀ ਦਾਨੁ ਦੀਆ ਹੈ॥ ੪ ॥

ਮਨੁ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥

ਮਨਮੁਖੋਂ ਕੀਆਂ ਮਨ ਕੇ ਹਠ ਕੀਆਂ ਬੁਧੀਆਂ ਕਿਤਨੀਆਂ ਹੀ ਹੈਂ ਭਾਵ ਏਹ ਕਿ ਜਿਤਨੇ ਮਨਮੁਖ ਹੈਂ ਉਤਨੀਆਂ ਉਨਕੀਆਂ

Digitized by Panjab Digital Library | www.panjabdigilib.org

ਬੁਧੀਆਂ ਹੈਂ ਔਰ ਕਿਤਨੇ ਹੀ ਪ੍ਰਕਾਰੋਂ ਸੇ ਬੇਦੋਂ ਕੋ ਵੀਚਾਰ ਰਹੇ ਹੈਂ ਭਾਵ ਏਹ ਕਿ ਅਪਨੇ ਅਪਨੇ ਮਤ ਅਨੁਸਾਰ ਵੇਦ ਕੇ ਅਰਥ ਕੋ ਲਗਾਵਤੇ ਹੈਂ ॥

ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥

ਕਈ ਪ੍ਰਕਾਰ ਕੇ ਜੀਵ ਕੇ ਤਾਈਂ ਬੰਧਨ ਪੜ ਰਹੇ ਹੈਂ ਤਿਨ ਬੰਧਨੋਂ ਸੇ ਤਬ ਛੂਟਤਾ ਹੈ ਗੁਰੋਂ ਦ੍ਵਾਰੇ ਮੋਖ ਕਾ ਦੁਆਰਾ ਗਯਾਨ ਪ੍ਰਾਪਤਿ ਹੋਤਾ ਹੈ ॥

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ੫ ॥

ਸੰਪੂਰਨ ਸਾਧਨ ਸਚ ਨਾਮ ਸੇ ਉਰੇ ਹੈਂ ਔਰ ਜੋ ਸਚ ਨਾਮ ਜਪਨੇ ਕਾ (ਅਚਾਰ) ਕਰਮ ਹੈ ਸੋ ਸਭ ਕੇ ਉਪਰ ਹੈ ॥ ੫ ॥

ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥

ਸਭ ਕੋਈ ਪਰਮੇਸਰ ਰੂਪ ਕਰਕੇ ਊਚਾ ਆਖੀਐ ਹੈ ਕੋਈ ਭੀ ਨੀਚ ਨਹੀਂ ਦ੍ਰਿਸਟੀ ਆਵਤਾ ਹੈ ਇਸਮੈ ਯੁਕਤੀ ਕਹਿਤੇਹੈਂ॥

ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥

ਏਕ ਵਾਹਗੁਰੂ ਨੇ ਵਾ ਵਾਹਿਗੁਰੂ ਕੇ ਹੁਕਮ ਸੇ ਬ੍ਰਹਮਾ ਨੇ (ਭਾਂਡੇ) ਸਰੀਰ ਰਚੇ ਹੈਂ ॥ ਇਉਂ ਭੀ ਏਕਤਾ ਸਿੱਧ ਕਈ ਔਰ ਏਕ ਹੀ (ਚਾਨਣੁ) ਚੇਤਨ ਸਤਾ ਤੀਨ ਲੋਕ ਵਾਸੀ ਸਰੀਰੋਂ ਮੈ ਪ੍ਰਕਾਸ਼ ਰਹੀ ਹੈ ਐਸੇ ਭੀ ਏਕਤਾ ਸਿੱਧ ਭਈ ਉਚਤਾ ਔਰ ਨੀਚਤਾ ਕੈਸੇ ਕਹੀ ਜਾਵੇ ਭਾਵ ਏਹ ਕਿ ਜੇ ਸਰੀਰੋਂ ਕੀ ਤਰਫ ਖਯਾਲ ਕਰੀਏ ਤੋ ਬ੍ਰਹਮਣ ਸੇ ਆਦਿ ਲੇਕਰ ਚੰਡਾਲ ਪ੍ਰਯੰਤ ਸਭ ਪੰਚ ਭੂਤਕ ਹੈਂ ਜੇਕਰ ਚੈਤੰਨ ਸਤਾ ਕੀ ਤਰਫ ਨਿਗਾਹ ਕਰੀਏ ਤਬ ਏਕ ਹੀ ਚੈਤੰਨ ਸੱਤਾ ਸਰਬ ਮੈ ਪੂਰਨ ਹੈ ਨਿਊਨ ਅਧਿਕਤਾ ਕਿਸੀ ਪ੍ਰਕਾਰ ਭੀ ਨਹੀਂ ਬਨਤੀ ਹੈ ॥ ਪ੍ਰਸ਼ਨ ॥ ਜਬ ਏਕ ਚੈਤੰਨ ਸਤਾ ਸਰਬ ਮੈਂ ਪੂਰਨ ਹੈ ਤੋ ਤਿਸ ਕੀ ਪ੍ਰਾਪਤੀ ਕੈਸੇ ਕਠਨ ਹੈ ? ਤਿਸਕਾ ਸਮਾਧਾਨ ॥

ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥

ਜਬ ਪੂਰਬ ਪੁੰਨੋਂ ਕਰ ਗੁਰੂ ਮਿਲੇ ਤਬ ਸਚ ਕੋ ਪਾਈਦਾ ਹੈ ਕਿਉਂਕਿ ਅਕਾਲਪੁਰਖ ਕੀ ਦਾਤਿ ਕੋ ਕੋਈ ਮੇਟ ਨਹੀਂ ਸਕਤਾ ਹੈ ॥ ੬ ॥

ਪ੍ਰਸ਼ਨੁ ॥ ਭਗਤੀ ਕੇ ਅੰਤਸਕ ਮੈ ਵਸਨੇ ਕਾ ਕਾਰਣ ਔਰ ਚਿੰਨ ਕੌਨ ਹੈ ? ਉਤ੍ਰੁ:–

ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥

Digitized by Panjab Digital Library | www.panjabdigilib.org

ਜਬ ਸ੍ਰੇਸਟ ਪੁਰਸ਼ ਭਾਵ ਅਧਕਾਰੀ ਸ੍ਰੇਸਟ ਗੁਰੋਂ ਕੇ ਪ੍ਰੇਮ ਕਰਕੇ ਮਿਲੇ ਤਬ ਰਿਦੇ ਮੈ ਸੰਤੋਖਾਦਿ ਦੈਵੀ ਗੁਣ(ਵਸੈ) ਵਸਤੇ ਹੈਂ॥

ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥

ਔਰ ਸ ਸਤਿਗੁਰੋਂ ਕਾ ਉਪਦੇਸੁ ਰਿਦੇ ਮੇਂ(ਸਮਾਇ)ਮਿਲ ਜਾਵੇ ਤੋ ਅਕਥ ਵਾਹਗੁਰੂ ਕੀ ਕਥਾ ਕੋ ਵੀਚਾਰੀਤਾ ਹੈ ॥

ਪੀ ਅੰਮ੍ਰਿਤ ਸੰਤੋਖਿਆ ਦਰਗਹਿ ਪੈਧਾ ਜਾਇ ॥੭॥

ਜੋਪੁਰਸ਼ ਗੁਰੋਂ ਕੇ ਉਪਦਸ ਸੇ ਨਾਮ ਰੂਪੀ ਅੰਮ੍ਰਿਤ ਕੋ ਪੀ ਕਰ ਸੰਤੁਸਟ ਹੂਆ ਭਾਵ ਯਹਿ ਕਿ ਜੈਸੀ ਆ ਥਨੇ ਉਸੀ ਮੈਰਾਜੀ ਰਹਣਾ ਇਹ ਲਾਭੁ ਤੋ ਇਸ ਲੋਕ ਮੈ ਹੂਆ ਔਰ (ਦਰਗਹਿ) ਪ੍ਰਲੋਕ ਮੈ ਇਜਤ ਰੂਪੀ ਪੁਸਾਕ ਕੋ ਯੁਕਤ ਹੂਆ ਜਾਤਾ ਹੈ ॥ ੭ ॥ ਪ੍ਰਸਨੁ ॥ ਓਹ ਕਿਸ ਸਮਝ ਕਰਕੇ ਇਸਟ ਅਨਿਸਟ ਮੇਂ ਪ੍ਰਸੰਨ ਰਹਤਾ ਹੈ ਤਿਸਕਾ ਸਮਾਧਾਨ ॥

ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥

ਸਰਬ ਸਰੀਰੋਂ ਮੇਂ ਚੇਤਨ ਸੱਤਾ ਪ੍ਰਗਟ ਪ੍ਰਤੀਤ ਹੋ ਰਹੀ ਹੈ ਏਹੀ ਕਿੰਗੁਰੀ ਬਾਜ ਰਹੀ ਹੈ ਦ੍ਰਿਸਟਾਂਤ ਮੇਂ ਕਿੰਗੁਰੀ ਨਾਮੁ ਇਕ ਤਾਰੀ ਕਾ ਹੈ ਜਿਸਕੋ ਜੋਗੀ ਭਿਛਾ ਮਾਂਗਤੇ ਹੂਏ ਬਜਾਵਤੇ ਹੈਂ। ਔਰ ਰਾਤ ਦਿਨੁ (ਸਬਦਿ) ਬ੍ਰਹਮ ਪ੍ਰਾਪਤੀ ਕਰ ਸੁਭਾਇਮਾਨ ਹੋ ਰਹੇ ਹੈਂ ॥ ਪ੍ਰਸਨੁ ॥ ਇਸ ਕਿੰਗੁਰੀ ਕਾ ਅਨਹਤ ਸਬਦੁ ਕੇਤੇਕ ਪੁਰਸੋਂ ਕੋ ਮਲੂਮੁ ਹੈ? ਤਿਸ ਪਰ ਕਹਤੇ ਹੈਂ ॥

ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥

ਜਿਨੋਂ ਨੇ ਗੁਰੋਂ ਦ੍ਵਾਰਾ ਮਨ ਕੋ ਸਮ ਸਮਝਾਇਆ ਹੈ ਐਸੀ ਸਮਝ ਤਿਸ ਕਿਸੀ ਵਿਰਲੇ ਕੋ ਹੀ ਪੜੀ ਹੈ॥

ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥ ੮ ॥ ੧੪ ॥

ਸ੍ਰੀ ਗੁਰੂਜੀ ਕਹਤੇਹੈਂ ਤਿਨਕੋ ਨਾਮ ਨਹੀਂ ਵੀਸਰਤਾਹੈ ਜੋ ਗੁਰ ਉਪਦਸ਼ਕਮਾਇ ਕਰ ਸੰਸਾਰ ਬੰਧਨੋਂ ਸੇ ਛੂਟੇਂ ਹੈਂ॥੮॥੧੪

ਸਿਰੀ ਰਾਗੁ ਮਹਲਾ ੧ ॥ ਚਿਤੇ ਦਿਸਹਿ ਧਉਲਹਰਿ ਬਗੇ ਬੰਕ ਦੁਆਰੁ ॥

(ਚਿਤੇ) ਚਿਤ੍ਰਕਾਰੀ ਕੀਏ ਹੂਏ (ਧਉਲਹਰਿ) ਮੰਦਰ ਦੇਖੀਤੇ ਹੈਂ ਔਰ ਜਿਨਕੇ (ਬੰਕ) ਸੁੰਦਰ ਕਲੀ ਕਰੇ ਹੂਏ (ਬਗੇ) ਸਪੇਦ ਦਰਵਾਜੇ ਹੈਂ ॥

ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ ॥

ਜਿਨੋਂ ਕਾ ਵਾਹਗੁਰੂ ਸੇ ਬਿਨਾ ਦੂਜੇ ਭਾਵ ਕਜਾ ਨਾਮ ਰੂਪਾਤਮਕ ਸੰਸਾਰ ਮੇ ਹੇਤੁ ਹੇ ਤਿਨੋਂ ਨੇ ਮਨ ਕੀਆਂ ਖੁਸ਼ੀਆਂ ਕਰਕੇ

Digitized by Panjab Digital Library | www.panjabdigilib.org

ਉਸਾਰਿਆ ਹੈ ਪੁਨਾ ਤਿਨ ਮੰਦਰੋਂ ਮੈ ਪਿਆਰ ਕੀਆ ਹੈ ॥

ਮੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ ॥ ੧ ॥

ਜਿਸਕਾ ਅੰਤਸਕਰਣ ਵਾਹਿਗੁਰੂ ਕੇ ਪ੍ਰੇਮ ਸੇ ਖਾਲੀ ਹੈ ਤਿਨਕੇ ਮੰਦਰ ਭੀ ਗਿਰ ਕਰ ਖਾਕ ਕੀ ਢੇਰੀ ਹੋ ਜਾਵੇਂਗੇ ਔਰ ਸਰੀਰ ਭੀ ਭਸਮ ਕੀ ਢੇਰੀ ਹੋ ਜਾਵੇਗਾ ॥ ੧ ॥

ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥ ਰਾਮ ਨਾਮੁ ਧਨੁ
ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ ॥ ੧ ॥ ਰਹਾਉ ॥

ਹੇ ਭਾਈ ਇਹ ਤਨ ਔਰ ਧਨ ਤੇਰੇ ਸਾਥ ਨਹੀਂ ਹੋਵੇਗਾ॥ ਪ੍ਰਸ਼ਨੁ ॥ ਸਾਥ ਜਾਣੇ ਵਾਲਾ ਕਿਆ ਹੈ? ਉਤ੍ਰ ॥ ਨਿਰਮਲ ਧਨ ਤੋ ਰਾਮ ਨਾਮ ਹੈ ਪਰੰਤੂ ਜਥ ਸੋ ਗੁਰੂ ਸਮਰਥ ਦਾਤਿ ਕਰੇਂ ਤਾਂ ਪ੍ਰਾਪਤਿ ਹੋਤਾ ਹੈ ॥ ੧ ॥

ਰਾਮੁ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥

ਰਾਮ ਨਾਮ ਧਨੁ ਨਿਰਮਲ ਹੈ ਪ੍ਰਾਪਤਿ ਤੋ ਹੋਤਾ ਹੈ ਜੇ ਦੇਵਣਹਾਰ ਕਰਤਾਰ ਵਾ ਗੁਰੂ ਦੇਵੇਂ ॥

ਆਗੈ ਪੂਛ ਨ ਹੋਵਈ ਜਿਸ ਬੇਲੀ ਗੁਰ ਕਰਤਾਰੁ ॥

ਜਿਸਕੇ ਮਿਤ੍ਰ ਗੁਰੂ ਅਰ ਕਰਤਾਰ ਹੋਂ ਤਿਸਕੇ ਕਰਮੋਂ ਕੀ ਆਗੇਪ੍ਰਲੋਕ ਮੈਂ ਪੁਛ ਨਹੀਂ ਹੋਤੀ ਹੈ ॥

ਆਪ ਛਡਾਏ ਛੁਟੀਐ ਆਪੇ ਬਖਸਨਹਾਰੁ ॥ ੨ ॥

ਜੇ ਆਪ ਅਕਾਲ ਪੁਰਖ ਬਖਸ਼ਨਹਾਰ ਸੰਸਾਰ ਬੰਧਨਾਂ ਸੇ ਛੁਡਾਵੇ ਤੋ ਛੁਟੀਤਾ ਹੈ॥ ਪ੍ਰਸ਼ਨੁ ॥ ਐਸੇ ਸਤਿਗੁਰੋਂ ਸੇ ਸਭ ਕੋਈ ਰਾਮ ਨਾਮ ਧਨ ਕਿਉਂ ਨਹੀਂ ਲੇਤਾ ॥ ੨ ॥ ਉਤ੍ਰ:-

ਮਨਮੁਖ ਜਾਣੈ ਆਪਣੇ ਧੀਆ ਪੁਤ ਸੰਜੋਗੁ ॥

ਹੇ ਭਾਈ ਮਨਮੁਖ ਨੇ ਤੋ ਧੀਆਂ ਪੁਤ੍ਰੋਂ ਕੋ ਹੀ ਅਪਨੇ ਮਾਨ ਰਖਾ ਹੈ ਜਿਨਕਾ ਕੋਈ ਦਿਨ ਕਾ ਸੰਜੋਗ ਹੈ ॥

ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥

ਔਰ ਨਾਰੀ ਕੋ ਦੇਖ ਕਰ ਪ੍ਰਸਿੰਨ ਹੋਤਾ ਹੈ ਸਾਥ ਹੀ ਅਨੰਦ ਰਹਤਾ ਹੈ ਸੁ ਸੋਗ ਭੀ ਸਾਥ ਹੀ ਹੈ ਭਾਵ ਏਹ ਕਿ ਹਰਖ ਸੋਗ ਸਦਾ ਹੀ ਬਨਾ ਰਹਤਾ ਹੈ ॥

Digitized by Panjab Digital Library | www.panjabdigilib.org

ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥ ੩ ॥

ਔਰ ਜੋ ਗੁਰਮੁਖ ਹੈਂ ਸੋ ਗੁਰ ਉਪਦੇਸ਼ ਕਰ ਰਾਤ ਦਿਨ ਹਰੀ ਕੇ (ਰਸੁ) ਅਨੰਦ ਕੋ ਭੋਗਤੇ ਹੂਏ ਅਨੰਦ ਮਾਨ ਹੋਰਹੇ ਹੈਂ ॥

ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥

ਵਾਹਿਗੁਰੂ ਕੇ ਅਨੰਦ ਸ ਬਿਨਾ ਮਨੁ ਚਲਾਇ ਮਾਨੁ ਰਹਿਤਾ ਹੈ ਔਰ ਧਨੁ ਭੀ ਜਾਣੇ ਵਾਲਾ ਹੈ ਜਿਸ ਧਨ ਮੈਂ (ਸਾਕਤ) ਬੇਮੁਖੁ ਪੁਰਸ ਪ੍ਰੀਤ ਕਰਕੇ ਮਨ ਕਾ ਡੋਲਾਯਾ ਡੋਲਤਾ ਹੈ ॥

ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥

ਅਪਨੇ ਸੇ ਜੁਦਾ ਜਾਨਕਰ (ਬਾਹਰਿ) ਅਨਜਸਥਾਨੋਂ ਮੈ ਵਾਹਿਗੁਰੂ ਕੋ ਢੂੰਢ ਕਰ(ਵਿਗੁਚੀਐ)ਖਰਾਬ ਹੋਈਤਾ ਹੈ ਕਿਉਂਕਿ ਸਾਖੀ ਰੂਪ ਵਸਤੂ ਸ੍ਰੇਸ਼ਟ ਅਸਥਾਨ ਭਾਵ ਸਰੂਪ ਵਾਲਾ (ਘਰਮਹਿ) ਅੰਤਸਕਰਨ ਮੇਂ ਹੀ ਹੈ ॥

ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥ ੪ ॥

ਤਾਂਤੇ ਜੋ ਮਨਮੁਖ ਸ੍ਰਿਸ੍ਟੀ ਹੈ ਸੋ ਹੰਕਾਰ ਕਰਕੇ ਲੂਟੀ ਗਈ ਹੈ ਭਾਵ ਯਹਿ ਕਿ ਆਤਮਾ ਕੋ ਨਹੀਂ ਜਾਨਤੀ ਹੈ ਇਸ ਕਰਕੇ ਲੂਟੇ ਹੂਏ ਪੁਰਸ ਵਤ ਸ਼ੋਕ ਆਤਰ ਰਹਿਤੇ ਹੈ ਔਰ ਗੁਰਮੁਖੋਂ ਨੇ ਪਲੇ ਪਾਈ ਵਸਤੂ ਸਮ ਰਿਦੇ ਮੈ ਅਪਰੋਖ ਜਾਨਿਆ ਹੈ ॥੪॥

ਸਾਕਤ ਨਿਰਗੁਣਿਆਰਿਆ ਅਪਣਾ ਮੂਲੁ ਪਛਾਣੁ ॥

ਹੇ ਬੇਮੁਖ ਸੁਭਗੁਨੋਂ ਰਹਤ (ਅਪਣਾ ਮੂਲ) ਅਪਣੇ ਸਰੀਰ ਕਾ ਜਿਸ ਸੇ ਸਰੀਰ ਉਤਪਤਿ ਹੂਆ ਹੈ ਤਿਸਕੋ ਜਾਣੁ ॥ ਸੋਈ ਸਫੁਟੁ ਕਰਤੇ ਹੂਏ ਕਹਤੇ ਹੈਂ ॥

ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥

ਮਾਤਾ ਕੀ ਰਕਤ ਪਿਤਾ ਕਾ ਬੀਰਯੁ ਇਨ ਦੋਨੋਂ ਕਾ ਇਹੁ ਸਰੀਰੁ ਹੈ ਰਕਤ ਔਰ ਬੀਰਜੁ ਹੀ ਇਸਕਾ ਮੂਲੁ ਹੈ ਤਾਂਤੇ ਚਿਖਾ ਕੀ ਅਗਨੀ ਕੇ ਪਾਸ ਪਹੁਚਿਆ ਹੀ (ਪਰਾਣੁ) ਪਛਾਣੁ ਭਾਵ ਯਹਿ ਕਿ ਮਰਣਾ ਨਿਕਟ ਹੀ ਜਾਣੁ ॥

ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥ ੫ ॥

ਦੇਹ ਪ੍ਰਾਣ ਰੂਪ ਪਵਣ ਕੇ ਅਧੀਨ ਹੈ ਕਿਉਂਕਿ ਪ੍ਰਾਣੋਂ ਕੇ ਵਿਜੋਗ ਕਰ ਗਿਰ ਪੜਤੀ ਹੈ॥ ਪ੍ਰਸ਼ਨੁ॥ ਪ੍ਰਾਣ ਪਵਨ ਖੁਲੇ ਦੁਆਰਿਓਂ ਮੈਂ ਕੈਸੇ ਠਹਰੀ ਹੂਈ ਹੈ?ਤਿਸ ਪਰ ਕਹਤੇ ਹੈਂ। ਵਾਹਿਗੁਰੂ ਕਾ ਹੁਕਮ ਰੂਪੀ ਸਚਾ ਪਰਵਾਨਾ ਮਸਤਕ ਮੈ ਲਿਖਾ ਗਿਆ ਹੈ ਭਾਵ ਏਹੁ ਪ੍ਰਾਣ ਸਰੀਰ ਮੈ ਇਤਨਾ ਚਿਰੁ ਰਹਣਗੇ ਇਹੁ ਲਿਖਾ ਗਯਾ ਹੈ ਇਸ ਕਰ ਪਵਣੁ ਠਹਰਤਾ ਹੈ ॥ ੫ ॥

Digitized by Panjab Digital Library | www.panjabdigilib.org

ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥

ਜੀਵ ਤੋ ਬਹੁਤ ਜੀਵਣਾ ਹੀ ਮਾਂਗਤੇ ਹੈਂ ਔਰ ਮਰਨਾ ਕੋਈ ਨਹੀਂ ਚਾਹਤਾ ਹੇ ॥

ਸੁਖੁ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਹੋਇ ॥

ਪਰੰਤੂ ਹੇ ਭਾਈ ਸੁਖ ਪੂਰਬਕ ਜੀਵਣਾ ਤਿਸੀ ਕਾ ਕਹਾ ਜਾਤਾ ਹੈ ਜਿਸਕੇ ਮਨਮੈ ਗੁਰੋਂ ਦ੍ਵਾਰਾ ਸੋ ਵਾਹਿਗੁਰੂ ਵਸਿਆ ਹੈ॥

ਨਾਮ ਵਿਹੂਣੇ ਕਿਆ ਗਣੀ ਜਿਸੁ ਹਰ ਗੁਰੁ ਦਰਸੁਨ ਹੋਇ ॥ ੬ ॥

ਔਰ ਜੋ ਨਾਮ ਸੇ ਰਹਿਤ ਹੈਂ ਔਰ ਜਿਨਕੋ ਹਰਿ ਸਰੂਪ ਗੁਰੋਂ ਕਾ ਦਰਸਨੁ ਨਹੀਂ ਹੋਤਾ ਤਿਨ੍ਹੋਂ ਕੀ ਕਿਆ ਗਿਨਤੀ ਕਰਨੀ ਹੈ ਭਾਵ ਤਿਨਕਾ ਜੀਉਣਾ ਨਿਸਫਲੁ ਹੈ ॥ ੬ ॥

ਜਿਉ ਸੁਪਨੈ ਨਿਸਿ ਭੁਲੀਐ ਜਬਲਗ ਨਿੰਦ੍ਰਾ ਹੋਇ ॥

ਜੈਸੇ ਰਾਤ੍ਰੀਕੋ ਸੁਪਨੇ ਮੈਵਾਦਿਨ ਮੈਂ ਦਿਨਕਾ ਉਪਲਖਾ ਇਕ ਰਾਤ ਹੈ(ਭੁਲੀਐ)ਔਰਕਾ ਔਰ ਪ੍ਰਤੀਤਹੋਤਾ ਹੈਔਰਅਨਦੇਇ ਪਦਾਰਥ ਭਾਨ ਹੋਤੇ ਹੈਂ ਜਬ ਤਕ ਨੀਂਦ ਹੈ ਤਬ ਤਕ ਪ੍ਰਤੀਤ ਹੋਤੇ ਹੈਂ ਤੈਸਜਬ ਤਕ ਅਗਯਾਨ ਨੀਂਦ ਹੈ ਤਬ ਤਕ ਜਗਤ ਰੂਪੁ ਸੁਪਨਾ ਪ੍ਰਤੀਤ ਹੋਤਾ ਹੈ ਜਬ ਗਯਾਨ ਰੂਪ ਜਾਗ੍ਰਤ ਹੂਈ ਤਬ ਜਗਤ ਪ੍ਰਤੀਤ ਮਿਟ ਜਾਤੀ ਹੈ ਔਰ ਬ੍ਰਹਮ ਹੀ ਭਾਨਹੋਤਾ ਹੈ॥

ਇਉ ਸਰਪਨ ਕੈ ਵਸਿ ਜੀਅੜਾ ਅੰਤਰ ਹਉਮੈ ਦੋਇ ॥

ਇਸੀ ਪ੍ਰਕਾਰ ਔਰ ਭੀ ਦ੍ਰਸ੍ਟਾਂਤੁ ਹੈ ਜੈਸੇ ਕੋਈ ਜੀਵ ਸਰਪਨੀ ਕੇ ਵਸ ਹੋਕਰ ਦੁਖੁ ਪਾਵੇ ਤੈਸੇ ਜੀਵ ਕੇ ਅੰਦਰ ਹੰਤਾ ਮਮਤਾ ਰੂਪੀ ਦੋ ਸਰਪਨੀ ਰਹਤੀਆਂ ਹੈਂ ਤਿਨ ਕਰ ਅਤਯੰਤ ਦੁਖੁ ਪਾਵਤਾ ਹੈ ॥ ਪ੍ਰਸਨੁ॥ ਜਗਤ ਤੋ ਪ੍ਰਤਖਜ ਦੇਖੀਤਾ ਹੈ ਆਪ ਸੁਪਨ ਰੂਪ ਕਿਉਂਕਰ ਕਹਤੇ ਹੈਂ ? ਉਤ੍ਰ :-

ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥ ੭ ॥

ਜਬ ਗੁਰ ਸਿਖਯਾ ਪ੍ਰਾਪਤਿ ਹੋਵੈ ਤਬ ਸੱਤ ਅਸੱਤਕਾ(ਵੀਚਾਰੀਐ)ਨਿਰਨਾਕਰੀਏ ਤੋ ਇਸ ਜਗਤ ਕੇ ਲੋਕ ਸੁਪੁਨ ਵਤ ਹੀ ਮਿਥਿਆ ਪ੍ਰਤੀਤ ਹੋਤੇ ਹੈਂ ਵਾ (ਇਹੁ ਜਗੁ) ਪ੍ਰਿਥ੍ਵੀ ਲੋਕੁ ਔਰ (ਲੋਇ) ਬ੍ਰਹਮ ਲੋਕਾਦਿ ਉਪਰ ਕੇ ਲੋਕ ਸੱਭ ਸੁਪਨਾ ਰੂਪ ਹੈਂ ਭਾਵ ਯਹਿ ਕਿ ਮਿਥਿਆ ਹੈਂ ॥ ੭ ॥

ਅਗਿਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ ॥

ਜਬ ਵੀਚਾਰ ਰੂਪੀ ਜਲੁ ਪਾਵਨੇ ਕਰ ਤ੍ਰਿਸਨਾ ਰੂਪੀ ਅਗਨੀ ਬੁਝੀ ਤਬ ਜੈਸੇ ਬਾਲਕ ਮਾਤਾ ਕੇ ਦੂਧ ਕਰ ਤ੍ਰਿਪਤਿ ਹੋਤਾ

Digitized by Panjab Digital Library | www.panjabdigilib.org

ਹੈ ਤੈਸੇ ਮਨ ਰੂਪੀ ਬਾਲਕ ਕੋ ਜਬ ਗੁਰ ਉਪਦੇਸ ਰੂਪੀ ਦੂਧ ਮਿਲਾ ਤਬ ਤ੍ਰਿਪਤੀ ਹੁਈ ॥

ਬਿਨੁ ਜਲ ਕਮਲੁ ਸੁ ਨਾ ਥੀਐ ਬਿਨੁ ਜਲੁ ਮੀਨੁ ਮਰਾਇ ॥

ਔਰ ਜੈਸੇ ਜਲ ਸੇ ਬਿਨ ਕਵਲ ਉਤਪਤਿ ਨਹੀਂ (ਥੀਐ) ਹੋਤਾ ਹੈ ਤੈਸੇ ਨਾਮ ਜਲ ਬਿਨਾ ਦੈਵੀ ਗੁਣ ਰੂਪ ਕਵਲ ਨਹੀਂ ਹੋਤੇ ਹੈ ਔਰ ਜੈਸੇ ਜਲ ਸੇ ਬਿਨਾ ਮਛੀ ਮਰ ਜਾਤੀ ਹੈ ਤੈਸੇ ਆਤਮ ਜਲ ਬਿਨਾ ਦੁਧੀ ਰੂਪ ਮਛੀ ਤੜਫ ਕਰ ਮਰ ਜਾਤੀ ਹੈ ਭਾਵ ਯਹਿ ਕਿ ਬਿਆਕੁਲ ਰਹਤੀ ਹੈ ॥

ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿ ਗੁਣ ਗਾਇ ॥ ੮ ॥ ੧੫ ॥

ਸ੍ਰੀ ਗੁਰੂ ਜੀ ਕਹਤੇ ਹੈਂ ਜੋ ਗੁਰੋਂ ਦ੍ਵਾਰਾ ਹਰੀ ਕੇ (ਰਸਿ) ਪ੍ਰੇਮ ਕਰ ਔਰ ਹਰੀ ਕੇ ਗੁਨ ਗਾਇਨ ਕਰਕੇ ਤਿਸਮੈਂ ਮਿਲੇ ਹੈਂ ਮੈਂ ਤਿਨ੍ਹੋਂ ਦੁਆਰੇ ਹਰੀ ਕੇ ਗੁਨ ਗਾਇਨ ਕਰ ਜੀਵਤਾ ਹੂੰ ॥ ੮ ॥ ੧੫ ॥

ਸਿਰੀ ਰਾਗੁ ਮਹਲਾ ੧ ॥ ਡੂਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ॥

ਪੁਰਾਣੋਂ ਸਾਸਤ੍ਰੋਂ ਦ੍ਵਾਰਾ ਜਮ ਮਾਰਗ ਕਾ (ਡੂਗਰੁ) ਪਰਬਤੁ(ਡਰਾਵਣੋ) ਭੈਦਾਇਕ ਵਾ ਅਗਜਾਨ ਰੂਪੀ(ਡੂੰਗਰੁ)ਦੇਖ ਕਰ (ਪੇਈਅੜੈ) ਇਸ ਲੋਕ ਮੈਂ (ਡਰੀਆਸੁ) ਡਰੇ ਹੈਂ ॥

ਊਚਉ ਪਰਬਤੁ ਗਾਖੜੋ ਨ ਪਉੜੀ ਤਿਸੁ ਤਾਸੁ ॥

ਅਗਜਾਨ ਪ੍ਰਬਤ ਵਾ ਜਮ ਮਾਰਗ ਕੇ ਪਰਬਤੋਂ ਕਾ ਸਮੁਦਾਯ (ਊਚਉ) ਅਤੀ ਉਚਾ ਹੈ ਔਰ (ਗਾਖੜੋ) ਕਠਨ ਹੈ ਤਿਸ ਪਰਬਤ ਕੋ ਤਿਸ ਅਸਥਾਨ ਮੈਂ ਵਾ ਤਾਸ ਪੁਰਖ ਕੇ ਪੁੰਨੋਂ ਰੂਪੀ ਪੌੜੀ ਵਾ ਅਗਜਾਨ ਪਰਬਤ ਕੋ ਸਾਧਨਾ ਰੂਪੀ ਪੌੜੀ ਨਹੀਂ ਹੈ॥

ਗੁਰਮੁਖਿ ਅੰਤਰਿ ਜਾਣਿਆ ਰਾਹ ਮੇਲੀ ਤਰੀਆਸੁ ॥ ੧ ॥

ਗੁਰਮੁਖੋਂ ਨੇ ਆਤਮਾ ਕੋ ਅੰਤਰਿ ਜਾਣਿਆ ਹੈ ਜੋ ਗੁਰੋਂ ਕੇ ਮੇਲੀ ਹੈਂ ਸੋ (ਤਰੀਆਸੁ) ਤਰੇ ਹੈਂ ॥ ੧ ॥

ਭਾਈ ਰੇ ਭਵਜਲ ਬਿਖਮੁ ਡਰਾਉ ॥ ਪੂਰਾ ਸਤਿਗੁਰੁ
ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥ ੧ ॥ ਰਹਾਉ ॥

ਹੇ ਭਾਈ ਸੰਸਾਰ ਸਮੁੰਦ੍ਰ ਜੋ ਬਿਖਮੁ ਔਰ ਡਰਾਵਣੇ ਵਾਲਾ ਹੈ। ਜੇਕਰ ਸ੍ਰੋਤੀ ਬ੍ਰਹਮ ਨੇਸਟੀ ਗੁਰੂ (ਰਸਿ) ਪ੍ਰੇਮੀ ਸਿਖ ਕੋ ਮਿਲੇ ਤੋ ਗੁਰੂ ਹਰੀ ਨਾਮ ਕਾ ਉਪਦੇਸ ਦੇਕਰ ਇਸ ਸੰਸਾਰ ਸੇ ਤਾਰ ਲੇਵੇਂਗੇ ॥

ਚਲਾ ਚਲਾ ਜੇ ਕਰੀ ਜਾਣਾ ਚਲਣ ਹਾਰੁ ॥

Digitized by Panjab Digital Library | www.panjabdigilib.org

ਜੋ ਐਸੇ ਹੀ ਕਰਤੇ ਰਹੀਏ ਕਿ (ਚਲਾ ਚਲਾ, ਮਰਣਾ ਹੈ ਮਰਣਾ ਹੈ ਤਬ ਕੁਛੁ ਪ੍ਰਾਪਤਿ ਨਹੀਂ ਹੋਤਾ ਹੈ ਜੇਕਰ ਦਿਲ ਮੈਂ ਮਰਣਾ ਸਮਝੀਏ ਤੌ ਹੀ ਉਪਰਾਮ ਹੋਈਤਾ ਹੈ ॥

ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥

ਜੋ ਜਨਮਿਆ ਹੈ ਸੋ ਤੋ ਮ੍ਰਿਤ ਕੋ ਪ੍ਰਾਪਤਿ ਹੋਵੇਗਾ ਕਿਉਂਕਿ (ਅਮਰੁ) ਮ੍ਰਿਤੂ ਸੇ ਰਹਤ ਤੋ ਗੁਰੂ ਕਰਤਾਰ ਸਰੂਪ ਹੈ ॥

ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥ ੨ ॥

(ਸਚੈ ਥਾਨਿ) ਸਤਿਸੰਗ ਮੈਂ ਪਿਆਰ ਕਰਕੇ (ਭੀ) ਪੁਨਾ ਸਚ ਕਾ ਹੀ ਸਾਲਾਹਣਾ ਕਰੀਏ ॥ ੨ ॥

ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥

ਜੋ ਸਚੇ ਪਰਮੇਸ੍ਰਰ ਕੇ ਭਜਨ ਬਿਨਾ (ਘਰ) ਕਚੇ ਕੋਠੇ ਔਰ ਦ੍ਵਾਜੇ ਔਰ ਪਕੇ ਮਹਲੋਂ ਕੇ ਸਮੁਦਾਇ ਔਰ ਹਜਾਰੋਂ ਹੀ ਪਕੇ ਕੋਟ ਸੋਭਨੀਕ ਹੈਂ ॥

ਹਸਤੀ ਘੋੜੇ ਪਾਖਰੇ ਲਸਕਰ ਅਲਖ ਅਪਾਰ ॥

ਔਰ ਹਸਤੀ ਘੋੜੇ ਜਿਨੋਂ ਪਰ ਅੰਬਾਰੀਆਂ ਔਰ ਜੀਨ ਪੜੇ ਹੁਏ ਹੈਂ ਔਰ ਫੌਜਾਂ ਲਾਖੋਂ ਔਰ (ਅਪਾਰੁ) ਬੇਅੰਤ ਭਾਵ ਏਹ ਕਿ ਬਹੁਤ ਸੈਨਾ ਭੀ ਹੈ ॥

ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥ ੩ ॥

ਇਹ ਸਭ ਵਿਕ੍ਰਤੀ ਕਾ ਠਾਟ ਪਰਲੋਕ ਮੈਂ ਕਿਸੀ ਕੇ ਸਾਥ ਨਹੀਂ ਚਲਿਆ ਹੈ ਇਨਮੈਂ ਪਚ ਪਚ ਕਰ (ਅਸਾਰ)ਅਚੇਤ ਵਾ ਅਗਿਨਤ ਵਾ ਬਿਅਰਥ ਮੁਏ ਹੈਂ ॥ ੩ ॥

ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥

ਸ੍ਵਰਨ ਔ ਚਾਂਦੀ ਔਰ (ਮਾਲੁ) ਹੈ ਗੌ ਆਦਿ (ਸੰਚੀਐ) ਇਕੱਤ੍ਰ ਕਰੀਏ ਏਹ (ਜਾਲੁ) ਸਮੂਹ (ਜੰਜਾਲੁ) ਬੰਧਨ ਰੂਪ ਹੈਂ ॥

ਸਭ ਜਗ ਮਹਿ ਦੇਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥

ਔਰ ਐਸਾ ਤੇਜ ਭੀ ਹੋਵੇ ਸਭ ਜਗਤ ਮੈਂ ਅਪਨੀ ਦੇਹੀ ਫੇਰੀਏ ਜਿਸਕੋ ਕੋਈ ਉਲੰਘ ਨਾ ਸਕੇ ਪਰੰਤੂ ਵਾਹਿਗੁਰੂ ਕੇ ਨਾਮ ਸੇ ਬਿਨਾਂ ਸਿਰ ਪਰ ਕਾਲ ਖੜਾ ਹੈ ਤਿਸਤੇ ਕੋਈ ਬਚ ਨਹੀਂ ਸਕਤਾ ਹੈ ॥

ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥ ੪ ॥

Digitized by Panjab Digital Library | www.panjabdigilib.org

ਜਬ ਸਰੀਰ ਗਿਰ ਪੜੇਗਾ ਤਬ ਜੀਵਕੋ ਚਿਦਾਭਾਸ ਹੈ ਸੋ (ਖੇਲਸੀ) ਚਲਾ ਜਾਵੇਗਾ (ਬਦਫੈਲੀ) ਮੰਦ ਕਰਮੀਓਂ ਕਾ ਕਿਆ ਹਾਲ ਹੋਵਗਾ ਭਾਵ ਏਹ ਕਿ ਤਿਨਕੋ ਦੁਖੋਂ ਸਹਤ ਮੰਦ ਹੀ ਸਮਾ ਗੁਜਰੇਗਾ ॥ ੪ ॥

ਪੁਤਾ ਦੇਖਿ ਵਿਗਾਸੀਐ ਨਾਰੀ ਸੇਜ ਭਤਾਰ ॥

ਪੁਤ੍ਰੋਂ ਕੋ ਦੇਖ ਕਰ ਪ੍ਰਸਿੰਨ ਹੋਤਾਹੈ ਔਰ ਇਸਤ੍ਰੀ ਸੇਜ ਪਰ ਪਤੀ ਕੋ ਦੇਖ ਕਰ ਵਾ ਪਤੀ ਇਸਤ੍ਰੀ ਕੋ ਦੇਖ ਕਰ ਪ੍ਰਸੰਨ ਹੋਤਾਹੈ।

ਚੋਆ ਚੰਦਨੁ ਲਾਈਐ ਕਾਪੜ ਰੂਪੁ ਸੀਗਾਰੁ ॥

ਔਰ (ਚੋਆ) ਚੰਦਨ ਕਾ ਅਤ੍ਰ ਲਗਾਈਐ ਔਰ ਕਪੜਿਓਂ ਕਾ ਸਿੰਗਾਰ ਕਰਕੇ ਰੂਪਵਾਨ ਹੋਈਏ ॥

ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥ ੫ ॥

ਪਰੰਤੂ (ਖੇਹੂ) ਮ੍ਰਿਤਕਾ ਕਰਕੇ ਰਚਤ ਸਰੀਰ ਤੋ ਅੰਤ ਕੋ (ਖੇਹ) ਮ੍ਰਿਤਕਾ ਮੈ ਹੀ ਰਲਾ ਦੇਈਤਾ ਹੈ ਔਰ ਅਪਨੇ ਕਰਮ ਅਨੁਸਾਰ ਜੀਵ ਘਰ ਬਾਰ ਛੋਡਕੇ ਚਲਾ ਜਾਤਾ ਹੈ ॥ ੫ ॥

ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥

(ਮਹਰ) ਪੰਚ (ਮਲੂਕ) ਬਾਦਸ਼ਾਹ ਔਰ (ਰਾਜਾ) ਮੰਡਲੀਕ ਔਰ (ਰਾਉ) ਏਕ ਖਿਤਾਬ ਰਾਜਿਓਂ ਵਿਖੇ ਔਰ ਜੋ (ਖਾਨ) ਸਰਦਾਰ ਕਹਾਈਏ ॥

ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥

ਚਉਧਰੀ ਔਰ (ਰਾਉ) ਰਜਪੂਤ ਕਹਾਈਏ ਏਹ ਅਭਿਮਾਨ ਰੂਪੀ (ਜਲਿ) ਬਲਦੀ ਅਗਨੀ ਮੈ ਬਲੀਤਾ ਹੈ ਕਿ ਮੈਂ ਰਾਉ ਹੂੰ ਔਰ ਖਾਨ ਹੂੰ ॥

ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥ ੬ ॥

ਇਨ ਅਭਿਮਾਨੋਂ ਮੈ ਲਾਗ ਕਰ ਮਨਮੁਖੋਂ ਨੇ ਨਾਮ ਕੋ ਵਿਸਾਰ ਦੀਆ ਹੈ ਜੈਸੇ (ਡਵਿ) ਡਉਕੀ ਅਗਨੀ ਮੇਂ (ਦਧਾ) ਜਲਾ ਹੂਆ ਕਾਨਾ ਹੋਤਾ ਹੈ ਤੈਸੇ ਵਹੁ ਮਨਮੁਖ ਹੈਂ॥ਭਾਵ ਏਹ ਕਿ ਜੈਸੇ ਕਾਨਾ ਊਪਰ ਸੇ ਚਿਲਕਤਾ ਹੈ ਔਰ ਅੰਤਰ ਸੇ ਸੁਆਹ ਰੂਪ ਹੈ ਤੈਸੇ ਮਨਮੁਖ ਊਪਰ ਤੋ ਅਛੇ ਅਨੰਦਵਾਨ ਦੇਖੀਤੇ ਹੈਂ ਅੰਤਰ ਸੇ ਤ੍ਰਿਸ਼ਨਾ ਅਗਨੀ ਕਰ ਭਸਮ ਹੂਏ ਹੂਏ ਹੈਂ ॥ ੬ ॥

ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥

Digitized by Panjab Digital Library | www.panjabdigilib.org

ਜੋ ਸੰਸਾਰ ਮੈ ਆਇਆ ਹੈ ਸੋ ਹੰਤਾ ਮਮਤਾ ਕਰਕੇ ਚਲਾ ਜਾਵੇਗਾ।

ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹਿ ਸੁਆਹਿ ॥

ਸੰਪੂਰਨ ਜਗਤੁ ਪਾਪੋਂ ਰੂਪ ਵਾ ਵਿਖਜੋਂ ਰੂਪ (ਕਾਜਲੁ) ਕੀ ਕੋਠੜੀ ਹੈ ਇਨਕੇ (ਤਨੁ) ਸਾਥ ਲਗ ਕਰਕੇ ਮਨੁ ਔਰ ਦੇਹ ਸੋਆਹਿ ਭਾਵ ਕਾਲੇ ਹੋਇ ਰਹੇ ਹੈਂ ਵਾ ਮਨ ਕੇ (ਤਨੁ) ਸਾਥ ਦੇਹਿ (ਸੁਆਹਿ) ਕਾਲੀ ਹੋ ਰਹੀ ਹੈ ਵਾ ਮਨ ਜੋ (ਤਨੁ) ਸੂਖਮ ਹੈ ਔਰ (ਤਨੁ) ਦੇਹ ਅਸਥੂਲ ਸਰੀਰੁ ਕਾਲੇ ਹੋ ਰਹੇ ਹੈਂ ॥

ਗੁਰ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥ ੭ ॥

ਜੋ ਗੁਰੋਂ ਨੇ ਕ੍ਰਿਪਾ ਕਰਕੇ ਪਾਪੋਂ ਔਰ ਵਿਖਜੋਂ ਮੈ ਰਖੇ ਹੈਂ ਸੋ (ਨਿਰਮਲੇ)ਉਜਲੇ ਰਹੇ ਹੈਂ ਤਿਨ੍ਹੋਂ ਕੀ ਗੁਰੋਂ ਨੇ (ਸਬਦਿ) ਉਪਦੇਸੁ ਦੇਕਰ ਤ੍ਰਿਸਨਾ ਰੂਪੀ (ਭਾਹਿ) ਅਗਨੀ (ਨਿਵਾਰੀ) ਹਟਾਈ ਹੈ ॥ ੭ ॥

ਨਾਨਕ ਤਰੀਐ ਸਚਿ ਨਾਮਿ ਸਿਰ ਸਾਹਾ ਪਾਤਿਸਾਹੁ ॥

ਸ੍ਰੀ ਗੁਰੂ ਜੀ ਕਹਤੇ ਹੈਂ ਜੋ ਵਾਹਿਗੁਰੂ ਪਾਤਸਾਹੋ ਕਾ ਪਾਤਸਾਹੁ ਹੈ ਤਿਸਕੇ ॥ ਸਿਰੋਮਣੀ ਸਚੇ ਨਾਮ ਕਰਕੇ ਸੰਸਾਰ ਸਮੁੰਦਰ ਕੋ ਤਰੀਤਾ ਹੈ

ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮ ਰਤਨੁ ਵੇਸਾਹੁ ॥

ਤਾਤੇ ਐਸੇ ਬੇਨਤੀ ਕਰੀਏ ਹੇ ਹਰੀ ਮੇਰੇ ਕੋ ਤੇਰਾ ਨਾਮੁ ਨ ਵਿਸਰ ਜਾਵੇ ਔਰ ਹੇ ਹਰੀ ਨਾਮ ਜੋ ਰਤਨ ਰੂਪ ਮੈ ਤਿਸੀ ਕਾ (ਵਿਸਾਹ) ਭਰੋਸਾ ਕਰਾਂ ॥

ਮਨ ਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥ ੮ ॥ ੧੬ ॥

ਮਨ ਮੁਖ ਤੋ ਸੰਸਾਰ ਸਮੁੰਦਰਮੈ(ਪਚਿਮੁਏ)ਜਲ ਮੁਏ ਹੈਂ ਭਾਵ ਸੋ ਡੂਬ ਮੂਏ ਹੈਂ ਔਰ ਜੋ ਗੁਰਮੁਖਿ ਅਥਾਹਿ ਸੰਸਾਰੁ ਸਮੁੰਦ੍ਰ ਹੈ ਤਿਸਤੇ ਤਰੇ ਹੈਂ ॥ ੮ ॥ ੧੬ ॥

ਸਿਰੀ ਰਾਗੁ ਮਹਲਾ ੧ ਘਰੁ ੨ ॥

ਗੁਰੂ ਨਾਨਕ ਸਾਹਿਬ ਜੀ ਜਬ ਮੱਕੇ ਸੇ ਹੋਕਰ ਮਦੀਨੇ ਮੈ ਆਏ ਔਰ ਜਹਾਂ ਮਹੰਮਦ ਕੀ ਕਬਰ ਹੈ ਤਹਾਂ ਗਏ ਤਬ ਕਬਰ ਮਹਾਰਾਜ ਕੋ ਦੇਖਕਰ ਝੁਕੀ ਔਰ ਫੇਰ ਥਿਰੁ ਹੋ ਗਈ ਇਸ ਅਸਚਰਜ ਕੋ ਦੇਖਕਰਸਭ ਕਾਜੀ ਵਾ ਇਮਾਮ ਇਕਠੇਹੋਕਰ ਚਰਚਾ ਕਰਨੇ ਲਗੇ ਜਬ ਹਾਰ ਗਏ ਤਬ ਬੇਨਤੀ ਕਰ ਬੋਲੇ ਮਹਾਰਾਜ ਆਪ ਯਹਾ ਹੀ ਮੁਕਾਮੁ ਕਰੀਏ ਤਿਨ ਕੇ ਪ੍ਰਤਿ

Digitized by Panjab Digital Library | www.panjabdigilib.org

ਉਪਦੇਸ਼ ਦੇਤੇ ਹੂਏ ਔਰ ਸੰਸਾਰ ਕੀ ਅਨਸਿਥਿਰਤਾ ਦਿਖਲਾਉਤੇ ਹੂਏ ਸ੍ਰੀ ਮੁਖ ਸੇ ਸਬਦੁ ਉਚਾਰਨ ਕਰਤੇ ਹੈਂ

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥

(ਮੁਕਾਮ) ਇਸਥਿਤੀ ਮਾਨ ਕਰਕੇ ਔਰ ਅਪਨਾ ਘਰੁ ਮਾਨ ਕਰ ਅਗਯਾਨੀ ਜੀਵ ਬੈਸਣਾ ਕਰ ਰਹੇ ਹੈਂ ਪਰੰਤੂ ਹਮਕੋ ਕੋ ਤੋ ਨਿਤ ਚਲਨੇ ਕੀ(ਧੋਖੁ)ਸੰਦੇਹ ਅਰਥਾਤ ਚਿੰਤਾ ਹੈ ॥

ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥ ੧ ॥

ਇਸਥਿਤੀ ਤੋ ਤਬ (ਪਰੁ) ਭਲੀ ਪ੍ਰਕਾਰ ਜਾਨੀਏ ਜੋ ਲੋਕੋਂ ਕੀ ਰਚਨਾ ਨਿਸਚਲੁ ਰਹੇ ਭਾਵ ਯਹਿ ਕਿ ਜਬ ਚਤਰ ਦਸ ਲੋਗ ਰਚਨਾ ਹੀ ਥਿਰੁ ਨਹੀਂ ਹੈ ਤਬ ਤੁਮਾਰਾ ਘਰੁ ਕੈਸੇ ਸਥਿਰ ਰਹੇਗਾ ॥ ੧ ॥

ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਰਹੁ ਨਾਮੇ ॥੧॥ਰਹਾਉ॥

ਹੇ ਭਾਈ ਏਹੁ ਦੁਨੀਆਂ ਕੈਸੇ (ਮੁਕਾਮੇ) ਇਸਥਿਤ ਰਹੇਗੀ ਭਾਵ ਯਹਿ ਕਿ ਨਹੀਂ ਰਹੇਗੀ ਤਾਂਤੇ ਵਾਹਿਗੁਰੂ ਕਾ (ਸਿਦਕ) ਭਰੋਸਾ ਕਰਕੇ(ਕਰਨੀ) ਜਪੁ ਤਪੁ ਕਰੋ ਔਰ ਨਾਮ ਕੋ ਜਪਨੇ ਲਾਗਹੁ ਪ੍ਰਲੋਕ ਮੈ ਜਾਣੇ ਕਾ ਇਹੁ ਖਰਚੁ ਬਾਧੋ ॥ ੧ ॥

ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥

ਪ੍ਰਾਣਾ ਯਾਮੀਤੋ ਸਿਧ ਪਦਮਾਦਿ ਆਸਣੁਲਗਾਇਕਰ ਬੈਠਤੇ ਹੈਂ ਔਰ ਇਸਥਿਤ ਮਾਨਤੇ ਹੈਂ ਔਰ ਮੁਲਾਂ ਮਸਜਿਦ ਮੈ ਮੁਕਾਮੁ ਕਰ ਬੈਠਤੇ ਹੈਂ ॥

ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥ ੨ ॥

ਔਰ ਸਾਸਤ੍ਰ ਬੇਤਾ ਪੁਰਸ ਭਾਗਵਤਾਦਿ ਪੁਸਤਕੋਂ ਕਾ (ਵਾਖਾਣਹਿ) ਵਖਯਾਨ ਕਰਤੇ ਹੈਂ ਅਪਨਾ ਮੁਕਾਮੁ ਕਰਕੇ ਗੋਰਖਾ ਦਿ ਸਿਧ (ਦੇਵ ਸਥਾਨ) ਸੁਮੇਰ ਪਰਬਤ ਪਰ ਬੈਸਤੇ ਹੈਂ ॥ ੨ ॥

ਸੁਰ ਸਿਧ ਗਣ ਗੰਧਰਬ ਮੁਨਿ ਜਨਿ ਸੇਖ ਪੀਰ ਸਲਾਰ ॥

ਦੇਵਤੇ ਔ (ਸਿਧੁ)ਗਣ ਸਿਵਕੇ ਦਾਸ ਨੰਦੀ ਭ੍ਰਿੰਗੀ ਆਦਿਕ (ਗੰਧ੍ਰਬ) ਤੁੰਬੁਆਦਿਕ ਜੋ ਦੇਵਤਿਓਂ ਮੈ ਗਾਇਨ ਕਰਤੇ ਹੈਂ ਔਰ (ਮੁਨਿ) ਨਾਰਦਾਦਿ ਔਰ ਜਨ ਭਗਤ ਜਨ ਔਰ (ਸੇਖ)ਬਿਰਧ ਵਾ ਮੁਸਲਮਾਨੋ ਵਿਖੇ ਨੀਵੀ ਜਾਤੀ ਔਰ(ਪੀਰ) ਥ੍ਰਿਧ ਸੰਪਰਦਾਯ ਚਲਾਨੇ ਵਾਲੇਔਰ (ਸਲਾਰ) ਸਰਦਾਰ ਔਰ ਜੋ ਪੰਡਤ ਮੁਲਾਂ ਆਦਿ ਮੁਕਾਮ ਕਰਨੇ ਵਾਲੇ ਗਿਨੇ ਹੈਂ ॥

ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣ ਹਾਰ ॥ ੩ ॥

Digitized by Panjab Digital Library | www.panjabdigilib.org

ਸੋ ਸਭ ਕੂਚ ਦਰ ਕੂਚ ਕਰਕੇ ਚਲੇ ਗਏ ਹੈਂ ਔਰ ਭੀ ਜੋ ਰਹਤੇ ਹੈਂ ਸਭ ਮ੍ਰਿਤੁ ਹੋਨੇ ਵਾਲੇ ਹੈ ॥ ੩ ॥

ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥

(ਸੁਲਤਾਨ) ਪਾਤਸਾਹ (ਖਾਨ ਮਲੂਕ) ਸ੍ਰਦਾਰ ਚਕ੍ਰਵਰਤੀ ਪਾਤਸਾਹ (ਉਮਰੇ) ਰਾਜਿਓ ਕੇ ਅਹਲਕਾਰ ਏਹ ਭੀ ਕੂਚ ਕਰਿ ਕਰਿ ਗਏ ਹੈਂ ॥

ਘੜੀ ਮੁਹਤਿ ਕ ਚਲਣਾ ਦਿਲ ਸਮਝ ਤੂੰ ਭਿ ਪਹੂਚੁ ॥ ੪ ॥

ਘੜੀ ਵਾ (ਮੁਹਤਿਕ) ਦੋ ਘੜੀ ਕੇ ਚਲਣਾ ਹੈ ਤੂੰ ਭੀ ਦਿਲ ਮੇਂ ਸਮਝ ਕਿ ਮੰਤ ਕੇ ਕਨਾਰ ਪਰ ਹਾ ਅਪਨੇ ਕੋ ਪਹੁਚਾ ਹੁਆ ਜਾਣ॥੪॥

ਸਬ ਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥

ਇਸ ਸਬਦ ਹੀ ਮੈ ਵਾ ਬੇਦੋਂ ਮੈਂ ਜੋ ਵੈਰਾਗੁ (ਵਖਾਣੀਐ) ਨਿਰੂਪਣ ਕਰਾ ਹੈ ਵਾ (ਸਬ) ਸੰਪੂਰਨ ਸ੍ਰਿਸਟੀ (ਦਾਹਿ) ਜਲਾਉਨੇ ਵਿਖੇ ਕਹੀ ਜਾਤੀ ਹੈ।ਭਾਵ ਮਰਣੇ ਵਾਲੀ ਹੈ ਇਸ ਸਿਧਾਤ ਕੋ ਵਿਰਲਾ ਹੀ ਬੂਝਤਾ ਹੈ॥ ਪ੍ਰਸਨ ਮਰਣ ਕੇ ਤ੍ਰਾਸ ਸੇ ਰਹਤ ਕੈਸੇ ਹੋਵੇ ਤਿਸ ਪਰ ਕਹਤੇ ਹੈਂ ॥

ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥ ੫ ॥

ਸ੍ਰੀ ਗੁਰੂ ਜੀ ਕਹਤੇ ਹੈਂ ਸੋ ਜੋ ਵਾਹਗੁਰੂ ਜਲੋਂ ਕੇ ਅਸਥਲ ਪਤਾਲੋਂ ਔਰ ਪ੍ਰਿਥੀ ਔਰ ਅਕਾਸ ਮੈਂ ਹੈ ਤਿਸਕੇ ਆਗੇ ਬੇਨਤੀ ਕਰੇ ॥ ੫ ॥

ਅਲਾਹੁ ਅਲਖੁ ਅਗੰਮ ਕਾਦਰੁ ਕਰਣ ਹਾਰ ਕਰੀਮ ॥

ਵੋਹ ਕੈਸਾ ਹੈ (ਅਲਾਹੁ) ਜਿਸਕੋ ਮਨ ਬਾਣੀ ਮੁੰਖਿਜਾ ਬ੍ਰਿਤੀ ਕਰ ਨ ਜਾਨ ਸਕੈ(ਅਲਖੁ)ਜੋਇਦੰਤਾ ਕਰ ਆਪ ਸੇ ਭਿੰਨ ਕਰਨਾ ਲਖਾ ਜਾਵੇ(ਅਗੰਮ)ਜੋ ਤਿਰੀਆ ਕਰਕੇ ਨਾ ਜਾਨਿਆ ਜਾਇ ਔਰ(ਕਾਦਰ)ਸਮਰਥਵਾਨ ਵਾ(ਕਰਣ ਹਾਰੁ)ਰਚਨੇ ਵਾਲਾ ਹੈ ਔਰ (ਕਰੀਮ) ਕ੍ਰਿਪਾ ਕੇ ਕਰਨੇ ਵਾਲਾ ਦਾਤਾ ਹੈ ॥

ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥ ੬ ॥

ਏਹ ਸਭ ਸ੍ਰਿਸਟੀ ਆਵਣੇ ਜਾਵਣੇ ਵਾਲੀ ਹੈ(ਮੁਕਾਮ)ਇਸਥਿਤ ਤੇ ਏਕ (ਰਹੀਮੁ)ਦਯਾ ਕਰਨੇ ਵਾਲਾ ਅਕਾਲਪੁਰਖ ਹੈ॥੬।

ਮੁਕਾਮ ਤਿਸਨੋ ਆਖੀਐ ਜਿਸੁ ਸਿਸਿ ਨਾ ਹੋਵੀ ਲੇਖੁ ॥

ਔਰ ਮੁਕਾਮ ਤਿਸਕੋ ਕਹੀਤਾ ਹੈ ਜਿਸਕੇ (ਸਿਸਿ) ਸੀਸ ਪਰ ਲੇਖੁ ਨ ਹੋਵੈ ਅਰਥਾਤ ਪੁੰਨ ਪਾਪ ਤੇ ਰਹਤ ਹਰੀ ਹੀ

Digitized by Panjab Digital Library | www.panjabdigilib.org

ਇਸਥਿਤ ਹੈ ॥

ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥ ੭ ॥

ਅਸਮਾਨੁ ਔਰ ਧਰਤੀ (ਚਲਸੀ) ਚਲੀ ਜਾਵੇਗੀ (ਮੁਕਾਮ) ਥਿਰ ਵੋਹੀ ਏਕ ਅਕਾਲਪੁਰਖ ਹੈ ॥ ੭ ॥

ਦਿਨੁ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥

ਦਿਨੁ ਅਰੁ(ਰਵਿ)ਸੂਰਜ ਭੀ ਚਲੇਂਗੇ ਨਿਸ ਅਰ(ਸਸਿ)ਚੰਦੁ ਭੀ ਚਲੇਗਾ ਔਰ ਲਖੋਂ ਤਾਰੇ ਭੀ (ਪਲੋਇ) ਚਲੇ ਜਾਵੇਂਗੇ ਅਰਥਾਤ ਥਿਰੁ ਕੋਈ ਨਹੀਂ ਹੈ ॥

ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬਰੋਇ ॥ ੮ ॥ ੧੭ ॥

(ਮੁਕਾਮੁ) ਇਸਥਿਤ ਏਕ ਓਹੀ ਵਾਹਗੁਰੂ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਤਿਸ ਸਚ ਰੂਪ ਵਾਹਿਗੁਰੂ ਕੇ ਨਾਮ ਕੋ (ਬਿਰੋਇ) ਉਚਾਰਣ ਕਰੋ ਵਾ ਸ੍ਰੀ ਗੁਰੂ ਜੀ ਕਹਤੇ ਹੈਂ ਏਹ ਹਮਨੇ ਸਚੁ ਕਹਾ ਹੈ ॥ ੮ ॥ ੧੭ ॥

ਮਹਲੇ ਪਹਿਲੇ ਸਤਾਰਹ ਅਸਟਪਦੀਆ ॥

ਸਿਰੀ ਰਾਗੁ ਮਹਲਾ ੩ ॥ ਘਰੁ ੧ ਅਸਟਪਦੀਆ

ੴ ਸਤਿਗੁਰਪ੍ਰਸਾਦਿ ॥

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਇ ॥

ਗੁਰੂ ਜੋ ਮੁਖ ਰੂਪ ਹੈਂ ਜਬ ਕ੍ਰਿਪਾ ਕਰੇ ਤਬ ਪ੍ਰਮੇਸ੍ਵਰ ਕੀ ਭਗਤੀ ਕਰੀਤੀ ਹੈ ਬਿਨ ਗੁਰ ਅਰਥਾਤ ਨਿਗੁਰੇ ਸੇ ਭਗਤੀ ਨਹੀਂ ਹੋਤੀ ॥

ਆਪੇ ਆਪਿ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਕੋਇ ॥

ਜੋ ਕੋਈ ਅਪਨੇ ਆਪ ਕੋ ਗੁਰੋਂ ਕੇ ਸੰਗ ਮਿਲਾਵੈ ਤੌ ਵਾਹਿਗੁਰੂ ਕੋ ਬੂਝਤਾ ਹੈ ਔਰ (ਨਿਰਮਲ) ਸੁਧ ਹੋਤਾ ਹੈ ॥

ਹਰਿ ਜੀਉ ਸਚਾ ਸਚੀ ਬਾਣੀ ਸਬਦਿ ਮਿਲਾਵਾ ਹੋਇ ॥ ੧ ॥

ਹਰੀ ਜੀਉ ਸਚਾ ਹੈ ਔਰ ਤਿਸਕੀ ਬੇਦ ਰੂਪ ਬਾਣੀ ਭੀ ਸਚੀ ਹੈ ਪਰੰਤੂ ਗੁਰ ਉਪਦੇਸ਼ ਸੇ ਹਰੀ ਕਾ ਮੇਲ ਹੋਤਾ ਹੈ ॥੧॥

Digitized by Panjab Digital Library | www.panjabdigilib.org

ਭਾਈ ਰੇ ਭਗਤਿ ਹੀਣੁ ਕਾਹੇ ਜਗਿ ਆਇਆ ॥ ਪੂਰੇਗੁਰਕੀ
ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥ ੧ ॥ ਰਹਾਉ॥

ਹੇ ਭਾਈ ਭਗਤੀ ਸੇ(ਹੀਣੁ)ਰਹਤ ਪੁਰਸ਼ ਜਗਤਮੈ ਕਿਉਂ ਜਨਮਿਆ ਹੇ ਕਜੋਂਕਿ ਜਿਸਨੇ ਪੂਰੇ ਸਤਿਗੁਰੋਂਕੀ ਸੇਵਾ ਨਹੀ ਕਰੀ ਤਿਸਨੇ ਜਨਮ ਕੋ ਬਜਰਥ ਹੀ ਗਵਾਇਆ ਹੈ ॥

ਆਪੇ ਹਰਿ ਜਗੁ ਜੀਵਨੁ ਦਾਤਾ ਆਪੇ ਬਖਸਿ ਮਿਲਾਏ ॥

ਹੇ ਭਾਈ ਆਪ ਹੀ ਜੋ ਹਰੀ ਜਗਤ ਕੋ ਪ੍ਰਾਣ ਰੂਪ ਹੈ ਔਰ ਸਰਬ ਪਦਾਰਥੋਂ ਕਾ ਦਾਤਾ ਹੈ ਸੋ ਆਪ ਹੀ ਨਾਮ ਕੀ ਬਖਸ਼ਸ਼ ਕਰਕੇ ਅਪਨੇ ਸਾਥ ਮਿਲਾਇ ਲੇਤਾ ਹੇ ॥

ਜੀਅ ਜੰਤ ਏ ਕਿਆ ਵਿਚਾਰੇ ਕਿਆ ਕੋ ਆਖਿ ਸੁਣਾਏ ॥

ਇਨ ਵਿਚਾਰੇ ਜੀਵ ਜੰਤੋਂ ਕੋ ਕਜਾ ਬਸ ਹੇ ਔਰ ਕਿਆ ਕੁਛ ਏਹ ਕਹ ਕਰ ਸੁਨਾ ਸਕਤੇ ਹੈਂ ॥

ਗੁਰਮੁਖਿ ਆਪੇ ਦੇ ਵਡਿਆਈ ਆਪੇ ਸੇਵ ਕਰਾਏ ॥ ੨ ॥

ਆਪ ਹੀ ਗੁਰੋਂ ਦੁਆਰੇ ਵਡਿਆਈ ਬਖਸ਼ਤਾ ਹੈ ਆਪ ਹੀ ਅਪਨੀ ਸੇਵਾ ਕਰਾਵਤਾ ਹੇ ॥ ੨ ॥

ਦੇਖਿ ਕੁਟੰਬੁ ਮੋਹਿ ਲੁਭਾਣਾ ਚਲਦਿਆ ਨਾਲਿ ਨ ਜਾਈ ॥

ਜੋ ਮਨਮੁਖ ਹੈਂ ਸੋ (ਕੁਟੰਬੁ) ਇਸਤ੍ਰੀ ਪੁਤ੍ਰਾਦਿਕੋਂ ਕੋ ਦੇਖ ਕਰ ਮੋਹ ਸੇ(ਲੋਭਾਣਾ) ਲੋਭ ਇ ਰਹਾ ਹੈ ॥ ਸੋ ਕੁਟੰਬ ਚਲਤੇ ਹੁਏ ਜੀਵੋਂਕੇ ਸਾਥ ਪਰਲੋਕ ਮੈਂ ਨਹੀਂ ਜਾਤਾ ਹੈ ॥

ਸਤਿਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸਕੀ ਕੀਮ ਨ ਪਾਈ ॥

ਔਰ ਜਿਸ ਗੁਰਮੁਖਿ ਨੇ ਸਤਿਗੁਰੋਂਕੋ ਸੇਵ ਕਰ ਗੁਣ ਨਿਧਾਣੁ ਵਾਹਿਗੁਰੂ ਪਾਇਆ ਹੇ ਤਿਸਕੀ ਕੀਮਤ ਨਹੀਂ ਪਾਈ ਜਾਤੀ ਕਾਵ ਏਹ ਕਿ ਵਾਹਿਗੁਰੂ ਕੋ ਜਾਨ ਕਰ ਵਾਹਗੁਰੂ ਕਾ ਸਰੂਪ ਹੀ ਹੁਆ ਹੈ ।

ਪ੍ਰਭੁ ਸਖਾ ਹਰਿ ਜੀਉ ਮੇਰਾ ਅੰਤੇ ਹੋਇ ਸਖਾਈ ॥ ੩ ॥

ਗੁਰਮੁਖੋਂ ਨੇ ਐਸੇ ਜਾਨ ਕਰ ਸੇਵਨ ਕੀਆ ਹੈ ਕਿ (ਪ੍ਰਭੁ) ਸਮਰਥ ਹਰਿਜੀਉ ਮੇਰਾ ਮੀਤ ਹੈ ਕਿਉਂਕਿ (ਅੰਤ) ਪ੍ਰਾਣੋਂ ਕੇ ਵਿਜੋਗ ਕਾਲ ਮੇ ਸਹਾਇਤਾ ਕਰਨੇ ਵਾਲਾ ਹੋਵਗਾ ॥ ੩ ॥

ਪੇਈਅੜੈ ਜਗੁ ਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥

Digitized by Panjab Digital Library | www.panjabdigilib.org

(ਪੇਈਅੜੇ)ਪੇਕੇ ਅਰਥਾਤ ਇਸ ਲੋਕ ਮੈ ਜਗ ਜੀਵਨ ਦਾਤਾ ਜੋ ਵਾਹਿਗੁਰੂ ਹੈ ਮਨਮੁਖੋਂ ਨੇ ਤਿਸਕੋ ਵਿਸਾਰ ਕਰ ਅਪਨੀ ਪਤਿ ਗਵਾਈ ਹੈ ॥

ਪ੍ਰਸ਼ਨੁ ॥ ਮਨਮੁਖ ਭੀ ਤੋ ਪਰਲੋਕ ਕੀ ਇੱਜਤ ਵਾਸਤੇ ਕੁਛ ਕਰਮ ਕਰਤੇ ਹੀ ਹੈਂ ? ਉਤ੍ਰ:-

ਬਿਨ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ ॥

ਸਤਿਗੁਰੋਂ ਸੇ ਬਿਨਾਂ ਸੁਤੰਤ੍ਰ ਪਰਮੇਸ਼੍ਰ ਕਾ (ਮਗੁ)ਰਸਤਾ ਕੋਈ ਨਹੀ ਜਾਣ ਸਕਤਾ ਹੈ ਗੁਰ ਉਪਦੇਸ਼ ਹੀਣ ਅਗਿਆਨੀ ਕੋ ਪਰਲੋਕ ਮੇਂ ਉਤਮ (ਠਉਰ) ਜਗਾ ਕੋਈ ਨਹੀਂ ਮਿਲਤੀ ॥

ਹਰਿ ਸੁਖਿ ਦਾਤਾ ਮਨਿ ਨਹੀ ਵਸਿਆ ਅੰਤਿ ਗਇਆ ਪਛੁਤਾਈ ॥ ੪ ॥

ਹਰੀ ਜੋ ਸਰਬ ਸੁਖੋਂ ਕਾ ਦਾਤਾ ਹੈ ਸੋ ਮਨ ਮੈਂ ਵਸਿਆ ਨਹੀਂ ਅਰਥਾਤ ਤਿਸਕਾ ਭਜਨ ਧਿਆਨ ਕੀਆ ਨਹੀਂ ਹੈ ਯਾਂਤੇ ਅੰਤ ਕੋ ਪ੍ਰਲੋਕ ਮੈਂ ਗਿਆ ਹੂਆ ਪਸਚਾਤਾਪ ਕਰਤਾ ਹੈ ਕਿ ਮੈਂਨੇ ਹਰੀ ਸਿਮਰਨ ਕਿਉਂ ਨ ਕੀਆ ॥ ੪ ॥

ਪੇਈਅੜੈ ਜਗੁ ਜੀਵਨੁ ਦਾਤਾ ਗੁਰਮਤਿ ਮੰਨਿ ਵਸਾਇਆ ॥

ਜਿਨ੍ਹੋਂ ਨੇ ਇਸ ਲੋਕ ਮੈ ਜਗ ਜੀਵਨ ਦਾਤਾ ਵਾਹਿਗੁਰੂ ਗੁਰ ਸਿਖਯਾ ਲੇਕਰ ਮਨ ਮੈ ਵਸਾਇਆ ਹੈ ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਹਉਮੈ ਮੋਹੁ ਚੁਕਾਇਆ ॥

ਸੋ ਦਿਨ ਰਾਤ (ਅਨਦਿਨੁ) ਨਿਰੰਤਰ ਭਗਤੀ ਕਰਤੇ ਹੈਂ। ਵਾ ਜੋ ਰਾਤ ਦਿਨ ਭਗਤੀ ਕਰਤੇ ਹੈਂ ਤਿਨਕੋ ਗਿਆਨ ਰੂਪੀ ਦਿਨ ਹੂਆ ਹੈ॥ ਔਰ ਅਵਿਦਿਆ ਰੂਪੀ ਰਾਤ੍ਰੀ ਨਸ਼ਟ ਹੂਈ ਹੈ ਔਰ ਮਨ ਮੈ ਹੰਕਾਰ ਪੁਨਾ ਮੋਹ ਕੋ ਉਠਾਇ ਦੀਆ ਹੈ ॥

ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ॥ ੫ ॥

ਜਿਸਕੇ ਸਾਥ ਕੋਈ ਰਾਤਾ ਹੈ ਤੈਸੋ ਹੀ ਹੋਤਾ ਹੈ ਜੈਸੇ ਜੋ ਪੁਰਸੁ ਸਚੁ ਮੈ ਰਤਾ ਹੈ ਸੋ ਸਚੁ ਪਰਮੇਸ਼੍ਰ ਮੈ ਹੀ ਮਿਲ ਗਯਾ ਹੈ ਪ੍ਰਸਨੁ॥ ਜੇਕਰ ਸਚੁ ਮੈ ਪ੍ਰੀਤੀ ਕਰਕੇ ਸਚ ਰੂਪੁ ਹੀ ਹੋਈਤਾ ਹੈ ਤਬ ਸਭੀ ਪ੍ਰੀਤੀ ਕਿਉਂ ਨਹੀਂ ਕਰਤੇ?ਤਿਸਪਰ ਕਹਤੇ ਹੈਂ॥੫॥

ਆਪੇ ਨਦਰਿ ਕਰੇ ਭਾਉ ਲਾਏ ਗੁਰ ਸਬਦੀ ਬੀਚਾਰਿ ॥

ਜਿਸਕੇ ਉਪਰ ਆਪ ਵਾਹਿਗੁਰੂ ਕ੍ਰਿਪਾ ਕਰਤਾ ਹੈ ਤਿਸ ਕੋ ਪ੍ਰੇਮ ਲਗਾਵਤਾ ਹੈ ਔਰ ਵਹੀ ਪੁਰਸ ਗੁਰੋਂ ਕੇ ਉਪਦੇਸ਼ ਕਰ ਤਤ ਮਿਥਿਆ ਕਾ ਵੀਚਾਰੁ ਕਰਤਾ ਹੈ ॥

ਸਤਿ ਗੁਰੁ ਸੇਵਿਐ ਸਹਜੁ ਉਪਜੈ ਹਉਮੈ ਤ੍ਰਿਸਨਾ ਮਾਰਿ ॥

Digitized by Panjab Digital Library | www.panjabdigilib.org

(ਹਉਮੈ) ਦੇਹਮੈ ਹੰਤਾ ਇਸਤ੍ਰੀ ਪੁਤ੍ਰ ਆਦਿਕੋਂ ਮੈ ਮਮਤਾ ਪਦਾਰਥੋਂ ਕੀ ਤ੍ਰਿਸਨਾ ਇਨ ਸਭ ਕੋ ਮਾਰ ਕਰ ਸਤਿਗੁਰੋਂ ਕੇ ਸੇਵਨ ਕਰਨੇ ਸੇ ਸੱਤ ਅਸੱਤ ਕੇ ਵੀਚਾਰ ਦੁਆਰਾ (ਸਹਜੁ) ਗਯਾਨ ਉਪਜਤਾ ਹੈ ॥

ਹਰਿ ਗੁਣ ਦਾਤਾ ਸਦ ਮਨਿ ਵਸੈ ਸਚ ਰਖਿਆ ਉਰਧਾਰਿ ॥ ੬ ॥

ਸਰਬ ਉਤਮ ਦੈਵੀ ਗੁਣੋਂ ਕਾ ਦਾਤਾ (ਸਦ) ਸ੍ਰੇਸ਼ਟ ਅਰਥਾਤ ਸੁਧੁ ਮਨ ਮੈ ਵਸਤਾ ਹੈ ਪਰੰਤੂ ਤਿਨਕਾ ਮਨੁ ਸੁਧ ਹੂਆ ਹੈ ਜਿਨ੍ਹੋਂ ਨੇ ਸਚੇ ਨਾਮ ਕੋ ਰਿਦੇ ਮੈ ਧਾਰਨ ਕੀਆ ਹੈ ॥ ੬ ॥

ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ ॥

ਪ੍ਰਭੂ ਮੇਰਾ ਸ੍ਵਾਮੀ ਨਿਤਜ ਸੁਧੁ ਹੈ ਔਰ ਸੁੱਧ ਮਨ ਸੇ ਹੀ ਪਾਇਆ ਜਾਤਾ ਹੈ॥

ਨਾਮ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ ਸਭੁ ਜਾਇ ॥

ਜਿਨਕੇ ਹਿਰਦੇ ਮੈ ਹਰੀ ਨਾਮ ਖਜਾਨਾ ਬਸਤਾ ਹੈ ਤਿਨਕੀ ਹਉਮੈ ਅਰੁ ਦੁਖੁ ਸਕੁ ਜਾਤਾ ਰਹਤਾ ਹੈ ॥

ਸਤਿ ਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ ॥ ੭ ॥

ਜਿਨ ਸਤਗੁਰੋਂ ਨੇ ਉਪਦੇਸੁ ਸੁਣਾਇਆ ਹੈ ਵਾ ਜਿਨ੍ਹੋਂ ਨੇ ਸੁਣਿਆ ਹੈ ਮੈ ਤਿਨਕੇ ਸਦਾ ਹੀ ਬਲਹਾਰੇ ਜਾਤਾ ਹੂੰ॥ ੭ ॥

ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ ॥

ਅਪਣੇ ਮਨ ਮੈ (ਚਿਤਿ) ਚਿਤਵ ਕਰ ਆਪ ਹੀ ਕਹੇ ਕਿ ਮੇਰੇ ਮਨ ਮੈ ਹੰਕਾਰੁ ਨਹੀਂ ਹੈ ਔਰ ਅਪਨੇ ਸੇਵਕ ਸੰਬੰਧੀਓਂ ਸੇ ਭੀ ਕਹਾਵੇ ਪਰੰਤੂ ਗੁਰੋਂ ਕੀ ਕ੍ਰਿਪਾ ਸੇ ਬਿਨਾ (ਆਪ) ਹੰਕਾਰ ਨਹੀਂ ਜਾਤਾ ਹੈ ॥

ਹਰਿ ਜੀਉ ਭਗਤਿ ਵਛਲੁ ਸੁਖੁ ਦਾਤਾ ਕਰਿ ਕਿਰਪਾ ਮੰਨਿ ਵਸਾਈ ॥

ਹਰਿ ਜੀਉ ਭਗਤੀ ਕਰਨੇ ਵਾਲਿਓਂ ਕਾ (ਵਛਲੁ) ਪਿਆਰਾ ਹੈ ਔਰ ਸੁਖੋਂ ਕਾ ਦਾਤਾ ਹੈ ਜਿਨੋਂ ਪਰ ਕ੍ਰਿਪਾ ਕਰੀ ਹੈ ਤਿਨ ਕੇ ਮਨ ਮੈ ਅਪਨੀ ਭਗਤੀ ਵਸਾਈ ਹੈ॥

ਨਾਨਕ ਸੋਭਾ ਸੁਰਤਿ ਦੇਇ ਪ੍ਰਭੁ ਆਪੇ ਗੁਰਮੁਖਿ ਦੇ ਵਡਿਆਈ ॥ ੮ ॥ ੧ ॥ ੧੮ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਆਪ ਹੀ ਪ੍ਰਭੂ ਗੁਰੋਂ ਦ੍ਵਾਰਾ ਇਸ ਲੋਕ ਮੈ (ਸੋਭਾ) ਕੀਰਤੀ ਔਰ (ਸੁਰਤਿ) ਆਤਮ ਗਯਾਤ ਪੁਨਾ ਜੀਵਨ ਮੁਕਤੀ ਕੀ (ਵਡਿਆਈ) ਅਰਥਾਤ ਮੁਰਾਤਬਾ ਦੇਤਾ ਹੈ ॥ ੮ ॥ ੧ ॥ ੧੮ ॥

ਸਿਰੀ ਰਾਗੁ ਮਹਲਾ ੩ ॥ ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ ਆਇ ॥

Digitized by Panjab Digital Library | www.panjabdigilib.org

ਜੋ ਗੁਰੋਂ ਸੇ ਬਿਨਾ ਹੰਤਾ ਮਮਤਾ ਕੋ ਧਾਰ ਕਰ ਕਰਮ ਕਰਤੇ ਹੈਂ ਤਿਨਕੋ ਆਇਕਰ ਜਮਕਾ ਡੰਡੁ ਲਗਤਾ ਹੈ॥

ਜਿ ਸਤਿ ਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥ ੧ ॥

ਜੋ ਪੁਰਸ ਸਤਿ ਗੁਰੋਂ ਕੋ ਸੇਵਨ ਕਰਕੇ ਹਰੀਕੇ ਸਾਥ ਬ੍ਰਿਤੀ ਲਗਾਵਤੇ ਹੈਂ ਸੋ ਜਮ ਡੰਡ ਸੇ (ਉਬਰੇ) ਬਚੇ ਹੈਂ ॥ ੧ ॥

ਮਨ ਰੇ ਗੁਰਮੁਖਿ ਨਾਮੁ ਧਿਆਇ ॥ ਧੁਰਿ ਪੂਰਬ ਕਰਤੇ ਲਿਖਿਆ
ਤਿਨ ਗੁਰਮਤਿ ਨਾਮਿ ਸਮਾਇ ॥ ੧ ॥ ਰਹਾਉ ॥

ਹੇ ਮਨ ਗੁਰੋਂ ਦ੍ਵਾਰਾ ਨਾਮ ਕੋ ਧਯਾਉ ॥ ਜਿਨਕੇ ਮਸਤਕ ਮੈ ਪ੍ਰਾਪਤਿ ਹੋਣੇ ਕਾ ਲੇਖ ਪੂਰਬ ਜਨਮ ਕੇ ਪੁਨੋਂ ਕਰ (ਧੁਰਿ) ਆਦ ਰੂਪ ਕਰਤੇ ਨੇ ਲਿਖਾ ਹੈ ਤਿਨ ਕੀ ਗੁਰ ਸਿਖਯਾ ਕਰ (ਨਾਮੀ) ਵਾਹਿਗੁਰੂ ਮੇਂ (ਸਮਾਇ) ਸਮਾਈ ਹੂਈ ਹੈ ॥ ੧ ॥

ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥

ਸਤਿਗੁਰੋਂ ਸੇ ਬਿਨਾ ਨਿਹਚਾ ਨਹੀ ਆਵਤਾ ਹੈ ਔਰ ਨਾਮੀ ਪ੍ਰਮੇਸ੍ਵਰ ਮੈ ਪ੍ਰੇਮ ਨਹੀਂ ਲਾਗਤਾ ਹੈ।

ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥ ੨ ॥

ਯਾਂਤੇ ਜਾਗ੍ਰਤ ਤੋ ਕਿਆ ਸ੍ਵਪਨੇ ਮੈ ਭੀ ਸੁਖੁ ਨਹੀਂ ਪਾਵਤੇ ਦਿਨ ਮੈ ਦੁਖੀ ਰਹਤੇ ਹੈਂ ਇਸੀ ਕਰਕੇ ਰਾਤ ਮੈਂ ਭੀ ਦੁਖੋਂ ਕਾ ਸ੍ਵਪਨਾ ਆਵਤਾ ਹੈ ਕਯੋਂ ਕਿ ਤੀਨ ਜਨਮੋਂ ਕੇ ਸੰਸਕਾਰ ਕਰ ਸ੍ਵਪਨਾ ਆਵਤਾ ਹੈ ਭੂਤ ਭਵਿਖਤਵਰਤ-ਮਾਨ ਕਾ ਵਾ ਸੁਪਨੇ ਕੇ ਤੁਲ ਥੋੜਾ ਵਾ ਕਦਾਚਿਤ ਸੁਖੁ ਨਹੀਂ ਪਾਵਤੇ ਦੁਖੋਂ ਮੈਂ ਆਪ ਇਸਥਿਤ ਹੈਂ ਅਪਨੇ ਸੰਗੀਓਂ ਕੋ (ਸਮਾਇ) ਇਸਥਿਤਿ ਕਰਤੇ ਹੈਂ ਭਾਵ ਯਹਿ ਕਿ ਆਪ ਭੀ ਮੰਦ ਕਰਮੀ ਹੈਂ ਸੰਗੀਆਂ ਸੇ ਭੀ ਮੰਦ ਕਰਮ ਕਰਵਾਵਤੇ ਹੈਂ ॥ ੨ ॥

ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥

ਜੇ ਉਨਕੋ ਹਰਿ ਹਰਿ ਨਾਮ ਜਪਨ ਕਾ ਉਪਦੇਸ ਕਰੀਏ ਔਰ ਸੁਖ ਦੇਣ ਕੋ ਬਹੁਤ (ਲੋਚੀਏ) ਚਾਹੀਏ ਤੋਂ ਭੀ ਹਰੀ ਨਾਮ ਕੋ ਨਹੀਂ ਜਪਤੇ ਕਿਉਂਕਿ ਉਨਕਾ ਕਰਮ ਨਹੀਂ ਮੇਟਿਆ ਜਾਤਾ ਹੈ ਅਰਥਾਤ ਪੂਰਬ ਜਨਮੋਂ ਕੇ ਮੰਦ ਕਰਮ ਹਰਿ ਨਾਮੁ ਨਹੀਂ ਜਪਨ ਦੇਤੇ ਹੈਂ ॥

ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥ ੩ ॥

ਔਰ ਜਿਨ ਭਗਤੋਂ ਨੇ ਹਰੀ ਕਾ ਭਾਣਾ ਮੰਨਿਆ ਹੈ ਸੋ ਭਗਤ ਵਾਹਗੁਰੂ ਕੇ ਦ੍ਵਾਰੇ ਪ੍ਰਮਾਣ ਹੂਏ ਹੈ ॥ ੩ ॥

Digitized by Panjab Digital Library | www.panjabdigilib.org

ਗੁਰ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥

ਗੁਰੂ ਤੋ (ਰੰਗ) ਪ੍ਰੇਮ ਕੋ ਸਹਤ ਉਪਦੇਸ ਕੋ ਨਿਸਚੇ ਕਰਾਵਤੇ ਹੈਂ ਪਰੰਤੂ ਪ੍ਰਮੇਸ੍ਵਰ ਕੀ ਕ੍ਰਿਪਾ ਬਿਨਾ ਲੀਆ ਨਹੀਂ ਜਾਤਾ ਹੈ।

ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥ ੪ ॥

ਦ੍ਰਿਸ਼ਾਂਤ ਮੈਂ ਜੈਸੇ ਨਿੰਮਾਦਿ ਬ੍ਰਿਛੋਂ ਕੋ ਅੰਮ੍ਰਿਤੁ (ਨੀਰੀਐ) ਸੰਚੀਏ ਤੋ ਭੀ (ਧਾਇ) ਦੌੜਕੇ ਭਾਵ ਬਲਾਤਕਾਰ ਬੀ ਜਹਰ ਰੂਪ ਫਲ ਲਾਗਤੇ ਹੈਂ ਤੈਸੇ ਹੀ ਜੇਕਰ ਮਨਮੁਖੋਂ ਕੋ ਸੌ ਬਾਰ ਭੀ ਪ੍ਰਮੇਸ੍ਵਰ ਕਾ ਨਾਮ ਅੰਮ੍ਰਿਤ ਰੂਪ (ਨੀਰੀਏ) ਪ੍ਰੋਸੀਏ ਪਾਈਏ ਭਾਵ ਯੋਹਿ ਕਿ ਤਿਨਕੋ ਬਾਰੰਬਾਰ ਸੁਭ ਉਪਦੇਸ਼ ਕਰੀਏ ਫੇਰ ਭੀ ਜਿਨ ਮੰਦ ਕਰਮੋਂ ਕਾ ਫਲ ਦੁਖ ਹੈ ਤਿਨ ਕਰਮੋਂ ਮੈਂ ਹੀ (ਧਾਇ) ਦੌੜ ਕਰ ਲਾਗਤੇ ਹੈਂ ॥ ੪ ॥

ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲ ਪਿਆਰੁ ॥

ਜਿਨਕਾ ਸਤਿਗੁਰੋਂ ਕੇ ਸਾਥ ਪ੍ਰੇਮ ਹੈ ਸੋ ਪੁਰਖ ਸਚੇ ਹੈਂ ਪੁਨਾ ਸੁੱਧ ਹੈਂ ॥

ਸਾਤਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥ ੫ ॥

(ਬਿਖੁ ਹਉਮੈ) ਜਹਰ ਭਾਵ ਦੁਖ ਰੂਪ ਜੋ ਹੰਤਾ ਮਮਤਾ (ਬਿਕਾਰ) ਰੋਗ ਹੈਂ ਤਿਨਕੋ ਤਿਆਗ ਕਰਕੇ ਜੈਸਾ ਸਤਿਗੁਰੋਂ ਕਾ (ਭਾਣਾ) ਹੁਕਮ ਹੈ ਤੈਸੇ ਕਰਮ ਕਮਾਵਤੇ ਹੈਂ ॥ ੫ ॥

ਮਨ ਹਠਿ ਕਿਤੈ ਉਪਾਇ ਨ ਛੂਟੀਐ ਸਿੰਮ੍ਰਿਤ ਸਾਸਤ੍ਰ ਸੋਧਹੁ ਜਾਇ ॥

ਔਰ ਸਤਿਗੁਰੋਂ ਕੀ ਕ੍ਰਿਪਾ ਸੇ ਬਿਨਾ ਮਨ ਕੇ ਹਠ ਪੂਰਬਕ ਜਿਤਨੇ ਕਰਮ ਹੈਂ ਉਨ ਉਪਾਓਂ ਮੈ ਕਿਸੇ ਤ੍ਰਹ ਭੀ ਨਹੀਂ ਛੂਟੀਤਾ ਹੈ ਜੇਕਰ ਇਸ ਬਚਨ ਕਰ ਨਿਸਚਾ ਨ ਹੋ ਤੋ ੨੭ ਸਿੰਮ੍ਰਤੀਆਂ ੬ ਸਾਸਤ੍ਰੋਂ ਕੋ ਜਾਇ ਕਰ ਸੋਧਨ ਕਰੋ ॥

ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥ ੬ ॥

ਸੰਪੂਰਨ ਸਾਸਤ੍ਰ ਸਿੰਮ੍ਰਿਤੀਓਂ ਕਾ ਏਹੀ ਸਿਧਾਂਤ ਹੈ ਕਿ ਗੁਰੋਂ ਕਾ ਉਪਦੇਸ ਕਮਾਉਨੇ ਮੈ ਔਰਸਾਧੂਓਂ ਕੀ ਸੰਗਤ ਮੈਂ ਮਿਲਨੇ ਕਰ ਹੀ ਉਧਾਰ ਹੋਤਾ ਹੈ ॥ ੬ ॥

ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ ॥

ਹਰੀ ਕਾ ਨਾਮੁ ਧਨ ਕਾ ਖਜਾਨਾ ਹੈ ਜਿਸਕੋ ਪਾਰ ਉਰਾਰ ਕਾ ਅੰਤ ਨਹੀਂ ਹੈ।

ਗੁਰਮੁਖ ਸੇਈ ਸੋਹਣੇ ਜਿਨ ਕਿਰਪਾ ਕਰੇ ਕਰਤਾਰੁ ॥ ੭ ॥

Digitized by Panjab Digital Library | www.panjabdigilib.org

ਔਰ ਸੋਈ ਗੁਰਮੁਖਿ ਸੋਭਾਇਮਾਨਿ ਹੋਤੇ ਹੈਂ ਜਿਨ ਪਰ ਕਰਤਾਰ ਕ੍ਰਿਪਾ ਕਰਤਾ ਹੈ ॥ ੭ ॥

ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥

ਸ੍ਰੀ ਗੁਰੂ ਜੀ ਕਹਤੇ ਹੇਂ ਏਕ ਵਾਹਿਗੁਰੂ ਹੀ ਦਾਤਾ ਹੇ ਦੂਸਰਾ ਔਰ ਕੋਈ ਨਹੀਂ ਹੈ ॥

ਗੁਰਪ੍ਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥ ੮ ॥ ੨ ॥ ੧੯ ॥

ਸੋ ਗੁਰੋਂ ਕੀ ਕ੍ਰਿਪਾ ਹੀ ਸੇ ਪ੍ਰਾਪਤਿ ਹੋਤਾ ਹੈ ਔਰ ਗੁਰੂ ਉਤਮ ਕਰਮਾਂ ਸੇ ਪ੍ਰਾਪਤਿ ਹੋਤੇ ਹੈਂ ॥ ੮ ॥ ੨ ॥ ੧੯ ॥

ਆਪੇ ਕਰਤਾ ਕਰੇ ਕਰਾਏ ॥ ਆਪੇ ਸਬਦੁ ਗੁਰ ਮੰਨਿ ਵਸਾਏ ॥

ਹੇ (ਕਰਤਾ) ਵਾਹਗੁਰੂ ਤੂੰ ਆਪ ਹੀ ਕਰਤਾ ਕਰਾਉਂਤਾ ਹੈਂ ਆਪ ਹੀ ਗੁਰੋਂ ਕਾ ਉਪਦੇਸ ਮਨ ਮੈਂ ਵਸਾਵਤਾ ਹੈਂ ॥

ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥ ੩ ॥

ਉਪਦੇਸ ਕਰ ਨਾਮ ਰੂਪ ਅੰਮ੍ਰਿਤ ਬਾਣੀ ਪ੍ਰਗਟਤੀ ਹੈ ਗੁਰੋਂ ਦੁਆਰੇ ਆਖ ਕਰ ਸੁਨਾਵਤਾ ਹੈਂ ॥ ੩ ॥

ਆਪੇ ਕਰਤਾ ਆਪੇ ਭੁਗਤਾ ॥ ਬੰਧਨ ਤੋੜੇ ਸਦਾ ਹੈ ਮੁਕਤਾ ॥

ਤੂੰ ਆਪ ਹੀ ਕਰਤਾ ਹੈਂ ਆਪ ਹੀ ਭੋਗਨੇ ਵਾਲਾ ਹੈਂ। ਜਿਸਕੇ ਸੰਸਾਰ ਰੂਪ ਬੰਧਨ ਤੋੜੇ ਹੈਂ ਸੋ ਸਦਾ ਹੀ ਮੁਕਤਾ ਹੈ ॥

ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥ ੪ ॥

ਹੇ ਸਚਾ ਤੂੰ ਆਪ ਹੀ ਸਦਾ ਮੁਕਤ ਰੂਪ ਹੈਂ ਔਰ ਅਪਨੇ ਅਲਖ ਸਰੂਪ ਕੋ ਆਪ ਹੀ ਲਖਾਵਤਾ ਹੈਂ ॥ ੪ ॥

ਆਪੇ ਮਾਇਆ ਆਪੇ ਛਾਇਆ ॥ ਆਪੇ ਮੋਹੁ ਸਭੁ ਜਗਤੁ ਉਪਾਇਆ ॥

ਤੂੰ ਆਪ ਹੀ ਮਾਇਆ ਅਵਿਦਿਆ ਰੂਪ ਹੈਂ ਕਿਉਂ ਕਿ ਕਲਪਤ ਵਸਤੂ ਕੀ ਅਧਿਸ੍ਠਾਨ ਸੇ ਭਿੰਨ ਸੱਤਾ ਨਹੀਂ ਹੈ। ਔਰ ਆਪ ਹੀ (ਛਾਇਆ) ਪ੍ਰਤਿ ਬਿੰਬਤ ਹੂਆ ਹੈਂ ਵਾ ਉਸ ਮਾਇਆ ਮੈਂ ਛਾਇਆ ਬਿਆਪ ਹੂਆ ਹੈਂ। ਆਪ ਹੀ ਸਰਬ ਜਗਤ ਕੋ ਤਿਸ ਮਾਇਆ ਕਾ ਮੋਹ ਉਤਪਤ ਕਰ ਦੀਆ ਹੈ ॥

ਆਪੇ ਗੁਣ ਦਾਤਾ ਗੁਣ ਗਾਵੈ ਆਪੇ ਆਖਿ ਸੁਣਾਵਣਿਆ ॥ ੫ ॥

ਆਪ ਹੀ ਗੁਣ ਦਾਤਾ ਗੁਰੂ ਹੈਂ ਆਪ ਹੀ ਸਿਖ ਹੋ ਕਰ ਗੁਨ ਗਾਵਤਾ ਹੈਂ ਆਪ ਆਗੇ ਕਹ ਕਰ ਸੁਨਾਵਤਾ ਹੈਂ ॥ ੫ ॥

ਆਪੇ ਕਰੇ ਕਰਾਏ ਆਪੇ ॥ ਆਪੇ ਥਾਪਿ ਉਥਾਪੇ ਆਪੇ ॥

ਆਪ ਹੀ ਜੀਵੋਂ ਕੋ ਕਰਤਾ ਹੈਂ ਪੁਨਾ ਤਿਨਸੇ ਆਪ ਹੀ ਕਰਮ ਕਰਾਵਤਾ ਹੈਂ। ਆਪੇ ਇਸਥਿਤ ਕਰਤਾ ਹੈਂ ਅਰ ਆਪੇ ਪਰਲੋ ਕਰਤਾ ਹੈਂ ॥

ਤੁਝਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ ॥ ੬ ॥

ਤੇਰੇ ਸੇ ਬਾਹਰ ਕੁਛ ਨਹੀਂ ਹੋਤਾ ਤੂ ਆਪ ਹੀ ਜੀਵੋਂ ਕੋ ਕਾਰ ਮੈਂ ਲਾਵਤਾ ਹੈਂ ॥ ੬ ॥

ਆਪੇ ਮਾਰੇ ਆਪਿ ਜੀਵਾਏ ॥ ਆਪੇ ਮੇਲੇ ਮੇਲਿ ਮਿਲਾਏ ॥

Digitized by Panjab Digital Library | www.panjabdigilib.org

ਆਪ ਹੀ ਮਾਰੇ ਹੈਂ ਆਪ ਹੀ ਜੀਵਾਏ ਹੈਂ। ਆਪੇ ਹੀ ਸਤਿਸੰਗਤ ਕੇ ਮੇਲ ਮੈਂ ਮਿਲਾਇ ਕਰ ਅਪਨੇ ਸਾਥ ਤੂੰ ਮੇਲਤਾ ਹੈਂ।

ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥ ੭ ॥

ਜਿਸਨੇ ਸੇਵਾ ਕਰੀ ਹੈ ਤਿਸਨੇ ਸਦਾ ਸੁਖ ਪਾਇਆ ਹੈ। ਗੁਰਮੁਖ ਸਹਜੇ ਹੀ ਤੇਰੇ ਮੈਂ ਸਮਾਏ ਹੈਂ ॥ ੭ ॥

ਆਪੇ ਊਚਾ ਊਚੋ ਹੋਈ ॥ ਜਿਸੁ ਆਪਿ ਵੇਖਾਲੇ ਸੁ ਵੇਖੈ ਕੋਈ ॥

ਤੂੰ ਆਪਹੀ ਬ੍ਰਹਮਾਦਿਕ ਉਚਿਆਂ ਸੇ ਊਚਾ ਹੋ ਰਹਾ ਹੈਂ॥ ਜਿਸਨੋ ਤੂੰ ਆਪ ਵੇਖਾਲਤਾ ਹੈ ਸੋ ਕੋਈ ਤੇਰੇ ਕੋ ਵੇਖਤਾ ਹੈ ॥

ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ ੮ ॥ ੨੬ ॥ ੨੭ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਨ ਕੇ ਰਿਦੇ ਮੈ ਤੇਰਾ ਨਾਮ ਵਸੇ ਹੈ ਸੋ ਤੇਰੇ ਕੋ ਆਪ ਦੇਖਤੇ ਹੈਂ ਔਰੋਂ ਕੋ ਦਿਖਾਵਤੇ ਹੈਂ ॥ ੮ ॥ ੨੬ ॥ ੨੭ ॥

ਮਾਝ ਮਹਲਾ ੩

ਭਗਤੋਂ ਕੀ ਮਹਿਮਾ ਅਰ ਤਿਨਕਾ ਅਨਭਵ ਦਿਖਾਵਤੇ ਹੈਂ ॥

ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ ਗੁਰ ਪਰਸਾਦੀ ਘਰਹੀ ਮਹਿ ਪਾਈ ॥

ਮੇਰਾ ਪ੍ਰਭ ਸਰਬ ਅਸਥਾਨੋਂ ਮੈ ਪੂਰਨ ਹੋ ਰਹਾ ਹੈ ॥ ਗੁਰੋਂਕੀ ਕ੍ਰਿਪਾ ਸੇ ਸਰੀਰ ਮੈ ਹੀ ਪਾਈਤਾ ਹੈ ॥

ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥ ੧ ॥

ਤਾਂਤੇ ਸਦਾ ਇਕਾਗ੍ਰ ਮਨ ਕਰਕੇ ਸੇਵਨ ਕਰੀਏ ਔਰ ਧਿਆਨ ਕਰੀਏ ਕਿਉਂਕਿ ਧਿਆਨ ਕਰਕੇ ਗੁਰਮੁਖਿ ਸਚ ਮੈਂ ਸਮਾ ਗਏ ਹੈਂ ॥ ੧ ॥

ਹਉ ਵਾਰੀ ਜੀਉ ਵਾਰੀ ਜਗ ਜੀਵਨੁ ਮੰਨਿ ਵਸਾਣਿਆ ॥ ਹਰਿ
ਜਗ ਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥ ੧ ॥ ਰਹਾਉ ॥

ਜੋ ਜਗ ਜੀਵਨ ਵਾਹਗੁਰੂ ਕੋ ਮਨ ਮੈ ਵਸਾਵਤੇ ਹੈਂ ਮੈ ਤਿਨਕੇ ਵਾਰੇ੨ ਜਾਤਾ ਹੂੰ। ਹਰੀ ਜੋ ਜਗ ਜੀਵਨਹੈ ਸੋ ਨਿਰਭੈਤਾ ਕੇ ਦੇਣੇ ਵਾਲਾ ਹੈ ਜਿਨੋਂ ਨੇ ਗੁਰਕੀ ਮਤ ਲਈ ਹੈ ਸੋ ਸਹਜੇ ਹੀ ਤਿਸਮੈ ਸਮਾ ਜਾਤੇ ਹੈਂ ॥

ਘਰ ਮਹਿ ਧਰਤੀ ਧਉਲੁ ਪਾਤਾਲਾ ॥ ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥

Digitized by Panjab Digital Library | www.panjabdigilib.org

(ਘਰ) ਸਰੀਰ ਕੇ ਅੰਤਰ ਹੀ (ਧਰਤੀ) ਖਿਮਾ ਹੈ ਔਰ (ਧੌਲ) ਧਰਮ ਹੈ ਪੁਨਾ (ਪਾਤਾਲ) ਗੰਭੀਰਤਾ ਇਨ ਉਪਲਖਤ ਸਰਬ ਦੈਵੀ ਗੁਣ ਜਾਣ ਲੈਣੇ। ਰਿਦੇ ਮੈ ਹੀ ਪ੍ਰੀਤਮ ਪਰਮੇਸਰ (ਥਾਲਾ) ਵਡਾ ਵਾ ਸਦਾ (ਥਾਲਾ) ਨਿਤ ਨੂਤਨ ਹੈ॥ ਵਾ ਸਮਸਟੀ ਵਿਅਸਟੀ ਏਕ ਹੋਣੇ ਤੇ ਪ੍ਰਤੱਖਜ ਧਰਤੀ ਆਦਕ ਇਸ ਸਰੀਰ ਕੇ ਅੰਤਰ ਹੈ ॥

ਸਦਾ ਅਨੰਦਿ ਰਹੈ ਸੁਖ ਦਾਤਾ ਗੁਰਮਤਿ ਸਹਜਿ ਸਮਾਵਣਿਆ ॥ ੨ ॥

ਸਦਾ ਅਨੰਦ ਰਹਤਾ ਹੈ ਔਰ ਸੁਖਦਾਤਾ ਹੈ। ਤਿਸਮੈ ਗੁਰਮਤੀਏ ਸਹਜੇ ਹੀ ਸਮਾ ਜਾਤੇ ਹੈਂ। ਜੇ ਕਹੇ ਕਾਇਆਂ ਅੰਤਰ ਹੋਤੇ ਕੋ ਜੀਵ ਕਿਉਂ ਨਹੀਂ ਜਾਨਤੇ? ॥ ੨ ॥ ਸੋ ਕਹਿਤੇ ਹੈਂ ॥

ਕਾਇਆ ਅੰਦਰਿ ਹਉਮੈ ਮੇਰਾ॥ ਜਮਣੁ ਮਰਣੁ ਨ ਚੂਕੈ ਫੇਰਾ ॥

ਜਬ ਤਕ ਦੇਹ ਸੂਖਮ ਸਰੀਰ ਮੈ ਹੰਤਾ ਮਮਤਾ ਹੈ ਤਬਤਕ ਜਨਮ ਮਰਣ ਕਾ ਫੇਰ ਨਹੀ ਚੁਕਤਾ॥

ਗੁਰਮੁਖਿ ਹੋਵੈ ਸੋ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥ ੩ ॥

ਜੋ ਗੁਰਮੁਖਿ ਹੋਵੈ ਸੋ ਹੰਤਾ ਮਮਤਾ ਕੋ ਮਾਰਤਾ ਹੈ ਪੁਨਾ ਨਿਸਚੇ ਕਰ ਸਰ ਕਾ ਹੀ ਧਿਆਨ ਕਰਤਾ ਹੈ॥ ੩ ॥ ਕਦਾਚਿਤ ਐਸੀ ਅਸੰਕਾ ਹੋ ਕਿ ਜਨਮ ਮਰਨ ਕਾ ਫੇਰ ਜੀਵ ਕੋ ਕੈਸੇ ਹੂਆ ਹੈ? ਤਿਸਕਾ ਸਮਾਧਾਨ॥

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ॥ ਦੁਹੀ ਮਿਲਕੈ ਸ੍ਰਿਸਟਿ ਉਪਾਈ॥

ਹੇ ਭਾਈ ਕਾਇਆਂ ਕੇ ਬੀਚ ਪਾਪ ਅਰ ਪੁੰਨ ਰੂਪ ਅੰਕਰ ਦੋ ਹੈਂ ਦੋਨੋ ਨੇ ਮਿਲ ਕਰ ਸ੍ਰਿਸਟੀ ਉਤਪਤ ਕਰੀ ਹੈ॥

ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥ ੪ ॥

ਇਨ ਦੋਨੋ ਕੋ ਮਾਰ ਕਰ ਜਬ ਜੀਵ ਇਕਤਾ ਰੂਪ ਘਰਮੈ ਆਇ ਜਾਵੇ ਤਬ ਗੁਰੋਂ ਕੀ ਸਿਖਜਾ ਲੇਕਰ ਸਰੂਪ ਮੈ ਸਮਾ ਜਾਤੇ ਹੈਂ॥ ਪ੍ਰਸ਼ਨ॥ ਪਾਪ ਪੁੰਨ ਸੇ ਰਹਤ ਹੋਕਰ ਜੀਵ ਕੈਸੇ ਸੁਖੀ ਹੋਵੇ? ॥ ੪ ॥

ਘਰ ਹੀ ਮਾਹਿ ਦੂਜੈ ਭਾਇ ਅਨੇਰਾ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ॥

ਉਤਰ॥ ਰਿਦੇ ਕੇ ਬੀਚ ਹੀ ਦ੍ਵੈਤ ਭਾਵ ਕਾ ਅੰਧੇਰਾ ਹੈ। ਪਰੰਤੂ ਤੋ ਚਾਨਣ ਹੋਵੈ ਜੇਕਰ ਮੈਂ ਮੇਰਾ ਛੋਡ ਦੇਵੇ॥

ਪਰਗਟੁ ਸਬਦੁ ਹੈ ਸੁਖ ਦਾਤਾ ਅਨਦਿਨੁ ਨਾਮੁ ਧਿਆਵਣਿਆ ॥ ੫ ॥

ਜਿਨਕੋ ਉਪਦੇਸ਼ ਮਿਲਾ ਹੈ ਔਰ ਰਾਤ ਦਿਨ ਨਾਮ ਜਪਤੇ ਹੈਂ। ਤਿਨਕੋ ਸੁਖ ਦਾਤਾ ਪ੍ਰਗਟ ਹੋਇਆ ਹੈ॥ ੫ ॥ ਵਾ ਗੁਰ ਸਬਦ ਹੀ ਪ੍ਰਗਟ ਸੁਖਾਂ ਕੇ ਦੇਣੇ ਵਾਲਾ ਹੈ। ਜਿਨਕੋ ਗੁਰ ਸਬਦ ਮਿਲਾ ਹੈ ਸੋ ਰਾਤ ਦਿਨ ਨਾਮ ਜਪਤੇ ਹੈਂ॥

Digitized by Panjab Digital Library | www.panjabdigilib.org

ਅੰਤਰਿ ਜੋਤਿ ਪਰਗਟੁ ਪਾਸਾਰਾ । ਗੁਰ ਸਾਖੀ ਮਿਟਿਆ ਅੰਧਿਆਰਾ ॥

ਜਿਸਕਾ ਪਸਾਰਾ ਪਰਗਟ ਹੈ ਤਿਸਕੀ ਜੋਤ ਤਿਨੋ ਨੇ ਅੰਤਰ ਹੀ ਜਾਣੀ ਹੈ। ਗੁਰਸਿਖਜਾ ਕਰ ਜਿਨਕਾ ਅਗਜਾਨ ਅੰਧੇਰਾ ਮਿਟਿਆ ਹੈ ॥

ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥ ੬ ॥

ਤਿਨਕਾ ਰਿਦਾ ਰੂਪੀ ਕਮਲ ਪਰਗਾਸ ਹੂਆ ਹੈ। ਪੁਨਾ। ਸਦਾ ਸੁਖ ਪਾਇਆ ਹੈ ਔਰ ਜੋਤੀ ਮੈਂ ਜੋਤ ਕੋ ਮਿਲਾਯਾ ਹੈ॥੬॥

ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥

(ਮਹਲ) ਸਰੀਰ ਕੇ ਅੰਤਰ ਹੀ (ਭੰਡਾਰਾ) ਖਜਾਨਾ ਭਾਵ ਅੰਤਹ ਕਰਣ (ਰਤਨੀ) ਵੈਰਾਗ ਆਦਿਕ ਗੁਣੋ ਕਰ ਭਰੇ ਹੂਏ ਹੈਂ। ਤਿਨ ਗੁਣੋ ਸਹਤ ਹੋਕਰ ਅਪਾਰ ਪਰਮੇਸ੍ਰਰ ਕੇ ਨਾਮ ਗੁਰੋਂ ਦੁਆਰਾ ਪਾਏ ਹੈਂ ॥

ਗੁਰਮੁਖ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥ ੭ ॥

ਗੁਰਮੁਖ ਵਾਪਾਰੀ ਹੋਕਰ ਨਾਮ ਕੋ (ਵਣਜੇ) ਖਰੀਦਤੇ ਹੈਂ ਅਰ ਨਾਮ ਕਰਕੇ ਸਦੀਵ ਮੁਕਤੀ ਰੂਪ (ਲਾਹਾ) ਨਫਾ ਪਾਵਤੇ ਹੈਂ ॥ ੭ ॥

ਆਪੇ ਵਥੁ ਰਾਖੈ ਆਪੇ ਦੇਇ। ਗੁਰਮੁਖਿ ਵਣਜਹਿ ਕੋਈ ਕੇਇ ॥

ਆਪ ਪ੍ਰਮੇਸ੍ਰਰ ਨਾਮ ਰੂਪੀ ਵਸਤੂ ਗੁਰੋਂ ਪਾਸ ਰਾਖਤਾ ਹੈ ਆਪ ਹੀ ਗੁਰੂ ਰੂਪ ਹੋਕਰ ਦੇਤਾ ਹੈ। ਪਰੰਤੂ ਕੋਈ ਗੁਰਮੁਖ ਹੀ ਵਣਜਤੇ ਹੈਂ ॥

ਨਾਨਕ ਜਿਸ ਨਦਰਿ ਕਰੇ ਸੋ ਪਾਏ ਕਰਿ ਕਰਿਪਾ ਮੰਨਿ ਵਸਾਵਣਿਆ ॥ ੮ ॥ ੨੭ ॥ ੨੮ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਸ ਪਰ ਵਾਹਗੁਰੂ ਨਦਰ ਕਰਤਾ ਹੈ ਸੋ ਗੁਰੂ ਕੋ ਪਾਵਤਾ ਹੈ ਅਰ ਜਿਸ ਪਰ ਗੁਰੂ ਕ੍ਰਿਪਾ ਕਰਤੇ ਹੈਂ ਸੋ ਨਾਮ ਕੋ ਮਨ ਮੈਂ ਵਸਾਵਤਾ ਹੈ ॥ ੮ ॥ ੨੭॥੨੮॥

ਮਾਝ ਮਹਲਾ ੩ ਹਰਿ ਆਪੇ ਮੇਲੇ ਸੇਵ ਕਰਾਏ। ਗੁਰ ਕੈ ਸਬਦਿ ਭਾਉ ਦੂਜਾ ਜਾਏ ॥

ਜੋ ਹਰੀ ਨੇ ਆਪ ਗੁਰੋਂ ਕੇ ਸਾਥ ਮੇਲੇ ਹੈਂ ਤਿਨਸੇ ਗੁਰੋਂ ਕੀ ਸੇਵਾ ਕਰਾਵਤਾ ਹੈ। ਪੁਨਾ ਗੁਰੋਂ ਕੇ ਉਪਦੇਸ ਕਰ ਦ੍ਵੈਤ ਭਾਉ ਜਾਤਾ ਹੈ ॥

ਹਰਿ ਨਿਰਮਲੁ ਸਦਾ ਗੁਣ ਦਾਤਾ ਹਰਿ ਗੁਣ ਮਹਿ ਆਪ ਸਮਾਵਣਿਆ ॥ ੧ ॥

Digitized by Panjab Digital Library | www.panjabdigilib.org

ਹਰੀ ਜੋ ਨਿਰਮਲ ਹੈ ਸਦਾ ਸੁਭ ਗੁਣੋਂ ਕਾ ਦਾਤਾ ਹੈ। ਤਿਸ ਹਰੀ ਕੇ ਗੁਣੋ ਮੈਂ ਆਪੇ ਸੇਵਕ ਸਮਾਏ ਹੈਂ। ਵਾ ਗੁਣਾ ਵਾਲਿਆਂ ਮੈਂ ਪ੍ਰਮੇਸ੍ਵਰ ਸਮਾਇ ਰਹਾ ਹੈ ॥ ੧ ॥

ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ ॥ ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥ ੧॥ ਰਹਾਉ ॥

ਜੋ ਨਿਸਚੇ ਕਰਕੇ ਸਚੇ ਕੋ ਰਿਦੇ ਮੈਂ ਵਸਾਵਤੇ ਹੈਂ ਮੈਂ ਤਿਨਕੇ ਮਨ ਤਨ ਕਰ ਵਾਰਨੇ ਜਾਤਾ ਹੂੰ॥ਸਚਾ ਨਾਮ ਸਦਾ ਨਿਰਮਲ ਹੈ ਪਰੰਤੂ ਗੁਰੋਂ ਕੇ ਉਪਦੇਸ ਵਾਲੋਂ ਨੇ ਮਨ ਮੈਂ ਵਸਾਯਾ ਹੈ ॥

ਆਪੇ ਗੁਰ ਦਾਤਾ ਕਰਮ ਬਿਧਾਤਾ ॥ ਸੇਵਕ ਸੇਵਹਿ ਗੁਰ ਮੁਖਿ ਹਰਿ ਜਾਤਾ ॥

ਆਪਹੀ ਕਰਮ ਫਲ ਪ੍ਰਦਾਤਾ ਹੋ ਕੈਸੇ(ਗੁਰ)ਵਡਾ ਦਾਤਾਹੈ ਜੋਸੇਵਕਹੋਕਰ ਸੇਵਤੇਹੈਂਤਿਨ ਗੁਰਮੁਖੋਂਨੇਤਿਸਹਰੀਕੋਜਾਨਿਆਹੈ।

ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥ ੨ ॥

ਅੰਮ੍ਰਿਤ ਰੂਪ ਨਾਮੋ ਕੋ ਪਇ ਕਰ ਸਦਾ ਭਗਤ ਜਨ ਸੋਭਤੇ ਹੈਂ ਭਾਵ ਜੀਵਨ ਮੁਕਤ ਹੂਏ ੨ ਬਿਚਰਤੇ ਹੈਂ ਔਰ ਪੂਰੇ ਗੁਰੋਂ ਕੀ ਸਿਖਿਆ ਲੇਕਰ ਹਰੀ ਰਸ ਕੋ ਪਾਵਤੇ ਹੈਂ ॥ ੨ ॥

ਇਸ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ ਪੂਰੇ ਗੁਰਿ ਹਉਮੈ ਭਰਮੁ ਚੁਕਾਇਆ ॥

ਇਸ ਦੇਹ ਗੁਫਾ ਮੈਂ ਅੰਤਹਕਰਣ ਰੂਪੀ ਏਕ ਥਾਨ ਸੋਭ ਰਹਾ ਹੈ ॥ ਭਾਵ ਪੰਚ ਭੂਤੋਂ ਕੀ ਮਿਸ੍ਰਤ ਸੱਤੋ ਅੰਸ ਸੇ ਉਤਪਤੀ ਹੈ ਅੰਤਹਕਰਣ ਕੀ ਇਸ ਤੇ ਸੋਭਨੀਕ ਕਹਾ ਹੈ ॥ ਤਿਸ ਮੈਂ ਸੇ ਪੂਰੇ ਗੁਰੋਂ ਨੇ ਜਿਨਕਾ ਹੰਤਾ ਮਮਤਾ ॥ ਪੁਨ ਭਰਮੁ ਉਠਾ ਦੀਆ ਹੈ ॥

ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥ ੩ ॥

ਸੋ ਰਾਤ ਦਿਨ ਪ੍ਰੇਮ ਮੈਂ ਰਤੇ ਹੂਏ ਨਾਮ ਜਪਤੇ ਹੈਂ ॥ ਐਸੇ ਜੋ ਗੁਰੂ ਹੈਂ ਤਿਨਕੀ ਕ੍ਰਿਪਾ ਸੇ ਨਾਮ ਪਾਇਆ ਹੈ ॥ ੩ ॥

ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥

ਗੁਰੋਂ ਕੇ ਉਪਦੇਸ਼ ਕਰਕੇ ਇਸ ਗੁਫਾ ਮੈਂ ਐਸਾ ਵਿਚਾਰ ਕਰੇ ਕਿ ਜਿਸਕਾ ਨਾਮ ਨਿਰੰਜਨ ਮੁਰਾਰੀ ਹੈ ਸੋ ਅੰਤਰ ਹੀ ਵਸਤਾ ਹੈ ॥

Digitized by Panjab Digital Library | www.panjabdigilib.org

ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥ ੪ ॥

ਗੁਰੋਂ ਕੇ ਉਪਦੇਸ਼ ਕਰ ਹਰੀ ਕੇ ਸੋਭਨੀਕ ਗੁਣ ਗਾਵਤੇ ਹੈਂ ॥ ਪੁਨਾ ਪਜਾਰੇ ਕੇ ਸਾਥ ਮਿਲ ਕਰ ਸੁਖ ਪਾਇਆ ਹੈ ॥ ੪ ॥

ਜਮ ਜਾਗਾਤੀ ਦੂਜੈ ਭਾਇ ਕਰੁ ਲਾਏ ॥ ਨਾਵਹੁ ਭੂਲੇ ਦੇਇ ਸਜਾਏ ॥

ਜਮ ਰੂਪ ਜਗਾਤੀਆਂ ਦੂਜੇ ਭਾਵ ਵਾਲਿਓਂ ਪਰ (ਕਰੁ) ਡੰਡ ਲਾਵਤੇ ਹੈਂ ॥ ਨਾਮ ਸੇ ਭੂਲਿਓਂ ਹੂਆ ਕੋ ਦੰਡ ਦੇਤਾ ਹੈ ॥

ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥ ੫ ॥

ਜਮਦੂਤ ਦੂਜੇ ਭਾਵ ਵਾਲੇ ਮਨਮੁਖੋਂ ਕਾ ਘੜੀ ਅਧੀ ਘੜੀ ਕਾ ਲੇਖਾ ਰਤੀ ਮਾਸਾ ਤੋਲਾ ਭਾਵ ਹਿਸਾਬ ਥੋੜਾ ਬਹੁਤਾ ਜੋਪਾਪ ਕੀਆ ਹੂਆ ਹੋਤਾ ਹੈ ਸੋ ਲੇਤਾ ਹੈ॥ਤਿਸ ਪਰ ਕਹਿਤੇ ਹੈਂ ॥ ੫ ॥

ਪੇਈਅੜੈ ਪਿਰੁ ਚੇਤੈ ਨਾਹੀ ॥ ਦੂਜੈ ਮੁਠੀ ਰੋਵੈ ਧਾਹੀ ॥

ਪੇਕੇ ਅਰਥਾਤ ਇਸ ਲੋਕ ਮੈ ਜੀਵ ਰੂਪੀ ਇਸਤ੍ਰੀ ਪਤੀ ਪਰਮੇਸ੍ਰਰ ਕੋ ਸਿਮਰਤੀ ਨਹੀਂ। ਦ੍ਵੈਤ ਭਾਵ ਕਰ ਠਗੀ ਹੂਈ ਧਾਹਾਂ ਮਾਰਕਰ ਰੁਦਨ ਕਰਤੀ ਹੈ ॥

ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ॥੬॥

ਅਤੀ ਨਿੰਦਤ ਹੈਂ ਪੁਨਾ ਕਰੂਪ ਭਾਵ ਰਿਦੇ ਕੀ ਸਫਾਈ ਤੇ ਰਹਤ ਹੈਂ ਔਰ ਖੋਟੇ ਲਖਣਾਂ ਵਾਲੀ ਹੈ।ਸੁਪਨੇ ਭੀ ਅਰਥਾਤ ਕਭੀ ਪਤੀ ਕੋ ਨਹੀਂ ਪਾਵਤੀ ਹੈ ॥੬॥

ਪੇਈਅੜੈ ਪਿਰੁ ਮੰਨਿ ਵਸਾਇਆ ॥ ਪੂਰੈ ਗੁਰਿ ਹਦੂਰਿ ਦਿਖਾਇਆ ॥

ਜਿਸਨੇ ਇਸ ਲੋਕ ਮੈ ਪਤੀ ਕੋ ਮਨਮੈ ਵਸਾਇਆ ਹੈ ਪੁਨਃ ਤਿਸਕੋ ਪੂਰੇ ਗੁਨੋਂ ਨੇ ਹਦੂਰ ਦਿਖਾਇਆ ਹੈ ॥

ਕਾਮਣਿ ਪਿਰੁ ਰਾਖਿਆ ਕੰਠਿ ਲਾਇ ਸਬਦੈ ਪਿਰੁ ਰਾਵੈ ਸੇਜ ਸੁਹਾਵਣਿਆ ॥ ੭ ॥

ਤਿਸ ਜੀਵ ਰੂਪੀ ਇਸਤ੍ਰੀ ਨੇ ਪਤੀ ਕੋ ਕੰਠ ਕੇ ਸਾਥ ਲਗਾਇ ਰਾਖਿਆ ਹੈ ਭਾਵ ਏਹ ਕਿ ਅਭੇਦ ਚਿੰਤਨ ਕਰਤੀ ਹੈ। ਗੁਰੋਂ ਕੇ ਉਪਦੇਸ਼ ਕਰ ਪਤੀ ਕੇ ਅਨੰਦ ਕੋ ਭੋਗਤੀ ਹੈ ਯਾਂਤੇ ਤਿਸਕੀ ਅੰਤਹ ਕਰਣ ਰੂਪੀ ਸਿਹਜਾ ਸੋਭਤੀ ਹੈ ॥

ਆਪੇ ਦੇਵੈ ਸਦਿ ਬੁਲਾਏ ॥ ਆਪੁਣਾ ਨਾਉ ਮੰਨਿ ਵਸਾਏ ॥

ਆਪਹੀ ਬੁਲਾਇ ਕਰਕੇ(ਸਦਿ)ਸ੍ਰੇਸ਼ਟਤਾ ਦੇਤਾ ਹੈ ਭਾਵ ਏਹ ਕਿ ਸਤਸੰਗ ਮੈ ਬੁਲਾਇ ਕਰ ਆਪਹੀ ਦੈਵੀ ਗੁਣ ਦੇਤਾ ਹੈ ॥

Digitized by Panjab Digital Library | www.panjabdigilib.org

ਪੁਨਾ ਆਪਣਾ ਨਾਮ ਮਨ ਸੇ ਵਸਾਵਤਾ ਹੈ॥

ਨਾਨਕ ਨਾਮੁ ਮਿਲੈ ਵਡਿਆਈ ਅਨਦਿਨੁ ਸਦਾ ਗੁਣ ਗਾਵਣਿਆ ॥ ੮ ॥ ੨੮ ॥ ੨੯ ॥

ਸ੍ਰੀ ਗੁਰੂਜੀ ਕਹਤੇ ਹੈਂ ਜਿਨੋਂ ਕੋ ਨਾਮ ਸੇ ਵਡਿਆਈ ਹੈ ਸੋ ਰਾਤ ਦਿਨ ਸਦੀਵ ਹਰੀ ਕੇ ਗੁਣੋਂ ਕੋ ਗਾਵਤੇ ਹੈਂ ॥ ੮ ॥੨੮॥੨੯

ਮਾਝ ਮਹਲਾ ੩ ॥ ਊਤਮ ਜਨਮੁ ਸੁਥਾਨਿ ਹੈ ਵਾਸਾ ॥ ਸਤਿਗੁਰ ਸੇਵਹਿ ਘਰ ਮਾਹਿਉਦਾਸਾ ॥

ਵਾਹਗੁਰੂ ਨੇ(ਊਤਮ)ਮਾਨੁਖ ਜਨਮ ਦੀਆ ਹੈ ਔਰ(ਸੁਥਾਨ) ਭਾਰਥ ਖੰਡ ਮੈ ਵਾਸ ਹੂਆ ਹੈ। ਐਸੇ ਜਾਨ ਕਰ ਸਤਗੁਰੋਂ ਕੋ ਸੇਵਤੇ ਹੈਂ ਘਰ ਮੈ ਰਹਤੇ ਹੀ ਵਾ ਦੇਹ ਘਰ ਮੈ ਰਹਤੇ ਇਨਸੇ ਉਦਾਸ ਰਹਤੇ ਹੈਂ॥

ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨੁ ਤ੍ਰਿਪਤਾਵਣਿਆ ॥ ੧ ॥

ਹਰੀ ਰੰਗੀ ਕੇ (ਰੰਗ) ਪ੍ਰੇਮ ਕਰ ਸਦਾ ਮਸਤ ਰਹਤੇ ਹੈਂ। ਔਰ ਹਰੀ ਰਸ ਕਰ ਤਿਨਕਾ ਮਨ ਤ੍ਰਿਪਤ ਰਹਤਾ ਹੈ ॥ ੧ ॥

ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥ ਗੁਰਮੁਖਿ
ਪੜਹਿ ਹਰਿਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥ ੧ ॥ ਰਹਾਉ ॥

ਜੋ ਸ਼ਾਸਤ੍ਰ ਪੜ ਪੜ ਕਰ ਤਿਨਕੇ ਸਿਧਾਂਤ ਕੋ ਸਮਝ ਕਰ ਮਨਮੈ ਵਸਾਵਤੇ ਹੈਂ ਮੈ ਤਿਨਕੇ ਮਨ ਤਨ ਕਰ ਵਾਰਨੇ ਜਾਤਾ ਹੂੰ ਗੁਰਮੁਖਿ ਪੜਤੇ ਹੈਂ ਪੁਨਾ ਸੋ ਹਰੀ ਨਾਮਕੋ ਸਲਾਹੁਤੇ ਹੈਂ ਪੁਨਾ ਸਚ ਕੇ ਦਰ ਸੋਭਾ ਪਾਵਤੇ ਹੈਂ ॥

ਅਲਖ ਅਭੇਉ ਹਰਿ ਰਹਿਆ ਸਮਾਏ॥ ਉਪਾਇਨ ਕੀਤੀ ਪਾਇਆ ਜਾਏ ॥

ਅਲਖ ਅਭੇਉ ਹਰੀ ਸਰਥ ਮੇ ਸਮਾ ਰਹਾ ਹੈ। ਔਰ ਕਿਸੀ ਉਪਾਇ ਕਰ ਪਾਇਆ ਨਹੀਂ ਜਾਤਾ ॥

ਕਿਰਪਾ ਕਰੇ ਤਾ ਸਤਿਗੁਰ ਭੇਟੈ ਨਦਰੀ ਮੇਲਿ ਮਿਲਾਵਣਿਆ ॥ ੨ ॥

ਜੇਕਰ ਆਪਹੀ ਵਾਹਗੁਰੂ ਕ੍ਰਿਪਾ ਕਰੇਤੋ ਸਤਗੁਰੂ ਮਿਲੇ ਔਰ ਵਹੁ ਗੁਰੂ (ਨਦਰੀ) ਵਾਹਗੁਰੂਕੇਸਾਥ ਮਿਲਾਉਣੇਵਾਲਾਹੈ।੨॥

ਦੂਜੈ ਭਾਇ ਪੜੈ ਨਹੀ ਬੂਝੈ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥

ਜੋ ਦੂਜੈ ਭਾਇ ਕਰ ਸ਼ਾਸਤ੍ਰੋਂ ਕੋ ਪੜਤਾਹੈ ਸੋ ਧਰਮ ਅਧਰਮ ਕੋ ਨਹੀਂ ਸਮਝਤਾ ਤ੍ਰਿਗੁਨੀ ਮਾਇਆ ਵਾਸਤੇ (ਲੂਝੈ) ਝਗੜਤਾ ਹੈ ॥

ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥ ੩ ॥

ਤ੍ਰਿਗੁਨੀ ਅਰਥਾਤ ਮਾਇਆ ਕ੍ਰਿਤ ਬੰਧਨ ਗੁਰ ਉਪਦੇਸ਼ ਕਰ ਤੂਟਤੇ ਹੈਂ ॥ ਔਰ ਗੁਰ ਉਪਦੇਸ਼ੀ

Digitized by Panjab Digital Library | www.panjabdigilib.org

ਆਪ ਮੁਕਤੇ ਹੈਂ ਔਰੋਂ ਕੋ ਸਾਧਨਾ ਦੁਆਰਾ ਮੁਕਤ ਕਰਾਵਤੇ ਹੈਂ ॥ ੩ ॥

ਇਹੁ ਮਨੁ ਚੰਚਲੁ ਵਸਿ ਨਾ ਆਵੈ ॥ ਦੁਬਿਧਾ ਲਾਗੈ ਦਹਦਿਸਿ ਧਾਵੈ ॥

ਇਹ ਮਨ ਚੰਚਲ ਵਸ ਨਹੀਂ ਆਵਤਾ ਕਿਉਂਕਿ ਦੁਬਧਾ ਮੈਂ ਲਾਗਾ ਹੂਆ ਬਹੁਤ ਪ੍ਰਕਾਰ ਧਾਵਤਾ ਹੈ ॥

ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥ ੪ ॥

ਤੀਨ ਕਾਲ ਮੈਂ ਵਿਖੇ ਰੂਪ ਵਾ ਮੰਦ ਕਰਮ ਰੂਪ ਜ਼ਹਰ ਕਾ ਕੀਟ ਹੂਆ ਹੂਆ ਪਚ ਰਹਾ ਹੈ ॥ ੪ ॥

ਹਉ ਹਉ ਕਰੇ ਤੈ ਆਪੁ ਜਣਾਏ ॥ ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥

ਅਰ ਜੋ ਪੁਰਸ ਹੰਤਾ ਮਮਤਾ ਕਰਕੇ ਆਪਣਾ ਆਪ ਜਨਾਵਤਾ ਹੈ ਸੋ ਪੁਰਸ ਬਹੁਤ ਪ੍ਰਕਾਰ ਕਰਮ ਕਰਤਾ ਹੈ ਪਰੰਤੂ ਕਿਛ ਠਾਇ ਨਹੀਂ ਪੜਤਾ ਹੈ ॥ ਅਰਥਾਤ ਮੋਖ ਰੂਪ ਫਲ ਕੋ ਨਹੀਂ ਪਾਵਤਾ ਹੈ ॥

ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ ॥ ੫ ॥

ਐਸੇ ਪ੍ਰਾਰਥਨਾ ਕਰੇ ਹੇ ਪਰਮੇਸ੍ਰਰ ਤੇਰੇ ਹੁਕਮ ਸੇ ਬਾਹਰ ਕਛੁ ਨਹੀਂ ਹੋਤਾ ਹੈ ਜੋ ਗੁਰ ਉਪਦੇਸ਼ ਕਰ ਸੋਭ ਰਹੇ ਹੈਂ ਸੋ ਤੈਨੇ ਬਖਸ਼ੇ ਹੈਂ ॥ ੫ ॥

ਉਪਜੈ ਪਚੈ ਹਰਿ ਬੂਝੈ ਨਾਹੀ ॥ ਅਨਦਿਨੁ ਦੂਜੈ ਭਾਇ ਫਿਰਾਹੀ ॥

ਜੋ ਹਰੀ ਕੋ ਨਹੀਂ ਸਮਝਤਾ ਸੋ ਉਪਜ ਕੇ ਵਾਸਨਾ ਰੂਪੀ ਅਗਨੀ ਮੈਂ (ਪਚ) ਜਲਤਾ ਹੈ ॥ ਰਾਤ ਦਿਨ ਦੂਜੇ ਭਾਇ ਮੈਂ ਲਗਾ ਫਿਰਤਾ ਹੈ ॥

ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ ॥ ੬ ॥

ਮਨਮੁਖ ਕਾ ਜਨਮ ਬਿਅਰਥ ਗਯਾ ਹੈ ॥ ਅੰਤ ਕੋ ਪਸਚਾਤਾਪ ਕਰਤਾ ਹੂਆ ਗਯਾ ਹੈ ॥ ੬ ॥

ਪਿਰੁ ਪਰਦੇਸਿ ਸਿੰਗਾਰੁ ਬਣਾਏ ਮਨਮੁਖ ਅੰਧੁ ਐਸੇ ਕਰਮ ਕਮਾਏ ॥

ਮਨਮੁਖ ਅੰਧੇ ਐਸੇ ਕਰਮ ਕਰਾਵਤੇ ਹੈਂ ਜੈਸੇ ਪਤੀ ਪਰਦੇਸ ਹੋ ਇਸਤ੍ਰੀ ਬਹੁਤ ਸਿੰਗਾਰ ਬਣਵੇ ਭਾਵ ਏਹਿ ਕਿ ਪਰਦੇਸ ਪਤੀ ਵਾਲੀ ਕਾ ਇਸਤ੍ਰੀ ਕਾ ਸਿੰਗਾਰ ਬਿਅਰਥ ਹੈ ॥ ਤੈਸੇ ਹੀ ਮਨਮੁਖੋਂ ਕੇ ਸਭ ਕਰਮ ਬਯਰਥ ਹੈਂ ॥

ਹਲਤਿ ਨ ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ ॥ ੭ ॥

ਇਸ ਲੋਕ ਮੈਂ ਸੋਭਾ ਨਹੀਂ ॥ ਪੁਨਾ ਪਰਲੋਕ ਮੈਂ ਪਰਮੇਸਰ ਕੇ (ਢੋਈ) ਸਮੀਪਤਾ ਵਾ ਆਦਰ ਨਹੀਂ ਹੋਤਾ ਬਿਰਥਾ

Digitized by Panjab Digital Library | www.panjabdigilib.org

ਜਨਮ ਗਵਾਵਤੇ ਹੈਂ ॥ ੭ ॥

ਹਰਿ ਕਾ ਨਾਮੁ ਕਿਨੈ ਵਿਰਲੈ ਜਾਤਾ ॥ ਪੂਰੈ ਗੁਰ ਕੈ ਸਬਦਿ ਪਛਾਤਾ ॥

ਹਰੀ ਕਾ ਨਾਮ ਕਿਸੇ ਵਿਰਲੇ ਨੇ ਹੀ ਜਾਣਿਆ ਹੈ ॥ ਜਿਸਨੇ ਪੂਰੇ ਗੁਰੋਂ ਕੇ ਉਪਦੇਸ਼ ਕੋ ਪਛਾਣਿਆ ਹੈ ॥

ਅਨਦਿਨੁ ਭਗਤਿ ਕਰੇ ਦਿਨੁ ਰਾਤੀ ਸਹਜੇ ਹੀ ਸੁਖੁ ਪਾਵਣਿਆ ॥ ੮ ॥

ਦਿਨਰਾਤ ਨਿਰੰਤ੍ਰ ਭਗਤੀ ਕਰਤੇ ਹੈਂ ਯਤੇ ਸੁਤੇ ਹੀ ਸੁਖ ਪਾਵਤੇ ਹੈਂ ॥ ੮ ॥

ਸਭ ਮੈ ਵਰਤੈ ਏਕੋ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥

ਸੋ ਏਕ ਹੀ ਪਰਮਾਤਮਾਂ ਸਰਬ ਮੇਂ ਵਰਤ ਰਹਾ ਹੈ ਪਰੰਤੂ ਗੁਰੋਂ ਦੁਆਰਾ ਕੋਈ ਵਿਰਲਾ ਹੀ ਬੂਝਤਾ ਹੈ ॥

ਨਾਨਕ ਨਾਮਿ ਰਤੇ ਜਨ ਸੋਹਹਿ ਕਰਿ ਕਿਰਪਾ ਆਪਿ ਮਿਲਾਵਣਿਆ ॥ ੯ ॥ ੨੯ ॥ ੩੦ ॥

ਸ੍ਰੀ ਗੁਰੂ ਜੀ ਕਹਤੇ ਹੈਂ ਜੋ ਨਾਮ ਮੇਂ ਰਤੇ ਹੈਂ ਸੋ ਪੁਰਸ ਸੋਭਤੇ ਹੈਂ ਪਰੰਤੂ ਆਪ ਹੀ ਕ੍ਰਿਪਾ ਕਰਕੇ ਮਿਲਾਵਤਾ ਹੈ ॥ ੯ ॥ ੨੯ ॥ ੩੦ ॥

ਮਾਝ ਮਹਲਾ ੩ ॥

ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥

ਮਨਮੁਖ ਦੂਜੇ ਭਾਵ ਮੇਂ ਪੜਤੇ ਹੈਂ ਅਰ ਪੰਡਿਤ ਕਹਾਵਤੇ ਹੈਂ ॥ ਔ ਮਹਾ ਦੁਖ ਪਾਵਤੇ ਹੈਂ ॥

ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥ ੧ ॥

ਕਿਉਂਕਿ ਵਿਖਿਓਂ ਮੇਂ ਮਸਤ ਹੋਇਆਂ ਕੋ ਕੁਛ ਸੋਝੀ ਨਹੀਂ ਬਾਰੰਬਾਰ ਜੂਨੋਂ ਮੇਂ ਪ੍ਰਾਪਤਿ ਹੋਤੇ ਹੈਂ ॥ ੧ ॥

ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥ ਗੁਰ ਸੇਵਾ ਤੇ
ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥ ੧ ॥ ਰਹਾਉ ॥

ਜਿਨ੍ਹੋਂ ਨੇ ਹੰਕਾਰ ਕੋ ਮਾਰ ਕਰ ਮਨ ਕੋ ਵਾਹਿਗੁਰੂ ਕੇ ਸਾਥ ਮਿਲਾਇਆ ਹੈ ਮੈਂ ਤਿਨ ਕੇ ਵਾਰੇ ਵਾਰੇ ਜਾਤਾ ਹੂੰ ॥ ਗੁਰੋਂ ਕੀ ਸੇਵਾ ਸੇ ਹਰੀ ਨਾਮ ਮਨ ਮੇਂ ਵਸਤਾ ਹੈ ਔਰ ਹਰੀ ਨਾਮ ਰਸ ਕੋ ਸੁਤੇ ਹੀ ਪੀਵਤੇ ਪਿਲਾਵਤੇ ਹੈਂ ॥

ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦ ਵਖਾਣਹਿ ਮੋਹੇ ਮਾਇਆ ॥

ਵੇਦ ਕੋ ਪੜਤੇ ਭੀ ਹੈਂ ਪਰੰਤੂ ਤਿਨਕੋ ਹਰੀ ਕਾ ਰਸ ਨਹੀਂ ਆਇਆ ॥ ਕਿਉਂਕਿ ਮਾਇਆ ਕੇ ਮੋਹੇ ਹੂਏ ਬਿਅਰਥ ਹੀ

Digitized by Panjab Digital Library | www.panjabdigilib.org

ਵਾਕ ਵਾ ਵੈਰ ਝਗੜੇ ਕੀਆਂ ਕਥਾ ਕਰਤੇ ਹੈਂ ॥

ਅਗਿਆਨ ਮਤੀ ਸਦਾ ਅੰਧਿਆਰਾ ਗੁਰਮੁਖਿ ਬੂਝ ਹਰਿ ਗਾਵਣਿਆ ॥ ੨ ॥

ਅਗਿਆਨ ਬੁਧੀ ਵਾਲਿਓਂ ਕੋ ਸਦਾ ਅੰਧਕਾਰ ਹੈ ਔਰ ਗੁਰਮੁਖ ਸਾਸਤ੍ਰ ਕੇ ਸਿਧਾਂਤ ਕੋ ਸਮਝ ਕਰ ਹਰੀ ਜਸ ਕੋ ਗਾਵਤੇ ਹੈਂ ॥ ੨ ॥

ਅਕਥੋ ਕਥੀਐ ਸਬਦਿ ਸੁਹਾਵੈ ॥ ਗੁਰਮਤੀ ਮਨਿ ਸਚੋ ਭਾਵੈ ॥

ਗੁਰੋਂ ਕੇ ਉਪਦੇਸ਼ ਕਰ ਸੋਭਤੇ ਹੂਏ ਅਕਥ ਵਾਹਿਗੁਰੂ ਕੇ ਜਸ ਕੋ ਕਥਨ ਕਰਤੇ ਹੈਂ ॥ ਗੁਰਮਤੀਓਂ ਕੇ ਮਨ ਮੈਂ ਸਚਾ ਹੀ ਭਾਵਤਾ ਹੈ ॥

ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥ ੩ ॥

ਨਿਰੰਤ੍ਰ ਸਚ ਹੀ ਸਚ ਉਚਾਰਤੇ ਹੈਂ ॥ ਔਰ ਇਹ ਆਪਨਾ ਮਨ ਸਚ ਮੈਂ ਰੰਗਾਇਆ ਹੈ ॥ ੩ ॥

ਜੋ ਸਚਿ ਰਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛੋਤਾਵੈ ॥

ਜੋ ਸਚ ਮੈਂ ਰਤੇ ਹੈਂ ਤਿਨਕੋ ਸਚ ਹੀ ਭਾਵਤਾ ਹੈ ॥ ਜਿਸਕੋ ਸਚ ਆਪ ਵਾਹਗੁਰੂ ਦੇਤਾ ਹੈ ਵਹੁ ਪਸਚਾਤਾਪ ਨਹੀਂ ਕਰਤਾ ॥

ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥ ੪ ॥

ਜਿਨ੍ਹੋਂ ਨੇ ਗੁਰੋਂ ਕੇ ਉਪਦੇਸ਼ ਕਰ ਸਦਾ ਸਚ ਕੋ ਜਾਣਿਆ ਹੈ ਸੋ ਸਚੇ ਕੋ ਮਿਲ ਕਰ ਸੁਖ ਪਾਵਤੇ ਹੈਂ ॥ ੪ ॥

ਕੂੜ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥

ਝੂਠ ਤਥਾ (ਕੁਸਤ) ਖੋਟੇ ਹਦ ਰੂਪ ਤਿਨਕੋ ਮੈਲ ਨਹੀਂ ਲਾਗਤੀ ॥ ਗੁਰੋਂ ਕੀ ਕਿਰਪਾ ਸੇ ਨਿਰੰਤ੍ਰ ਭਜਨ ਮੈਂ ਜਾਗੇ ਹੈਂ ॥

ਨਿਰਮਲੁ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥ ੫ ॥

ਤਿਨਕੇ ਰਿਦੇ ਮੈਂ ਨਿਰਮਲ ਨਾਮ ਵਸਤਾ ਹੈ ਅਰ ਤਿਨਕੀ ਜੋਤ ਜੋਤੀ ਮੈਂ ਮਿਲੀ ਹੈ ॥ ੫ ॥

ਤ੍ਰੈਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੂਲੇ ਗੁਰ ਸਬਦੁ ਨ ਪਛਾਣਹਿ ॥

ਤ੍ਰਿਗੁਣੀ ਜੀਵ ਪੜਤੇ ਹੈਂ ਪਰੰਤੂ ਹਰੀ ਤੱਤ੍ਰ ਸਰੂਪ ਕੋ ਨਹੀਂ ਜਾਣਤੇ ॥ ਪੁਨਾ (ਮੂਲ) ਬ੍ਰਹਮ ਰੂਪ ਤੇ ਭੂਲੇ ਹੈਂ ਕਿਉਂ ਕਿ ਗੁਰੋਂ ਕਾ ਉਪਦੇਸ਼ ਨਹੀਂ ਪਛਾਣਤੇ ॥

ਮੋਹਿ ਬਿਆਪੇ ਕਿਛੁ ਸੂਝੈ ਨਾਹੀ ॥ ਗੁਰ ਸਬਦੀ ਹਰਿ ਪਾਵਣਿਆ ॥ ੬ ॥

Digitized by Panjab Digital Library | www.panjabdigilib.org

ਸੋ ਮੋਹ ਕੇ ਸੰਜੁਗਤ ਹੈਂ ਕੁਛ ਸੂਝਤਾ ਨਹੀਂ ਜੋ ਗੁਰ ਸਬਦੀ ਹੈਂ ਤਿਨ੍ਹੰ ਨੇ ਹਰੀ ਕੋ ਪਾਇਆ ਹੈ ॥ ੬ ॥

ਵੇਦ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥

ਤ੍ਰਿਗੁਣ ਰੂਪ ਮਾਇਆ ਵਾਸਤੇ ਬੇਦ ਪੜਤੇ ਹੈਂ । ਮਨਮੁਖ ਦੂਜੈ ਭਾਵ ਕਰ ਪਰਮੇਸ੍ਰਰ ਕੋ ਨਹੀਂ ਸਮਝਤੇ ॥

ਤ੍ਰੈਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੈ ਦੁਖੁ ਪਾਵਣਿਆ ॥ ੭ ॥

ਤੀਨਗੁਣ ਰੂਪ ਮਾਇਆ ਵਾਸਤੇ ਬੇਦ ਪੜਤੇ ਹੂਏ ਏਕ ਰੂਪ ਹਰੀ ਕੋ ਨਹੀਂ ਜਾਨਤੇ ਜਾਨੇ ਬਿਨਾਂ ਦੁਖ ਪਾਵਤੇ ਹੈਂ ॥ ੭ ॥

ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖੁ ਚੁਕਾਏ ॥

ਜਾ ਤਿਸ ਵਾਹਗੁਰੂ ਕੋ ਭਾਵੈ ਤਾਂ ਆਪ ਗੁਰੂ ਮਿਲਾਵਤਾ ਹੈ ॥ ਗੁਰ ਉਪਦੇਸ਼ ਵਾਲਾ ਸਹਸਾ ਔਰ ਦੁਖ ਕੋ ਚੁਕਦੇਤਾ ਹੈ ॥

ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥ ੮ ॥ ੩੦ ॥ ੩੧ ॥

ਸ੍ਰੀ ਗੁਰੂ ਜੀ ਕਹਤੇ ਹੈਂ ਨਾਮ ਕੀ ਵਡਿਆਈ ਸਚੀ ਹੈ ਨਾਮ ਕੋ ਮੰਨ ਕਰ ਜੀਵ ਸੁਖ ਪਾਵਤੇ ਹੈਂ ॥ ੮ ॥ ੩੦ ॥ ੩੧ ।

ਮਾਝ ਮਹਲਾ ੩ ॥ ਨਿਰਗੁਣੁ ਸਰਗੁਣ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥

ਸੋ ਪ੍ਰਭ ਆਪ ਹੀ ਨਿਰਗੁਣ ਤਥਾ ਸਰਗੁਣ ਸਰੂਪ ਹੈ । ਤਿਸ ਕੇ ਤਤ ਕੋ ਜੋ ਪਛਾਣੇ ਸੋ ਪੰਡਤ ਹੋਤਾ ਹੈ ॥

ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮ ਮੰਨਿ ਵਸਾਵਣਿਆ ॥ ੧ ॥

ਹਰੀ ਕਾ ਨਾਮ ਮਨ ਮੈਂ ਵਸਾਵਣੇ ਸੇ ਆਪ ਤਰ ਕੇ ਸਭ ਕੁਲ ਕੋ ਤਾਰਤਾ ਹੈ ॥ ੧ ॥

ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥ ਹਰਿ ਰਸੁ
ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥ ੧ ॥ ਰਹਾਉ ॥

ਮੈਂ ਤਿਨਕੇ ਉਪਰ ਸੇ ਮਨ ਤਨ ਕਰ ਵਾਰਨੇ ਜਾਤਾ ਹੂੰ ਜੋ ਹਰੀ ਰਸ ਕੋ ਚਾਖ ਕਰ (ਰਸ) ਅਨੰਦ ਲੇਤੇ ਹੈਂ ਜੋ ਹਰੀ ਰਸ ਕੋ ਚਾਖਤੇ ਹੈਂ ਸੋ ਨਿਲਮਲ ਹੈਂ ਔਰ ਨਿਰਮਲ ਨਾਮ ਕੋ ਧਿਆਵਤੇ ਹੈਂ ॥

ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥

ਜੋ ਗੁਰੋਂ ਕੇ ਸ਼ਬਦ ਕੋ ਵੀਚਾਰੇ ਸੋ ਪੁਰਸ ਕਰਮ ਕਰਤਾ ਨਿਹਕਰਮੀ ਹੈ॥ ਜੋ ਹੰਕਾਰ ਕੋ ਮਾਰੇ ਤਿਸਕੇ ਰਿਦੇ ਮੈ ਜਥਾਰਥ ਗਯਾਨ ਹੋਤਾ ਹੈ ॥

Digitized by Panjab Digital Library | www.panjabdigilib.org

ਨਾਮੁ ਪਦਾਰਥ ਨਉ ਨਿਧ ਪਾਏ ਤ੍ਰੈ ਗੁਣਿ ਮੇਟਿ ਸਮਾਵਣਿਆ ॥ ੨ ॥

ਪੁਨਾ ਨਾਮ ਪਦਾਰਥ ਕਰ ਨਉ ਨਿਧੀਆਂ ਕੋ ਪਾਵਤਾ ਹੈ॥ਔਰ ਤੀਨ ਗੁਨੋਂ ਕੋ ਮੇਟ ਕਰ ਪ੍ਰਮੇਸ੍ਵਰ ਮੈ ਸਮਾ ਜਾਤਾ ਹੈ॥੨॥

ਹਉਮੈ ਕਰੈ ਨਿਹ ਕਰਮੀ ਨ ਹੋਵੈ ॥ ਗੁਰ ਪ੍ਰਸਾਦੀ ਹਉਮੈ ਖੋਵੈ ॥

ਜੋ ਹੰਕਾਰ ਸਹਤ ਕਰਮ ਕਰਤਾ ਹੈ ਸੋ ਨਿਹਕਰਮੀ ਨਹੀਂ ਹੋਤਾ ॥ਪ੍ਰਸ਼੍ਨ॥ ਨਿਹਕਰਮੀ ਕਬ ਹੋਤਾ ਹੈ? ਉਤ੍ਰ ॥ ਜਬ ਗੁਰੋਂਕੀ ਕ੍ਰਿਪਾ ਕਰਕੇ ਹੰਤਾ ਮਮਤਾ ਗੁਵਾਇ ਦੇਵੇ ॥

ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ॥ ਗੁਰ ਸਬਦੀ ਗੁਣ ਗਾਵਣਿਆ ॥ ੩ ॥

ਔਰ ਅੰਤਰਿ ਬਿਬੇਕ ਧਾਰ ਕਰ ਸਦਾ ਅਪਨੇ ਸਰੂਪ ਕਾ ਬੀਚਾਰ ਕਰੇ ਪੁਨਾ ਗੁਰ ਉਪਦੇਸ਼ ਕਰ ਗੁਨ ਗਾਵੇ ॥ ੩ ॥

ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥

ਜੋ ਹਰੀ ਕੇ ਸੰਤੋਂ ਕਾ ਮੇਲਾ ਹੈ ਸੋ ਮਾਨ ਸਰੋਵਰ ਕੇ (ਸਰ) ਸਮ ਹੈ ਤਿਸ ਸੰਸਾਰ ਸਾਗਰ ਮੈ ਸੰਤ ਗੁਨ ਰੂਪ ਮੋਤੀ ਨਿਤ ਹੀ ਚੁਗਤੇ ਹੈਂ ਯਾਂਤੇ ਤਿਨਕੀ ਬੁਧੀ ਗੁਰੂ ਕੇ ਸਨਮੁਖਿ ਹੋਈ ਹੈ॥

ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲ ਚੁਕਾਵਣਿਆ ॥ ੪ ॥

ਕਥਾ ਕੀਰਤਨ ਰੂਪ ਜਲ ਮੈਂ ਸਦਾ ਨਿਰੰਤ੍ਰ ਮਜਨ ਕਰਤੇ ਹੈਂ ਅਰ ਹੰਕਾਰ ਮੈਲ ਕੋ ਚੁਕਾਇਆ ਹੈ ॥ ੪ ॥

ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥

ਵਹੁ ਅਧਿਕਾਰੀ ਰੂਪੀ ਹੰਸ ਸੰਤ ਅਸੱਤ ਕੇ ਬਿਬੇਕੀ ਜਿਨਕਾ ਪ੍ਰੇਮ ਮੈ ਹੀ ਪਿਆਰ ਹੈ ਸੋ ਨਿਰਮਲ ਹੈਂ ॥ ਹੰਕਾਰ ਕੋ ਮਾਰ ਕਰ ਹਰੀ ਸਰ ਭਾਵ ਸਤਸੰਗ ਮੈ ਵਸਤੇ ਹੈਂ ॥

ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥ ੫ ॥

ਜੋ ਹਰੀ ਸਰ ਮੈ ਵਾਸਾ ਪਾਵਣੇ ਵਾਲੇ ਹੈਂ ਤਿਨਕੀ ਸਚੈ ਸਬਦ ਮੈ ਰਾਤ ਦਿਨ ਪ੍ਰੀਤੀ ਲਗੀ ਹੈ ॥ ੫ ॥

ਮਨਮੁਖ ਸਦਾ ਬਗੁ ਮੈਲਾ ਹਉ ਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ॥

ਮਨਮੁਖ ਬਗਲਾ ਸਦਾ ਮੈਲਾ ਹੈ ਕਿਉਂਕਿ ਹੰਕਾਰ ਕੀ ਮੈਲ ਲਾਈ ਹੈ ਯਦਪਿ ਸਤਿਸੰਗ ਮੈ ਜਾਕਰ ਕਥਾ ਕੀਰਤਨ ਸੁਣਨ ਰੂਪ ਇਸਨਾਨ ਭੀ ਕਰਤਾ ਹੈ ਪਰੰਤੂ ਮੈਲ ਨਹੀਂ ਜਾਤੀ ॥

Digitized by Panjab Digital Library | www.panjabdigilib.org

ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥ ੬ ॥

ਜੋ ਗੁਰ ਸਬਦ ਕੋ ਵੀਚਾਰ ਕਰ ਜੀਵ ਭਾਵ ਤੇ ਮਰੇ ਹੈਂ ਤਿਨੋਂ ਨੇ ਹੌਕਾਰ ਮੈਲ ਕੋ ਗਵਾਇਆ ਹੈ ॥ ੬ ॥

ਰਤਨ ਪਦਾਰਥੁ ਘਰ ਤੇ ਪਾਇਆ ॥ ਪੂਰੇ ਸਤਿਗੁਰ ਸਬਦਿ ਸੁਣਾਇਆ ॥

ਜਬ ਪੂਰੇ ਸਤਿਗੁਰੋਂ ਨੇ ਉਪਦੇਸ ਸੁਣਾ ਦੀਆ ਤਬ (ਰਤਨ ਪਦਾਰਥੁ) ਉਤਮ ਪਦਾਰਥ ਭਾਵ ਆਤਮ (ਘਰ) ਰਿਦੇ ਸੇ ਹੀ ਪਾਇਆ ਹੈ ॥

ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣਿ ਆਪੁ ਪਛਾਨਣਿਆ ॥ ੭ ॥

ਗੁਰੋਂ ਕੀ ਕ੍ਰਿਪਾ ਸੇ ਅਗਯਾਨ ਅੰਧੇਰਾ ਮਿਟ ਗਯਾ ਗਯਾਨ ਕੋ ਪ੍ਰਗਾਸ ਕਰ (ਘਟਿ) ਰਿਦੇ ਮੇਂ ਅਪਨੇ ਸਰੂਪ ਕੋ ਪਛਾਨਿਆ ਹੈ ॥ ੭ ॥

ਆਪਿ ਉਪਾਏ ਤੈ ਆਪੇ ਦੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥

ਵਾਹਿਗੁਰੂ ਨੇ ਜੀਵ ਆਪ ਉਪਾਏ ਹੈਂ ਪੁਨਾ ਆਪਹੀ ਦੇਖ ਰਹਾ ਹੈ ॥ ਜੋ ਸਤਿਗੁਰੋਂ ਕੋ ਸੇਵਤਾ ਹੈ ਉਸ ਪੁਰਸ਼ ਕਾ ਕਰਮ ਲੇਖੈ ਮੇਂ ਹੈ ਭਾਵ ਏਹ ਕਿ ਕਰਤਬ ਸਫਲ ਹੈ ॥

ਨਾਨਕ ਨਾਮੁਵਸੈ ਘਟਿ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥ ੮ ॥ ੩੧ ॥ ੩੨ ॥

ਸ੍ਰੀ ਗੁਰੂਜੀ ਕਹਤੇ ਹੈਂ (ਨਾਮ) ਪ੍ਰਸਿਧ ਪਰਮੇਸ੍ਵਰ ਰਿਦੈ ਮੈ ਵਸਤਾ ਹੈ ॥ ਪਰੰਤੂ ਗੁਰੋਂ ਕੀ ਕ੍ਰਿਪਾ ਸੇ ਪ੍ਰਾਪਤ ਹੋਤਾ ਹੈ ॥ ੮ ॥ ੩੧ ॥ ੩੨ ॥

ਮਾਝ ਮਹਲਾ ੩ ॥ ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥

ਸਰਬ ਜਗਤ ਮਾਇਆ ਕਰ ਮੋਹਿਆ ਹੂਆ ਹੈ ਪੁਨਾ ਤ੍ਰਿਗੁਨੀ ਜੀਵ ਮਾਇਆ ਕਰ ਮੋਹੇ ਦੇਖੀਤੇ ਹੈਂ ॥

ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥ ੧ ॥

ਗੁਰੋਂਕੀ ਕ੍ਰਿਪਾ ਸੇ ਕੋਈ ਵਿਰਲਾ ਹੀ ਸਮਝਤ ਹੈ ਔਰ (ਚਉਥੈ ਪਦਿ) ਆਤਮਾ ਮੈ ਬਿਰਤੀ ਲਗਾਵਤਾ ਹੈ ॥ ੧ ॥

ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥ ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥ ੧ ॥ਰਹਾਉ॥

ਜੋ ਗੁਰੋਂ ਕੇ ਉਪਦੇਸ ਸੇ ਮਾਇਆ ਕਾ ਮੋਹੁ ਜਲਾਵਤੇ ਹੈਂ ਮੈਂ ਤਿਨਕੇ ਮਨ ਤਨ ਕਰ ਵਾਰਨੇ ਜਾਤਾ ਹੂੰ ॥ ਜੋ ਮਾਇਆ ਮੋਹੁ

Digitized by Panjab Digital Library | www.panjabdigilib.org

ਜਲਾਵਤਾ ਹੈ ਸੋ ਹਰੀ ਕੇ ਸਾਥ ਚਿੱਤ ਲਾਵਤਾ ਹੈ॥ਪੁਨਾ ਸੋ(ਮਹਲੀ) ਜਗਜਾਸੂ ਹਰੀ ਕੇ ਦਰ ਮੈ ਸੋਭਾ ਪਾਵਤਾ ਹੈ ॥

ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥

ਦੇਵੀ ਪੁਨਾ ਦੇਵਤਿਓਂ ਕਾ ਮੂਲ ਮਾਇਆ ਹੈ ਜਿਨ੍ਹੋਂ ਨੇ ਸਿੰਮ੍ਰਤੀਆਂ ਤਥਾ ਸਾਸਤ੍ਰੋਂ ਕੋ ਉਤਪਤ ਕੀਆ ਹੈ ॥

ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥ ੨ ॥

ਸੰਸਾਰ ਮੈ ਕਾਮ ਕ੍ਰੋਧੁ ਫੈਲਾ ਹੁਆ ਹੈ ਯਾਂਤੇ ਸੰਸਾਰੀ ਜੀਵ ਜਨਮਤੇ ਮਰਤੇ ਦੁਖ ਪਾਵਤੇ ਹੈਂ ॥ ੨ ॥

ਤਿਸੁ ਵਿਚਿ ਗਿਆਨੁ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥

ਤਿਸ ਸੰਸਾਰ ਮੈ ਇਕ ਗਿਆਨ ਰੂਪ ਰਤਨ ਪਾਇਆ ਹੈ ਜਿਨ੍ਹੋਂ ਪਰ ਗੁਰੋਂ ਕੀ ਕ੍ਰਿਪਾ ਹੋਈ ਹੈ ਤਿਨ੍ਹੋਂ ਨੇ ਮਨ ਮੈਂ ਵਸਾਇਆ ਹੈ ॥

ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥ ੩ ॥

ਜਤਸਤ ਸੰਜਮ ਸਹਤ ਹੋਕਰ ਸਚ ਰੂਪ ਪ੍ਰਮੇਸ੍ਵਰ ਕੀ ਭਗਤੀ ਕਮਾਵਤੇ ਹੈਂ ਗੁਰ ਪੂਰੇ ਦੁਆਰਾ ਨਾਮ ਕਾ ਧਿਆਵਣਾ ਕਰਤੇ ਹੈਂ ॥ ੩ ॥

ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥

ਜੋ ਜੀਵ ਰੂਪ ਇਸਤ੍ਰੀ ਇਸ ਲੋਕ ਮੈ ਭ੍ਰਮ ਕਰ ਅਪਨੇ ਸਰੂਪ ਤੇ ਭੁਲੀ ਹੁਈ ਹੈ ॥ ਸੋ ਦੂਜੇ ਭਾਵ ਮੈ ਲਗੀ ਹੁਈ ਫਿਰ ਪਛਤਾਈ ਹੈ ॥

ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥ ੪ ॥

ਤਿਸ ਨੇ ਲੋਕ ਪ੍ਰਲੋਕ ਦੋਨੋਂ ਗਵਾਏ ਹੈਂ ਔਰ ਸੁਪਨੇ ਮੈ ਭੀ ਸੁਖ ਨਹੀਂ ਪਾਇਆ ॥ ੪ ॥

ਪੇਈਅੜੈ ਧਨ ਕੰਤ ਸਮਾਲੇ ॥ ਗੁਰ ਪਰਸਾਦੀ ਵੇਖੈ ਨਾਲੇ ॥

ਜੋ ਜੀਵ ਰੂਪ ਇਸਤ੍ਰੀ ਇਸ ਲੋਕ ਮੈ ਪਤੀ ਕੋ ਸਮਾਲਤੀ ਅਰਥਾਤ ਸਿਮਰਤੀ ਹੈ ਸੋ ਗੁਰੋਂ ਕੀ ਕਿਰਪਾ ਸੇ ਪਤੀ ਕੋ ਸਾਥ ਦੇਖਤੀ ਹੈ ॥

ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰ ਬਣਾਵਣਿਆ ॥ ੫ ॥

ਪੁਨਾ ਸਹਜੇ ਹੀ ਪਤੀਕੇ ਪ੍ਰੇਮ ਮੈ ਰਤੀ ਰਹਤੀ ਹੈ ਗੁਰ ਉਪਦੇਸ ਕਾ ਸਿੰਗਾਰ ਬਣਾਇਆਹੈ ॥ ੫ ॥

Digitized by Panjab Digital Library | www.panjabdigilib.org

ਸਫਲੁ ਜਨਮੁ ਜਿਨਾ ਸਤਿ ਗੁਰੁ ਪਾਇਆ ॥ ਦੂਜਾ ਭਾਉ ਗੁਰ ਸਬਦਿ ਜਲਾਇਆ ॥

ਜਿਨ੍ਹੇਂ ਨੇ ਸਤਗੁਰੂ ਕਾ ਉਪਦੇਸ ਪਾਇਆ ਹੈ ਔਰ ਦੂਸਰਾ ਭਾਵ ਗੁਰ ਉਪਦੇਸ ਕਰ ਜਲਾਯਾ ਹੈ ਤਿਨ ਕਾ ਜਨਮ ਸਫਲਾ ਹੈ॥

ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤ ਹਰਿ ਗੁਣ ਗਾਵਣਿਆ ॥ ੬ ॥

ਏਕ ਹੀ ਰਵ ਰਹਿਆ ਰਿਦੈ ਮੈ ਜਾਨ ਕਰ ਸਤਸੰਗ ਮੈ ਮਿਲ ਕਰ ਹਰਿ ਕੇ ਗੁਨ ਗਾਵਤੇ ਹੈਂ ॥ ੬ ॥

ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ ਧ੍ਰਿਗੁ ਜੀਵਣੁ ਬ੍ਰਿਥਾ ਜਨਮੁ ਗਵਾਇਆ ॥

ਜੋ ਸਤਿਗੁਰੋਂ ਕੋ ਨਹੀਂ ਸੇਵਤਾ ਸੋ ਕਿਉਂ ਆਇਆ ਹੈ ਅਰਥਾਤ ਕਿਉਂ ਜਨਮਾ ਹੈ॥ ਧਿਕਾਰ ਹੈ ਤਿਸਕੇ ਜੀਵਣੇ ਕੋ ਕਿਉਂਕਿ ਬਿਅਰਥ ਹੀ ਜਨਮ ਗਵਾਯਾ ਹੈ॥

ਮਨਮੁਖ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥ ੭ ॥

ਮਨਮੁਖ ਕੋ ਨਾਮ ਯਾਦ ਨਹੀਂ ਆਵਤਾ ਬਿਨਾ ਨਾਮ ਤੇ ਬਹੁਤ ਦੁਖ ਪਾਵਤਾ ਹੈ॥ ੭ ॥

ਜਿਨਿ ਸਿਸਟਿ ਸਾਜੀ ਸੋਈ ਜਾਣੈ॥ ਆਪੇ ਮੇਲੈ ਸਬਦਿ ਪਛਾਣੈ ॥

ਜਿਸਨੇ ਸ੍ਰਿਸਟੀ ਰਚੀ ਹੈ ਸੋਈ ਜਾਨਤਾ ਹੈ॥ ਜੋ ਗੁਰ ਉਪਦੇਸ ਕੋ ਪਛਾਣਤਾ ਹੈ ਤਿਨਕੋ ਆਪ ਮੇਲਤਾ ਹੈ॥

ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨਿ ਧੁਰਿ ਮਸਤਕਿ ਲੇਖੁ ਲਿਖਾਵਣਿਆ ॥ ੮ ॥ ੧ ॥ ੩੨ ॥ ੩੩ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਨ ਪੁਰਸੋਂ ਨੇ ਆਦ ਸੇ ਹੀ ਮਸਤਕ ਮੈ ਸੁਭ ਲੇਖ ਲਿਖਾਇਆ ਹੈ ਤਿਨ ਕੋ ਨਾਮ ਮੈ ਮਿਲਾਇਆ ਹੈ॥ ੮ ॥ ੧ ॥ ੩੨ ॥ ੩੩ ॥

ਮਾਝ ਮਹਲਾ ੪ ॥ ਬੇਨਤੀ ਹੈ ॥ ਆਦਿ ਪੁਰਖੁ ਅਪਰੰਪਰੁ ਆਪੇ॥ਆਪੇਥਾਪੇ ਥਾਪਿ ਉਥਾਪੇ॥

ਹੇ ਆਦ ਪੁਰਖ ਅਪਾਰ ਜੋ ਬ੍ਰਹਮਾਦਿਕ ਤਿਨ ਸੇ ਪਰੇ ਤੂੰ ਆਪ ਹੀ ਹੈਂ ਪੁਨਾ ਉਤਪਤੀ ਪਾਲਨਾ ਸੰਘਾਰ ਕਰਤਾ ਆਪ ਹੀਹੈਂ॥

ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਸੋਭਾ ਪਾਵਣਿਆ ॥ ੧ ॥

ਸਰਬ ਕੇ ਬੀਚ ਏਕ ਸੋਈ ਤੂੰ ਵਰਤੇ ਹੈਂ॥ ਐਸੇ ਜਾਨ ਕਰ ਗੁਰਮੁਖਿ ਸੋਭਾ ਪਾਵਤੇ ਹੈਂ॥ ੧ ॥

Digitized by Panjab Digital Library | www.panjabdigilib.org

ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥ ਤਿਸੁ ਰੂਪ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥ ੧ ਰਹਾਉ ॥

ਹੇ ਨਿਰੰਕਾਰ ਸਦਾ ਜੋ ਤੇਰੇ ਨਾਮ ਕੋ ਧਿਆਵਤੇ ਹੈਂ ਤਿਨਕੇ ਮਨ ਤਨ ਕਰ ਵਾਰਨੇ ਜਾਤਾ ਹੂੰ ॥ ਜਿਸ ਤੇਰਾ ਰੂਪ ਰੇਖ ਕੋਈ ਨਹੀਂ ਸੋ ਗੁਰਮੁਖੋਂ ਨੇ ਤੇਰੇ ਕੋ ਘਟ ਘਟ ਮੈ ਦੇਖਾ ਹੈ ॥ਪੁਨਾ॥ ਹੇ ਅਲਖ ਔਰੋਂ ਕੋ ਤੇਰਾ ਸਰੂਪ ਦਿਖਾਇਦੇਤੇ ਹੈਂ ॥

ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ ॥ ਤੁਧ ਬਿਨੁ ਦੂਜਾ ਅਵਰੁ ਨ ਕੋਈ ॥

ਹੇ ਦਇਆਲ ਤੂਹੀ ਸੋ ਕ੍ਰਿਪਾ ਕਰਨੇ ਵਾਲਾ ਹੈਂ ॥ ਤੇਰੇ ਬਿਨਾਂ ਦੂਸਰਾ ਔਰ ਕੋਈ ਨਹੀਂ ॥

ਗੁਰ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥ ੨ ॥

ਜੇਕਰ ਗੁਰੂ ਕ੍ਰਿਪਾ ਕਰੇ ਨਾਮ ਦੇਵੈ ਤੋ ਤਿਸ ਨਾਮ ਕਰਕੇ ਭਗਤੋਂ ਕੇ ਰਿਦੇ ਹੇ ਨਾਮੀ ਤੇਰੇ ਮੈ ਸਮਾ ਜਾਤੇ ਹੈਂ ॥ ੨ ॥

ਤੂੰ ਆਪੇ ਸਚਾ ਸਿਰਜਣਹਾਰਾ ॥ ਭਗਤੀ ਭਰੇ ਤੇਰੇ ਭੰਡਾਰਾ ॥

ਤੂੰ ਆਪ ਹੀ ਸਚਾ ਸ੍ਰਿਸਟੀ ਉਤਪਤ ਕਰਨੇ ਵਾਲਾ ਹੈਂ ॥ ਤੇਰੇ (ਭੰਡਾਰ) ਭਗਤੀ ਕਰ ਭਰੇ ਹੂਏ ਹੈਂ ॥

ਗੁਰਮੁਖ ਨਾਮੁ ਮਿਲੇ ਮਨੁ ਭੀਜੈ ਸਹਜਿ ਸਮਾਧਿ ਲਗਾਵਣਿਆ ॥ ੩ ॥

ਜਿਨ ਗੁਰਮੁਖੋਂ ਕੋ ਤੇਰਾ ਨਾਮ ਮਿਲਿਆ ਹੈ ਤਿਨਕਾ ਮਨ ਭਗਤੀ ਮੈ ਸਨਿਗਧ ਹੂਆ ਹੈ ਪੁਨਾ ਸਹਜੇ ਹੀ ਸਮਾਧ ਲਗਾਵਤੇ ਹੈਂ ॥ ੩ ॥

ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧ ਸਲਾਹੀ ਪ੍ਰੀਤਮ ਮੇਰੇ ॥

ਹੇ ਪ੍ਰਭੂ ਐਸੀ ਕ੍ਰਿਪਾ ਕਰੋ ਜੋ ਤੇਰੇ ਗੁਣ ਰਾਤ ਦਿਨ ਗਾਇਨ ਕਰੂੰ ॥ ਪੁਨਾ ਹੇ ਮੇਰੇ ਪ੍ਰੀਤਮ ਤੇਰੀ ਹੀ ਸਲਾਘਾ ਕਰੂੰ ॥

ਤੁਧ ਬਿਨੁ ਅਵਰੁ ਨਕੋਈ ਜਾਚਾ ਗੁਰ ਪਰਸਾਦੀ ਤੂੰ ਪਾਵਣਿਆ ॥ ੪ ॥

ਤੇਰੇ ਬਿਨਾ ਔਰ ਦੂਸਰੇ ਕੀ ਜਾਚਨਾ ਨ ਕਰੂੰ ਕੇਵਲ ਤੇਰੀ ਹੀ ਪ੍ਰਾਪਤੀ ਮਾਂਗੂੰ ॥ ਪਰੰਤੂ ਗੁਰੋਂ ਕੀ ਕ੍ਰਿਪਾ ਸੇ ਪਾਇਆ ਜਾਤਾ ਹੈ ॥ ੪ ॥

ਅਗਮ ਅਗੋਚਰੁ ਮਿਤਿ ਨਹੀ ਪਾਈ ॥ ਅਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ ॥

ਹੇ ਅਗਮ ਅਗੋਚਰ ਤੇਰੀ (ਮਿਤਿ) ਮਰਜਾਦਾ ਨਹੀਂ ਪਾਈ ਜਾਤੀ ॥ ਜਿਸ ਪਰ ਤੂੰ ਅਪਣੀ ਕ੍ਰਿਪਾ ਕਰਤਾ ਹੈਂ । ਤਿਸਕੋ ਮਿਲਾਇ ਲੇਤਾ ਹੈਂ ॥

Digitized by Panjab Digital Library | www.panjabdigilib.org

ਪੂਰੇ ਗੁਰਕੈ ਸਬਦਿ ਧਿਆਈਐ ਸਬਦ ਸੇਵਿ ਸੁਖੁ ਪਾਵਣਿਆ ॥ ੫ ॥

ਜੋ ਪੂਰੇ ਗੁਰੋਂ ਕੇ ਉਪਦੇਸ਼ ਕਰ ਧਿਆਵਤੇ ਹੈਂ ਸੋ (ਸਬਦ)ਬ੍ਰਹਮ ਕੋ ਸੇਵ ਕਰ ਸੁਖੁ ਪਾਵਤੇ ਹੈਂ ॥

ਰਸਨਾ ਗੁਣਵੰਤੀ ਗੁਣ ਗਾਵੈ ॥ ਨਾਮ ਸਲਾਹੇ ਸਚੇ ਭਾਵੈ ॥

ਜੋ ਰਸਨਾ ਤੇਰੇ ਗੁਣੋਂ ਕੋ ਗਾਵਤੀ ਹੈ ਸੋ ਗੁਣ ਵਾਲੀ। ਜੋ ਨਾਮਕੋ ਸਲਾਹਤੇ ਹੈਂ ਸੋ ਹੇ ਸਚੇ ਤੇਰੇ ਕੋ ਭਾਵਤੇ ਹੈਂ ॥

ਗੁਰਮੁਖਿ ਸਦਾ ਰਹੈ ਰੰਗਿ ਰਾਤੀ ਮਿਲਿ ਸਚੇ ਸੋਭਾ ਪਾਵਣਿਆ ॥ ੬ ॥

ਗੁਰਮੁਖੋਂ ਕੀ ਬੁਧੀ ਸਦਾ ਹੀ ਪ੍ਰੇਮ ਮੈਂ ਮਸਤ ਰਹਤੀ ਹੈ ਹੇ ਤੇਰੇ ਸੇ ਮਿਲ ਕਰ ਸੋਭਾ ਪਾਵਤੇ ਹੈਂ ॥ ੬ ॥

ਮਨਮੁਖਿ ਕਰਮਿ ਕਰੇ ਅਹੰਕਾਰੀ ॥ ਜੂਐ ਜਨਮ ਸਭ ਬਾਜੀ ਹਾਰੀ ॥

ਜੋ ਮਨਮੁਖ ਹੈਂ ਸੋ ਅਹੰਕਾਰ ਸਿਜੁਗਤ ਕਰਮ ਕਰਤੇ ਹੈਂ ॥ ਜਨਮ ਰੂਪੀ ਬਾਜੀ ਬਿਸਜੋਂ ਰੂਪ ਜੂਏ ਮੈਂ ਹਾਰ ਦਈ ਹੈ ॥

ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣਿ ਜਾਵਣਿਆ ॥

ਰਿਦੇ ਕੇ ਬੀਚ ਲੋਭ ਕਾ ਮਹਾ ਗੁਬਾਰ ਹੈ ਯਾਂਤੇ ਬਾਰੰਬਾਰ ਆਵਤੇ ਜਾਵਤੇ ਹੈਂ ਅਰਥਾਤ ਜਨਮਤੇ ਮਰਤੇ ਹੈਂ ॥ ੭ ॥

ਆਪੇ ਕਰਤਾ ਦੇਇ ਵਡਿਆਈ ॥ ਜਿਨਿ ਕਉ ਆਪਿ ਲਿਖਤੁ ਧੁਰ ਪਾਈ ॥

ਹੇ ਕਰਤਾਪੁਰਖ ਤਿਨਕੋ ਤੂੰ ਆਪ ਹੀ ਵਡਿਆਈ ਦੇਤਾ ਹੈਂ ਜਿਨਕਉ ਤੈਨੇ ਆਪ ਹੀ ਕਰਮਾਂ ਕੀ ਲਿਖਤ ਧੁਰੋਂ ਪਾਈ ਹੈ ॥

ਨਾਨਕ ਨਾਮੁ ਮਿਲੈ ਭਉ ਭੰਜਨੁ ਗੁਰ ਸਬਦੀ ਸੁਖੁ ਪਾਵਣਿਆਂ ॥ ੮ ॥ ੧ ॥ ੩੪ ॥

ਸ੍ਰੀ ਗੁਰੂ ਜੀ ਕਹਤੇ ਹੈਂ ਗੁਰੋਂ ਕੇ ਉਪਦੇਸ਼ ਦੁਆਰਾ ਜਿਨ੍ਹੋ ਕੋ ਹੇ ਭੈ ਭੰਜਨੁ ਤੇਰਾ ਨਾਮ ਮਿਲਾ ਹੈ ਸੋ ਸੁਖ ਪਾਵਤੇ ਹੈਂ ॥ ੮।੧। ੩੪।

ਮਾਝ ਮਹਲਾ ੫ ॥ ਘਰੁ ੧ ॥ ਬੇਨਤੀ ॥

ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥

ਹੇ ਅਲਖ ਰੂਪ ਤੂੰ ਸਰਬ ਕੇ ਅੰਤਰ ਬਿਆਪਕੁ ਹੈਂ ਪਰੰਤੂ ਗੁਰੋਂ ਬਿਨਾ ਜਾਨਿਆਂ ਨਹੀਂ ਜਾਤਾ ਅਰ ਅਪਨਾ ਨਾਮ ਰੂਪੀ ਰਤਨ ਭੀ ਤੈਂ (ਗੁਝਾ) ਗੁਪਤ ਰਾਖਿਆ ਹੈ ॥ ਭਾਵ ਏਹਿ ਕਿ ਦੁਰਲਭ ਹੈ ॥

ਅਗਮੁ ਅਗੋਚਰ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥ ੧ ॥

ਹੇ ਅਗਮ ॥ ਪੁਨਾ ਹੇ ਮਨ ਬਾਣੀ ਕੇ ਅਵਿਸੇ ਤੂੰ ਸਭ ਸੇ ਊਚਾ ਹੈਂ ਪਰੰਤੂ ਗੁਰੋਂ ਕੀ ਕ੍ਰਿਪਾ ਸੇ ਲਖਿਆ ਜਾਤਾ ਹੈਂ ॥

Digitized by Panjab Digital Library | www.panjabdigilib.org

ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥ ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥ ੧ ॥ ਰਹਾਉ ॥

ਜੋ ਕਲਜੁਗ ਮੈਂ ਤੇਰੇ ਨਾਮ ਕਾ ਉਪਦੇਸ ਕਰਤੇ ਹੈਂ ਮੈਂ ਤਿਨਕੇ ਮਨ ਤਨ ਕਰ ਬਲਹਾਰੇ ਜਾਤਾ ਹੂੰ॥ ਹੇ ਸਚੇ ਅਪਨੇ ਪਿਆਰੇ ਸੰਤ ਤੈ ਅਪਨੈ (ਧਾਰੇ) ਆਸਰੇ ਰਖੇ ਹੈਂ ਔਰ ਤਿਨ ਸੰਤੋਂ ਕਾ ਦਰਸਨ ਵਡੇ ਪੁੰਨਵਾਨ ਪਾਵਤੇ ਹੈਂ ॥

ਸਾਧਿਕ ਸਿਧ ਜਿਸੈ ਕਉ ਫਿਰਦੇ ॥ ਬ੍ਰਹਮੇ ਇਦ੍ਰ ਧਿਆਇਨਿ ਹਿਰਦੇ ॥

ਸਾਧਨਾ ਕਰਨੇ ਵਾਲੇ ਜਗਜਾਸੂ ਔਰ ਸਿਧ ਜਿਸ ਤੇਰੇ ਸਰੂਪ ਕੋ ਪ੍ਰਾਪਤ ਹੋਵਣੇ ਵਾਸਤੇ ਫਿਰਤੇ ਹੈਂ । ਅਰਥਾਤ ਤੀਰਥ ਅਟਨ ਆਦਿ ਅਨੇਕ ਸਾਧਨ ਕਰਤ ਹੈਂ ॥ ਬ੍ਰਹਮੇ ਇੰਦ੍ਰਾਦਿ ਬਡੇ ਬਡੇ ਦੇਵਤੇ ਰਿਦੇ ਮੈਂ ਧਿਆਨ ਕਰਤੇ ਹੈਂ ॥

ਕੋਟਿ ਤੇਤੀਸਾ ਖੋਜਹਿ ਤਾਕਉ ਗੁਰ ਮਿਲਿ ਹਿਰਦੈ ਗਾਵਣਿਆ ॥ ੨ ॥

ਔਰ ਤੇਤੀਸ ਕ੍ਰੋੜ ਦੇਵਤੇ (ਤਾਕਉ) ਤਿਸ ਤੇਰੇ ਸਰੂਪ ਕੋ ਖੋਜਤੇ ਹੈਂ ॥ ਪਰੰਤੂ ਜੋ ਗੁਰੋ ਕੋ ਮਿਲੇ ਹੈਂ ਸੋ ਰਿਦੇ ਮੈਂ ਧਾਰ ਕਰ ਗਾਵਣੇ ਵਾਲੇ ਹੂਏ ਹੈਂ ॥ ੨ ॥

ਆਠ ਪਹਰ ਤੁਧੁ ਜਾਪੇ ਪਵਨਾ ॥ ਧਰਤੀ ਸੇਵਕ ਪਾਇਕ ਚਰਨਾ ॥

ਆਠ ਪਹਰ ਤੇਰੇ ਕੋ ਪਵਨ ਜਪਤਾ ਹੈ ਔਰ ਜੋ ਤੇਰੇ ਚਰਨੋਂ ਕੇ (ਪਾਇਕ) ਦਾਸ ਹੈਂ ਤਿਨ ਕੀ ਧਰਤੀ ਸੇਵਕ ਹੈ ॥

ਖਾਣੀ ਬਾਣੀ ਸਰਬ ਨਿਵਾਸੀ ਸਭਨਾ ਕੈ ਮਨਿ ਭਾਵਣਿਆ ॥ ੩ ॥

ਚਾਰੋ ਖਾਣੀ ਚਾਰੋ ਬਾਣੀ ਸਰਬ ਮੈਂ ਤੂੰ ਨਿਵਾਸ ਕਰ ਰਹਾ ਹੈਂ ਔਰ ਸਭ ਕੇ ਮਨ ਕੋ ਭਾਵਤਾ ਹੈਂ ॥ ੩ ॥

ਸਾਚਾ ਸਾਹਿਬੁ ਗੁਰਮੁਖਿ ਜਾਪੈ ॥ ਪੂਰੈ ਗੁਰ ਕੈ ਸਬਦਿ ਸਿਞਾਪੈ ॥

ਤੂੰ ਸਚਾ ਸਾਹਿਬੁ ਹੈਂ ਤੇਰੇ ਕੋ ਗੁਰਮੁਖ ਜਾਣਤੇ ਹੈਂ ॥ ਪਰੰਤੂ ਪੂਰੇ ਗੁਰੋਂ ਕੇ ਉਪਦੇਸ਼ ਕਰ ਪਛਾਣਤੇ ਹੈਂ ॥

ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥ ੪ ॥

ਹੇ ਸਚੇ (ਸਚ) ਨਿਸਚੇ ਕਰਕੇ ਜਿਨ੍ਹੋਂ ਨੇ ਤੇਰਾ ਨਾਮ ਰਸ ਪੀਆ ਹੈ ਸੋ ਪੁਰਸ ਮਨ ਬਾਣੀ ਕਰਕੇ ਤ੍ਰਿਪਤ ਹੂਏ ਹੈਂ ॥ ੪ ॥

ਤਿਸੁ ਘਰਿ ਸਹਜਾ ਸੋਈ ਸੁਹੇਲਾ ॥ ਅਨਦ ਬਿਨੋਦ ਕਰੇ ਸਦ ਕੇਲਾ ॥

ਔਰ ਤਿਸ ਕੇ ਅੰਤਹਕਰਣ ਮੈਂ (ਸਹਜਾ) ਗਿਆਨ ਹੈ ॥ ਔਰ ਸੋਈ ਸੁਖੀਆ ਹੈ ਔਰ ਮੋਦ ਪਰਮੋਦ ਖ੍ਰੀਤੀਓਂ ਕਰ ਸਦਾ (ਕੇਲਾ) ਬਿਲਾਸ ਕਰ ਰਹਾ ਹੈ ॥

Digitized by Panjab Digital Library | www.panjabdigilib.org

ਸੋ ਧਨਵੰਤਾ ਸੋ ਵਡਹਾ ਜੋ ਗੁਰ ਚਰਣੀ ਮਨੁ ਲਾਵਣਿਆ ॥ ੫ ॥

ਜੋਗੁਰੋਂ ਕੇ ਚਰਨੋਂ ਮੈਂ ਮਨ ਲਾਵਣਾ ਕਰਤਾ ਹੈ ਸੋਈ ਧਨ ਵਾਲਾ ਹੈ ਸੋਈ ਬਡੇ ਭਾਗੋਂ ਵਾਲਾ ਹੈ ॥ ੫ ॥

ਪਹਿਲੋ ਦੇਤੈ ਰਿਜਕੁ ਸਮਾਹਾ ॥ ਪਿਛੋ ਦੇਤੈ ਜੰਤ ਉਪਾਹਾ ॥

ਪਹਲੇ ਹੀ ਤੈ ਰਿਜਕ (ਸਮਾਹਾ) ਪਹੁਚਾ ਦੀਆ ਹੈ ਅਰਥਾਤ ਮਾਤਾ ਕੇ ਅਸਥਨੋਂ ਮੈਂ ਦੂਧ ਕਰ ਦੀਆ ਹੈ ਪੀਛੇ ਸੇ ਤੈਂ ਜੀਵ ਉਤਪਤ ਕੀਆ ਹੈ॥

ਤੁਧ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ ॥ ੬ ॥

ਹੇ ਸ੍ਵਾਮੀ ਤੇਰੇ ਸਮ ਵਡਦਾਤਾ ਔਰ ਕੋਈ ਨਹੀਂ ਹੈ ਤੇਰੇ ਪਾਸ ਕੋਈ ਨਹੀਂ ਲਗਤਾ ਭਾਵ ਏਹਿ ਕਿ ਸਮ ਸਰੂਪ ਵਾਲਾ ਕੋਈ ਨਹੀਂ ਹੈ ॥ ੬ ॥

ਜਿਸ ਤੂੰ ਤੁਠਾ ਸੋ ਤੁਧੁ ਧਿਆਏ ॥ ਸਾਧਜਨਾ ਕਾ ਮੰਤ੍ਰੁ ਕਮਾਏ ॥

ਜਿਸ ਪਰ ਤੂੰ ਪ੍ਰਸਿੰਨ ਹੂਆ ਹੈਂ ਸੋ ਤੇਰੇ ਕੋ ਧਿਆਵਤਾ ਹੈ॥ ਪੁਨਃ ਸੰਤਜਨੋਂ ਕਾ(ਮੰਤ੍ਰ) ਉਪਦੇਸ਼ ਕਮਾਵਤਾ ਹੈ॥

ਆਪਿ ਤਰੈ ਸਗਲੈ ਕੁਲ ਤਾਰੇ ਤਿਸੁ ਦਰਗਹ ਠਾਕ ਨ ਪਾਵਣਿਆ ॥ ੭ ॥

ਆਪ ਸੰਸਾਰ ਸਮੁੰਦ੍ਰ ਸੇ ਤਰ ਜਾਤਾ ਹੈ ਅਰ ਸਭ ਕੁਲਕੋ ਤਾਰ ਲੇਤਾਹੈ ਊਚ ਪਦ ਸੇ ਤਿਸਕੋ ਪ੍ਰਲੋਕ ਮੈਂ ਰੋਕ ਨਹੀਂ ਹੋਤੀ॥

ਤੂੰ ਵਡਾ ਤੂੰ ਊਚੋ ਊਚਾ ॥ ਤੂ ਬੇਅੰਤੁ ਅਤਿ ਮੂਚੋ ਮੂਚਾ ॥

ਤੂੰ ਵਡਾ ਹੈਂ (ਊਚੋ) ਜੋ ਬ੍ਰਹਮਾਦਿਕ ਹੈ ਤਿਨ ਸੇ ਊਚਾ ਹੈਂ ॥ ਪੁਨਾ ਤੂੰ ਬੇਅੰਤ ਹੈਂ ਔਰ ਅਤਯੰਤ ਬਹੁਤ ਸੇ ਬਹੁਤ ਹੈਂ ॥

ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ ਦਸਾਵਣਿਆ ॥ ੮ ॥ ੧ ॥ ੩੫ ॥

ਸ੍ਰੀ ਗੁਰੂ ਜੀ ਕਹਤੇ ਹੈਂ ਮੈਂ ਤੇਰੇ ਕੁਰਬਾਨ ਜਾਤਾ ਹੂੰ ਔਰ ਤੇਰੀ ਪ੍ਰਾਪਤੀ ਵਾਸਤੇ ਤੇਰੇ ਦਾਸਾਂ ਕੋ (ਦਸਾਵਣਿਆ) ਪੂਛਤਾ ਹੂੰ ਵਾ ਤੇਰੇ ਦਾਸੋਂ ਕਾ ਦਾਸ ਹਾਂ ॥ ੮ ॥ ੧ ॥ ੩੫ ॥

ਮਾਝ ਮਹਲਾ ੫ ॥

ਅਬ ਸ੍ਰੀ ਗੁਰੂ ਜੀ ਜਗਜਾਸੂ ਭਾਵ ਕੋ ਲੇਕਰ ੨੪ ਪ੍ਰਸ਼ਨ ਕਰ ਚੌਵੀ ਉੱਤ੍ਰ ਭਿੰਨ ਭਿੰਨ ਕਹਤੇ ਹੈਂ ॥

ਕਉਣ ਸੁ ਮੁਕਤਾ ਕਉਣ ਸੁ ਜੁਗਤਾ ॥ ਕਉਣ ਸੁ ਗਿਆਨੀ ਕਉਣ ਸੁ ਬਕਤਾ ॥

Digitized by Panjab Digital Library | www.panjabdigilib.org

ਮੁਕਤ ਰੂਪ ਕੌਣਹੈਂ ॥ ੧ ॥ ਪ੍ਰਮੇਸ੍ਰਰ ਮੈ ਜੁੜਾ ਹੁਆ ਕੌਣ ਹੈ ॥ ੨ ॥ ਗਿਆਨੀ ਕੌਣ ਹੈਂ ॥ ੩ ॥ ਪ੍ਰਮੇਸ੍ਰਰ ਜਸ ਕਾ ਬਕਤਾ ਕੌਣ ਹੈ ॥੪ ॥

ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ ॥ ੧ ॥

ਗ੍ਰਿਹਸਤੀ ਕੌਣ ਹੈਂ ੫ (ਉਦਾਸੀ) ਤਿਆਗੀ ਕੌਣ ਹੈਂ ੬ ਪ੍ਰਮੇਸ੍ਰਰ ਕੀ ਕੀਮਤ ਪਾਉਣੇ ਵਾਲਾ ਭਾਵ ਯਥਾਰਥ ਗਯਾਤਾ ਕੌਣ ਹੈ ॥ ੭ ॥ ੧ ॥

ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ ॥ ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥

ਕਿਸ ਬਿਧੀ ਸੇ ਜੀਵ ਬੰਧਾ ਹੁਆ ਹੈ ੮ ਕਿਨਿ ਬਿਧਿ ਛੂਟਾ ਹੈ ੯ ॥ ਕਿਸ ਬਿਧਿ ਸੇ ਆਵਣ ਜਾਣ ਅਰਥਾਤ ਜਨਮ ਮਰਣ ਤੂਟਾ ਹੈ ॥ ੧੦ ॥

ਕਉਣੁ ਕਰਮੁ ਕਉਣੁ ਨਿਹ ਕਰਮਾ ਕਉਣੁ ਸੁ ਕਹੈ ਕਹਾਏ ਜੀਉ ॥ ੨ ॥

ਕਰਮ ਸਹਤ ਕੌਣ ਹੈ ੧੧ ॥ ਨਿਹਕਰਮ ਕੌਣ ਹੈਂ ੧੨ ॥ ਵਾਹਿਗੁਰੂ ਕੇ ਜਸ ਕੋ ਕਹਣੇ ਕਹਾਉਣੇ ਵਾਲਾ ਕੌਣ ਹੈ ॥੧੩॥ ੨॥

ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥ ਕਉਣੁ ਸੁ ਮਨਮੁਖੁ ਕਉਣੁ ਵੇਮੁਖੀਆ ॥

ਸੁਖੀ ਕੌਣ ਹੈਂ ੧੪ ਦੁਖੀ ਕੌਣ ਹੈਂ ੧੫ ਮਨਮੁਖ ਕੌਣ ਹੈਂ ੧੬ ਵੇਮੁਖ ਕੌਣ ਹੈ ੧੭ ॥

ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥ ੩ ॥

ਕਉਣ ਪ੍ਰਕਾਰ ਜੀਉ ਪ੍ਰਮੇਸ੍ਰਰ ਕੋ ਮਿਲਤਾ ਹੈ ੧੮ ॥ ਕਿਸ ਪ੍ਰਕਾਰ(ਬਿਛੁਰੈ) ਭਿੰਨ ਹੋਤਾ ਹੈ ੧੯ ਇਸ ਬਿਧੀ ਕੋ ਕੌਨ ਪ੍ਰਗਰ ਕਰਤਾ ਹੈ ॥ ੨੦ ॥ ੩ ॥

ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥ ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥

ਕੌਨ ਅਖਰ ਕਾ ਪੜਨ ਹੈ ਜਿਸ ਕਰ ਮਨ ਧਾਵਨ ਸੇ ਰਹਤਾ ਹੈ ੨੧॥ਵਹੁ ਉਪਦੇਸ਼ ਕੌਣ ਹੈ ਜਿਸ ਕਰ ਜੀਵ ਦੁਖ ਸੁਖ ਕੋ ਸਮ ਜਾਣ ਕਰ ਸਹਾਰਤਾ ਹੈ ੨੨ ॥

ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ ॥੪॥

ਵਹੁ(ਚਾਲ)ਰੀਤੀ ਕੌਣ ਹੈ ਜਿਸ ਕਰ ਜੀਵ ਪਾਰਬ੍ਰਹਮ ਕਾ ਧਿਆਨ ਕਰੇ ੨੩ ਕਿਸ ਪ੍ਰਕਾਰ ਕੀਰਤਨ ਗਾਵੇਂ ੨੪ ਇਨ ਚੌਵੀਂ ਪ੍ਰਸ਼ਨੋਂ ਮੈਂ ੨੦ ਉੱਤਰ ਗੁਰਮੁਖੋਂ ਕੇ ਹੈਂ ੪ ਮਨਮੁਖੋਂ ਕੇ ਹੈਂ ਅਬ ਕ੍ਰਮ ਸੇ ਉੱਤਰ ਕਹਤੇ ਹੈਂ ॥

Digitized by Panjab Digital Library | www.panjabdigilib.org

ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥

ਗੁਰਮੁਖ ਮੁਕਤ ਹੈ ੧ ਗੁਰਮੁਖਿ ਪਰਮੇਸ੍ਰ ਸਾਥ ਜੁੜਾ ਹੂਆ ਹੈ ੨ ਗੁਰਮੁਖ ਜਾਨਣੇ ਵਾਲਾ ਹੈ ੩ ਗੁਰਮੁਖ ਗੁਰੂ ਜਸ ਕੇ ਉਚਾਰਣੇ ਵਾਲਾ ਹੈ ੪ ॥

ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥ ੫ ॥

ਜੇਕਰ ਗੁਰਮੁਖਿ ਗਿਰਹੀ ਹੈ ਤੌ ਭੀ ਧੰਨ ਹੈ ੫,ਜੇਕਰ ਗੁਰਮੁਖ ਉਦਾਸੀ ਹੈ ਤੌ ਭੀ ਧੰਨ ਹੈ ੬,ਐ ਗੁਰਮੁਖ ਹੀ ਕੀਮਤ ਪਾਵਤਾ ਹੈ ੭ ॥ ੫ ॥

ਹਉਮੈ ਬਾਧਾ ਗੁਰਮੁਖਿ ਛੂਟਾ ॥ ਗੁਰਮੁਖਿ ਆਵਣੁ ਜਾਵਣੁ ਤੂਟਾ ॥

ਮਨਮੁਖ ਹਉਮੈ ਕਰ ਬਾਂਧਾ ਹੂਆ ਹੈ੮,ਗੁਰਮੁਖ ਹਉਮੈ ਸੇ ਰਹਤ ਹੋਕਰਛੂਟਾਹੈ੯,ਗੁਰਮੁਖੋਂ ਕਾ ਜਨਮ ਮਰਣਤੂਟਾ ਹੈ੧੦॥

ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁਭਾਏ ਜੀਉ ॥ ੬ ॥

ਗੁਰਮੁਖੋਂ ਕੇ ਕਰਮ ਸਫਲ ਹੈਂ ੧੧,ਗੁਰਮੁਖ ਕਰਤਾ ਹੀ ਅਕਰਤਾ ਹੈ ੧੨, ਗੁਰਮੁਖ ਜੋ ਕਥਨ ਕਰਤਾ ਹੈ ਔਰ ਕਥਨ ਕਰਵਾਉਤਾ ਹੈ ਸੋ ਸੋਭਨੀਕ ਹੈ ॥ ਭਾਵ ਏਹਿ ਕਿ ਪਰਮੇਸ੍ਰ ਜਸ ਕੇ ਕਹਣੇ ਕਹਾਉਣੇ ਵਾਲਾ ਹੈ ੧੩ ॥ ੬ ॥

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥ ਗੁਰਮੁਖਿ ਸਨਮੁਖ ਮਨਮੁਖ ਵੇਮੁਖੀਆ ॥

ਗੁਰਮੁਖ ਸੁਖੀ ਹੈਂ ੧੪ ਮਨਮੁਖ ਦੁਖੀ ਹੈਂ ੧੫,ਗੁਰਮੁਖ ਸਨਮੁਖ ਹੈਂ ੧੬,ਮਨਮੁਖ ਵੇਮੁਖ ਹੈਂ ੧੭ ॥

ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥ ੭ ॥

ਗੁਰਮੁਖਤਾ ਕਰ ਮਿਲੀਤਾ ਹੈ ੧੮ ਮਨਮੁਖਤਾ ਕਰ ਵਿਛੁੜੇ ਹੈਂ ੧੯ ਗੁਰਮੁਖ ਹੀ ਪੂਰਬਕ ਹੀ ਪ੍ਰਾਪਤੀ ਅਪ੍ਰਾਪਤੀ ਕੀ ਬਿਧੀ ਪ੍ਰਗਟ ਕਰਤੇ ਹੈਂ ੨੦ ॥ ੭ ॥

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥ ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥

ਵਹੁ ਅਖਰ ਪੜਣਾ ਗੁਰਮੁਖੋਂ ਕਾ ਹੈ ਜਿਸ ਕਰ ਮਨ ਧਾਵਣੇ ਸੇ ਰਹਤ ਹੋਜਾਤਾ ਹੈ੨੧,ਗੁਰੋਂ ਕੇ ਉਪਦੇਸ਼ ਦ੍ਵਾਰਾ ਦੁਖ ਸੁਖ ਸਮ ਜਾਨ ਕਰ ਸਹਾਰੀਤਾ ਹੈ ॥ ੨੨ ।

ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ॥ ੮ ॥

ਸੋ ਚਲਨ ਗੁਰਮੁਖੋਂ ਕਾ ਹੈ ਜਿਸ ਕਰ ਪਾਰਬ੍ਰਹਮ ਧਿਆਈਤਾ ਹੈ ੨੩,ਔ ਗੁਰਮੁਖ ਹੀ ਕੀਰਤਨ ਗਾਵਤੇ ਹੈਂ੨੪ ॥ ੮ ॥

Digitized by Panjab Digital Library | www.panjabdigilib.org

ਸਗਲੀ ਬਣਤ ਬਣਾਈ ਆਪੇ ॥ ਆਪੇ ਕਰੇ ਕਰਾਏ ਥਾਪੇ ॥

ਸਭ ਗੁਰਮੁਖ ਮਨਮੁਖੋਂ ਕੀ ਬਨਤ ਆਪਹੀ ਬਣਾਈ ਹੈ ਆਪਹੀ ਜੀਵੋਂ ਕੋ ਕਰਤਾ ਹੈਂ ਪੁਨਾ ਆਪਹੀ ਕਰਮ ਕਰਾਵਤਾ ਹੈ ਔ ਆਪਹੀ(ਥਾਪੇ) ਇਸਥਿਤ ਕਰਤਾ ਹੈ ॥

ਇਕਸ ਤੇ ਹੋਇਓ ਅਨੰਤਾ ਨਾਨਕ ਏਕਸ ਮਾਹਿ ਸਮਾਏ ਜੀਉ ॥ ੯ ॥ ੨ ॥ ॥ ੩੬ ॥

ਏਕ ਸੇ ਹੀ ਜਗਤ ਅਨੰਤ ਰੂਪ ਹੋਇਆ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਸਭ ਜੀਵ ਏਕ ਮੇਂ ਹੀ ਸਮਾਵੇਂਗੇ ॥੯ ॥ ੨ ॥ ੩੬ ॥

ਮਾਝ ਮਹਲਾ ੫ ॥ ਪ੍ਰਭੁ ਅਬਿਨਾਸੀ ਤਾਕਿਆ ਕਾੜਾ ॥ ਹਰਿ ਭਗਵੰਤਾ ਤਾ ਜਨੁ ਖਰਾ ਸੁਖਾਲਾ॥

ਹੇ ਪ੍ਰਭ ਨਾਸ ਸੇ ਰਹਤ ਜੋ ਤੂੰ ਕ੍ਰਿਪਾ ਕਰਨੇ ਵਾਲਾ ਹੈਂ ਤੋ ਹਮ ਦਾਸੋਂ ਕੋ ਕਿਆ(ਕਾੜਾ) ਝੋਰਾ ਹੈ। ਭਾਵ ਏਹਿਕਿ ਉਪਾਸਕ ਉਪਾਸਜ ਕਾ ਰੂਪ ਹੋਜਾਤਾ ਹੈ ਯਾਂਤੇ ਅਬਨਾਸੀ ਹੋ ਜਾਵੇਂਗੇ। ਹੇ ਭਗਵੰਤ ਜੋ ਤੂੰ ਦੁਖੋਂ ਕੋ ਹਰਨੇ ਵਾਲਾ ਹੈਂ ਤੇਰਾ ਦਾਸ ਅਤੀ ਸੁਖਾਲਾ ਹੈ ॥

ਜੀਅ ਪ੍ਰਾਨ ਮਾਨ ਸੁਖ ਦਾਤਾ ਤੂੰ ਕਰਹਿ ਸੋਈ ਸੁਖੁ ਪਾਵਣਿਆ ॥ ੧ ॥

ਜੀਵ ਪ੍ਰਾਨ ਮਾਨ ਸੁਖ ਇਨ ਸਭਕੋ ਦਾਤਾ ਆਪ ਹੋ ਜੋ ਤੂੰ ਕਰਤਾ ਹੈਂ ਤੇਰੇ ਦਾਸ ਸੁਖ ਰੂਪ ਜਾਨ ਕਰ ਸੋਈ ਪਾਵਤੇ ਅਰਥਾਤ ਭੋਗਤੇ ਹੈਂ ॥ ੧ ॥

ਹਉਵਾਰੀ ਜੀਉ ਵਾਰੀ ਗੁਰਮੁਖਿ ਮਨਿ ਤਨਿ ਭਾਵਣਿਆ ॥

ਤੂੰ ਮੇਰਾ ਪਰਬਤ ਤੂੰ ਮੇਰਾ ਓਲਾ ਤੁਮ ਸੰਗਿ ਲਵੈ ਨ ਲਾਵਣਿਆ॥੧॥ਰਹਾਉ ॥

ਜਿਨ ਗੁਰਮੁਖੋਂ ਕੋ ਮਨ ਤਨ ਕਰਕੇ ਭਾਯਾ ਹੈ ਮੈਂ ਤਿਨਕੇ ਮਨ ਤਨ ਕਰਕੇ ਵਾਰਨੇ ਜਾਤਾ ਹੂੰ। ਤੂੰ ਮੇਰਾ ਪਰਬਤ ਸਮਾਨ ਆਸਰਾ ਹੈਂ।ਔਰ ਤੂੰ ਹੀ ਪੜਦਾ ਹੈਂ ਤੇਰੇ ਸੰਗਮਿਲਾਕਰ ਕਿਸੀ ਕੋ ਦੇਖੀਏ ਤੋ(ਲਵੈ)ਬਰਾਬਰ ਕੋਈ ਪਦਾਰਥਨਹੀਂਲਗਤਾ॥

ਤੇਰਾ ਕੀਤਾ ਜਿਸੁ ਲਾਗੈ ਮੀਠਾ । ਘਟਿਘਟਿ ਪਾਰ ਬ੍ਰਹਮੁ ਤਿਨ ਜਨਿ ਡੀਠਾ ॥

ਤੇਰਾ ਕੀਆ ਜਿਸਕੋ ਮੀਠਾ ਲਾਗਤਾ ਹੈ ਹੇ ਪਾਰ ਬ੍ਰਹਮ ਤੇਰੇ ਕੋ ਘਟ ਘਟ ਮੈਂ ਪੂਰਨ ਤਿਨ ਜਨੋਂ ਨੇ ਦੇਖਿਆ ॥

ਥਾਨਿ ਥਨੰਤਰਿ ਤੂੰਹੈ ਤੂੰਹੈ ਇਕੋ ਇਕੁ ਵਰਤਾਵਣਿਆ॥ ੨ ॥

ਅਸਥਾਨੋ ਔਰ ਥਨੰਤਰੋਂ ਮੈ ਇਕੋ ਇਕ ਤੂੰਹੀਤੂੰ ਹੁਕਮ ਵਰਤ ਰਹਾ ਹੈਂ ॥ ੨ ॥

ਸਗਲ ਮਨੋਰਥ ਤੂੰ ਦੇਵਣਹਾਰਾ ਭਗਤੀ ਭਾਇ ਭਰੇ ਭੰਡਾਰਾ॥

Digitized by Panjab Digital Library | www.panjabdigilib.org

ਸਰਬ ਮਨ ਕੇ ਮਨੋਰਥ ਤੂੰ ਦੇਵਣੇ ਵਾਲਾ ਅਰਥਾਤ ਸਿਧਕਰਨੇ ਵਾਲਾ ਹੈਂ ਤੇਰੇ ਸੰਤੋਂ ਕੇ ਰਿਦੇ ਪ੍ਰੇਮ ਭਗਤੀ ਕੇ ਖਜਾਨੇ ਭਰੇ ਹੂਏ ਹੈਂ ॥

ਦਇਆ ਧਾਰਿ ਰਾਖੇ ਤੁਧ ਸੇਈ ਪੂਰੇ ਕਰਮਿ ਸਮਾਵਣਿਆ ॥ ੩ ॥

ਹੇ ਪੂਰੇ ਜੋ ਤੇਰੀ(ਕਰਮਿ) ਕ੍ਰਿਪਾ ਮੈਂ ਸਮਾਏ ਹੈਂ ਸੋ ਤੈਂ ਕ੍ਰਿਪਾ ਕਰਕੇ ਰਖੇ ਹੈਂ ॥ ੩ ॥

ਅੰਧ ਕੂਪ ਤੇ ਕੰਢੈ ਚਾੜੇ ॥ ਕਰਿ ਕਿਰਪਾ ਦਾਸ ਨਦਰਿ ਨਿਹਾਲੇ ॥

ਜੋ ਦਾਸ ਤੈਂ ਕ੍ਰਿਪਾ ਦ੍ਰਿਸਟੀ ਕਰ ਦੇਖੇ ਹੈਂ ਸੋ ਸੰਸਾਰ ਰੂਪੀ ਉਜਾੜ ਕੇ ਕੂਏ ਤੇ ਕੰਢੇ ਚਾੜੇ ਅਰਥਾਤ ਕਨਾਰੇ ਕੀਏ ਹੈਂ ॥

ਗੁਣ ਗਾਵਹਿ ਪੂਰਨ ਅਬਿਨਾਸੀ ਕਹਿ ਸੁਣਿ ਤੋਟਿ ਨ ਆਵਣਿਆ ॥੪॥

ਹੇ ਪੂਰਨ ਅਬਨਾਸੀ ਤੇਰੇ ਗੁਣ ਗਾਵਤੇ ਹੈਂ ਕਹਤੇ ਹੈਂ ਪੁਨਾ ਸੁਣਤੇ ਹੈਂ ਪਰੰਤੂ ਤੇਰੇ ਗੁਣੋਂ ਕਾ ਤੋਟਾ ਨਹੀਂ ਆਵਤਾ ॥ ੪ ॥

ਐਥੈ ਓਥੈ ਤੂੰਹੈ ਰਖਵਾਲਾ । ਮਾਤ ਗਰਭ ਮਹਿ ਤੁਮਹੀ ਪਾਲਾ ॥

ਲੋਕ ਪ੍ਰਲੋਕ ਮੈਂ ਤੂੰਹੀ ਰਖਵਾਲਾ ਹੈਂ। ਮਾਤਾ ਕੇ ਗਰਭ ਮੈਂ ਭੀ ਤੂੰਹੀ ਪਾਲਨਾ ਕਰਤਾ ਹੈਂ ॥

ਮਾਇਆ ਅਗਨਿ ਨ ਪੋਹੈ ਤਿਨ ਕਉ ਰੰਗਿ ਰਤੇ ਗੁਣ ਗਾਵਣਿਆ ॥ ੫ ॥

ਜੋ ਪ੍ਰੇਮ ਮੈ ਰਤੇ ਹੂਏ ਤੇਰੇ ਗੁਣੋਂ ਕੋ ਗਾਵਤੇ ਹੈਂ ਤਿਨਕੋ ਮਾਇਆ ਅਗਨੀ ਪੋਹਤੀ ਨਹੀਂ ਅਰਥਾਤ ਜਲਾਵਤੀ ਨਹੀਂ ॥ ੫ ॥

ਕਿਆ ਗੁਣ ਤੇਰੇ ਆਖਿ ਸਮਾਲੀ ॥ ਮਨਿ ਤਨਿ ਅੰਤਰਿ ਤੁਧੁ ਨਦਰਿ ਨਿਹਾਲੀ ॥

ਤੇਰੇ ਗੁਣੋਂ ਕੋ ਕਿਆ ਕਥਨ ਕਰਕੇ ਸਮਾਲਾਂ । ਮਨਤਨ ਕੇ ਬੀਚ ਹੇ ਨਦਰੀ ਤੇਰੇ ਕੋ ਹੀ ਦੇਖਤਾ ਹਾਂ ।

ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ । ਤੁਧੁ ਬਿਨੁ ਅਵਰੁ ਨ ਜਾਨਣਿਆ ॥ ੬ ॥

ਹੇ ਸੁਆਮੀ ਤੂਹੀ ਮੇਰਾ ਮਿਤ੍ਰ ਪੁਨਾ ਤੂੰਹੀ ਮੇਰਾ ਸਜਨ ਹੈਂ ਤੇਰੇ ਬਿਨਾ ਮੈਂ ਔਰ ਨਹੀ ਜਾਨਤਾ ॥ ੬ ॥

ਜਿਸਕਉ ਤੂੰ ਪ੍ਰਭ ਭਇਆ ਸਹਾਈ । ਤਿਸੁ ਤਤੀ ਵਾਉ ਨ ਲਗੈ ਕਾਈ ॥

ਜਿਸ ਪੁਰਸ਼ ਕੋ ਹੇ ਪ੍ਰਭੂ ਤੂੰ ਸਹਾਇਤਾ ਕਰਨੇ ਵਾਲਾ ਹੋਇਆ ਹੈਂ ॥ ਤਿਸ ਕੋ ਕੋਈ ਤੱਤੀ ਵਾਉ ਨਹੀਂ ਲਾਗਤੀ ਭਾਵ ਏਹਿ ਕਿ ਕਿਸੀ ਤਰਾਂ ਕਾ ਕਸ਼ਟ ਪ੍ਰਾਪਤਿ ਨਹੀਂ ਹੋਤਾ ॥

ਤੂੰ ਸਾਹਿਬੁ ਸਰਣਿ ਸੁਖ ਦਾਤਾ ਸਤ ਸੰਗਤਿ ਜਪਿ ਪ੍ਰਗਟਾਵਣਿਆ ॥ ੭ ॥

Digitized by Panjab Digital Library | www.panjabdigilib.org

ਤੂ ਮਾਲਕ ਸਰਣ ਆਇਆਂ ਕੋ ਸੁਖ ਦੇਣੋ ਵਾਲਾ ਹੈਂ ਪਰੰਤੂ ਸਤਸੰਗਤਿ ਦੁਆਰੇ ਜਪਣੇ ਸੇ ਪ੍ਰਗਟ ਹੋਤਾ ਹੈਂ ॥ ੭ ॥

ਤੂੰ ਊਚ ਅਥਾਹੁ ਅਪਾਰੁ ਅਮੋਲਾ ॥ ਤੂ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ ॥

ਤੂੰ ਸਰਬਸੇ ਊਚਾ ਹੈਂ ॥ ਪੁਨਾ ਅਥਾਹੁ ਹੈਂ ਅਪਾਰ ਹੈਂ ਅਮੋਲਕ ਹੈਂ ਤੂੰ ਸਾਰਾ ਸਾਹਬ ਹੈਂ ਮੈਂ ਤੇਰਾ ਮਨ ਤਨ ਕਰ ਦਾਸ ਹਾਂ ॥

ਤੂੰ ਮੀਰਾ ਸਾਚੀ ਠਕੁਰਾਈ ਨਾਨਕ ਬਲਿ ਬਲਿ ਜਾਵਣਿਆ ॥ ੮ ॥ ੩ ॥ ੩੭ ॥

ਸ੍ਰੀ ਗੁਰੂ ਜੀ ਕਹਤੇ ਹੈਂ ਤੂੰ ਬਾਦਸ਼ਾਹ ਹੈਂ ਤੇਰੀ ਠਕੁਰਾਈ ਸਚੀ ਹੈ ਮੈਂ ਮਨ ਤਨ ਕਰ ਬਲਹਾਰੇ ਜਾਤਾ ਹੂੰ ॥ ੮ ॥ ੩ ॥ ੩੭ ॥

ਮਾਝ ਮਹਲਾ ੫ ॥ ਘਰੁ ੨ ॥ ਉਪਦੇਸ ॥

ਨਿਤ ਨਿਤ ਦਯੁ ਸਮਾਲੀਐ ॥ ਮੂਲ ਨ ਮਨਹੁ ਵਿਸਾਰੀਐ ॥ ਰਹਾਉ ॥

ਹੇ ਭਾਈ ਨਿਤਾਪ੍ਰਤੀ (ਦਯੁ) ਪ੍ਰੇਰਕ ਵਾਹਿਗੁਰੂ ਕੋ ਯਾਦ ਕਰੀਏ ॥ ਕਦਾਚਿਤ ਮਨ ਸੇ ਨ ਵਿਸਾਰੀਏ ॥

ਸੰਤਾ ਸੰਗਤਿ ਪਾਈਐ ॥ ਜਿਤੁ ਜਮ ਕੈ ਪੰਥਿ ਨ ਜਾਈਐ ॥ ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥ ੧ ॥

ਸੰਤੋਂ ਕੀ ਸੰਗਤ ਕੋ ਪ੍ਰਾਪਤਿ ਹੋਈਏ ਤਿਸ ਕਰਕੇ ਜਮ ਮਾਰਗ ਮੈਂ ਨ ਜਾਣਾ ਹੋਵੇਗਾ ਹਰੀ ਕਾ ਨਾਮ ਪ੍ਰਲੋਕ ਕਾ (ਤੋਸਾ) ਖਰਚ ਲੈ ਤੇਰੇ ਕੋ ਕੁਲ ਸਹਤ (ਗਾਲ) ਕਲੰਕ ਨ ਲਗੇਗਾ ਜੀਉ ਪਦ ਸੰਬੋਧਨ ਹੈ ॥ ੧ ॥

ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥

ਜੋ ਮਾਲਕ ਕਾ ਸਿਮਰਨ ਕਰਤੇ ਹੈਂ ਸੋ ਪੁਰਸ਼ ਨਰਕ ਮੈਂ ਨਹੀਂ ਪਾਈਤੇ ॥

ਤਤੀ ਵਾਉ ਨ ਲਗਈ ਜਿਨਿ ਮਨਿ ਵੁਠਾ ਆਇ ਜੀਉ ॥ ੨ ॥

ਜਿਨ ਕੇ ਮਨ ਮੈਂ ਵਾਹਿਗੁਰੂ ਆਇ ਵਸਿਆ ਹੈ ਤਿਨਕੋ (ਤਤੀ) ਦੁਖੋਂ ਕੀ ਪਉਣ ਨਹੀਂ ਲਾਗਤੀ ॥ ੨ ॥

ਸੇਈ ਸੁੰਦਰ ਸੋਹਣੇ ॥ ਸਾਧ ਸੰਗਿ ਜਿਨਿ ਬੈਹਣੇ ॥

ਸੋਈ ਪੁਰਸ਼ ਮਨ ਤਨ ਕਰ ਗੁਣੋਂ ਸੰਜੁਗਤ ਸੋਭਤੇ ਹੈਂ ॥ ਜਿਨਕਾ ਸਤਸੰਗ ਮੈਂ (ਬੈਹਣੇ) ਨਿਵਾਸ ਹੁਆ ਹੈ ॥

ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰੁ ਜੀਉ ॥ ੩ ॥

ਜਿਨ੍ਹੋਂ ਨੇ ਹਰੀ ਨਾਮ ਧਨ ਇਕਤ੍ਰ ਕੀਆ ਹੈ ਸੋਈ ਬੇਅੰਤ ਗੰਭੀਰ ਹੈਂ ॥ ੩ ॥

Digitized by Panjab Digital Library | www.panjabdigilib.org

ਹਰਿ ਅਮਿਉ ਰਸਾਇਣੁ ਪੀਵੀਐ ॥ ਮੁਹਿ ਡਿਠੈ ਜਨ ਕੈ ਜੀਵੀਐ ॥

ਹਰੀ ਨਾਮ ਅੰਮ੍ਰਿਤ ਰਸੋਂ ਕਾ ਘਰ ਪਾਨ ਕਰੀਏ ॥ ਅਰ ਸੰਤਜਨੋਂ ਕਾ ਮੁਖ ਦੇਖ ਕਰ ਜੀਵੀਏ ॥

ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ ॥ ੪ ॥

ਹੇ ਭਾਈ ਨਿਤ ਗੁਰੋਂ ਕੇ ਚਰਨ ਪੂਜ ਕਰ ਅਪਨੇ ਕਾਰਜ ਸਭ ਸਵਾਰ ਲੈ ॥ ੪ ॥

ਜੋ ਹਰਿ ਕੀਤਾ ਆਪਣਾ ॥ ਤਿਨਹਿ ਗੁਸਾਈ ਜਾਪਣਾ ॥

ਜੋ ਪੁਰਸ਼ ਹਰੀ ਨੇ ਅਪਨਾ ਕੀਆ ਹੈ ॥ ਤਿਸੀ ਨੇ ਗੁਸਾਂਈ ਅਰਥਾਤ ਮਾਲਕ ਕਾ ਜਪ ਕੀਆ ਹੈ ॥

ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸਦੈ ਭਾਗੁ ਜੀਉ ॥ ੫ ॥

ਸੋਈ ਸੂਰਮਾ ਹੈ ਤਥਾ ਸੋਈ ਪਰਧਾਨ ਹੈ ਜਿਸਕੇ ਮਸਤਕ ਮੈਂ ਨਾਮ ਜਪਨੇ ਕਾ ਭਾਗ ਹੈ ॥ ੫ ॥

ਮਨ ਮੰਧੇ ਪ੍ਰਭੁ ਅਵਗਾਹੀਆ ॥ ਏਹਿ ਰਸ ਭੋਗਣਿ ਪਾਤਿਸਾਹੀਆ ॥

ਜਿਨ੍ਹੋਂ ਨੇ (ਮਨ ਮੰਧੇ) ਮਨ ਵਿਖੇ ਜੋ ਪ੍ਰਭੂ ਕੇ ਸਰੂਪ ਕਾ (ਅਵਗਾਹੀਆ) ਵਿਚਾਰ ਕੀਆ ਹੈ ਏਹ ਪਾਤਸ਼ਾਹੀਆਂ ਕੇ ਰਸੋਂ ਕਾ ਭੋਗਣਾ ਹੈ ॥

ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ ॥ ੬ ॥

ਮੰਦਾ ਸੁਭਾਉ ਕਦਾਚਿਤ ਨਹੀਂ ਉਪਜਾ ਸਚੀ ਕਾਰ ਭਗਤੀ ਮੈਂ ਲਗ ਕਰ ਤਰੇ ਹੈਂ ॥ ੬ ॥

ਕਰਤਾ ਮੰਨਿ ਵਸਾਇਆ ॥ ਜਨਮੈ ਕਾ ਫਲੁ ਪਾਇਆ ॥

ਜਿਸ ਨੇ ਕਰਤਾ ਕੋ ਮਨ ਮੈਂ ਵਸਾਇਆ ਹੈ ॥ ਤਿਸ ਪੁਰਸ਼ ਨੇ ਜਨਮੇ ਕਾ ਫਲ ਪਾਇ ਲੀਆ ਹੈ ॥

ਮਨ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥ ੭ ॥

ਹੇ ਭਾਈ ਜਬ ਤੈਂ ਮਨ ਕਾ (ਭਾਵੰਦਾ) ਇਸ਼ਟ ਰੂਪ ਹਰੀ ਪਤੀ ਪਾਇਆ ਤਬ ਤੇਰਾ (ਸੋਹਾਗ) ਅਨੰਦ ਇਸਥਿਤ ਹੁਆ ਜਾਣੀਏਗਾ ॥ ੭ ॥

ਅਟਲ ਪਦਾਰਥ ਪਾਇਆ । ਭੈ ਭੰਜਨ ਕੀ ਸਰਣਾਇਆ ॥

ਭੈ ਭੰਜਨ ਵਾਹਗੁਰੂ ਕੀ ਜੋ ਸਰਣ ਆਇਆ ਹੈ । ਤਿਸਨੇ ਅਟਲ ਪਦਾਰਥ ਆਤਮਾਨੰਦ ਪਾਇਆ ਹੈ ॥

Digitized by Panjab Digital Library | www.panjabdigilib.org

ਲਾਇ ਅੰਚਲਿ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ ॥ ੮ ॥ ੪ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਨਕੋ (ਅਪਾਰ) ਵਾਹਗੁਰੂ ਨੇ ਅਪਨੇ ਲੜ ਲਾਇਕਰ ਤਾਰਿਆ ਹੈ ਤਿਨ੍ਹੋਂ ਨੇ ਜਨਮ ਜੀਤ ਲੀਆ ਹੈ ॥ ੮ ॥ ੪ ॥ ੩੮ ॥

ੴ ਸਤਿਗੁਰਪ੍ਰਸਾਦਿ ॥ ਮਾਝ ਮਹਲਾ ੫ ॥ ਘਰੁ ੩ ॥

ਸਿਖ ਨੇ ਪ੍ਰਸ਼ਨ ਕੀਆ ਹੇ ਗੁਰੋ ਮਨ ਕੋ ਧੀਰਜ ਕੈਸੇ ਹੋਵੇ ਔਰ ਜੀਵਕਾ ਭੈ ਅਰ ਝੂਰਨਾ ਕੈਸੇ ਮਿਟੇ? ਤਿਸ ਪਰ ਕਹਤੇ ਹੈਂ ੮॥

ਹਰਿ ਜਪਿ ਜਾਪੈ ਮਨੁ ਧੀਰੇ ॥ ੧ ਰਹਾਉ ॥ ਸਿਮਰ ਸਿਮਰਿ ਗੁਰਦੇਉ ਮਿਟਿ ਗਏ ਭੈ ਦੂਰੇ ॥

ਹਰੀ ਨਾਮਕਾ ਜਾਪ ਜਪ ਕਰ ਅੰਤਹ ਕਰਣ ਧੀਰਜ ਕੋ ਪ੍ਰਾਪਤਿ ਹੋਏ ਹੈਂ । ਗੁਰੋਂ ਦੁਆਰਾ ਮਨ ਤਨ ਕਰ ਸਿਮਰਨ ਕਰਨੇ ਸੇ ਭੈ ਦੂਰ ਹੋਇ ਗਏ ਹੈਂ ॥ ੧ ॥

ਸਰਨਿ ਆਵੈ ਪਾਰਬ੍ਰਹਮੁ ਕੀ ਤਾ ਫਿਰਿ ਕਾਹੇ ਝੂਰੇ ॥ ੨ ॥

ਜੋ ਪਾਰਬ੍ਰਹਮ ਕੀ ਸਰਣ ਆਵੈ ਤਉ ਤਿਸ ਕੋ ਫਿਰ ਕਿਉ ਝੋਰਾ ਹੋਤਾ ਹੈ ਭਾਵ ਯਹਿ ਕਿ ਨਹੀਂ ਝੂਰਤੇ ॥ ੨ ॥

ਚਰਣ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ ॥ ੩ ॥

ਸਾਂਤ ਰੂਪ ਸਾਧੂਓਂ ਕੇ ਚਰਨ ਸੇਵਨੇ ਸੇ ਸੰਪੂਰਨ ਮਨੋਰਥ ਪੂਰਨ ਹੋਏ ਹੈਂ ॥ ੩ ॥

ਘਟਿ ਘਟਿ ਏਕੁ ਵਰਤਦਾ ਜਲਿ ਥਲਿ ਮਹੀਅਲਿ ਪੂਰੇ ॥ ੪ ॥

ਘਟ ਘਟ ਮੈਂ ਏਕ ਵਰਤ ਰਹਾ ਹੈ ਪੁਨਾ ਜਲ ਥਲ ਪ੍ਰਿਥਵੀ ਅਕਾਸ਼ ਮੈਂ ਪੂਰਨ ਹੋ ਰਹਾ ਹੈ ॥ ੪ ॥

ਪਾਪ ਬਿਨਾਸਨੁ ਸੇਵਿਆ ਪਵਿਤ੍ਰ ਸੰਤਨ ਕੀ ਧੂਰੇ ॥ ੫ ॥

ਸੰਤੋਂ ਕੀ ਧੂਰੀਸੇ ਪਵਿਤ੍ਰ ਹੋਕਰ ਪਾਪੋਂ ਕੇ ਨਾਸ ਕਰਤਾ ਵਾਹਗੁਰੂ ਕੋ ਸੇਵਿਆ ਹੈ ॥ ੫ ॥

ਸਭਿ ਛਡਾਈ ਖਸਮਿ ਆਪਿ ਹਰਿ ਜਪਿ ਭਈ ਠਰੂਰੇ ॥ ੬ ॥

ਜੋ ਸ੍ਰਿਸਟੀ ਹਰੀਕਾ ਜਾਪ ਕਰਕੇ (ਠਰੂਰੇ) ਸਾਂਤ ਹੋਈ ਹੈ ਸੋ ਖਸਮ ਨੇ ਸਭ ਆਪਹੀ ਛਡਾਈ ਹੈ ॥ ੬ ॥

ਕਰਤੈ ਕੀਆ ਤਪਾਵਸੋ ਦੁਸਟ ਮੁਏ ਹੋਇ ਮੂਰੇ ॥ ੭ ॥

Digitized by Panjab Digital Library | www.panjabdigilib.org

ਜਬ ਕਰਤੇ ਵਾਹਗੁਰੂ ਨੇ(ਤਪਾਵਸੋ)ਨਿਆਉ ਕੀਆ ਤਬ ਦੁਸ਼ਟ (ਮੂਰੇ) ਜੜ ਹੋਕਰ ਮੂਏ ਬਨਾਵਟੀ ਕਟੇ ਕਾ ਨਾਮ ਮੂਰਾ ਹੈ। ਜੋ ਮਰੇ ਹੂਏ ਕਟੇ ਕੇ ਖੱਲੜ ਕੇ ਭੁਸਕੇ ਸਾਥ ਭਰਕੇ ਭੇਂਸਕੇ ਦਿਖਾਕਰ ਚੋਈਏ ਸੋ ਮੂਰਾ ਕਹਾਵਤਾ ਹੈ॥ ੭ ॥ਤਪਾਵਸ ਜੈਪੁਰ ਕੀ ਬੋਲੀ ਹੈ॥

ਨਾਨਕ ਰਤਾ ਸਚਿ ਨਾਇ ਹਰਿ ਵੈਖੈ ਸਦਾ ਹਜੂਰੇ ॥ ੮ ॥ ੫ ॥ ੩੯॥ ੧ ॥ ੫ ॥ ੩੯ ॥

ਸ੍ਰੀ ਗੁਰੂਜੀ ਕਹਤੇ ਹੈ ਜੋ ਸਚੇ ਨਾਮਮੈ ਰਤਾ ਹੋ ਸੋ ਪੁਰਸ ਹਰੀ ਕੋ ਸਦਾ ਨਿਕਟਹੀ ਦੇਖਤਾ ਹੈ॥ ੮ ॥ ੫ ॥ ੩੯॥੧॥ ੩੨ ॥੧॥ ੫ ॥ ੩੯ ॥

ਸਿਖੋਂ ਨੇ ਬੇਨਤੀ ਕਰੀ ਕੇ ਹੇ ਗੁਰੂਜੀ ਲੋਕ ਪ੍ਰਸਿਧ ਹੈ ਕਿ ਵਡੇ ਪੁਰਸੋਂ ਕੇ ਮੁਖਸੇ ਮਹੀਨੇਕੇ ਪ੍ਰਿਥਮ ਦਿਨਕਾ ਨਾਮ ਸ੍ਰਵਨ ਕਰਨੇ ਸੇ ਮਹੀਨਾ ਭਰ ਸੁਖ ਹੋਤਾ ਹੈ ਐਸੇ ਜਾਨ ਕਰ ਹਮਾਰੀ ਏਹ ਬੇਨਤੀ ਹੇ ਕੇ ਜੈਸੇ ਆਪਕੇ ਮੁਖਾਰ ਬਿੰਦਸੇ ਮਹੀਨੇ ਸ੍ਰਬ ਸੁਨੇ ਜਾਵੇਂ ਸਰਬ ਸਿਖਨ ਕੋ ਸਰਬ ਸੁਖਦਾਇਕ ਬਾਨੀ ਕ੍ਰਿਪਾ ਕਰਕੇ ਉਚਾਰੀਏ ਜੋ ਬਾਹਜ ਬਾਰਾ ਮਾਹੇ ਹੈਂ ਤਿਨਸੇ ਪ੍ਰਵਰਤੀ ਹਟ ਕਰ ਆਪਕੇ ਬਾਰਾਂ ਮਾਹ ਮੈਂ ਸਿਖੋਂ ਕੀ ਪ੍ਰਵਿਰਤੀ ਹੋਵੇ ਐਸੀ ਬੇਨਤੀ ਮਾਨ ਕਰ ਰੁਹੂ ਅਰਜਨ ਸਾਹਿਬ ਜੀ ਨੇ ਮਾਝ ਮੈ ਬਾਰਾਂ ਮਾਹ ਉਚਾਰਨ ਕਰ ਮਹਾਤਮ ਕਹਾ ਕੇ ਜੋ ਸਿਖੁ ਮਹੀਨੇ ਕੇ ਆਦਿਕੇ ਦਿਨ ਸਰਧਾ ਧਾਰ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਹਜੂਰ ਜਾਕਰ ਯਥਾ ਸ਼ਕਤਿ ਪ੍ਰਸਾਦਿ ਵਾ ਭੇਟਾ ਰਖਕਰ ਬਾਰਾਂ ਮਾਹ ਪੜੇ ਵਾ ਸੁਨੇਗਾ ਤਿਸ ਸਿਖਕੇ ਸਰਬ ਕਾਰਜ ਪੂਰਨ ਹੋਵੇਂਗੇ ਗੁਰੋਂ ਕੇ ਆਗੇ ਬੇਨਤੀ ਕਰਨੇ ਕੇ ਪ੍ਰਕਾਰ ਕੀ ਪੌੜੀ ਮੰਗਲਾਚਰਨ ਰੂਪ ਕਹਤੇ ਹੈਂ ॥

ਬਾਰਾਂ ਮਾਹ ਮਾਝ ਮਹਲਾ ੫ ਘਰੁ ੪॥ ੴਸਤਿਗੁਰਪ੍ਰਸਾਦਿ॥

ਕਿਰਤਿ ਕਰਮਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥

ਜੋ ਪੂਰਬ ਹਮ ਨੇ ਮੰਦ ਕਰਮ (ਕਿਰਤ) ਕਰਾ ਹੈ ਤਿਸ ਅਨੁਸਾਰ ਵਿਛੜੇ ਹੈਂ ਹੇ ਗੁਰੋ ਕਿਰਪਾ ਕਰਕੇ ਮੇਰੇ ਕੋ ਰਾਮ ਕੇ ਸਾਥ ਮੇਲੋ। ਜੇ ਗੁਰ ਕਹੇ ਕੇ ਤੀਰਥ ਜਾਤ੍ਰਾਦਿ ਸੁਭ ਕਰਮ ਤੁਮ ਪਹਿਲੇ ਕਰੋ॥ਤਿਸ ਪਰ ਕਹਤੇ ਹੈਂ ॥

ਚਾਰਿ ਕੁੰਟ ਦਹ ਦਿਸਿ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥

(ਚਾਰ ਕੁੰਟ) ਚਾਰੋਂਕੂੰਣਾਂ ਪੂਰਬ ਪਛਮ ਉਤ੍ਰ ਦਖਣ ਏਹ ਹੈਂ ਮਖ ਜਿਨੋਂ ਮੈਂ ਸੋ ਹਮ ਦਸੋਂ ਦਿਸਾ ਮੈ ਭਰਮੇ ਹਾਂ ਹੇ ਪ੍ਰਭੋ ਥਾਕ ਕਰ ਆਪ ਕੀ (ਸਾਮ) ਸਰਣ ਆਏ ਹੈਂ। ਜੇ ਗੁਰ ਕਹੇ ਤੁਮਕੋ ਮਨੁਖ ਜਨਮ ਮਿਲਾ ਹੈ। ਫਿਰ ਕਿਉਂ ਦੁਖੀ ਹੋ

Digitized by Panjab Digital Library | www.panjabdigilib.org

ਪ੍ਰਮੇਸਰ ਭਜਨ ਸੇ ਬਿਨਾ ਮਾਨੁਖ ਜਨਮ ਕੀ ਨਿਸਫਲਤਾ ਦੇਖਾਵਤੇ ਹੈਂ ॥

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥
ਜਲ ਬਿਨੁ ਸਾਖ ਕੁਮਲਾਵਤੀ ਉਪਜੈ ਨਾਹੀ ਦਾਮ ॥

ਜੈਸੇ ਗਊ ਦੁਧ ਸੇ ਬਿਨਾ ਕਿਸੀ ਕਾਮ ਨਹੀਂ ਆਵਤੀ ਪੁਨਾ ਜੈਸੇ (ਸਾਖ) ਖੇਤੀ ਜਲ ਸੇ ਬਿਨਾ ਮੁਰਝਾਇ ਜਾਤੀ ਹੈ॥ (ਦਾਮ) ਰੁਪਏ ਨਹੀਂ ਉਪਜਤੇ ਭਾਵ ਯਹਿ ਕਿ ਨਹੀਂ ਵੱਟੀਤੇ॥

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥

ਤੈਸੇ ਹੀ ਮਾਨੁਖ ਜਨਮ ਕੋ ਪਾਇ ਕਰ ਜਬ ਹਰੀ ਸਾਜਨ ਕੋ ਨਾ ਮਿਲੀਐ ਤਬ ਬਿਸਰਾਮ ਇਸਥਿਰਤਾ ਕੋ (ਕਤ) ਕਹਾਂ ਪਾਉਣਾ ਹੈ ॥

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠ ਨਗਰ ਸੇ ਗ੍ਰਾਮ॥

ਜਿਸ(ਘਰਿ) ਅੰਤਹਿ ਕਰਣ ਮੈਂ ਹਰੀ ਪਤੀ ਪ੍ਰਗਟ ਨਹੀਂ ਹੁਆ ਵਹੁ ਨਗਰ ਅਰਥਾਤ ਬੜੇ ਕਸਬੇ ਵਤ ਰਾਜਾਦਿਕੋਂ ਕੇ ਸਰੀਰ (ਗ੍ਰਾਮ) ਜਿਸਮੈਂ ਥੋੜੇ ਘਰ ਹੋਂ ਤਦਵ ਕੰਗਾਲੋਂ ਕੇ ਸਰੀਰ ਸਭੀ ਭਠ ਜੈਸੇ ਤਪਤੇ ਰਹਤੇ ਹੈਂ। ਸਾਂਤੀ ਨਹੀਂ ਆਵਤੀ॥

ਸਰਬ ਸੀਗਾਰ ਤੰਬੋਲ ਰਸ ਸਣ ਦੇਹੀ ਸਭ ਖਾਮ ॥

ਸਰਬ ਸੀਗਾਰ (ਤੰਬੋਲ) ਪਾਨ ਔਰ ਜਿਤਨੇ ਰਸ ਹੈ ਜਿਨ ਮੈ ਲਾਗ ਕਰ ਪ੍ਰਮੇਸ੍ਵਰ ਕੋ ਭੁਲਾਇ ਦੀਆ ਹੈ (ਸਣਦੇਹੀ) ਸਰੀਰ ਕੇ ਸਹਿਤ ਸਭ (ਖਾਮ) ਕਚੇ ਹੈਂ ਭਾਵ ਯਹਿ ਕਿ ਨਾਸਵੰਤ ਹੈਂ ॥

ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥

(ਪ੍ਰਭ) ਹੇ ਗੁਰੋ ਸੁਆਮੀ ਕੰਤ ਪ੍ਰਮੇਸ੍ਵਰ ਕੀ ਪ੍ਰਾਪਤੀ ਸੇ ਬਿਨਾ ਮਿਤ੍ਰਤਾ ਕਰਨੇ ਵਾਲੇ ਪੁਨਾ (ਸਜਨ) ਅਕ੍ਰਿਤਮ ਉਪਕਾਰੀ ਜੋ ਆਪ ਉਪਕਾਰ ਕਰਕੇ ਉਸਦਾ ਪ੍ਰਤਿ ਬਦਲਾ ਨ ਚਾਹੇ ਸਭੀ ਮੇਰੇ ਕੋ (ਜਾਮ) ਜਮ ਰੂਪ ਪ੍ਰਤੀਤ ਹੋਤੇ ਹੈਂ । ਭਾਵ ਯਹਿ ਕਿ ਸਭ ਭੈ ਕੇ ਹੇਤੁ ਹੈਂ ॥

ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸਕਾ ਨਿਹਚਲ ਧਾਮ ॥ ੧ ॥

ਸ੍ਰੀ ਗੁਰੂ ਜੀ ਕਹਤੇ ਹੈਂ ਮੇਰੀ ਏਹੀ ਬੇਨਤੀ ਹੈ ਕਿਰਪਾ ਕਰਕੇ ਨਾਮ ਦੇਵੋ। ਹੇ ਸੁਆਮੀ ਗੁਰੋ ਹਰੀ ਪ੍ਰਭੂ ਕੇ ਸਾਥ ਮੇਰੇ ਕੋ

Digitized by Panjab Digital Library | www.panjabdigilib.org

ਮੇਲਹੁ ਜਿਸਕਾ ਅਚਲ (ਧਾਮ) ਪ੍ਰਕਾਸ ਹੈ ॥ ੧ ॥ ਅਬ ਬਾਰਾਂਮਾਹ ਚਲਾ ॥

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦ ਘਣਾ ॥

ਚੇਤ ਦੁਆਰਾ ਕਹਤੇ ਹੈਂ ਗੋਬਿੰਦ ਕਾ ਅਰਾਧਨਾ ਕਰੀਏ ਜਿਸਤੇ ਬਹੁਤ ਅਨੰਦ ਹੋਵੇ ॥

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥

ਰਸਨਾ ਸੇ ਨਾਮ ਕਾ (ਭਣਾ) ਉਚਾਰਣ ਕਰਣਾ ਸੰਤ ਜਨੋਂ ਕੇ ਸਾਥ ਮਿਲਕੇ ਪਾਈਤਾ ਹੈ ॥

ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥

ਜਿਨ ਆਪਣੇ ਪ੍ਰਭ ਕੋ ਪਾਇਆ ਹੈ ਤਿਸਕੇ ਆਏ ਕੋ ਸਫਲਾ ਗਿਣਾ ਹੈ। ਭਾਵ ਤਿਸਕਾ ਜਨਮ ਸਫਲ ਹੈ ॥

ਇਕੁ ਖਿਨੁ ਤਿਸ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥

ਇਕ ਖਿਨ ਜੋ ਤਿਸ ਬਿਨਾ ਜੀਵਣਾ ਹੈ ਤਿਸ ਕਰ (ਜਣਾ) ਪੁਰਸੋਂ ਕਾ ਬਿਰਥਾ ਜਨਮ ਜਾਤਾ ਹੈ ॥

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥

ਜਲ ਥਲ ਪ੍ਰਿਥੀ ਅਕਾਸ ਮੈ ਪੂਰਨ ਹੋ ਰਹਾ ਹੈ ਪੁਨਾ ਬਨੋਂ ਮੈ ਵਿਆਪਿਆ ਹੈ।

ਸੋ ਪ੍ਰਭੁ ਚਿਤ ਨ ਆਵਈ ਕਿਤੜਾ ਦੁਖ ਗਣਾ ॥

ਜਿਨਕੋ ਸੋ ਐਸਾ ਪ੍ਰਭੂ ਚਿਤ ਨਹੀਂ ਆਵਤਾ ਤਿਨਕੋ ਕਿਤਨਾ ਕੁ ਦੁਖ ਗਿਨਾ ਹੈ ਭਾਵ ਯਹਿ ਕਿ ਬਹੁਤ ਦੁਖ ਹੈ ॥

ਜਿਨੀ ਰਾਵਿਆ ਸੋ ਪ੍ਰਭੂ ਤਿਨਾ ਭਾਗ ਮਣਾ ॥

ਜਿਨੋਂ ਨੇ ਸੋ ਪ੍ਰਭੂ ਜਪਿਆ ਹੈ ਤਿਨ ਪੁਰਸੋਂ ਨੇ (ਭਾਗ ਮਣਾ) ਸ੍ਰੇਸਟ ਭਾਗੋਂ ਕਰ ਅਨੰਦ ਮਾਣਿਆ ਹੈ ਵਾ ਤਿਨ ਕੇ ਭਾਗ ਸਿਰੋਮਣ ਹੈਂ ॥ ਵਾ ਤਿਨ ਕੇ ਭਾਗ ਮਣਾ ਮੂਹ ਹੈਂ ॥ ਭਾਵ ਏਹ ਕਿ ਅਨੰਤ ਹੈਂ ॥

ਹਰਿ ਦਰਸਨ ਕਉ ਮਨੁ ਲੋਚਦਾ ਨਾਨਕ ਪਿਆਸ ਮਨਾ ॥

ਸ੍ਰੀ ਗੁਰੂ ਜੀ ਕਹਤੇ ਹੈਂ ਹਰੀ ਕੇ ਦਰਸਨ ਕਉ ਮਨ ਚਾਹੁਤਾ ਹੈ ਪੁਨਾ ਮਨ ਮੈ ਦਰਸਨ ਕੀ ਚਾਹ ਹੈ ਵਾ ਮਨਾਂ ਮੂਹ ਅਰਥਾਤ ਅਧਿਕ ਚਾਹ ਹੈ ॥

ਚੇਤਿ ਮਿਲਾਏ ਸੋ ਪ੍ਰਭੂ ਤਿਸਕੈ ਪਾਇ ਲਗਾ ॥ ੨ ॥

Digitized by Panjab Digital Library | www.panjabdigilib.org

ਚੇਤ ਦੁਆਰਾ ਕਹਤੇ ਹੈਂ ਜੋ ਸੋ ਪ੍ਰਭੂ ਕੋ ਮਿਲਾਇ ਦੇਵੇ ਤਿਸਕੇ ਚਰਨੋਂ ਮੈਂ ਲਾਗਾਂ॥ ੨ ॥

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥

ਵੈਸਾਖ ਦੁਆਰਾ ਕਹਤੇ ਹੈ ਪਰਮੇਸ੍ਰ ਸੇ(ਵਾਢੀਆ)ਵਿਛੁੜੀਆਂ ਹੋਈਆਂ ਜਿਨ੍ਹੋਂ ਕੇ ਪ੍ਰੇਮਕਾ (ਬਿਛੋਹੁ) ਵਿਛੋੜਾ ਹੁਆ ਹੈ। ਕੈਸੇ ਧੀਰਜ ਕਰਨ॥

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥

ਹਰੀ ਸਜਨ ਪੁਰਖਕੋ ਵਿਸਾਰ ਕਰਕੇ (ਧੋਹੁ) ਛਲਰੂਪ ਮਾਇਆ ਮੈਂ ਬੁਧੀ ਲਗੀ ਹੈ॥

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥

ਪੁਤ੍ਰ ਪੁਨਾ ਇਸਤ੍ਰੀ ਤਥਾ ਧਨ ਕੋਈ ਜੀਵ ਕਾ ਸੰਗ ਨਹੀਂ ਕਰਤਾ (ਓਹੁ) ਵਹੁ ਹਰੀ ਅਬਨਾਸੀ ਸਹਾਇਕ ਹੋਤਾ ਹੈ॥

ਪਲਚਿ ਪਲਚਿ ਸਗਲੀ ਮੁਈ ਝੂਠੇ ਧੰਧੈ ਮੋਹੁ ॥

ਝੂਠੇ ਬਿਓਹਾਰੋਂ ਮੈ ਮੋਹ ਕਰਕੇ ਸਭ ਸ੍ਰਿਸਟੀ ਫਸ ਫਸ ਕਰ ਮਰੀ ਹੈ॥

ਇਕਸੁ ਹਰਿਕੇ ਨਾਮੁ ਬਿਨੁ ਅਗੈ ਲਈਅਹਿ ਖੋਹਿ ॥

ਏਕ ਹਰੀ ਕੇ ਨਾਮ ਸੇ ਬਿਨਾ ਔਰ ਸਕਾਮੀ ਕਰਮ ਜਮ ਮਾਰਗ ਮੈ ਖੋਸ ਲਈਤੇ ਹੈਂ॥

ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥

(ਦਯੁ) ਪ੍ਰੇਰਕ ਵਾਹਗੁਰੂ ਕੋ ਵਿਸਾਰ ਕਰ ਖਰਾਬ ਹੋਨਾ ਹੈ ਕਿਉਂਕਿ ਪ੍ਰਭੂ ਸੇ ਬਿਨਾ ਔਰ ਕੋਈ ਸਹਾਇਕ ਨਹੀਂ॥

ਪ੍ਰੀਤਮ ਚਰਣੀ ਜੋ ਲਗੇ ਤਿਨਕੀ ਨਿਰਮਲੁ ਸੋਇ ॥

ਜੋ ਪਿਆਰੇ ਵਾਹਗੁਰੂ ਕੇ ਚਰਣੋਂ ਮੈਂ ਲਗੇ ਹੈਂ ਤਿਨਕੀ ਸੋਭਾ ਨਿਰਮਲ ਹੈ ਅਬ ਬੇਨਤੀ ਕਰਨੇ ਕਾ ਪ੍ਰਕਾਰ ਦਿਖ ਵਤੇ ਹੈਂ।

ਨਾਨਕ ਕੀ ਪ੍ਰਭੁ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਪ੍ਰਭੂ ਮੇਰੀ ਬੇਨਤੀ ਹੈ ਜੇਕਰ ਮਿਲੇ ਤਾਂ ਮੇਰੀ (ਪਰਾ) ਸਭਸੇ ਪਰੇ (ਪਤਿ) ਇਜਤ ਹੋਵੇ॥

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥ ੩ ॥

ਹੇ ਹਰੀ ਤੇਰਾ ਜੋ ਸੰਤੁ ਹੈ ਜਬ ਸੋ ਮਿਲੈ ਵੈਸਾਖ ਸੋਭਨੀਕ ਤੋ ਲਗਤਾ ਹੈ॥ ੩ ॥

Digitized by Panjab Digital Library | www.panjabdigilib.org

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥

ਜੇਠ ਮਹੀਨੇ ਦੁਆਰਾ ਕਹਤੇ ਹੈਂ ਹਰੀ ਮੈਂ ਮਨ ਜੁੜਿਆ ਚਾਹੀਏ ਜਿਸ ਹਰੀ ਆਗੇ ਸਭ ਨਿਮਰ ਹੋਤ ਹੈਂ ॥

ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥

ਹਰੀ ਸਜਣ ਕੇ (ਦਾਵਣ) ਪਲੇ ਲਗਿਆਂ ਕਿਆ ਸਰਣ ਕੋ ਪ੍ਰਾਪਤਿ ਹੋਇਆਂ ਕਿਸ ਕੋ ਬੰਨ ਕੇ ਨਹੀਂ ਦੇਤਾ ॥ ਅਰਥਾਤ ਸਰਣ ਸੂਰ ਹੈ ॥

ਮਾਣਿਕ ਮੋਤੀ ਨਾਮੁ ਪ੍ਰਭ ਊਨ ਲਾਗੈ ਨਾਹੀ ਸੰਨਿ ॥

ਮਾਣਕ ਮੋਤੀ ਅਰਥਾਤ ਸਰਬ ਪਦਾਰਥ ਰੂਪ ਪ੍ਰਭੂ ਕਾ ਨਾਮ ਹੈ ਉਨ ਗੁਨੋਂ ਰੂਪੀ ਧਨ ਕੋ (ਸੰਨਿ) ਪਾੜ ਨਹੀਂ ਲਗਤਾ ਭਾਵ ਏਹਿ ਚੋਰਾਯਾ ਨਹੀਂ ਜਾਤਾ ॥

ਰੰਗ ਸਭੈ ਨਾਰਾਇਣੈ ਜੇਤੇ ਮਨਿ ਭਾਵੰਨਿ ॥

ਜਿਤਨੇ ਜੀਵੋਂ ਕੇ ਮਨ ਮੇਂ ਰੰਗ ਭਾਵਤੇ ਹੈਂ ਸਭ ਨਰਾਇਣ ਕੇ ਹੈਂ ॥ ਭਾਵ ਪਰਮੇਸ੍ਰਰ ਭਜਨ ਕਰ ਸਭ ਅਨੰਦ ਬੀਚ ਹੀ ਆਜਾਤੇ ਹੈਂ ॥

ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥

ਜੋ ਜੋ ਹਰੀ ਕਰਾਯਾ ਚਾਹੁੰਦਾ ਹੈ ਜੀਵ ਸੋਈ ਸੋਈ ਕਰਮ ਕਰਤੇ ਹੈਂ ॥

ਜੋ ਪ੍ਰਭ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥

ਜੋ ਪੁਰਸ਼ ਪ੍ਰਭੂ ਨੇ ਅਪਨੇ ਦਾਸ ਕੀਏ ਹੈਂ ਸੋਈ ਉਸਤਤੀ ਜੋਗ ਕਹੀਤੇ ਹੈਂ ॥

ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥

ਜੇਕਰ ਆਪਣਾ ਲੀਆ ਹੂਆ ਹਰੀ ਮਿਲ ਜਾਤਾ ਹੋਵੇ ਤੌ ਪਰਮੇਸ੍ਰਰ ਸੇ ਵਿਛੁੜ ਕੇ ਜੀਵ ਕਿਉਂ ਰੋਵਨ ॥ ਪ੍ਰਸ਼ਨੁ ॥ ਹਰੀ ਕੀ ਪ੍ਰਾਪਤੀ ਕੈਸੇ ਹੋਵੇ? ਤਿਸ ਪਰ ਕਹਤੇ ਹੈਂ ॥

ਸਾਧੂ ਸੰਗਿ ਪਰਾਪਤੇ ਨਾਨਕ ਰੰਗ ਮਾਣੰਨਿ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਨ ਕਉ ਸੰਤੋਂ ਕਾ ਸੰਗ ਹੂਆ ਹੈ ਸੋ ਹਰੀ ਕੋ ਪਰਾਪਤ ਹੋਕਰ ਅਨੰਦ ਭੋਗਤੇ ਹੈਂ ॥

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥ ੪ ॥

Digitized by Panjab Digital Library | www.panjabdigilib.org

ਜੇਠ ਕੇ ਮਹੀਨੇ ਦੁਆਰੇ ਕਹਤੇ ਹੈਂ ਹਰੀ ਧਨੀ (ਰੰਗੀਲਾ) ਅਨੰਦੀ ਤਿਸ ਕੋ ਪ੍ਰਾਪਤਿ ਹੋਤਾ ਹੈ ਜਿਸ ਕੇ ਮਸਤਕ ਮੈਂ ਸ੍ਰੇਸਟ ਭਾਗ ਹੈਂ ॥ ੪ ॥

ਅਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥

ਜਿਨ ਕੇ ਪਾਸ ਹਰੀ (ਨਾਹੁ) ਪਤੀ ਨਹੀਂ ਅਰਥਾਤ ਪ੍ਰਾਪਤਿ ਨਹੀਂ ਤਿਨਕੋ ਹਾੜ ਤਪਤ ਹੁਆ ਲਗਤਾ ਹੈ ॥

ਜਗ ਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥

ਜੋ ਜਗਜੀਵਨ ਪੁਰਖ ਕੋ ਤਿਆਗ ਕਰਕੇ ਮਾਨੁਖ ਕੀ ਆਸਾ ਕਰਤੇ ਹੈਂ ॥

ਦੂਯੈ ਭਾਇ ਵਿਗੁਚੀਐ ਗਲਿ ਪਈ ਸੁ ਜਮ ਕੀ ਫਾਸ ॥

ਸੋ ਦ੍ਵੈਤ ਭਾਵ ਕਰ ਖਰਾਬ ਹੋਤੇ ਹੈਂ ॥ ਪੁਨਾ ਤਿਨ ਕੇ ਗਲ ਮੈਂ ਜਮ ਕੀ ਫਾਸੀ ਪੜੀ ਹੀ ਜਾਨੋਂ ॥

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥

ਜੈਸਾ ਕਰਮ ਕਰੇਗਾ ਤੈਸਾ ਭੋਗੇਗਾ ਜੋ ਮਸਤਕ ਮੈਂ ਲੇਖ ਲਿਖਾ ਹੈ ਸੋ ਅਬ ਕਰਤਾ ਹੈ ॥

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥

ਜਬ (ਰੈਣਿ)ਉਮਰ ਚਲੀ ਗਈ ਤਬ ਜੀਵ ਰੂਪ ਇਸਤ੍ਰੀ ਪਸਚਾਤਾਪ ਕਰਤੀ ਹੁਈ ਨਿਰਾਸ ਹੋਕਰ ਉਠ ਕਰ ਚਲੀ ਜਾਤੀ ਹੈ ॥

ਜਿਨ ਕੋ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥

ਜਿਨ ਕੋ ਸੰਤ ਮਿਲੇ ਹੈਂ ਸੋ ਦਰਗਹ ਮੈਂ ਬੰਧਨ ਸੇ ਰਹਤ ਹੋਏ ਹੈਂ ॥ ਤਾਂਤੇ ਐਸੇ ਬੇਨਤੀ ਕਰੀਏ ॥

ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥

ਹੇ ਪ੍ਰਭੂ ਐਸੀ ਅਪਨੀ ਕਿਰਪਾ ਕਰ ਜਿਸ ਕਰ ਤੇਰੇ ਦਰਸਨ ਕੀ ਹੀ ਚਾਹ ਹੋਵੇ ॥

ਪ੍ਰਭ ਤੁਧੁ ਬਿਨ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥

ਹੇ ਪ੍ਰਭੂ ਤੇਰੇ ਸੇ ਬਿਨਾ ਦੂਸਰਾ ਔਰਕੋਈਨਹੀਂ ਸ੍ਰੀ ਗੁਰੂ ਜੀ ਕਹਤੇ ਹੈਂ ਮੇਰੀ ਤੇਰੇ ਹੀ ਆਗੇ ਬੇਨਤੀ ਹੈ॥ਭਾਵ ਦਰਸ਼ਨ ਦੇਹੋ॥

ਅਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸੁ ॥ ੫ ॥

ਹੇ ਹਰੀ ਜਿਸਕੇ ਮਨ ਮੈਂ ਤੇਰੇ ਚਰਨੋਂ ਕਾ (ਨਿਵਾਸ) ਭਾਵ ਧਯਾਨ ਹੈ ਉਸਕੋ ਹਾੜ ਅੱਛਾ ਲਗਦਾ ਭਾਵ ਸਫਲੁ ਹੈ ॥ ੫ ॥

Digitized by Panjab Digital Library | www.panjabdigilib.org

ਸਾਵਣ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ ॥

ਸਾਵਣ ਦ੍ਵਾਰੇ ਕਹਤੇ ਹੈਂ ਜੋ ਜੀਵ ਰੂਪੀ ਇਸਤ੍ਰੀ ਚਰਨ ਕਮਲੋਂ ਮੈਂ ਪਿਆਰ ਕਰਤੀ ਹੈ ਸੋ (ਸਰਸੀ) ਅਧਕਤਾ ਵਾ ਅਨੰਦ ਕੋ ਪ੍ਰਾਪਤਿ ਹੂਈ ਹੈ ॥

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥

ਜਿਨ੍ਹੋਂ ਨੇ ਏਕ ਨਾਮ ਕਾ ਹੀ ਆਸਰਾ ਕੀਆ ਹੈ ਤਿਨ ਕਾ ਮਨ ਤਨ ਸਰੇ ਪ੍ਰੇਮ ਮੈਂ ਰਤਾ ਹੈ ॥

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥

ਵਿਸਯੋਂ ਕੇ ਰੰਗ ਸਭੇ ਝੂਠੇ ਔਰ ਨਾਸਵੰਤ ਦਿਖਾਈ ਦੇਤੇ ਹੈਂ ॥

ਹਰਿ ਅੰਮ੍ਰਿਤ ਬੂਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥

ਸੋਭਨੀਕ ਤੋ ਹਰੀ ਨਾਮ ਅੰਮ੍ਰਿਤ ਬੂੰਦ ਹੈ ਪਰੰਤੂ ਸੰਤੋਂ ਕੋ ਮਿਲ ਕਰ ਪੀਵਣ ਵਾਲੇ ਹੋਈਤਾ ਹੈ ॥

ਵਣੁ ਤ੍ਰਿਣੁ ਪ੍ਰਭੁ ਸੰਗਿ ਮਉਲਿਆ ਸੰਮ੍ਰਥੁ ਪੁਰਖ ਅਪਾਰੁ ॥

ਅਪਾਰ ਸਾਮਰਥ ਪੁਰਖੁ ਪ੍ਰਭੂ ਕੀ ਸੱਤਾ ਕੇ ਸਾਥ ਵਣ ਤ੍ਰਿਣ (ਮਉਲਿਆ) ਪ੍ਰਫੁਲਤ ਹੋਰਹਾ ਹੈ ॥

ਹਰਿ ਮਿਲਣੈ ਨੋ ਮਨ ਲੋਚਦਾ ਕਰਮ ਮਿਲਾਵਣਹਾਰੁ ॥

ਹਰੀ ਕੇ ਮਿਲਣੇ ਕੋ ਬਹੁਤ ਜਨੋਂ ਕਾ ਮਨ ਚਾਹੁਤਾ ਹੈ ਪਰੰਤੂ ਸੁਭ ਕਰਮ ਮਿਲਨੇ ਵਾਲੇ ਹੈਂ ॥

ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈ ਸਦ ਬਲਿਹਾਰੁ ॥

ਜਿਨ ਸੰਤ ਰੂਪ ਸਖੀਓਂ ਨੇ ਪ੍ਰਭੂ ਕੋ ਪਾਇਆ ਹੈ ਮੈਂ ਤਿਨ ਕੇ ਸਦਾ ਬਲਹਾਰ ਜਾਤਾ ਹੂੰ ॥

ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥

ਸ੍ਰੀ ਗੁਰੂ ਜੀ ਕਹਤੇ ਹੈਂ ਹਰੀ ਜੀਵੋਂ ਪਰ ਦਯਾ ਕਰਕੇ ਗੁਰ ਸ਼ਬਦ ਸੇ ਸੁਧ ਕਰਨੇ ਵਾਲਾ ਹੈ ॥

ਸਾਵਣ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ ॥ ੬ ॥

ਸਾਵਣ ਪ੍ਰਤੱਖ ਸਫਲਾ ਤਿਨ ਸੁਹਾਗਣੀਓਂ ਕਾ ਹੈ ਜਿਨ੍ਹੋਂ ਨੇ ਰਾਮ ਕੇ ਨਾਮ ਕਾ ਹਾਰ ਰਿਦੈ ਮੈਂ ਧਾਰਨ ਕੀਆ ਹੈ ॥

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥

Digitized by Panjab Digital Library | www.panjabdigilib.org

ਭਾਵੋਂ ਕੋ ਮਹੀਨੇ ਦੁਆਰਾ ਕਹਤੇ ਹੈਂ ਜੋ ਜੀਵ ਰੂਪ ਇਸਤ੍ਰੀਆਂ ਭ੍ਰਮ ਕਰ ਭੂਲੀਆਂ ਹੂਈਆਂ ਹੈਂ ਤਿਨ ਕਾ ਦ੍ਵੈਤ ਮੈਂ ਪ੍ਰੇਮ ਲਗਾ ਹੈ ॥

ਲਖੁ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥

ਯਦਜਪਿ (ਲਖ) ਬਹੁਤੇ ਹੀ ਸੁਭ ਗੁਣੋਂ ਕੋ ਸੀਂਗਾਰ ਕੋ ਬਨਾਇਆ ਹੈ ਤੋ ਭੀ ਕਿਸੇ ਕੰਮ ਨਹੀਂ ਭਾਵ ਏਹਿ ਸੰਬੰਧੀਓਂ ਮੈਂ ਹਿਤ ਹੋਣੇ ਤੇ ਬਿਅਰਥ ਹੈ ॥

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥

ਜਿਸ ਦਿਨ ਸਰੀਰ (ਬਿਨਸਸੀ) ਅਭਾਵ ਹੂਆ ਉਸੀ ਸਮੇ ਮੈਂ ਪ੍ਰੇਤ ਕਹੇਂਗੇ ॥ ਭਾਵ ਮੁਰਦੇ ਕੀ ਪ੍ਰੇਤ ਸੰਗਜਾ ਹੈ ॥

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥

ਮੰਦ ਕਰਮੀਓਂ ਕੋ ਜਮਦੂਤ ਪਕੜ ਕਰ ਜਮ ਪੁਰੀ ਕੋ ਤੋਰੈਂਗੇ ਕਿਸੀ ਕੋ ਭੇਦ ਨਹੀਂ ਦੇਵੇਂ ਗੇ ॥

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥

ਜਿਨ ਸੰਬੰਧੀਓਂ ਕੇ ਸਾਥ ਪ੍ਰੇਮ ਲਗਾ ਹੈ ਵਹੁ ਏਕ ਖਿਨ ਮਹਿ ਮਮਤਾ ਕੋ ਛੋਡ ਕਰ ਭਿੰਨ ਖੜੋਤੇ ਹੋਵੇਂਗੇ ॥

ਹਥ ਮਰੋੜੈ ਤਨੁ ਕਪੈ ਸਿਆਹਹੁ ਹੋਆ ਸੇਤੁ ॥

ਜੀਵ ਹਾਥ ਮਲੇਗਾ ਸਰੀਰ ਜਮ ਕੇ ਭੈ ਕਰ (ਕਪੈ) ਕਾਂਪੇਗਾ ਵਾ ਤਨ ਖੜਗਾਦਿਕੋਂ ਕਰ (ਕਪੈ) ਕਾਟਤੇ ਹੈਂ ਰੰਗ ਸਿਆਹ ਹੋਤਾ ਹੈ ॥ ਪੁਨਾ ਭੈ ਕਰ ਸੁਪੈਦ ਹੋਤਾ ਹੈ ॥

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਜੈਸਾ ਕਰਮ ਕਰਤਾ ਹੈ ਤੈਸਾ ਫਲ ਭੋਗਤਾ ਹੈ ਇਹ ਸਰੀਰ ਕਰਮੋਂ ਕਾ ਖੇਤ ਹੈ ॥

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥

ਸ੍ਰੀ ਗੁਰੂ ਜੀ ਕਹਤੇ ਹੈਂ ਜੋ ਪ੍ਰਭੂ ਕੀ ਸਰਣ ਕੋ ਪ੍ਰਾਪਤ ਹੋਏ ਹੈਂ ਤਿਨ ਕੋ ਸੋ ਪ੍ਰਭੂ ਚਰਣੋਂ ਰੂਪੀ ਜਹਾਜ ਦੇਤਾ ਹੈ ॥

ਸੇ ਭਾਦੁਇ ਨਰਕ ਨ ਪਾਈਅਹਿ ਗੁਰ ਰਖਣ ਵਾਲਾ ਹੇਤੁ ॥ ੭ ॥

ਭਾਦੋਂ ਦੁਆਰਾ ਕਹਤੇ ਹੈਂ ਜਿਨ ਕੇ ਪ੍ਰੇਮ ਕੋ ਗੁਰੂ ਰਖਣ ਵਾਲਾ ਹੈ ਸੋ ਨਰਕ ਮੈਂ ਨਹੀਂ ਪਾਈਤੇ ਹੈਂ ॥ ੭ ॥

Digitized by Panjab Digital Library | www.panjabdigilib.org

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥

ਅਸੂ ਦੁਆਰਾ ਕਹਤੇ ਹੈਂ ਪ੍ਰੇਮ ਕਾ ਉਤਸਾਹੁ ਹੁਆ ਹੈ ਕਿ ਸਤਸੰਗ ਮੈਂ ਜਾਕਰ ਹੇ ਹਰੀ ਤੇਰੇ ਕੋ ਕਿਉਂਕਰ ਮਿਲੀਐ ॥

ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥

ਹੇ (ਮਾਇ) ਸੰਤ ਜਨੋਂ ਮਨ ਤਨ ਕੇ ਬੀਚ ਦਰਸਨ ਕੀ ਬਹੁਤ ਚਾਹ ਹੈ ਕੋਈ (ਆਨ) ਲਿਆਕਰ ਮਿਲਾਵੇ ॥

ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥

ਜੋ ਪ੍ਰੇਮ ਕੇ ਸਹਾਇਕ ਸੰਤਜਨ ਹੈਂ ਮੈਂ ਤਿਨਕੀ ਚਰਣੀ ਲਾਗਤਾ ਹੂੰ॥

ਵਿਣੁ ਪ੍ਰਭੁ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥

ਪਰਮੇਸ੍ਰਰ ਸੇ ਬਿਨਾਂ ਕੈਸੇ ਸੁਖ ਪਾਈਏ ਕਿਉਂਕਿ ਉਸ ਸੇ ਬਿਨਾਂ ਸੁਖਦਾਯਕ ਔਰ ਕੋਈ ਜਗਾ ਨਹੀਂ ॥

ਜਿਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਅਘਾਇ ॥

ਜਿਨ੍ਹੋਂ ਨੇ ਪ੍ਰੇਮ ਕਾ ਰਸ ਚਾਖਿਆ ਹੈ ਸੋ ਲੋਕ ਪ੍ਰਲੋਕ ਕੇ ਪਦਾਰਥਾਂ ਸੇ ਤ੍ਰਿਪਤਿ ਹੋਏ ਹੈਂ ॥

ਆਪੁ ਤਿਆਗਿ ਬਿਨਤੀ ਕਰਹਿ ਲੈਹੁ ਪ੍ਰਭੂ ਲੜਿ ਲਾਇ ॥

ਹੰਕਾਰ ਕੋ ਮਾਰ ਕਰ ਐਸੇ ਬੇਨਤੀ ਕਰਤੇ ਹੈਂ ਕਿ ਹੇ ਪ੍ਰਭੂ ਅਪਨੇ ਲੜ ਲਗਾਇ ਲੈ ॥

ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥

ਜੋ ਹਰੀ ਕੰਤ ਨੇ ਆਪਨੇ ਸਾਥ ਮਿਲਾਈਆ ਹੈਂ ਸੋ ਕਹੀਂ ਵਿਛੁੜ ਨਹੀਂ ਜਾਤੀਆਂ ॥

ਪ੍ਰਭ ਵਿਣੁ ਦੂਜਾ ਕੋ ਨਹੀਂ ਨਾਨਕ ਹਰਿ ਸਰਣਾਇ ॥

ਸ੍ਰੀ ਗੁਰੂ ਜੀ ਕਹਤੇ ਹੈਂ ਪ੍ਰਭੂ ਤੇ ਬਿਨਾਂ ਦੂਜਾ ਕੋਈ ਨਹੀਂ ਤਾਂਤੇ ਹਰੀ ਕੀ ਸਰਣ ਲਈ ਹੈ ॥

ਅਸੂ ਸੁਖੀ ਵਸੰਦੀਆਂ ਜਿਨਾ ਮਇਆ ਹਰਿਰਾਇ ॥ ੮ ॥

ਜਿਨਕੋ ਹਰੀ ਰਾਜਾ ਕੀ ਦਯਾ ਹੈ ਸੋ ਅਸੂ ਮੈਂ ਸੁਖੀ ਵਸਦੀਆਂ ਹੈਂ ॥ ੮ ॥

ਕਤਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗ ॥

ਕੱਤਕ ਦੁਆਰੇ ਕਹਤੇ ਹੈਂ ਜੈਸੇ ਜੀਵ ਕਰਮ ਕਮਾਵਣੇ ਕਰਤਾ ਹੈ॥ਤੈਸੇ ਫਲ ਭੋਗਤਾ ਹੈ ਕਿਸੀ ਕੋ ਦੋਸ਼ ਦੇਣਾ ਜੋਗ ਨਹੀਂ ।

Digitized by Panjab Digital Library | www.panjabdigilib.org

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ। ਵੇਮੁਖ ਹੋਏ ਰਾਮਤੇ ਲਗਨਿ ਜਨਮ ਵਿਜੋਗ॥

ਪ੍ਰਮੇਸਰ ਸੇ ਭੁਲਿਆਂ ਹੋਇਆਂ ਸੰਪੂਰਨ ਰੋਗ ਆਨ ਕਰ ਲਗਤੇ ਹੈਂ ਜੋ ਰਾਮ ਤੇ ਵੇਮੁਖ ਹੋਏ ਹੈਂ ਤਿਨਕੋ ਜਨਮ ਕਰ ਵਿਛੋੜੇ ਸੇ ਦੁਖ ਲਗਤੇ ਹੈਂ॥

ਖਿਨਮਹਿ ਕਉੜੇਹੋਇ ਗਏ ਜਿਤੜੇ ਮਾਇਆਭੋਗ।ਵਿਚੁਨਕੋਈਕਰਸਕੈ ਕਿਸਥੈਰੋਵਹਿਰੋਜ॥

ਜਿਤਨੇ ਮਾਇਆ ਕੇ ਭੋਗ ਮੀਠੇ ਮਾਨਤਾ ਥਾ ਸੋ ਖਿਨ ਮੈਂ ਅੰਤ ਕਾਲ ਸਮੇਂ(ਕਉੜੇ) ਦੁਖਦਾਈ ਹੋਗਏ ਔਰ ਮਿਲਾਪ ਮੈ (ਵਿਚੁਨ) ਵਿਚੋਲਪਨਾ ਕੋਈ ਨਹੀਂ ਕਰਸਕਤਾ ਕਿਸਕੇ ਪਾਸ (ਰੋਜ) ਹਮੇਸ ਵਾ ਰੋਣਾ ਰੋਈਏ।

ਕੀਤਾਕਿਛੁਨਹੋਵਈਲਿਖਿਆਧੁਰਿਸੰਜੋਗ।ਵਡਭਾਗੀਮੇਰਾਪ੍ਰਭੁਮਿਲੈਤਾਂਉਤਰਹਿਸਭਿਬਿਓਗ॥

ਅਪਨਾ ਕੀਆ ਹੂਆ ਕਿਛੁ ਨਹੀਂਹੋਤਾ ਸੰਜੋਗ ਵਿਜੋਗ ਧੁਰਸੇ ਹੀ ਲਿਖਾਗਯਾ ਹੈ। ਜਬ ਵਡੇ ਭਾਗੋਂ ਕਰ ਮੇਰਾ ਪ੍ਰਭੂ ਵਡੇਭਾਗੋਂ ਕਰ ਮਿਲਤਾ ਹੈ ਤਬ ਵਿਛੋੜੇ ਕੇ ਦੁਖ ਮਿਟ ਜਾਤੇ ਹੈਂ ਤਾਂਤੇ ਐਸੇ ਬੇਨਤੀ ਕਰੇ॥

ਨਾਨਕ ਕਉ ਪ੍ਰਭਰਾਖਿਲੈਹਿ ਮੇਰੇਸਾਹਿਬਬੰਦੀਮੋਚ।ਕਤਕਹੋਵੈ ਸਾਧਸੰਗੁਬਿਨਸਹਿਸਭੇਸੋਚ॥੯

ਸ੍ਰੀ ਗੁਰੂਜੀ ਕਹਤੇ ਹੈਂ ਹੇ ਪ੍ਰਭੂ ਸਾਹਿਬ ਤੂੰ ਵਾਸਨਾ ਰੂਪੀ (ਬੰਦੀਮੋਚ) ਬੇੜੀ ਕਾਟਕੇ ਰਾਖ ਲੇਹੁ॥ ਕਤਕ ਦੁਆਰਾ ਕਹਤੇ ਹੈਂ ਜਬ ਸੰਤੋਂ ਕਾ ਸਤਸੰਗ ਹੋਵੇ ਤਬ ਸੰਪੂਰਨ ਸੋਚ ਬਿਨਸ ਜਾਵੈ॥ ੯॥

ਮੰਘਰਿ ਮਾਹਿ ਸੁਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬ ਮੇਲੜੀਆਹ॥

ਮਘਰ ਮਹੀਨੇ ਦੁਵਾਰੇ ਕਹਤੇ ਹੈਂ ਜੋ ਹਰ ਪਤੀ ਵਾਹਗੁਰੂ ਕੇ ਸਾਥ ਬੈਠੀਆ ਹੈਂ ਅਰਥਾਤ ਭਜਨ ਕਰਤੀਆਂ ਹੈਂ ਸੋ ਸੋਭਤੀਆਂ ਹੈਂ ਜੋਸਾਹਿਬ ਨੈ ਮੇਲੀਆਂ ਹੈਂ ਤਿਨਕੀ ਸੋਭਾ ਕੀ ਕਿਆ ਗਿਣਤੀ ਹੈ॥

ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ।

ਜਿਨਕੋ ਸੰਤ ਰੂਪ ਸਹੇਲੀਓਂ ਕਾ ਸੰਗ ਹੈ ਤਿਨਕਾ ਤਨਮਨ ਰਾਮਕੇ ਸਾਥ ਮਿਲ ਰਹਾ ਵਾ ਹਰਿਆ ਹੂਆ ਹੈ ਭਾਵ ਯਹਿਕਿ ਭਗਤੀ ਕਰਤੀਆਂ ਹੈਂ ਜੋ ਸੰਤੋਂ ਕੇ ਸੰਗਸੇ (ਬਾਹਰੀ) ਹੀਣ ਹੈ ਸੋ ਪਤੀ ਸੇ ਬਿਨਾ ਏਕਲੀਆਂ ਰਹਤੀਆਂ ਹੈਂ॥

Digitized by Panjab Digital Library | www.panjabdigilib.org

ਤਿਨ ਦੁਖੁ ਨ ਕਬਹੂੰ ਉਤਰੈ ਸੇ ਜਮਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨ ਨਿਤ ਖੜੀਆਹ ॥

ਯਾਂਤੇ ਤਿਨਕਾ ਦੁਖ ਕਬੀ ਨਹੀਂ ਦੂਰ ਹੋਤਾ ਸੋ ਜਮਕੇ ਵਸ ਪਈਆਂ ਹੈਂ ਔਰ ਜਿਨ੍ਹੋਂਨੇ ਪ੍ਰਭੂ ਆਪਨਾਜਾਨਕੇ ਰਾਵਿਆ ਹੈ ਸੋ ਨਿਤ ਭਜਨ ਮੈਂ(ਖੜੀਆਹ)ਸਾਵਧਾਨ ਦੇਖੀਦੀਆਂ ਹੈਂ ॥

ਰਤਨ ਜਵੇਹਰ ਲਾਲਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥

ਤਿਨਕੇ (ਰਤਨ) ਵੈਰਾਗ ਔਰ (ਜਵੇਹਰ) ਸਾਖਿਆਤ ਕਾਰ ਪੁਨਾ(ਲਾਲ) ਪ੍ਰੇਮ ਅੰਤਹ ਕਰਣ ਮੈਂ ਔਰ ਹਰੀ ਨਾਮ ਕੰਠ ਮੈਂ ਜੜਤ ਹੈ ਸ੍ਰੀ ਗੁਰੂਜੀ ਕਹਤ ਹੈਂ ਜੋ ਪ੍ਰਭੂ ਕੇ ਦਰ ਮੈਂ ਜਾਕਰ ਸਰਣ ਪੜੀਆ ਹੈਂ ਮੈਂ ਤਿਨਕੀ ਧੂੜ ਚਾਹਤਾ ਹੂੰ ॥

ਮੰਘਰਿ ਪ੍ਰਭੁ ਅਰਾਧਣਾ ਬਹੁੜਿ ਨ ਜਨਮੜੀਆਹ ॥ ੧੦ ॥

ਮੰਘਿਰਿ ਦੁਆਰੇ ਕਹਤੇ ਹੈਂ ਜਿਨੋਂ ਨੇ ਪ੍ਰਭੂਦਾ ਅਰਾਧਣਾ ਕੀਤਾ ਹੈ ਤਿਨਕੋ ਫਿਰ ਜਨਮ ਨਹੀ ਹੋਤਾ ਹੈ ॥੧੦ ॥

ਪੋਖਿ ਤੁਖਾਰ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥

ਪੋਹ ਮਹੀਨੇ ਦੁਆਰਾ ਕਹਤੇ ਹੈਂ ਤਿਨਕੋ(ਤੁਖਾਰ) ਜੜਤਾ ਰੂਪੀ ਜਾੜਾ ਨਹੀਂ ਬਿਆਪਤਾ ਜਿਨਕੇ ਕੰਠਮੈਂਹਰੀਪਤੀਮਿਲਾਹੈ॥

ਮਨ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥

ਜਿਨਕਾ ਮਨ ਹਰੀਕੇ ਚਰਨ ਕਮਲੋਂਮੈ ਮਿਲਿਆਹੈ ਤਿਨਕੇ(ਦਰਸਨ ਲਗੜਾ) ਸਾਹੁ ਪ੍ਰਮੇਸਰ ਕਾਦਰਸਨੁ ਤਿਨਕੋ ਪ੍ਰਾਪਤਿ ਹੁਆਹੈ ਭਾਵ ਯਹਿਕਿ ਸਾਖਜਾਤ ਕਾਰ ਹੁਆ ਹੈ ॥

ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥

ਗੋਵਿੰਦ ਗੋਪਾਲ ਰਾਇ ਤੇਰੀ ਓਟ ਲਈ ਹੈ ਪੁਨਾ ਸੁਆਮੀ ਕੀ ਸੇਵਾ ਕਾ ਲਾਭ ਲੇਤੇ ਹੈਂ ॥

ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥

ਤਿਨਕੋ ਵਿਖੇ ਵਾਸਨਾ ਸਪਰਸ ਨਹੀਂ ਕਰ ਸਕਤੀ ਜੋ ਸਤ ਸੰਗਮੈ ਮਿਲਕਰ ਗੁਣ ਗਾਵਤੇ ਹੈ ॥

ਜਹਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥

Digitized by Panjab Digital Library | www.panjabdigilib.org

ਜਿਸ ਪ੍ਰਮੇਸਰ ਸੇ ਜੀਵ ਰੂਪ ਇਸਤ੍ਰੀ ਉਪਜੀ ਥੀ ਕਿਆ ਭਿੰਨ ਹੂਈ ਥੀ ਤਿਸੀ ਮੈਂ ਮਿਲਗਈ ਹੈ ਯਾਂਤੇ ਸਚੀ ਪ੍ਰੀਤਕਰ (ਸਮਾਹੁ) ਅਨੰਦ ਹੂਆ ਹੈ ॥

ਕਰਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥

ਪਾਰਬ੍ਰਹਮ ਨੇ ਜੋ ਜੀਵ ਰੂਪੀ ਇਸਤ੍ਰੀ ਮਨ ਰੂਪੀ ਹਾਥ ਸੇ ਪਕੜ ਲਈ ਹੈ ਸੋ ਫਿਰ ਭਿੰਨ ਨਹੀਂ ਹੋਤੀ ॥

ਬਾਰ ਜਾਉ ਲਖਬੇਰੀਆ ਹਰਿ ਸਜਣੁ ਅਗਮ ਅਗਾਹੁ ॥

ਹਰੀ ਸਜਨ ਅਗਮ (ਅਗਾਹੁ) ਅਥਾਹ ਪਰ ਮੈਂ ਲਖੋਂਵਾਰੀ ਵਾਰਨੇ ਜਾਤਾ ਹੂੰ ॥

ਸਰਮਪਈ ਨਾਰਾਇਣੈ ਨਾਨਕ ਦਰਿ ਪਈਆਹੁ ॥

ਸ੍ਰੀ ਗੁਰੂ ਜੀ ਕਹਤੇ ਹੈਂ ਨਾਰਾਇਣ ਕੇ ਜੋ ਦਰ ਪੜੇ ਹੈਂ ਤਿਨਕੀ ਤਿਸਕੋ ਲੱਜਾ ਪੜੀ ਹੈ ॥

ਪੋਖੁ ਸੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥ ੧੧ ॥

ਪੋਖ ਮੈਂ ਉਸ ਪੁਰਸਕੋ ਸੋਭਨੀਕਤਾ ਔਰ ਸਰਬ ਸੁਖ ਹੈ ਜਿਸਕੋ (ਬੇਪਰਵਾਹ) ਅਚਾਹ ਪ੍ਰਮੇਸ੍ਵਰ ਬਖਸ ਲੇਵੇ ॥ ੧੧ ॥

ਮਾਘ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ ॥

ਮਾਘ ਮਹੀਨੇ ਮੈਂ ਪ੍ਰਯਾਗਾਦਿ ਤੀਰਥੋਂਕੇ ਸਨਾਨ ਕਾ ਫਲ ਤਿਸਕੋ ਹੈ ਜੋ ਸੰਤੋਂ ਕੀ ਧੂੜੀ ਸਾਥ ਅਸਨਾਨ ਕਰਤੇ ਹੈਂ॥

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥

ਹਰੀਕਾ ਨਾਮੁ ਧਿਆਉਣਾ ਪੁਨਾ ਸੁਨਣਾ ਕਰ ਔਰ ਸਭਕੋ ਦਾਨ ਕਰ ॥

ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥

ਤਿਸ ਕਰਕੇ ਮਨਸੇ ਹੰਕਾਰੁ ਜਾਤਾ ਰਹੇਗਾ ਔਰੁ ਜਨਮਾਂਤ੍ਰ ਕੀਕਰਮ ਮੈਲੁ ਉਤ੍ਰ ਜਾਵੇਗੀ ॥

ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥

ਕਾਮ ਕ੍ਰੋਧ ਕਰ ਮੋਹਤ ਨਹੀਂ ਹੋਈਤਾ ਪੁਨਾ ਲੋਭ ਰੂਪ ਕੁਤਾ ਮਰ ਜਾਤਾ ਹੈ ॥

ਸਚੈ ਮਾਰਗੁ ਚਲਦਿਆ ਉਸਤਤਿ ਕਰੇ ਜਹਾਨੁ ॥

ਸਚੇ ਰਸਤੇ ਚਲਤਿਆਂ ਕੀ ਜਗਤ ਉਸਤੁਤੀ ਕਰਤਾ ਹੈ ॥

Digitized by Panjab Digital Library | www.panjabdigilib.org

ਅਠਸਠ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥

ਹੇ ਮੇਰੇ ਮਨ ਨਾਮ ਸੇ ਬਿਨਾ ਜੋ ਦ੍ਵੈਤ ਮੈਂ ਲਗੇ ਹੈਂ ਤੇ ਪੁਰਸ਼ ਸਾਕਤ ਹੈਂ ਯਾਂਤੇ ਤਿਨਕੋ ਜਮ ਘੁਟੇਗਾ ਅਰਥਾਤ ਮਰਦਨ ਕਰੇਗਾ।

ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨਕੈ ਨਿਕਟਿ ਨ ਭਿਟੀਐ ॥ ੪ ॥

ਪੁਨਾ ਜਿਨੋਂ ਨੇ ਨਾਮ ਕੋ ਵਿਸਾਰਿਆ ਹੈ ਤੇ ਸਾਕਤ ਪੁਰਸ਼ ਚੋਰ ਹੈਂ ਹੇ ਮਨ ਤਿਨ ਕੇ ਨਿਕਟ ਨਾ ਛੁਹੀਏ ॥ ੪ ॥

ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰ ਹਰਿ ਜਿਤੁ ਸੇਵਿਐ ਲੇਖਾ ਛੁਟੀਐ ॥

ਹੇ ਮੇਰੇ ਮਨ ਨਰਸਿੰਘ ਰੂਪ ਜੋ ਹਰੀ ਅਲਖ ਨਰੰਜਨ ਹੈ ਤਿਸ ਕੋ ਸੇਵਨ ਕਰ ਸਰਬ ਲੇਖੇ ਸੇ ਛੁਟ ਜਾਈਤਾ ਹੈ ॥

ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ ਤੋਲੁ ਨ ਘਟੀਐ ॥ ੫ ॥ ੫ ॥ ੧੯ ॥ ੫੭ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਬ ਹਮ ਦਾਸ ਹਰੀ ਪ੍ਰਭੂ ਨੇ ਪੂਰੇ ਕੀਏ ਅਰਥਾਤ ਅਪਨੇ ਤੁਲ ਕੀਏ ਤਬ (ਖਿਨ) ਕਿਸੀ ਖਿਨ ਮਾਤ੍ਰ ਮੈਂ (ਮਾਸਾ) ਤੁਛ ਮਾਤ੍ਰ ਭੀ (ਤੋਲੁ) ਵਿਚਾਰ ਕੀਏ ਸੇ ਕਮ ਨਹੀਂ ਹੋਵੇਗਾ ਭਾਵ ਏਹਿ ਕਿ ਮੈਂ ਸਤ ਚਿਤ ਆਨੰਦ ਰੂਪ ਹੂੰ ॥ ੫ ॥ ੫ ॥ ੧੯ ॥ ੫੭ ॥

ਗਉੜੀ ਪੂਰਬੀ ਮਹਲਾ ੪ ॥

ਹਮਰੇ ਪ੍ਰਾਣ ਵਸ ਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭ ਤੇਰੀ ॥

ਹੇ ਪ੍ਰਭੂ ਹਮਾਰੇ ਜੋ ਪ੍ਰਾਨ ਹੈਂ ਤਿਨਕੀ (ਗਤੀ) ਗਵਨਤਾ ਤੁਮਾਰੇ ਹੁਕਮ ਕੇ ਅਧੀਨ ਹੈ ॥ ਪੁਨਾ ਮੇਰਾ ਜੀਵ ਔਰ ਸਰੀਰ ਸਭ ਤੇਰੀ ਦਾਤ ਹੈ ॥

Digitized by Panjab Digital Library | www.panjabdigilib.org

ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ ਲੋਚ ਘਨੇਰੀ ॥ ੧ ॥

ਹੇ ਹਰੀ ਦਿਯਾ ਕਰਕ ਦਰਸਨ ਦਿਖਾਵੋ ਮੇਰੇ ਮਨ ਔਰ ਤਨ ਮੇ ਬਹੁਤ ਇਛਾ ਹੈ ॥ ੧ ॥

ਰਾਮ ਮੇਰੈ ਮਨਿ ਤਨਿ ਲੋਚ ਮਿਲਣ ਹਰਿ ਕੇਰੀ ॥

ਗੁਰ ਕ੍ਰਿਪਾਲ ਕ੍ਰਿਪਾ ਕਿਚਤ ਗੁਰ ਕੀਨੀ ਹਰਿ ਮਿਲਿਆ ਆਇ ਪ੍ਰਭੁ ਮੇਰੀ ॥ ੧ ॥ ਰਹਾਉ ॥

ਹੇ ਰਾਮ ਹਰੀ ਮੇਰੇ ਮਨ ਤਨ ਮੈਂ ਤੇਰੇ ਮਿਲਨੇ ਕੀ ਚਾਹ ਹੈ ਪਰੰਤੂ ਜਿਨੋਂ ਪਰ ਵਡੇ ਕ੍ਰਿਪਾਲੁ ਗੁਰੋਂ ਨੇ ਥੋੜੇ ਮਾਤ੍ਰ ਭੀ ਕਿਰਪਾ ਕਰੀ ਹੈ ਤਿਨ ਕੋ ਹੇ ਸਮਰਥ ਹਰੀ (ਮੇਰੀ) ਮੇਲੀ ਤੂੰ ਆਇ ਕਰ ਪ੍ਰਾਪਤਿ ਹੂਆ ਹੈਂ ॥

ਜੋ ਹਮਰੈ ਮਨ ਚਿਤਿ ਹੈ ਸੁਆਮੀ ਸਾ ਬਿਧਿ ਤੁਮ ਹਰਿ ਜਾਨਹੁ ਮੇਰੀ ॥

ਹੇ ਹਰੀ ਸ੍ਵਾਮੀ ਜੋ ਮੇਰੇ ਮਨ ਮੈਂ ਚਿਤਵਨੀ ਹੈ ਵਹੁ ਮਰੀ ਚਿਤਵਨੀ ਕੀ ਬਿਧੀ ਤੁਮ ਜਾਨਤੇ ਹੋ ॥

ਅਨ ਦਿਨੁ ਨਾਮੁ ਜਪੀ ਸੁਖੁ ਪਾਈ ਨਿਤ ਜੀਵਾ ਆਸ ਹਰਿ ਤੇਰੀ ॥ ੨ ॥

ਰਾਤ੍ਰੀ ਦਿਨ ਤੇਰੇ ਨਾਮ ਕੋ ਜਪ ਕਰ ਸੁਖ ਪਾਵਾਂ ॥ ਪੁਨਾ ਹੇ ਹਰੀ ਨਿਤਾਪ੍ਰਤੀ ਤੇਰੀ ਆਸ ਮੈਂ ਜੀਵਤਾ ਹੂੰ ॥ ੨ ॥

ਗੁਰ ਸਤਿਗੁਰ ਦਾਤੈ ਪੰਥੁ ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ ॥

ਜਬ ਪੂਜਨ ਸਤਿਗੁਰੂ ਦਾਤੇ ਨੇ ਮਿਲਨੇ ਕਾ ਰਸਤਾ ਬਤਾਇਆ ਤਬ ਹੇ ਹਰੀ ਪ੍ਰਭੁ (ਮੇਰੀ) ਮੇਲੀ ਵਾ ਮੇਰੀ ਸਰਧਾ ਦੇਖ ਕੇ ਤੂੰ ਆਇ ਕਰ ਮਿਲਿਆ ਹੈ ॥

ਅਨਦਿਨੁ ਅਨਦ ਭਇਆ ਵਡਭਾਗੀ ਸਭ ਆਸ ਪੁਜੀ ਜਨਕੇਰੀ ॥ ੩ ॥

ਜਬ ਤੂੰ ਪ੍ਰਾਪਤਿ ਭਇਆ ਤਬ ਹਮ ਵਡੇ ਭਾਗੋ ਵਾਲੇ ਹੂਏ ਔਰ ਰਾਤ ਦਿਨ ਅਨੰਦ ਹੋਇਆ ॥ ਪੁਨਾ ਮੁਝ ਦਾਸ ਕੀ ਸੰਪੂਰਨ ਆਸ ਪੂਰਨ ਹੋਈ ॥ ੩ ॥

ਜਗੀਨਾਥ ਜਗਦੀਸੁਰੁ ਕਰਤੇ ਸਭਿ ਵਸਗਤਿ ਹੈ ਹਰਿ ਕੇਰੀ ॥

ਹੇ ਜਗਤ ਕੇ ਮਾਲਕ ਹੇ ਜਗਤ ਕੇ ਈਸ੍ਵਰ ਕਰਤੇ ਹੇ ਹਰੀ ਸਭ ਕੀ ਗਤੀ ਤੁਮਾਰੇ ਅਧੀਨ ਹੈ ॥

ਜਨ ਨਾਨਕ ਸਰਣਾਗਤ ਆਏ ਹਰਿ ਰਾਖਹੁ ਪੈਜ ਜਨ ਕੇਰੀ ॥ ੪ ॥ ੬ ॥ ੨੦ ॥ ੫੮ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਹਰੀ ਤੇਰੀ ਸਰਣ ਕੋ ਪ੍ਰਾਪਤ ਭਏ ਹੈਂ ਅਪਨੇ ਜਨੋਂ ਕੀ ਪ੍ਰਤਗਨਾ

Digitized by Panjab Digital Library | www.panjabdigilib.org

ਵਡਿਆਈ ਰਖੋ ॥ ੪ ॥ ੬ ॥ ੨੦ ॥ ੫੮ ॥

ਗਉੜੀ ਪੂਰਬੀ ਮਹਲਾ ੪ ॥

ਇਹ ਮਨੂਆ ਖਿਨ ਨ ਟਿਕੈ ਬਹੁ ਰੰਗੀ ਦਹ ਦਹ ਦਿਸ ਚਲਿ ਚਲਿ ਹਾਢੇ॥

ਇਹ ਜੋ ਮੇਰਾ ਮਨ ਅਨੇਕ ਸੰਕਲਪੋਂ ਰੂਪੀ ਬਹੁਤ ਰੰਗੋਂ ਵਾਲਾ ਹੈ ਸੋ ਖਿਨ ਨਹੀਂ ਟਿਕਤਾ ਔਰ ਵਾਸਨਾ ਸੇ (ਦਹ) ਦਗਧ ਹੂਆ (ਦਹ) ਦਸੋਂ ਦਿਸਾ ਮੈ (ਚਲ) ਭੰਬੀਰੀ ਕੇ ਸਮ ਜੋ ਕਾਠ ਕਾ ਖਿਲੌਨਾ ਹੈ (ਚਲ) ਚਲਾਇਵਾਨ ਹੂਆ ਭਾਵ ਸੇ ਅਤੀ ਚੰਚਲ ਹੋ ਕਰ ਜੋ (ਹਾਢੇ) ਫਿਰਤਾ ਥਾ ਭਾਵ ਏਹ ਕਿ ਸੁਰਗ ਪਾਤਾਲ ਕੇ ਪਦਾਰਥੋਂ ਕੇ ਸੰਕਲਪ ਕਰਤਾ ਥਾ॥

ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ ਦੀਆ ਮਨੁ ਠਾਢੇ ॥ ੧ ॥

ਜਬ ਪੂਰਾ ਗੁਰੂ ਵਡੇ ਭਾਗੋਂ ਕਰ ਪ੍ਰਾਪਤ ਭਇਆ ਅਰ ਤਿਸਨੇ ਹੇ ਹਰੀ ਤੇਰਾ ਨਾਮ ਮੰਤ੍ਰ ਦੀਆ ਤਬ (ਮਨੁ ਠਾਢੇ) ਅੰਤਹ ਕਰਣ ਸਾਂਤਿ ਹੂਏ ॥ ਵਾ ਇਸਥਿਤ ਹੂਏ ॥ ੧ ॥

ਰਾਮ ਹਮ ਸਤਿਗੁਰ ਲਾਲੇ ਕਾਢੇ ॥ ੧ ਰਹਾਉ ॥

ਹੇ ਰਾਮ ਹਮ ਸਤਿਗੁਰੋਂ ਕੇ ਗੁਲਾਮ ਕਹੀਤੇ ਹਾਂ ॥

ਹਮਰੇ ਮਸਤਕਿ ਦਾਗੁ ਦਗਾਨਾ ਹਮ ਕਰਜ ਗੁਰੂ ਬਹੁ ਸਾਢੇ ॥

ਹਮਾਰੇ ਮਸਤਕ ਊਪਰ ਪ੍ਰੇਮ ਰੂਪੀ (ਦਾਗ)ਨਸਾਨ (ਦਗਾਨਾ) ਲਗਾਯਾ ਹੇ ॥ ਹਮ ਗੁਰੋਂ ਕਾ ਕਰਜ ਬਹੁਤ (ਸਾਢੇ) ਭਰਤੇ ਹਾਂ ਭਾਵ ਏਹਿ ਕਿ ਗੁਰੋਂ ਕੇ ਰਿਣੀ ਹਾਂ ॥

ਪਰਉਪਕਾਰੁ ਪੁੰਨੁ ਬਹੁ ਕੀਆ ਉ ਦੁਤਰੁ ਤਾਰਿ ਪਰਾਢੇ ॥ ੨ ॥

ਹਮਾਰੇ ਪਰ ਬਹੁਤ ਪਰਉਪਕਾਰ ਤਥਾ ਪੁੰਨ ਕੀਆ ਹੈ ਕਿਉਂਕਿ ਜਿਸ ਕਾ ਤਰਨਾ ਭੈਦਾਇਕ ਕਠਨ ਹੈ ਐਸੇ ਸੰਸਾਰ ਸਮੁੰਦਰ ਸੇ ਤਾਰ ਕਰ (ਪਰਾਢੇ ਪਾਰ ਕੀਏ ਹਾਂ ਭਾਵ ਸੇ ਗੁਰ ਕ੍ਰਿਪਾ ਸੇ ਬ੍ਰਹਮ ਪ੍ਰਾਪਤੀ ਹੋਈ ਹੈ ॥ ੨ ॥

ਜਿਨੁ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ ॥

ਹੇ ਹਰੀ ਜਿਨ ਕਉ ਰਿਦੇ ਮੇ ਤੇਰੀ ਪ੍ਰੀਤੀ ਨਹੀਂ ਤਿਨ ਪੁਰਸ਼ੋਂ ਨੇ ਝੂਠੇ ਗੋਢਣੋਂ ਕੇ ਗੰਢਿਆ ਹੈ ਭਾਵ ਏਹਿ ਕਿ ਦੰਭ ਕਰਤੇ ਫਿਰਤੇ ਹੈਂ ॥

ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ ॥ ੩ ॥

Digitized by Panjab Digital Library | www.panjabdigilib.org

ਜੈਸੇ ਪਾਣੀ ਮੈਂ ਕਾਗਜ਼ ਸੀਘਰ ਹੀ ਬਿਨਸ ਜਾਤਾ ਹੈ॥ ਤੈਸੇ ਮਨਮੁਖ ਗਰਭ ਮੈਂ ਗਲਤੇ ਹੈਂ ਅਰਥਾਤ ਜਨਮਤੇ ਮਰਤੇ ਹੈਂ॥

ਹਮ ਜਾਨਿਆ ਕਛੂ ਨ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਢੇ॥

ਹਮ ਪੂਰਬ ਕਾਲ ਮੈਂ ਕਛੂ ਨਹੀਂ ਜਾਨਿਆਂ ਅੰਰ ਭਵਿਖਤ ਮੈਂ ਭੀ ਤੇਰੇ ਬਿਨਾਂ ਕਛੂ ਔਰ ਨਹੀਂ ਜਾਨੇਂਗੇ॥ ਪੁਨਾ ਵਰਤ ਮਾਨ ਮੈਂ ਭੀ ਕੁਛ ਨਹੀਂ ਜਾਨਿਆਂ ਹੈ ਹੇ ਹਰੀ ਜੈਸੇ ਤੂੰ ਰਾਖੇ ਤੈਸੇ (ਠਾਢੇ) ਇਸਥਿਤ ਹੈਂ॥

ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ॥ ੪॥ ੭॥ ੨੧॥ ੫੯॥

ਸ੍ਰੀ ਗੁਰੂ ਜੀ ਕਹਤ ਹੈਂ ਹੇ (ਗੁਰ) ਵਾਹਿਗੁਰੂ ਹਮ ਮਨ ਬਾਣੀ ਕਰ ਭੁਲਣੇ ਵਾਲੇ ਹੈਂ ਔਰ (ਕੁਤਰੇ ਕਾਢੇ) ਕੁਤਰ ਕਰਕੇ ਕਢਣੇ ਵਾਲੇ ਹੈਂ ਹਮ ਦਾਸੋਂ ਪਰ ਕਿਰਪਾ ਧਾਰੋ ਵਾ ਤੇਰੇ ਕੂਕਰ ਹਾ ਕਢ ਲੇਵੋ ਵਾ ਕੁਤਾਰੂ ਹਾਂ ਭੁਬਤਿਆਂ ਕੋ ਕਢ ਲੇਵੋ ਵਾ (ਕੁਤਰੇ) ਦੁਸਤ੍ਰ ਜੋ ਵਿਸੇ ਹੈਂ ਤਿਨ ਸੇ ਕਢ ਲੇਵੋ ਵਾ ਕੁਤਰੇ ਜੋ ਜੀਵ ਵਿਸੇਸ ਮੋ ਠਾਕੇ ਕਾਟਣੇ ਵਾਲੇ ਹੋਤੇ ਹੈਂ ਮੋਠ ਤਿਨਕੋ ਪਾਲਤੇ ਹੈਂ ਸੋ ਅਵਗਿਆ ਕਰਨੇ ਹੈਂ ਤਦ ਵਤ ਹਮ ਜੀਵੋਂ ਨੇ ਆਪ ਕੋ ਭਲਾਇ ਦੀਆ ਹੈ ਏਹੀ ਪਰਮ ਅਗਯਾਨ ਹੈ ਆਪ ਹਮਾਰੀ ਅਵਗਿਆ ਭੁਲਾਇ ਕਰ ਪਾਲਨਾ ਕਰਤੇ ਹੋ ਵਾ (ਕੁ) ਪ੍ਰਥੀ ਕੇ (ਤਰੇ) ਤਲੇ ਭਾਵ ਨਰਕਾਂ ਕੋ ਜਾਤੇ ਥੇ ਆਪ ਨੇ ਕਢ ਲੀਏ ਹਾਂ॥ ੪॥ ੭॥ ੨੧॥ ੫੯॥

ਗਉੜੀ ਪੂਰਬੀ ਮਹਲਾ ੪॥ ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ॥ ੧॥ ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ॥ ਕਰਿ ਡੰਡਉਤ ਪੁਨ ਵਡਾ ਹੇ॥ ੧॥ ਰਹਾਉ॥ ਸਾਕਤ ਹਰਿ ਰਸ ਸਾਦੁ ਨ ਜਾਨਿਆ ਤਿਨ ਅੰਤਰਿ ਹਉਮੈ ਕੰਡਾ ਹੇ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮ ਕਾਲੁ ਸਹਹਿ ਸਿਰ ਡੰਡਾ ਹੇ॥ ੨॥ ਹਰ ਜਨ ਹਰਿ ਹਰਿ ਨਾਮਿ ਸਮਾਣੇ ਦੂਜਾ ਜਨਮ ਮਰਣ ਭਵ ਖੰਡਾ ਹੇ॥ ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ॥ ੩॥ ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ॥ ੪॥ ੮॥ ੨੨॥ ੬੦॥

ਇਸ ਕਾ ਅਰਥ ਪਹਿਲੇ ਕਰ ਦੀਆ ਹੈ॥ ਆਰਤੀ ਸੋਹਲੇ ਮੈਂ॥

Digitized by Panjab Digital Library | www.panjabdigilib.org

ਗਉੜੀ ਪੂਰਬੀ ਮਹਲਾ ੪ ॥

ਇਸੁ ਗੜ ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ ਧੀਠਾ ॥

ਹਰੀ ਰਾਮ ਰਾਜਾ ਇਸ ਸਰੀਰ ਰੂਪੀ ਕਿਲੇ ਮੈਂ ਬਿਰਾਜਮਾਨ ਹੈ ਪਰੰਤੂ (ਧੀਠਾ) ਹਠੀਆ ਜੀਵ ਕੁਛ ਸ੍ਵਾਦ ਨਹੀਂ ਪਾਵਤਾ ਹੈ॥

ਹਰਿ ਦੀਨ ਦਇਆਲਿ ਅਨੁਗ੍ਰਹੁ ਕੀਆ ਹਰਿ ਗੁਰ ਸਬਦੀ ਚਖਿ ਡੀਠਾ ॥ ੧ ॥

ਹਰੀ ਦੀਨ ਦਇਆਲ ਨੇ ਜਬ ਅਨੁਗ੍ਰਹੁ ਕੀਆ ਤਬ ਗੁਰੋਂ ਕੇ ਉਪਦੇਸ਼ ਦ੍ਵਾਰਾ ਹਰੀ ਕੇ ਨਾਮ ਕਾ ਰਸੁ ਸਭ ਪ੍ਰਕਾਰ ਸੇ ਚਾਖ ਕਰ ਦੇਖਿਆ ॥ ੧ ॥

ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ ॥ ੧ ॥ ਰਹਾਉ॥

ਹੇ ਭਾਈ ਹਰੀ ਨਾਮ ਕਾ ਕੀਰਤਨ ਗੁਰੋਂ ਦ੍ਵਾਰਾ ਬ੍ਰਿਤੀ ਲਗਾਉਣੇ ਕਰ ਮੀਠਾ ਲਾਗਾ ਹੈ ॥

ਹਰਿ ਅਗਮੁ ਅਗੋਚਰੁ ਪਾਰਬ੍ਰਹਮੁ ਹੈ ਮਿਲਿ ਸਤਿਗੁਰ ਲਾਗਿ ਬਸੀਠਾ ॥

ਅਗਮ ਅਗੋਚਰੁ ਪਾਰਬ੍ਰਹਮੁ ਹਰਿ ਤਿਸਕੋ ਮਿਲਿਆ ਹੈ ਜੋ ਪੁਰਸ ਸਤਿਗੁਰੂ (ਬਸੀਠਾ) ਵਕੀਲ ਕੇ ਚਰਣੋਂ ਮੇਂ ਲਾਗਾ ਹੈ ॥

ਜਿਨ ਗੁਰ ਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ ਪਰੀਠਾ ॥ ੨ ॥

ਪੁਨਾ ਜਿਨਕੇ ਰਿਦੇ ਮੈਂ ਗੁਰੋਂ ਕੇ ਬਚਨ ਸੁਖਾਏ ਹੈਂ ਤਿਨ ਕੇ ਆਗੇ ਗੁਰੋਂ ਨੇ ਆਤਮਾਨੰਦ ਭੋਜਨ ਆਇ ਕਰ (ਪਰੀਠਾ) ਪਰੋਸ ਦੀਆ ਹੈ ॥ ੨ ॥

ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ ॥

ਮਨਮੁਖੋਂ ਕਾ ਰਿਦਾ ਅਤੀ ਕਠਨ ਹੈ ॥ ਪ੍ਰਸ਼ਨੁ ॥ ਕੈਸਾ ਹੈ? ਉਤਰੁ ॥ ਤਿਨਕਾ ਅੰਤਰ ਜੈਸੇ ਕਾਲਾ ਠੀਕਰ ਹੋਵੇ ਤੈਸਾ ਹੈ ਵਾ (ਕਾਰ) ਸਿਆਹੁ ਹੈ (ਕਰੀਠਾ) ਕਰੜਾ ਹੈ ॥

ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ ॥ ੩ ॥

ਜੈਸੇ ਸਰਪ ਕੋ ਬਹੁਤ ਦੁਧ ਪਿਲਾਈਏ ਪਰੰਤੂ ਅੰਤ ਕੋ ਤਿਸ ਕੇ ਫੋਲਣਾ ਫੋਲਣ ਸੇ ਬਿਖ ਹੀ ਨਿਕਸੇਗੀ ਤੈਸੇ ਹੀ ਮਨਮੁਖੋਂ ਕੋ ਭਲੀ ਸਿਖਿਆ ਭੀ ਦੇਈਏ ਪਰੰਤੂ ਤਿਨ ਸੇ ਬੁਰਾ ਹੀ ਹੋਤਾ ਹੈ ॥ ੩ ॥

ਹਰਿ ਪ੍ਰਭੁ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜੁ ਸਬਦੁ ਮੁਖਿ ਲੀਠਾ ॥

ਪੁਨਾ ਐਸੇ ਬੇਨਤੀ ਕਰੇ ਹੈ ਹਰੀ ਹਮਾਰੇ ਕੋ ਪ੍ਰਭ ਗੁਰੂ ਸੰਤ ਆਨਕਰ ਮਿਲਾਓ ਜਿਨਕੋ ਤੈਨੇ ਗੁਰੂ ਮਿਲਾਯਾ ਹੈ ਤਿਨੋਂ ਨੇ

Digitized by Panjab Digital Library | www.panjabdigilib.org

ਜੋ ਗੁਰ ਉਪਦੇਸ਼ ਕੋ (ਘਸ) ਜਪਣਾ ਕੀਆ ਸੋ ਭਜਾ ਗਰੜ ਅਰਥਾਤ ਵਿਕਾਰ ਰੂਪ ਵਿਖ ਉਤਾਰਨੇ ਵਾਲਾ(ਗਰੜ) ਮੰਤ੍ਰ ਸੋ ਮੁਖ ਮੈਂ (ਲੀਠਾ) ਲੀਆ ਹੈ ਭਾਵ ਏਹ ਕਿ ਜਾਪ ਕੀਆ ਹੈ ॥

ਜਨ ਨਾਨਕ ਗੁਰ ਕੇ ਲਾਲੇ ਗੋਲੇ ਲਗਿ ਸੰਗਤਿ ਕਰੂਆ ਮੀਠਾ ॥ ੪ ॥ ੯ ॥ ੨੩ ॥ ੬੧ ॥

ਸ੍ਰੀਗੁਰੂ ਜੀ ਕਹਤੇ ਹੈਂ ਗੁਰੋਂ ਕੇ ਜੋ ਦਾਸੋਂ ਕੇ ਦਾਸ ਹੂਏ ਹੈਂ ਸੰਗਤ ਕੇ ਸਾਥ ਲਗ ਕਰ (ਕਰੂਆ) ਕੌੜਾ ਅਰਥਾਤ ਦੁਖਦਾਈ ਜੋ ਤਿਨਕਾ ਸ੍ਵਭਾਵ ਥਾ ਸੋ ਮੀਠਾ ਹੂਆ ਹੈ ॥ ੪ ॥ ੯ ॥ ੨੩ ॥ ੬੧ ॥

ਗਉੜੀ ਪੂਰਬੀ ਮਹਲਾ ੪ ॥ ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥

ਹਰਿ ਹਰਿ ਨਾਮ ਵਾਸਤੇ ਹਮ ਨੇ ਪੂਰੇ ਗੁਰੋਂ ਕੇ ਆਗੇ ਸਰੀਰ ਬੇਚਿਆ ਹੈ ॥

ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗੁ ਸਭਾਗੇ ॥ ੧ ॥

ਪਰੰਤੂ ਹਮਾਰੇ ਮਸਤਕ ਮੈਂ ਜੋ ਮੁਖ ਲੇਖੁ ਥੇ ਇਸੀ ਕਰ ਸਤਿਗੁਰ ਦਾਤ ਕੇ ਨਾਮੁ ਦ੍ਰਿੜਾਇਆ ਹੈ ਅਰੁ ਹਮ ਸਭਾਗੇ ਸ੍ਰਿਸਟ ਭਾਗੋਂ ਵਾਲੇ ਹੂਏ ਹੈਂ ॥ ੧ ॥

ਰਾਮ ਗੁਰਮਤਿ ਹਰਿ ਲਿਵ ਲਾਗੇ ॥ ੧ ਰਹਾਉ ॥

ਹੇ ਭਾਈ ਗੁਰੋਂ ਕੀ ਸਿਖਯਾ ਸੇ ਹਰੀ ਨਾਮ ਮੈਂ ਬ੍ਰਿਤੀ ਲਾਗਤੀ ਹੈ ॥

ਘਟਿ ਘਟਿ ਰਮਈਆ ਰਮਤ ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ ॥

ਜਬ ਗੁਰ ਉਪਦੇਸ ਮੈਂ ਗੁਰ ਵਡੇ ਭਾਵ ਸੁਧ ਬ੍ਰਿਤੀ ਹੋਕਰ ਲਾਗੀ ਹੈ ਤਬ ਸੇ ਰਾਮ ਰਾਜਾ ਜੋ ਤੂੰ ਘਟ ਘਟ ਮੈਂ ਰਮ ਰਹਾ ਅਰਥਾਤ ਵਿਆਪਕ ਹੋ ਰਹਾ ਹੈਂ ਸੋ ਤਿਸਕੋ (ਰਮਤ) ਜਪਤੇ ਹਾਂ ॥

ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥ ੨ ॥

ਯਾਂਤੇ ਮੈਂ ਮਨ ਔਰ ਤਨ ਕਾਟਕੇ ਗੁਰੋਂ ਕੋ ਦੇਵਾਂ ਕਿਉਂਕਿ ਮੇਰਾ ਭ੍ਰਮ ਤਥਾ ਭਉ ਗੁਰੋਂ ਕੇ ਬਚਨੋਂ ਸੇ ਭਾਗੇਗਾ॥ ੨ ॥

ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥

ਜਬ ਗੁਰਾਂ ਦ੍ਵਾਰੇ (ਗੁਰੂ) ਪੂਜਣੇ ਜੋਗ ਪ੍ਰਮਾਤਮਾ ਮੈਂ (ਲਿਵ) ਬ੍ਰਿਤੀ ਇਕਾਗਰ ਕਰਕੇ (ਲਾਗੇ) ਤਤਪਰ ਹੂਏ ਤਬ ਗੁਰਾਂ ਨੇ ਅਗਯਾਨ ਰੂਪਿ ਅੰਧਕਾਰ ਦੂਰ ਕਰਨੇ ਕੋ ਵੈਰਾਗੁ ਅਰੁ ਬਿਬੇਕੁ ਲਿਆਕਰ ਅੰਤਸਕਰਣ ਮੈਂ ਪ੍ਰਕਾਸ਼ਤ ਕਰ ਦੀਏ ॥

Digitized by Panjab Digital Library | www.panjabdigilib.org

ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥ ੩ ॥

ਜਗਤ ਕੇ ਜੋ ਨਾਸ ਕਰਨੇ ਵਾਲਾ ਅਗਿਆਨ ਹੈ ਸੋ ਜਬ ਵਹੁ ਅਗਿਯਾਨ ਅੰਧਕਾਰ ਨਾਸ ਹੂਆ ਤਬ ਆਤਮ ਰੂਪੀ ਵਸਤੂ (ਘਰੁ) ਸਰੀਰ ਕੇ ਅੰਤਰ ਲਹੀ ਔਰ (ਮਨ) ਅੰਤਸਕਰਣ ਅਗਿਆਨ ਨੀਂਦ ਸੇ ਜਾਗੇ ॥ ੩ ॥

ਸਾਕਤ ਬਧਿਕ ਮਾਇਆ ਧਾਰੀ ਤਿਨ ਜਮ ਜੋਹਨਿ ਲਾਗੇ ॥

ਔਰ ਜੋ ਸਾਕਤ ਬਧਕ ਭਾਵ ਪਾਪੀ ਮਾਯਾਧਾਰੀ ਹੈਂ ਤਿਨਕੋ ਵਾ ਜਮ ਬਧਕ ਕੀ ਤਰਾਂ ਜੋਹਨ ਲਾਗੇ ਹੈਂ ॥

ਉਨ ਸਤਿਗੁਰ ਆਗੇ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥ ੪ ॥

ਉਨ ਪੁਰਸ਼ੋਂ ਨੇ ਸਤਿਗੁਰੋਂ ਆਗੇ ਸੀਸ ਨਹੀਂ ਬੇਚਿਆ ਯਾਂਤੇ ਵਹੁ ਅਭਾਗੇ ਆਵਤੇ ਜਾਤੇ ਅਰਥਾਤ ਜਨਮਤੇ ਮਰਤੇ ਹੈਂ ॥ ੪ ॥

ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ ॥

ਹੇ ਹਰਿ ਪ੍ਰਭੂ ਠਾਕੁਰ ਸਮਰਥੁ ਹਮਾਰਾ ਹਰ ਪ੍ਰਕਾਰ ਕਰ ਬੇਨਤੀ ਕਾ ਏਹ ਬਚਨੁ ਸੁਣਿ ਜੋ ਹਮ ਆਪਕੀ ਸਰਣ ਮਾਂਗਤੇ ਹੈਂ ਸੋ ਦੇਵਹੁ ॥

ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ ॥ ੫ ॥ ੧੦ ॥ ੨੪॥ ੬੨

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਮਹਾਰਾਜ ਮੇਰੀ ਤੋ ਲਾਜ ਪੁਨਾ ਪਾਤ ਅਰਥਾਤ ਪੰਗਤੀ ਗੁਰੂ ਹੀ ਹੈਂ ਕਿਉਂਕਿ ਹਮਨੇ ਸਤਿਗੁਰੋਂ ਆਗੇ ਸੀਸ ਬੇਚਿ ਦੀਆ ਹੈ ॥ ੫ ॥ ੧੦ ॥ ੨੪ ॥ ੬੨ ॥

ਗਉੜੀ ਪੂਰਬੀ ਮਹਲਾ ੪ ॥

ਹਮ ਹੰਕਾਰੀ ਅਹੰਕਾਰ ਅਗਿਆਨ ਮਤਿ ਗੁਰਿ ਮਿਲੀਐ ਆਪੁ ਗਵਾਇਆ ।

ਹਮ ਪੂਰਬ ਹੰਕਾਰ ਕਰਿ ਹੰਕਾਰੀ ਔਰ ਅਗਿਯਾਨ ਮਤ ਥੇ ਗੁਰੋਂ ਕੇ ਮਿਲਨੇ ਕਰ ਆਪਾਭਾਵ ਗਵਾ ਦੀਆ ਹੈ ॥

ਹਉਮੈ ਰੋਗੁ ਗਇਆ ਸੁਖੁ ਪਾਇਆ ਧਨੁ ਧੰਨੁ ਗੁਰੂ ਹਰਿ ਰਾਇਆ ॥ ੧ ॥

ਔਰ ਹਉਮੈ ਰੋਗੁ ਨਸਟ ਹੋਨੇ ਕਰ ਸੁਖ ਪਾਇਆ ਹੇ ਯਾਂਤੇ ਗੁਰੂ ਮਨ ਬਾਣੀ ਕਰ ਹਰੀ ਰਾਜਾ ਕਾ ਰੂਪ ਧੰਨਯਤਾ ਯੋਗ ਹੈ ॥ ੧ ॥

ਰਾਮ ਗੁਰ ਕੈ ਬਚਨਿ ਹਰਿ ਪਾਇਆ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਭਾਈ ਗੁਰੋਂ ਕੇ ਬਚਨ ਸੇ ਹਰੀ ਨਾਮ ਕੋ ਪਾਇਆ ਹੈ ॥

ਮੇਰੈ ਹੀਅਰੈ ਪ੍ਰੀਤਿ ਰਾਮ ਰਾਇ ਕੀ ਗੁਰਿ ਮਾਰਗੁ ਪੰਥੁ ਬਤਾਇਆ ।

ਮੇਰੇ ਰਿਦੇ ਮੈਂ ਰਾਮ ਰਾਜਾ ਕੀ ਪ੍ਰੀਤੀ ਲਗੀ ਹੂਈ ਥੀ ਗੁਰੋਂ ਨੇ ਸੰਸਾਰ ਮਾਰਗ ਸੇ ਹਟਾਇਕਰ ਹਰੀ ਕਾ ਪੰਥ ਬਤਾਇਆ ਹੈ ॥

ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ ਜਿਨਿ ਵਿਛੁੜਿਆ ਹਰਿ ਗਲਿ ਲਾਇਆ ॥ ੨ ॥

ਮੇਰਾ ਜੀਉ ਤਥਾ ਸਰੀਰੁ ਸਭੁ ਸਤਿਗੁਰੋਂ ਕੇ ਆਗੇ ਹੈ ਕਿਉਂਕਿ ਜਿਨੋਂ ਨੇ ਹਰੀ ਸੇ ਵਿਛੁੜਿਆ ਹੂਆ ਜੋ ਮੈਂ ਥਾ ਸੋ ਮੇਰੇ ਕੋ ਗਲ ਲਗਾਇ ਦੀਆ ਹੈ ਅਰਥਾਤ ਮਿਲਾਇ ਦੀਆ ਹੈ ॥ ੨ ॥

ਮੇਰੈ ਅੰਤਰਿ ਪੀਤਿ ਲਗੀ ਦੇਖਨ ਕਉ ਗੁਰ ਹਿਰਦੇ ਨਾਲਿ ਦਿਖਾਇਆ ।

ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ ਆਪੁ ਵੇਚਾਇਆ ॥ ੩ ॥

ਜਬ ਮੇਰੇ ਹਿਰਦੇ ਕੇ ਅੰਦਰ ਹਰੀ ਕੇ ਦੇਖਨੇ ਕੀ ਪ੍ਰੀਤੀ ਲਗੀ ਅਰੁ ਗੁਰੋਂ ਕੇ ਆਗੇ ਆਪੁ ਵੇਚਾਇਆ ਅਰਥਾਤ ਅਰਪਣ ਕੀਆ ਤਬ ਗੁਰੋਂ ਨੇ ਹਰੀ ਕੋ ਨਾਲ ਅਰਥਾਤ ਮੇਰੇ ਸੇ ਅਭਿਨ ਦਿਖਾਇਆ ਇਸ ਸੇ ਮੇਰੇ ਮਨ ਮੇਂ ਸੁਭਾਵਿਕ ਅਨੰਦੁ ਪ੍ਰਾਪਤਿ ਭਇਆ ॥ ੩ ॥

ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ ।

ਹਮਨੇ (ਅਪਰਾਧ) ਬਿਅਦਬੀ ਅਰੁ ਪਾਪੁ ਬਹੁਤ ਕਰੇ ਅਰੁ (ਦੁਸਟੀ) ਨਿੰਦਾਦਿ ਕਰੀ ਪੁਨਾ ਚੋਰ ਹੋਕਰ ਪਦਾਰਥੋਂ ਕੋ ਚੁਰਾਇਆ ਅਰਥਾਤ ਲੋਭ ਕੀਆ ॥

ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ ਹਰਿ ਭਾਇਆ ।੪।੧੧।੨੫।੬੩॥

ਐਸੇ ਬੇਨਤੀ ਕਰੀਏ ਸ੍ਰੀ ਗੁਰੂ ਜੀ ਕਹਤੇ ਹੈਂ ਹੇ ਹਰੀ ਅਬ ਆਪਕੀ ਸ਼ਰਣ ਮੇਂ ਪ੍ਰਾਪਤਿ ਭਏ ਹੈਂ ਅਰੁ ਤੇਰਾ ਹਰਿ ਨਾਮੁ ਹੀ ਮੇਰੇ ਕੋ ਭਾਇਆ ਹੈ ਹਮਾਰੀ ਲੱਜਯਾ ਰਖੀਏ ॥ ੪ ॥ ੧੧ ॥ ੨੫ ॥ ੬੩॥

ਗਉੜੀ ਪੂਰਬੀ ਮਹਲਾ ੪ ॥ ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ ।

ਗੁਰੋਂ ਕੀ ਸਿਖਯਾ ਲੇਨੇ ਵਾਲੇ ਹੀ (ਸਬਦੁ ਅਨਾਹਦੁ) ਬ੍ਰਹਮੁ ਜੋ ਏਕ ਰਸ ਹੈ ਉਸਕੋ (ਬਾਜੈ) ਪ੍ਰਗਟ ਕਰਤੇ ਹੈਂ ਪੁਨਾ ਗੁਰਮਤੀਏ ਹੀ (ਮਨੂਆ) ਮਨਨ ਕਰਤ ਹੈਂ ਅਰੁ ਬਾਣੀ ਕਰ ਪਰਮੇਸ੍ਵਰ ਕੇ ਜਸ ਕਾ ਗਾਵਨਾ ਕਰਤੇ ਹੈਂ ॥

Digitized by Panjab Digital Library | www.panjabdigilib.org

ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧਨੁ ਗੁਰੂ ਲਿਵ ਲਾਵੈ ॥੧ ॥

ਪਰੰਤੂ ਵਡੇ ਭਾਗੋਂ ਵਾਲਿਓਂ ਨੇ ਗੁਰੋਂ ਕਾ ਦਰਸਨੁ ਪਾਇਆ ਹੈ ਜੋ ਗੁਰੂ ਹਰੀ ਮੈਂ ਲਿਵ ਕੋ ਲਗਾ ਦੇਤੇ ਹੈਂ ਸੋ ਧੰਨ ਹੈਂ ਧੰਨ ਹੈਂ ॥ ੧ ॥

ਗੁਰਮੁਖਿ ਹਰਿ ਲਿਵ ਲਾਵੈ ॥ ੧ ॥ ਰਹਾਉ ॥

ਗੁਰਮੁਖ ਹੀ ਹਰੀ ਮੈਂ ਬਿਰਤੀ ਲਗਾਵਤੇ ਹੈਂ ॥

ਹਮਰਾ ਠਾਕੁਰੁ ਸਤਿਗੁਰੁ ਪੂਰਾ ਮਨ ਗੁਰ ਕੀ ਕਾਰ ਕਮਾਵੈ ।

ਹਮਾਰਾ ਤੋ ਠਾਕੁਰ ਸਤਿਗੁਰੂ ਪੂਰਾ ਹੈ ਇਸ ਲੀਏ ਮੇਰਾ ਮਨੁ ਗੁਰੋਂ ਕੀ ਹੀ ਕਾਰ ਕਮਾਵਤਾ ਹੈ ॥

ਹਮ ਮਲਿ ਮਲਿ ਧੋਵਹਿ ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ॥ ੨ ॥

ਜੋ ਗੁਰੂ ਹਰਿ ਹਰਿ ਕਥਾ ਕੋ ਸੁਨਾਵਤਾ ਹੈ ਤਿਨਕੇ ਚਰਨ ਹਮ ਮਲਿ ਮਲਿ ਕਰੁ ਧੋਵਤੇ ਹੈਂ ॥ ੨ ॥

ਹਿਰਦੈ ਗੁਰਮਤਿ ਰਾਮ ਰਸਾਇਣੁ ਜਿਹਵਾ ਹਰਿ ਗੁਣ ਗਾਵੈ ।

ਹਿਰਦੇ ਕੇ ਬੀਚ ਭੀ ਗੁਰੋਂ ਕੇ ਉਪਦੇਸ ਦ੍ਵਾਰਾ ਰਾਮ ਰਸਾਇਣ ਬਿਰਾਜਮਾਨ ਭਇਆ ਹੈ ਔਰ ਜਿਹਬਾ ਕਰਕੇ ਭੀ ਹਰੀ ਕੇ ਗੁਣੋਂ ਕੋ ਗਾਇਨ ਕਰਤੇ ਹਾਂ ॥

ਮਨ ਰਸਕਿ ਰਸਕਿ ਹਰਿ ਰਸਿ ਅਘਾਨੇ ਫਿਰਿ ਬਹੁਰਿ ਨ ਭੂਖ ਲਗਾਵੈ ॥ ੩ ॥

ਅਰੁ ਹਮਾਰੇ (ਮਨ) ਅੰਤਸਕਰਣ(ਰਸਕਿ) ਪ੍ਰੇਮੀ ਪੁਨਾ (ਰਸਕਿ) ਤਦਾਕਾਰ ਹੋਕਰ ਹਰੀ ਕੇ ਰਸ ਮੈਂ ਤ੍ਰਿਪਤਿ ਹੂਏ ਹੈਂ ਅਬ ਬਹੁਰੋਤ੍ਰਿਸਨਾਰੂਪਿ ਭੂਖ ਨਹੀਂ ਲਗਤੀ ਅਰੁ (ਫਿਰੁ) ਭ੍ਰਮਣਾ ਨਹੀਂ ਹੋਤਾ ॥ ੩ ॥

ਕੋਈ ਕਰੈ ਉਪਾਵ ਅਨੇਕ ਬਹੁਤੇਰੇ ਬਿਨੁ ਕਿਰਪਾ ਨਾਮੁ ਨ ਪਾਵੈ ॥

ਕੋਈ ਚਾਹੇ ਅਨੇਕ ਪ੍ਰਕਾਰ ਕੇ ਬਹੁਤੇ ਹੀ ਉਪਾਵ ਕਰੇ ਪਰੰਤੂ ਗੁਰੋਂ ਕੀ ਕ੍ਰਿਪਾ ਸੇ ਬਿਨਾਂ ਨਾਮ ਕੀ ਪ੍ਰਾਪਤੀ ਨਹੀਂ ਹੋਤੀ ॥

ਜਨ ਨਾਨਕ ਕਉ ਹਰਿ ਕਿਰਪਾ ਧਾਰੀ ਮਤਿ ਗੁਰਮਤਿ ਨਾਮੁ ਦ੍ਰਿੜਾਵੈ ॥ ੪ ॥ ੧੨ ॥੨੬॥੬੪॥

ਸ੍ਰੀ ਗੁਰੂ ਜੀ ਕਹਤੇ ਹੈਂ ਹਮਾਰੇ ਕੋ ਜਬ ਹਰੀ ਨੇ ਕ੍ਰਿਪਾ ਧਾਰੀ ਤਬ ਬੁਧੀ ਮੈਂ ਗੁਰ ਸਿਖਯਾ ਦ੍ਵਾਰੇ ਨਾਮ ਕੋ ਦ੍ਰਿੜ ਕੀਆ ॥ ੪ ॥ ੧੨ ॥ ੨੬ ॥ ੬੪ ॥

ਰਾਗ ਗਉੜੀ ਮਾਝ ਮਹਲਾ ੪ ॥

Digitized by Panjab Digital Library | www.panjabdigilib.org

ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ। ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ ॥

ਜਿੰਦੂ ਹੇ ਸੁਭ ਕਰਮਾਂ ਵਾਲੇ ਜੀਵ ਨਾਮਕੋ ਜਪ ਅਰੁ ਹ ਜੀਵ ਬੁਧੀ ਮਾਂ ਜੋ ਸੁਭ ਸਿਖਜਾ ਧਾਰਨੀ ਹੈ ਪੁਨਾ ਜਿਸ ਮਤ ਕਰ ਮੁਖੋਂ ਰਾਮ ਨਾਮ ਕਾ ਉਚਾਰਨ ਕਰਨਾ ਹੈ ਸੋ ਮਾਤਾ ਜਾਨ ॥

ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ ॥ ਵਡ ਭਾਗੀ ਮਿਲਿ ਰਾਮਾ ॥ ੧ ॥

ਔਰ ਸੰਤੋਖ ਕੋ ਪਿਤਾ ਕਰ ॥ ਪੁਨਾ ਅਜਨਮਾ ਪੁਰਖੁ ਕੋ ਗੁਰੁ ਕਰ ਵਡ ਭਾਗੋਂ ਸੇ ਰਾਮ ਕੇ ਸੰਗ ਮਿਲਿ ਜਾਹੁ ॥

ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ ॥
ਗੁਰ ਹਰਿ ਰੰਗਿ ਰਤਾ ਸਦਾ ਨਿਰਬਾਣੀ ਜੀਉ ॥

ਜੋਗੀ ਪੁਰਖ ਜੋ ਗੁਰੂ ਹੈਂ ਸੋ ਜਿਨ ਕੋ ਮਿਲਾ ਹੈ ਤਿਨੋਂ ਨੇ ਰੰਗ ਆਤਮ ਸੁਖ ਕੋ ਮਾਣੀ ਭੋਗਿਆ ਹੈ ॥ ਪੁਨਾ ਗੁਰੂ ਕੈਸਾ ਹੈ ਜੋ ਸਦਾ ਹੀ ਨਿਰਬਾਣੀ ਹਰੀ ਮੈਂ (ਰੰਗਿ) ਪ੍ਰੇਮ ਕਰਕੇ ਤਦਾਕਾਰ ਹੂਆ ਹੈ ॥

ਵਡ ਭਾਗੀ ਮਿਲਿ ਸੁਘੜੁ ਸੁਜਾਣੀ ਜੀਉ ॥ ਮੇਰਾ ਮਨੁ ਤਨੁ ਹਰਿ ਰੰਗਿ ਭਿੰਨਾ ॥ ੨ ॥

ਔਰ (ਸੁਘੜ) ਚਤ੍ਰ ਹੈਂ ਤਥਾ ਸੁਜਾਣੀ ਗਿਆਨਵਾਨ ਹੈਂ ਐਸਾ ਗੁਰੂ ਵਡੇ ਭਾਗੋਂ ਵਾਲੇ ਕੋ ਮਿਲਤਾ ਹੈ ਮੇਰਾ ਮਨੁ ਔਰ ਸਰੀਰ ਹਰੀ ਕੇ ਪ੍ਰੇਮ ਮੈਂ ਸਨਿਗਧ ਹੂਆ ਹੈ ਜੀਉ ਪਦ ਸੰਬੋਧਨ ਹੈ ॥ ੨ ॥

ਆਵਹੁ ਸੰਤਹੁ ਮਿਲਿ ਨਾਮੁ ਜਪਾਹਾ ॥ ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ ॥

ਹੇ ਜੀਵ ਆਉ ਸੰਤੋਂ ਕੇ ਸਾਥ ਮਿਲ ਕਰ ਨਾਮ ਜਪੀਏ ਔਰ ਸੰਗਤ ਮੈਂ ਸਦਾ ਨਾਮ ਕਾ ਲਾਹਾ ਲਈਏ ॥

ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ ॥ ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ ॥ ੩ ॥

ਤਾਂਤੇ ਸੰਤੋਂ ਕੀ ਸੇਵਾ ਕਰੁ ਕਿਉਂਕਿ ਤਿਨ ਕੀ ਸੇਵਾ ਸੇ ਹੀ ਅੰਮ੍ਰਿਤ ਨਾਮ ਮੁਖ ਮੈਂ ਪੜਤਾ ਹੈ ॥ ਪ੍ਰਸ਼ਨੁ ॥ ਸੋ ਸਤਿ ਸੰਗਤਿ ਕਬ ਮਿਲਤੀ ਹੈ? ਉਤਰੁ ॥ ਜੋ ਕਰ ਧੁਰ ਸੇ ਪੂਰਬ ਜਨਮ ਕੇ ਸ੍ਰੇਸ਼ਟ ਕਰਮ ਲਿਖੇ ਹੂਏ ਹੋਵੇਂ ਤੌ ਮਿਲਤੀ ਹੈ ॥ ੩ ॥

ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ ॥
ਮਨੁ ਮੋਰੁ ਕੂਹਕਿਅੜਾ ਸਬਦੁ ਮੁਖਿ ਪਾਇਆ ॥

ਜਬ ਗੁਰੋਂ ਨੇ ਮਾਨੁਖ ਜਨਮ ਰੁਪੀ ਸਾਵਣ ਮੈਂ ਉਪਦੇਸ਼ ਕੀ ਵਰਖਾ ਕਰੀ ਤਬ ਜਗਤ ਮੈਂ (ਅੰਮ੍ਰਿਤ) ਮ੍ਰਿਤ ਰਹਤ ਜੋ

Digitized by Panjab Digital Library | www.panjabdigilib.org

ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ । ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ ॥

ਜਿੰਦੂ ਹੇ ਸੁਭ ਕਰਮਾਂ ਵਾਲੇ ਜੀਵ ਨਾਮਕੇ ਜਪੁ ਅਰੁ ਹ ਜੀਵ ਬੁਧੀ ਮੇਂ ਜੋ ਸੁਭ ਸਿਖਜਾ ਧਾਰਨੀ ਹੈ ਪੁਨਾ ਜਿਸ ਮਤ ਕਰ ਮੁਖੋਂ ਰਾਮ ਨਾਮ ਕਾ ਉਚਾਰਨ ਕਰਨਾ ਹੈ ਸੋ ਮਾਤਾ ਜਾਨ ॥

ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ ॥ ਵਡ ਭਾਗੀ ਮਿਲਿ ਰਾਮਾ ॥ ੧ ॥

ਔਰ ਸੰਤੋਖ ਕੋ ਪਿਤਾ ਕਰ ॥ ਪੁਨਾ ਅਜਨਮਾ ਪੁਰਖੁ ਕੋ ਗੁਰੁ ਕਰ ਵਡੇ ਭਾਗੋਂ ਸੇ ਰਾਮ ਕੇ ਸੰਗ ਮਿਲਿ ਜਾਹੁ ॥

ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ ॥
ਗੁਰ ਹਰਿ ਰੰਗਿ ਰਤਾ ਸਦਾ ਨਿਰਬਾਣੀ ਜੀਉ ॥

ਜੋਗੀ ਪੁਰਖ ਜੋ ਗੁਰੂ ਹੈਂ ਸੋ ਜਿਨ ਕੋ ਮਿਲ ਹੈ ਤਿਨੋਂ ਨੇ ਰੰਗ ਆਤਮ ਸੁਖ ਕੋ ਮਾਣੀ ਭੋਗਿਆ ਹੈ ॥ ਪੁਨਾ ਗੁਰੂ ਕੈਸਾ ਹੈ ਜੋ ਸਦਾ ਹੀ ਨਿਰਬਾਣੀ ਹਰੀ ਮੈਂ (ਰੰਗਿ) ਪ੍ਰੇਮ ਕਰਕੇ ਤਦਾਕਾਰ ਹੂਆ ਹੈ ॥

ਵਡ ਭਾਗੀ ਮਿਲਿ ਸੁਘੜੁ ਸੁਜਾਣੀ ਜੀਉ ॥ ਮੇਰਾ ਮਨੁ ਤਨੁ ਹਰਿ ਰੰਗਿ ਭਿੰਨਾ ॥ ੨ ॥

ਔਰ (ਸੁਘੜ) ਚਤੁਰ ਹੈਂ ਤਥਾ ਸੁਜਾਣੀ ਗਿਆਨਵਾਨ ਹੈਂ ਐਸਾ ਗੁਰੂ ਵਡੇ ਭਾਗੋਂ ਵਾਲੇ ਕੋ ਮਿਲਤਾ ਹੈ ਮੇਰਾ ਮਨੁ ਔਰ ਸਰੀਰ ਹਰੀ ਕੇ ਪ੍ਰੇਮ ਮੈਂ ਸਨਿਗਧ ਹੂਆ ਹੈ ਜੀਉ ਪਦ ਸੰਬੋਧਨ ਹੈ ॥ ੨ ॥

ਆਵਹੁ ਸੰਤਹੁ ਮਿਲਿ ਨਾਮੁ ਜਪਾਹਾ ॥ ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ ॥

ਹੇ ਜੀਵ ਆਉ ਸੰਤੋਂ ਕੇ ਸਾਥ ਮਿਲ ਕਰ ਨਾਮ ਜਪੀਏ ਔਰ ਸੰਗਤ ਮੈਂ ਸਦਾ ਨਾਮ ਕਾ ਲਾਹਾ ਲਈਏ ॥

ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ ॥ ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ ॥ ੩ ॥

ਤਾਂਤੇ ਸੰਤੋਂ ਕੀ ਸੇਵਾ ਕਰੁ ਕਿਉਂਕਿ ਤਿਨ ਕੀ ਸੇਵਾ ਸੇ ਹੀ ਅੰਮ੍ਰਿਤ ਨਾਮ ਮੁਖ ਮੈਂ ਪੜਤਾ ਹੈ ॥ ਪ੍ਰਸ਼ਨ ॥ ਸੋ ਸਤਿ ਸੰਗਤਿ ਕਬ ਮਿਲਤੀ ਹੈ? ਉਤਰੁ ॥ ਜੇ ਕਰ ਧੁਰ ਸੇ ਪੂਰਬ ਜਨਮ ਕੇ ਸ੍ਰੇਸ਼ਟ ਕਰਮ ਲਿਖ ਹੂਏ ਹੋਵੈਂ ਤੋ ਮਿਲਤੀ ਹੈ ॥ ੩ ॥

ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ ॥
ਮਨੁ ਮੋਰੁ ਕੂਹਕਿਅੜਾ ਸਬਦੁ ਮੁਖਿ ਪਾਇਆ ॥

ਜਬ ਗੁਰੋਂ ਨੇ ਮਾਨੁਖ ਜਨਮ ਰੂਪੀ ਸਾਵਣ ਮੈਂ ਉਪਦੇਸ਼ ਕੀ ਵਰਖਾ ਕਰੀ ਤਬ ਜਗਤ ਮੈਂ (ਅੰਮ੍ਰਿਤ) ਮ੍ਰਿਤ ਰਹਤ ਜੋ

Digitized by Panjab Digital Library | www.panjabdigilib.org

ਹੇ ਮੇਰੇ ਪਿਆਰਿਆ ਬਾਣੀ ਮੇ ਵਸੁ ਔਰ ਹੇ ਮੇਰੇ ਗੋਬਿੰਦਾ ਤਨ ਮੈਂ ਵਸ ਵਾ ਹੇ ਹਰੀ ਕਿਰਪਾ ਕਰਕੇ ਤੂੰ ਮਨ ਮੇਂ ਵਸੁ।

ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖਿ ਵਿਗਸੁ ਜੀਉ ॥

ਹੇ ਮੇਰੇ (ਗੋਵਿੰਦਾ) ਭਾਈ ਜੋ ਗੁਰ ਪੂਰੇ ਕੋ ਵੇਖਕਰ ਪ੍ਰਫੁਲਤ ਹੂਏ ਹੈਂ ਤਿਨੋਂ ਨੇ ਮਨ ਇਛਤ ਫਲ ਪਾਇਆ ਹੈ॥

ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨਦਿਨੁ ਅਨਦੁ ਰਹਸੁ ਜੀਉ ॥

(ਮੇਰੇ ਗੋਵਿੰਦਾ) ਹੇ ਭਾਈ ਜਿਨ ਸੁਹਾਗਣੀਓਂ ਕੋ ਹਰੀ ਕਾ ਨਾਮ ਮਿਲਿਆ ਹੈ ਤਿਨਕੇ ਮਨ ਮੈਂ ਅਨਦਿਨੁ (ਰਹਸੁ) ਗੁਹਜ ਅਨੰਦੁ ਭਾਵ ਬ੍ਰਹਮਾਨੰਦੁ ਹੈ॥

ਹਰਿ ਪਾਇਅੜਾ ਵਡ ਭਾਗੀਈ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ॥ ੩ ॥

(ਈਹੇਮੇਰੇ ਗੋਬਿੰਦਾ) ਭਾਈ ਜਿਨੋਂ ਨੇ ਹਰਿ ਬਡੇ ਭਾਗੋਂ ਕਰਕੇ ਪਾਇਆ ਹੈ ਸੋ ਨਿਤੇਪ੍ਰਤੀ ਆਤਮ ਲਾਭ ਕੋ ਲੇਕਰ ਮਨ ਮੈਂ ਪ੍ਰਸੰਨ ਹੋਤੇ ਹੈਂ। ਬਾਚਸਪਤਿ ਕੋਸ ਮੈ ਈ ਸੰਬੋਧਨ ਮੈ ਲਿਖਾ ਹੈ॥ ੩ ॥

ਹਰਿ ਆਪਿ ਉਪਾਏ ਹਰਿ ਆਪੇ ਵੇਖੈ ਹਰਿ ਆਪੇ ਕਾਰੈ ਲਾਇਆ ਜੀਉ ॥

ਆਪ ਹੀ ਹਰੀ ਸ੍ਰਿਸ੍ਰੀ ਕੋ ਉਤਪਤਿ ਕਰਤਾ ਹੈ ਔਰ ਆਪ ਹੀ ਵੇਖਤਾ ਹੈ ਔਰ ਆਪ ਹੀ ਕਾਰੋਂ ਮੈ ਲਗਾਇਆ ਹੈ॥

ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ ਪਾਇਆ ਜੀਉ।

ਏਕ ਪ੍ਰਮੇਸ੍ਵਰ ਕੀ ਦਤ ਕੋ ਖਾਤੇ ਹੈਂ ਸੋ ਤਿਸ ਕੀ ਤੋਟਿ ਨਹੀਂ ਆਵਤੀ ਅਰ ਇਕਨਾ ਕੋ (ਫਕਾ) ਫਾਕਾ ਵਾ ਚਾਰ ਚਾਰ ਦਾਣੇ ਘਰ ਘਰ ਸੇ ਮਾਂਗਨੇ ਕਾ ਲਿਖ ਲਿਖ ਪਾਇਆ ਹੈ। ਪੂਰਬੋਕਤ ਅਰਥਕੋ ਸਪਸਟ ਦਿਖਾਵਤੇ ਹੈਂ॥

ਇਕਿ ਰਾਜੇ ਤਖਤ ਬਹਹਿ ਨਿਤ ਸੁਖੀਏ ਇਕਿਨਾਂ ਭਿਖ ਮੰਗਾਇਆ ਜੀਉ।

ਏਕ ਰਾਜੇ ਹੋਕਰ ਤਖਤੋਂ ਪਰ ਬੈਠੇ ਹੂਏ ਹੈਂ ਔਰ ਸਦਾ ਹੀ ਸੁਖ ਵਾਲੇ ਹੈਂ ਔਰ ਇਕਨਾ ਸੇ ਭਿਖਯਾ ਮੰਗਾਵਤਾ ਹੈ॥

ਸਭ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ ਜਨ ਨਾਨਕ ਨਾਮੁ ਧਿਆਇਆ ਜੀਉ॥੪॥੨॥੨੮॥੬੬॥

ਸ੍ਰੀ ਗਰੂ ਜੀ ਕਹਤੇ ਹੈਂ ਜਿਨ ਦਾਸੋਂ ਨੇ ਨਾਮ ਧਿਆਇਆ ਹੈ ਤਿਨਕਾ ਐਸਾ ਨਿਹਚਾ ਹੁਆ ਹੈ ਕੇ ਸਰਬ ਮੈਂ ਏਕ ਮੇਰੇ ਗੋਵਿੰਦ ਕਾ (ਸਬਦੁ) ਹੁਕਮ ਵਰਤ ਰਹਾ ਹੈ ਵਾ ਸਰਬ ਮੈਂ ਏਕ ਬ੍ਰਹਮ ਹੀ ਵਰਤ ਰਹਾ ਹੈ॥ ੪। ੨॥ ੨੮ ॥ ੬੬ ॥

ਗਉੜੀ ਮਾਝ ਮਹਲਾ ੪ ॥

ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ॥

Digitized by Panjab Digital Library | www.panjabdigilib.org

ਹੇ ਮੇਰੇ ਭਾਈ ਜਨੋਂ ਜੋ ਰੰਗ ਰਤਾ ਪ੍ਰਮੇਸ੍ਰਰ ਹੈ ਸੋ ਤੀਨੋਂ ਕਾਲੋਂ ਮੈ ਮਨ ਕੇ ਬੀਚ ਹੀ ਹੈ ਵਾ ਪ੍ਰੇਮ ਮੈਂ ਪੁਨਰੁਕਤੀ ਦੋਸ ਨਹੀਂ ਮਨ ਮਾਹੀ ਸਬਦ ਜਗਜਾਸੂ ਕੀ ਦ੍ਰਿੜਤਾ ਹੇਤ ਕਈ ਬਾਰ ਕਥਨ ਕੀਆ ਹੈ ॥

ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ ।

ਹੇਭਾਈ ਹਰੇਕ ਰੰਗੋਂ ਵਾਲ ਪ੍ਰਮੇਸ੍ਰਰ ਸਾਥ ਹੈ। ਲਖਾ ਨਹੀਂ ਜਾਤਾ ਪਰੰਤੂ ਗੁਰੂ ਪੂਰਾ ਤਿਸ ਅਲਖ ਕੋ ਲਖਾ ਦੇਤਾ ਹੈ ॥

ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭ ਦਾਲਦ ਦੁਖ ਲਹਿ ਜਾਈ ਜੀਉ ।

ਹੇ ਮੇਰੇ ਭਾਈ ਜਬ ਗੁਰ ਕਾ ਲਖਾਯਾ ਹੋਇਆ ਹਰਿ ਹਰਿ ਨਾਮ ਕਾ ਪ੍ਰਗਾਸੁ ਹੂਆ ਤਬ ਸੰਪੂਰਨ ਦਰਿਦ੍ਰ ਔਰ ਦੁਖ ਲਹਿ ਜਾਤੇ ਹੈਂ ॥

ਹਰਿ ਪਦੁ ਊਤਮੁ ਪਾਇਆ ਮੇਰੇ ਗੋਵਿੰਦਾ ਵਡਭਾਗੀ ਨਾਮਿ ਸਮਾਹੀ ਜੀਉ ॥ ੧ ॥

ਹੇ ਮੇਰੇ ਭਾਈ ਜਿਨੋਂ ਨੇ ਹਰੀ ਉਤਮ ਪਦ ਕੋ ਪਾਇਆ ਹੈ ਸੋ ਵਡਭਾਗੀ ਨਾਮੀ ਵਾਹਿਗੁਰੂ ਮੈਂ ਸਮਾਏ ਹੈਂ ॥ ੧ ॥

ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ॥

ਹੇ ਮੇਰੇ ਪਿਆਰਿਆ (ਨੈਣੀ) ਜੋ ਗਯਾਨ ਨੇਤ੍ਰੋਂ ਵਾਲੇ ਮੇਰੇ ਗੋਬਿੰਦ ਕਾ ਸਰੂਪ ਗੁਰੂ ਹੈ ਤਿਨੋਂ ਦੁਆਰਾ ਸਰਬ ਨੈਣਾਂ ਵਾਲਾ ਵੈਰਾਟ ਰੂਪ ਮੇਰਾ ਪ੍ਰਭ ਕਿਨਾ (ਨੈਣੀ) ਸੁਧ ਬੁਧੀ ਨੇਤ੍ਰੋਂ ਵਾਲਿਆਂ ਨੇ ਦੇਖਿਆ ਹੈ ॥

ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮਲੈਣੀ ਜੀਉ ॥

ਹੇ ਮੇਰੇ ਭਾਈ ਜਨੋਂ ਮੇਰਾ ਮਨ ਔਰ ਤਨਬਹੁਤ ਹੀ ਵੈਰਾਗ ਭਯਾ ਹੈਪੁਨਾ ਹਰੀ ਸੇ ਬਿਨ ਬੁਧੀ ਰੂਪ ਇਸਤ੍ਰੀ ਮੁਰਝਾਰਹੀਹੈ।

ਸੰਤ ਜਨਾ ਮਿਲਿ ਪਾਇਆ ਮੇਰੇ ਗੋਵਿਦਾ ਮੇਰਾ ਹਰਿ ਪ੍ਰਭੁ ਸਜਣੁ ਸੈਣੀ ਜੀਉ ॥

ਜਿਸਕੇ ਵਾਸਤੇ ਯੇਹਿ ਦਸਾ ਭਈ ਥੀ ਸੋ ਹੇ ਮੇਰੇ ਭਾਈ ਜਨੋਂਮੇਰਾ ਹਰੀ ਪ੍ਰਭੂ ਸਜਣ ਤਥਾ ਸਾਥੀ ਮੰਤ ਜਨੋਂ ਕੋ ਮਿਲਕਰ ਪ੍ਰਾਪਤ ਹੋ ਗਯਾ ਹੈ ॥

ਹਰਿ ਆਇ ਮਿਲਿਆ ਜਗੁ ਜੀਵਨੁ ਮੇਰੇ ਗੋਵਿੰਦਾ ਮੈ ਸੁਖਿ ਵਿਹਾਣੀ ਰੈਣੀ ਜੀਉ॥ ੨ ॥

ਹੇ ਮੇਰੇ ਭਾਈ ਜਬ ਹਰੀ ਜਗ ਜੀਵਨ ਆਇ ਮਿਲਿਆ ਤਬ ਸੁਖ ਪੂਰਬਕ ਹਮਾਰੀ ਅਵਸਥਾ ਰੂਪ ਰਾਤ੍ਰ (ਵਿਹਾਣੀ) ਬਤੀਤ ਹੋ ਗਈ ਵਾ ਅਵਿਦਿਆ ਰੂਪੀ ਰਾਤ੍ਰ ਚਲੀ ਗਈ ਅਤੁ ਮੇਰੇ ਕੋ ਸੁਖ ਹੁਆ ਹੈ ॥ ੨ ॥

ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ ਮੈ ਮਨਿ ਤਨਿ ਭੁਖ ਲਗਾਈਆ ਜੀਉ॥

Digitized by Panjab Digital Library | www.panjabdigilib.org

ਹੇ ਸੰਤ ਜਨੋਂ ਮੇਰੇ ਕੋ ਮੇਰਾ ਹਰੀ ਪ੍ਰਭ ਸਜਨ ਮੇਲਹੁ ਕਿਉਂਕਿ ਮੇਰੇ ਮਨ ਤਨ ਮੈਂ ਇਛਾ ਲਗੀ ਹੈ ॥

ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ ॥

ਮੈਂ ਅਪਨੇ ਪ੍ਰੀਤਮ ਕੋ ਦੇਖੇ ਬਿਨਾ ਰਹ ਨਹੀਂ ਸਕਤਾ ਹੂੰ ਕਿਉਂਕਿ ਮੇਰੇ ਰਿਦੇ ਮੈਂ ਹਰੀ ਨੇ ਪ੍ਰੀਤੀ ਲਾਈ ਹੈ ॥

ਹਰਿ ਰਾਇਆ ਮੇਰਾ ਸਜਣੁ ਪਿਆਰਾ ਗੁਰੁ ਮੇਲੇ ਮੇਰਾ ਮਨੁ ਜੀਵਾਈਆ ਜੀਉ ॥

ਮੇਰਾ ਪਿਆਰਾ ਜੋ ਸਜਨ ਹਰੀ ਰਾਜਾ ਹੈ ਤਿਸਕੋ ਗੁਰੋਂ ਨੇ ਮਿਲਾ ਕਰ ਮੇਰੇ ਮਨ ਕੋ ਜੀਵਾਯਾ ਹੈ ॥

ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ ਗੋਵਿੰਦਾ ਹਰਿ ਮਿਲਿਆ ਮਨਿ ਵਾਧਾਈਆ ਜੀਉ ॥ ੩ ॥

ਹੇ ਭਾਈ ਅਬ ਮੇਰੇ ਮਨ ਤਨ ਕੀਆਂ ਆਸਾਂ ਪੂਰਨ ਹੋ ਗਈਆਂ ਹੈਂ ਹਰੀ ਕੋ ਮਿਲਨੇ ਕਰਕੇ ਮਨ ਮੈਂ (ਵਧਾਈਆ) ਸਾਦੀਆਂ ਹੋਈਆਂ ਹੈਂ ॥ ੩ ॥

ਵਾਰੀ ਮੇਰੇ ਗੋਵਿੰਦਾ ਵਾਰੀ ਮੇਰੇ ਪਿਆਰਿਆ ਹਉ ਤੁਧੁ ਵਿਟੜਿਅਹੁ ਸਦ ਵਾਰੀ ਜੀਉ ॥

ਹੇ ਮੇਰੇ ਪਿਆਰੇ ਗੋਵਿੰਦ ਤੇਰੇ ਊਪਰ ਸੇ ਮਨ ਤਨ ਥਾਣੀ ਕਰਕੇ ਸਦਾ ਵਾਰਨੇ ਜਾਤਾ ਹੂੰ ॥

ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਮੇਰੇ ਗੋਵਿਦਾ ਹਰਿ ਪੂੰਜੀ ਰਾਖੁ ਹਮਾਰੀ ਜੀਉ ॥

ਹੇ ਹਰੀ ਗੋਬਿੰਦ ਮੇਰੇ ਪਤੀ ਮੇਰੇ ਮਨ ਤਥਾ ਤਨ ਮੈ ਆਪਕਾ ਹੀ ਪ੍ਰੇਮੁ ਹੈ ਹਮਾਰੀ ਸਰਧਾ ਰੂਪੀ ਪੂੰਜੀ ਰਖੋ ਜੀ ॥

ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ ॥

ਹੇ ਮੇਰੇ ਹਰੀ ਗੋਵਿੰਦ ਸਤਿਗੁਰੂ ਜੋ (ਵਿਸਟ) ਵਿਚੋਲੇ ਹੈਂ ਤਿਨਕੇ ਸਾਥ ਮੇਲ ਕਿਉਂਕਿ ਵਟੁ (ਰੈਬਾਰੀ) ਵਿਚੋਲਗੀ ਕਰਕੇ ਆਪ ਕੇ ਸਾਥ ਮੇਲੋਂ ਗੇ ॥

ਹਰਿ ਨਾਮੁ ਦਇਆ ਕਰਿ ਪਾਇਆ ਮੇਰੇ ਗੋਵਿੰਦਾ ਜਨ
ਨਾਨਕੁ ਸਰਣਿ ਤੁਮਾਰੀ ਜੀਉ ॥ ੪ ॥ ੩ ॥ ੨੯ ॥ ੬੭ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਹਰੀ ਗੋਬਿੰਦ ਮੈਂਨੇ ਆਪ ਕਾ ਨਾਮੁ ਗੁਰੋਂ ਕੀ ਦਿਯਾ ਕਰਕੇ ਪਾਇਆ ਹੈ ਹੇ ਮਹਾਰਾਜ ਹਮ ਤੁਮਾਰੀ ਹੀ ਸਰਣ ਹੈਂ ॥ ੪ ॥ ੩ ॥ ੨੯ ॥ ੬੭ ॥

ਗਉੜੀ ਮਾਝ ਮਹਲਾ ੪ ॥

Digitized by Panjab Digital Library | www.panjabdigilib.org

ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ ॥

ਹੇ ਮੇਰੇ ਪਿਆਰਿਆ ਮੇਰਾ ਹਰਿ ਪ੍ਰਭ ਤੀਨੋਂ ਕਾਲ ਮੈ (ਚੋਜੀ) ਕੌਤਕੀ ਹੈ ਅਰਥਾਤ ਮਾਇਆ ਕਰ ਬਿਚਿਤ੍ਰ ਪਰਪੰਚ ਕੋ ਉਤਪਤ ਪਾਲਨਾ ਸੰਘਾਰ ਰੂਪ ਚੋਜ ਕਰਤਾ ਹੈ ॥

ਹਰਿ ਆਪੇ ਕਾਨੁ ਉਪਾਇਦਾ ਮੇਰੇ ਗੋਵਿਦਾ ਹਰਿ ਆਪੇ ਗੋਪੀ ਖੋਜੀ ਜੀਉ ॥
ਹਰਿ ਆਪੇ ਸਭ ਘਟਿ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ ॥

ਆਪਿ ਹੀ ਮੇਰਾ ਗੋਵਿੰਦ (ਕਾਨ) ਕ੍ਰਿਸਨ ਰੂਪਿ ਵਜਕਤੀ ਉਤਪਤਿ ਕਰਤਾ ਭਇਆ ਹੈ ਪੁਨਾ ਆਪਿ ਹੀ ਹਰੀ (ਗੋਪੀ) ਰਾਧਕਾਂ ਰੂਪਿ ਹੋਕਰ ਮਾਨੁ ਕਰਤਾ ਭਯਾ ਹੈ ਅਰੁ ਕ੍ਰਿਸਨ ਅੰਤਰੁ ਧਯਾਨ ਹੂਏ ਕਾ ਆਪਿ ਹੀ ਮਾਨੁ ਛੋਡਿਕਰ ਰਾਧਕਾਂ ਰੂਪਿ (ਖੋਜੀ) ਖੋਜ ਨਿਕਾਲਨੇ ਵਾਲਾ ਹੋਤਾ ਭਇਆ ਹੈ (ਮੇਰੇ ਗੋਵਿੰਦਾ) ਹੇ ਭਾਈ ਹਰੀ ਆਪਿ ਹੀ ਅਤੀ ਭੋਗੀ ਹੋ ਕਰਿਕੇ ਆਪਿ ਸਭਿ ਸਰੀਰੋਂ ਮੈਂ ਭੋਗ ਰਹਾ ਹੈ ॥

ਹਰਿ ਸੁਜਾਣੁ ਨ ਭੁਲਈ ਮੇਰੇ ਗੋਵਿੰਦਾ ਆਪੇ ਸਤਿਗੁਰੁ ਜੋਗੀ ਜੀਉ ॥ ੧ ॥

ਹੇ ਮੇਰੇ ਭਾਈ ਹਰੀ ਆਪ ਹੀ ਜੋ ਸਤਿਗੁਰੂ ਜੋਗ ਵਾਲਾ ਹੈ ਸੋ ਵਡਾ ਗਜਾੜ ਗੋਯ ਹੈ ਕਿਸੀ ਕੋ ਭੂਲਤਾ ਨਹੀਂ ॥

ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਆਪੇ ਖੇਲੈ ਬਹੁ ਰੰਗੀ ਜੀਉ ॥

ਹੇ ਭਾਈ ਹਰੀ ਆਪ ਹੀ ਜਗਤ ਕੋ ਉਤਪਤਿ ਕਰਤਾ ਹੈ ਔਰ ਬਹੁਤ ਰੰਗੋਂ ਮੈ ਆਪ ਹੀ ਖੇਲਤਾ ਹੈ ॥

ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ ਨੰਗ ਨੰਗੀ ਜੀਉ ॥

ਇਕਨੋਂ ਕੋ ਮੇਰਾ ਗੋਵਿੰਦ ਅਨੇਕ ਪ੍ਰਕਾਰ ਕੇ ਭੋਗ ਭੁਗਾਵਤਾ ਹੈ ਇਕ ਸਰੀਰ ਸੇ ਬਸਤ੍ਰ ਹੀਨ ਨੰਗੀ ਪੈਰੀਂ (ਨੰਗ) ਕੰਗਲੇ ਹੂਏ ਫਿਰਤੇ ਹੈਂ ਵਾ (ਨਗਨ) ਪਰਬਤੋਂ ਮੈਂ ਬ੍ਰਿਛੋਂ ਮੈ ਪਸੂ ਪੰਛੀ ਹੂਏ ਫਿਰਤੇ ਹੈਂ ॥

ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਦਾਨੁ ਦੇਵੈ ਸਭ ਮੰਗੀ ਜੀਉ ॥

ਹੇ ਭਾਈ ਆਪ ਹੀ ਜਗਤ ਕੋ ਉਤਪਤ ਕਰਤਾ ਹੈ ਔਰ ਆਪ ਹੀ ਸਭ ਕੋ ਦਾਨ ਦੇਤਾ ਹੈ ਸਭ ਤਿਸਤੇ (ਮੰਗੀ)ਮਾਂਗਤੇ ਹੈਂ ।

ਭਗਤਾ ਨਾਮੁ ਅਧਾਰੁ ਹੈ ਮੇਰੇ ਗੋਵਿੰਦਾ ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥ ੨ ॥

Digitized by Panjab Digital Library | www.panjabdigilib.org

ਹੇ ਮੇਰੇ ਭਾਈ ਜਨੋਂ ਭਗਤੋਂ ਕੋ ਤੋ ਨਾਮ ਕਾ ਹੀ ਆਸਰਾ ਹੈ ਯਾਤੇ ਗੁਰੋਂ ਸੇ ਵਾ ਪ੍ਰਮੇਸ੍ਵਰ ਸੇ ਹਰੀ ਕੀ ਉਤਮਕਥਾਮਾਂਗਤੇਹੈਂ।੨

ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ ਹਰਿ ਭਗਤਾ ਲੋਚ ਮਨਿ ਪੂਰੀ ਜੀਉ ॥

ਹੇ ਭਾਈ ਹਰੀ ਆਪ ਹੀ ਭਗਤੀ ਕਰਾਵਤਾ ਹੈ ਔਰ ਆਪ ਹੀ ਹਰੀ ਭਗਤੋਂ ਕੀ ਇਛਾ ਪੂਰੀ ਕਰਤਾ ਹੈ ॥

ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿਦਾ ਰਵਿ ਰਹਿਆ ਨਹੀ ਦੂਰੀ ਜੀਉ ॥

ਹੈ ਮੇਰੇ ਭਾਈ ਆਪ ਹੀ ਜਲੋਂ ਤਥਾ ਥਲੋਂ ਮੈਂ ਵਰਤ ਰਹਾਹੈ ਔਰ ਸਰਬਤ੍ਰ ਅਸਥਾਨੋਂ ਮੈ ਬਿਆਪਕ ਹੋ ਰਹਾਹੈ ਦੂਰਨਹੀਂਹੈ।

ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ ਹਰਿ ਆਪਿ ਰਹਿਆ ਭਰਪੂਰੀ ਜੀਉ ॥

ਪੁਨਾ ਹੇ ਭਾਈ ਹਰੀ (ਅੰਤਰਿ) ਪਿੰਡ ਮੈ ਔਰ (ਬਾਹਰਿ) ਬ੍ਰਹਮੰਡ ਮੈ ਆਪ ਹੈ ਔਰ ਆਪ ਹੀ ਭਰਪੂਰੀ ਅਰਥਾਤ ਲਬਾ ਲਬ ਹੋਕਰ ਏਕ ਰਸ ਬਿਆਪ ਰਹਾ ਹੈ ॥

ਹਰਿ ਆਤਮ ਰਾਮੁ ਪਸਾਰਿਆ ਮੇਰੇ ਗੋਵਿੰਦਾ ਹਰਿ ਵੇਖੈ ਆਪਿ ਹਦੂਰੀ ਜੀਉ ॥ ੩ ॥

ਹੇ ਮੇਰੇ ਭਾਈ ਹਰੀ ਰਾਮ ਨੇ ਅਪਣਾ ਆਪ ਰੂਪ ਪਸਾਰਿਆ ਅਰਥਾਤ ਰਚਿਆ ਹੈ ਔਰ ਆਪ ਹੀ ਹਰੀ (ਹਦੂਰੀ) ਜੋ ਸਭ ਕੇ ਪ੍ਰਤਖ ਹੈ ਸੋ ਦੇਖ ਰਹਾ ਹੈ ॥ ੩ ॥

ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥

(ਹਰਿ) ਸਰਬ ਸਰੀਰੋਂ ਕੇ ਅੰਤਰ (ਪੌਣ) ਪ੍ਰਾਣ ਕਲਾ ਕਾ ਵਾਜਾ ਹੈ ਭਾਵ ਯੇਹਿ ਕਿ ਵਿਵਹਾਰ ਸਿਧੀ ਕਾ ਹੇਤੁ ਪ੍ਰਾਣ ਹੈ ਪਰੰਤੂ ਜਿਸ ਪ੍ਰਕਾਰ ਹੇ ਭਾਈ ਹਰੀ ਆਪ ਵਜਾਵੇ ਤੈਸੇ ਵਾਜਤਾ ਹੈ ਭਾਵ ਯਹਿ ਕਿ ਪ੍ਰਾਣ ਜੜ ਹੈ ਚੇਤਨ ਕੇ ਆਸਰੇ ਪ੍ਰਾਣੋਂ ਕੀ ਚੇਸਟਾ ਹੈ ॥

ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥

ਹੇ ਮੇਰੇ ਭਾਈ ਜਿਸਕਾ ਨਾਮ ਹੀ ਸੁਖੋਂ ਕਾ ਖਜਾਨਾ ਹੈ ਸੋ ਹਰੀ ਅੰਤਰ ਹੀ ਹੈ ਪਰੰਤੂ ਗੁਰ ਸਬਦੀਓਂ ਕੋ ਹਰੀ ਪ੍ਰਭੂ (ਗਾਜੇ) ਪ੍ਰਗਟ ਹੋਤਾ ਹੈ॥

ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥

ਹੇ ਭਾਈ ਆਪੇ ਹੀ ਸੰਤੋਂ ਕੀ ਸਰਣ ਮੈਂ ਪਵਾ ਦੇਤਾ ਹੈ ਔਰ ਆਪ ਹੀ ਹਰੀ ਭਗਤ ਜਨੋਂ ਕੀ ਲਜਜਾ ਰਖਤਾ ਹੈ ।

ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥੪॥੪॥੩੦॥੬੮॥

Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਭਾਈ ਤਿਸ ਸੰਗਤ ਮੈਂ ਵਡੇ ਕਾਰੋਂ ਕਰ ਮਿਲੀਤਾ ਹੈ । ਜਿਸ ਮੈਂ ਨਾਮ ਕੀ ਪ੍ਰਾਪਤੀ ਹੋਵੇ ਔਰ ਸਰਬਕਾਰਜ ਸਿਧ ਹੋਵੈ ॥ ੪ ॥ ੪ ॥ ੩੦॥੬੮॥

ਗਉੜੀ ਮਾਝ ਮਹਲਾ ੪ ॥

ਮੈ ਹਰਿ ਨਾਮੈ ਹਰਿ ਬਿਰਹੁ ਲਗਾਈ ਜੀਉ ॥ ਮੇਰਾ ਹਰਿ ਪ੍ਰਭੁ ਮਿਤੁ ਮਿਲੈ ਸੁਖੁ ਪਾਈ ਜੀਉ ॥

ਮੇਰੇ ਕੋ ਹਰੀ ਨੇ ਅਪਨੇ ਹਰਿ ਨਾਮ ਕੀ ਪ੍ਰੀਤੀ ਲਗਾਈ ਹੈ। ਜੀਉ ਪਦ ਸੰਬੋਧਨ ਹੈ। ਜੇਕਰ ਮੇਰਾ ਮਿਤ੍ਰ ਹਰੀ ਪ੍ਰਭੂ ਮਿਲੇ ਤਉ ਸੁਖ ਕੋ ਪ੍ਰਾਪਤਿ ਹੋਵਾਂ ॥

ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ ॥ ਮੇਰਾ ਨਾਮੁ ਸਖਾ ਹਰਿ ਭਾਈ ਜੀਉ ॥ ੧ ॥

ਹੇ ਮੇਰੇ ਭਾਈ ਮੈਂ ਹਰੀ ਪ੍ਰਭ ਕੋ ਦੇਖਕਰ ਜੀਵਤਾ ਹੂੰ। ਕਿਉਂਕਿ ਮੇਰਾ ਸਖਾ ਔਰ ਭਾਈ ਹਰੀ ਨਾਮ ਹੀ ਹੈ ॥ ੧ ॥

ਗੁਣ ਗਾਵਹੁ ਸੰਤ ਜੀਉ ਮੇਰੇ ਹਰਿ ਪ੍ਰਭ ਕੇਰੇ ਜੀਉ ॥
ਜਪਿ ਗੁਰਮੁਖਿ ਨਾਮੁ ਜੀਉ ਭਾਗ ਵਡੇਰੇ ਜੀਉ ॥

ਹੇ ਸੰਤੋ ਜੀ ਮੇਰੇ ਹਰੀ ਪ੍ਰਭ ਕਾ ਗੁਣ ਗਾਇਨਕਰੋ ਕਿਉਂਕਿ ਜਿਨੋਂ ਨੇ ਗੁਰੋਂ ਦ੍ਵਾਰਾ ਨਾਮਕੋਜਪਿਆ ਹੈਤਿਨਕੇ ਵਡੇ ਭਾਗਹੈਂ।

ਹਰਿ ਹਰਿ ਨਾਮੁ ਜੀਉ ਪ੍ਰਾਨ ਹਰਿ ਮੇਰੇ ਜੀਉ ॥ ਫਿਰਿ ਬਹੁੜਿ ਨ ਭਵਜਲ ਫੇਰੇ ਜੀਉ ॥ ੨ ॥

ਹੇ ਭਾਈ ਜੋ ਹਰਿ ਹਰਿ ਨਾਮ ਮੇਰੇ ਪ੍ਰਾਣ ਹੈਂ ਔਰ ਜੋ ਹਰੀ ਹੀ ਮੇਰਾ ਜੀਉ ਹੈ ਤਿਸਕੋ ਜਪਨੇ ਸੇ ਬਾਰੰਬਾਰ ਸੰਸਾਰ ਮੈਂ ਆਵਾਗਵਨ ਨਹੀਂ ਹੋਗਾ ॥ ੨ ॥

ਕਿਉ ਹਰਿ ਪ੍ਰਭ ਵੇਖਾ ਮੇਰੈ ਮਨਿ ਤਨਿ ਚਾਉ ਜੀਉ ॥
ਹਰਿ ਮੇਲਹੁ ਸੰਤ ਜੀਉ ਮਨਿ ਲਗਾ ਭਾਉ ਜੀਉ ॥

ਮੇਰੇ ਮਨ ਔਰ ਤਨ ਮੇਂ ਹਰੀ ਕੋ ਦੇਖਨੇ ਕਾ ਉਤਸ਼ਾਹ ਹੈ ਕੈਸੇ ਦੇਖਾਂ ਹੇ ਸੰਤ ਜੀ ਆਪ ਮੇਲਹੁ ਮੇਰੇ ਮਨ ਮੈਂ ਪ੍ਰੇਮ ਲਗਾ ਹੈ॥

ਗੁਰ ਸਬਦੀ ਪਾਈਐ ਹਰਿ ਪ੍ਰੀਤਮ ਰਾਉ ਜੀਉ ॥ ਵਡਭਾਗੀ ਜਪਿ ਨਾਉ ਜੀਉ ॥ ੩ ॥

ਹਰਿ ਪ੍ਰੀਤਮ ਰਾਇ ਕੋ ਗੁਰੋਂ ਕੇ ਉਪਦੇਸ ਸੇ ਪਾਈਤਾ ਹੈ ਪਰੰਤੂ ਵਡੇ ਭਾਗੋਂ ਵਾਲੇ ਤਿਸਕੇ ਨਾਮ ਕੋ ਜਪਤੇ ਹੈਂ ॥ ੩ ॥

ਮੇਰੇ ਮਨਿ ਤਨਿ ਵਡੜੀ ਗੋਵਿੰਦ ਪ੍ਰਭ ਆਸਾ ਜੀਉ ॥

Digitized by Panjab Digital Library | www.panjabdigilib.org

ਮੇਰੇ ਮਨਿ ਤਨਿ ਮੈਂ ਗੋਵਿੰਦ ਪ੍ਰਭੂ ਕੇ ਮਿਲਨੇ ਕੀ ਵਡੀ ਆਸਾ ਹੈ॥

ਹਰਿ ਮੇਲਹੁ ਸੰਤ ਜੀਉ ਗੋਵਿੰਦ ਪ੍ਰਭ ਪਾਸਾ ਜੀਉ। ਸਤਿਗੁਰ ਮਤਿ ਨਾਮੁ ਸਦਾ ਪਰਗਾਸਾ ਜੀਉ।

ਸਤਿਗੁਰੋਂ ਕੀ(ਮਤ)ਸਿਖਯਾ ਕਰਕੇ ਨਾਮਕਾ ਸਦਾ ਪ੍ਰਗਾਸ ਕਰਕੇ ਸਾਂਤਿਰੂਪ ਸਤਿਗੁਰੋਂ ਨੇ ਜਬ ਗੋਬਿੰਦ ਪ੍ਰਭੂਕੇਸਾਥਮੇਲਿਆ।

ਜਨ ਨਾਨਕ ਪੂਰਿਅੜੀ ਮਨਿ ਆਸਾ ਜੀਉ ॥ ੪ ॥ ੫ ॥ ੩੧ ॥ ੬੯ ॥

ਸ੍ਰੀ ਗੁਰੂ ਜੀ ਕਹਤੇ ਹੈਂ ਤਬ ਸੰਪੂਰਨ ਮਨ ਕੀਆਂ ਇਛਾਂ ਪੂਰਨ ਹੋ ਗਈਆਂ ਹੈ ॥ ੪ ॥ ੫ ॥ ੩੧ ॥ ੬੯ ॥

ਗਉੜੀ ਮਾਝ ਮਹਲਾ ੪ ॥ ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ
ਜੀਉ ॥ ਮਨੁ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥

ਮੇਰਾ ਮਨ ਬਿਰਹੀ ਹੋ ਰਹਾ ਹੈ ਜੇ ਨਾਮ ਮਿਲੈ ਤੌ ਜੀਵਾਂਗਾ ਜੋ ਮਨਕੇ ਅੰਦਰ ਹੀ ਅੰਮ੍ਰਿਤ ਹੈ ਪਰੰਤੂ ਮੈਂ ਗੁਰ ਸਿਖਯਾ ਲੇਕਰ ਸੋ ਹਰੀ ਨਾਮ ਅੰਮ੍ਰਿਤ ਲਵਾਂਗਾ॥

ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ਹਰਿ ਪਾਇਅੜਾ ਮਨਿ ਜੀਵਾ ਜੀਉ ॥ ੧ ॥

ਜਬ ਮੇਰਾ ਮਨ ਹਰੀ ਕੇ ਪ੍ਰੇਮ ਮੈ ਮਸਤ ਹੁਆ ਤਬ ਹਰੀ ਰਸ ਸਦਾ ਹੀ ਪੀਵਾਗਾ। ਜਬ ਇਸ ਪੂਰਬ ਕਹੀ ਰੀਤੀ ਸੇ ਹਰੀ ਕੋ ਮਨ ਮੈਂ ਪਾਇਆ ਤਬ ਸਦੀਵ ਕਾਲ (ਜੀਵਾ)ਅਮਰ ਹੋਵਾਂਗਾ ॥ ੧ ॥

ਮੇਰੈ ਮਨਿ ਤਨਿ ਪ੍ਰੇਮ ਲਗਾ ਹਰਿ ਬਾਣੁ ਜੀਉ ॥ ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ॥

ਮੇਰੇ ਮਨ ਤਨਿ ਮੈਂ ਹਰੀ ਕਾ ਪ੍ਰੇਮ ਰੂਪੀਬਾਣ ਲਗਾਹੈ ਕਿਉਂਕਿ ਹਰੀ ਜੋ ਸੁਜਾਣ ਪੁਰਖ ਹੈ ਸੋਈ ਹਮਾਰਾ ਪਯਾਰਾ ਮਿਤ੍ਰ ਹੈ।

ਗੁਰ ਮੇਲੇ ਸੰਤ ਹਰਿ ਸੁਘੜ ਸੁਜਾਣੁ ਜੀਉ ॥ ਹਰਿ ਨਾਮੁ ਵਿਟਹੁ ਕੁਰਬਾਣੁ ਜੀਉ ॥ ੨ ॥

ਗੁਰੂ ਜੋ ਸੰਤ ਹੈਂ ਸੋ ਹਰੀ ਚਤਰ ਔਰ ਗਿਯਾਤ ਗੰਯ ਕੋ ਮਿਲਾਇ ਦੇਤੇ ਹੈਂ॥ ਮੈਂ ਨਾਮ ਕੇ ਉਪਰ ਸੇ ਕੁਰਬਾਨ ਜਾਤਾ ਹੂੰ॥ ੨॥

ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ ਜੀਉ ॥
ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ ॥

ਮੈਂ ਹਰੀ ਜੋ ਸਜਣ ਮਨ ਕਾ ਪੁਨਾ ਹਰੀ ਮੀਤ ਤਨ ਕਾ ਹੌ ਤਿਸਕੋ (ਦਸਾਈ) ਪੂਛਤਾ ਹਾਂ ॥ ਹੇ ਹਰੀ ਕੇ ਸੰਤਹੁ ਜੀ ਮੈਂ (ਖੋਜ ਪਵਾਈ) ਤਲਾਸ ਕਰਤਾ ਹਾਂ ਮੇਰੇ ਕੋ ਹਰੀ ਬਤਾਓ ॥

Digitized by Panjab Digital Library | www.panjabdigilib.org

ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ ॥ ਹਰਿ ਨਾਮੇ ਨਾਮਿ ਸਮਾਈ ਜੀਉ ॥ ੩ ॥

ਪਰੰਤੂ ਸਤਿਗੁਰੂ ਪ੍ਰਸਿੰਨ ਹੂਆ ਹੂਆ ਜਬ ਦਸੇ ਤਬ ਹਰੀ ਕੋ ਪਾਈਤਾ ਹੈ ॥ ਪ੍ਰਸ਼ਨ ॥ ਜਬ ਹਰੀ ਕੋ ਪਾਇਆ ਤਬ ਕਿਆ ਫਲ ਹੋਤਾ ਹੈ ॥ ਉਤਰ ॥ ਹਰੀ ਕੇ ਨਾਮ ਕੇ ਪਰਤਾਪ ਸੇ ਨਾਮੀ ਵਾਹਿਗੁਰੂ ਮੈਂ ਮਿਲਣਾ ਹੋਤਾ ਹੈ ॥ ੩ ॥

ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ ॥ ਗੁਰ ਸਰਧਾ ਪੂਰਿ ਅੰਮ੍ਰਿਤੁ ਮੁਖੁ ਪਾਈ ਜੀਉ ॥

ਮੇਰੇ ਕੋ ਹਰੀ ਕੇ ਬਿਰਹੁ ਵਿਛੋੜੇ ਨੇ ਪ੍ਰੇਮ ਰੂਪੀ (ਵੇਦਨ) ਪੀੜਾ ਲਗਾਈ ਹੈ। ਹੇ ਗਰੋ ਮੇਰੀ ਸਰਧਾ ਪੂਰਨਕਰੋ ਜੋ ਗੁਰ ਕਹੇਂ ਤੇਰੀ ਕਿਆ ਸਰਧਾ ਹੈ? ਤਿਸ ਪਰ ਕਹਤੇ ਹੈਂ ਨਾਮ ਅੰਮ੍ਰਿਤ ਕੋ ਮੁਖ ਮੈਂ ਪਾਵਾਂ ਅਰਥਾਤ ਨਾਮ ਕਾ ਜਾਪ ਕਰਾਂ ॥

ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ ॥ ਜਨ ਨਾਨਕ ਹਰਿ ਰਸੁ ਪਾਈ ਜੀਉ ॥ ੪ ॥ ੬ ॥ ੨੦ ॥ ੧੮ ॥ ੩੨ ॥ ੭੦ ॥

ਹੇ ਹਰੀ ਰੂਪ ਗੁਰੋਂ ਮੇਰੇ ਪਰ ਕ੍ਰਿਪਾਲ ਹੋਵੋ ਮੈਂ ਹਰੀ ਨਾਮ ਕੋ ਜੀਅ ਮੈਂ ਧਿਆਵਾਂ ॥ ਸ੍ਰੀ ਗੁਰੂ ਜੀ ਕਹਤੇ ਹੈਂ ਹਮ ਦਾਸ ਤਿਸ ਧਿਆਨ ਸੇ ਹਰੀ ਕੇ ਅਨੰਦ ਕੋ ਪ੍ਰਾਪਤਿ ਹੋਵੈਂਗੇ ॥ ੪ ॥ ੬ ॥ ੨੦॥ ੧੮।੩੨॥ ੭੦॥

ਮਹਲਾ ੫ ॥ ਰਾਗੁ ਗਉੜੀ ਗੁਆਰੇਰੀ ਚਉਪਦੇ ॥ ੧ ਓਸਤਿਗੁਰਪ੍ਰਸਾਦਿ ॥

ਇਸ ਸ਼ਬਦ ਮੇ ਸਿਖ ਕੇ ਦੋ ਪ੍ਰਸ਼ਨ ਦਿਖਾਇ ਕਰ ਗੁਰੂ ਜੀ ਉਤਰੁ ਕਹੇਂਗੇ ॥

ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਕਿਉ ਪਾਈਐ ਹਰਿ ਰਾਮੁ ਸਹਾਈ ॥ ੧॥ ਰਹਾਉ॥

ਹੇ ਗੁਰੋ ਏਹ ਬਾਤ ਮੇਰੇ ਕੋ ਪੂਛਣੀ (ਭਾਈ)ਅਛੀ ਲਗੀ ਹੈ। ਕਿ ਜੀਵ ਕੋ (ਕੁਸਲ) ਸੁਖ ਕਿਸ ਪ੍ਰਕਾਰ ਹੋਤਾ ਹੈ। ਦੂਸਰਾ ਪ੍ਰਸਨ ਹਰੀ ਰਾਮ ਸਹਾਈ ਕੋ ਕੈਸੇ ਪਾਈਏ? ਉਤ੍ਰ ॥

ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥

ਹੇ ਭਾਈ ਗ੍ਰਹਸਤ ਮੇਂ ਸੁਖ ਨਹੀਂ ਕਿਉਂਕਿ ਜਾਨਤਾ ਹੈ ਕਿ ਸਭ ਮਾਇਆ ਮੇਰੀ ਹੋ ਯਾਂਤੇ ਦੁਖੀ ਰਹਤਾ ਹੈ ॥

ਊਚੇ ਮੰਦਰ ਸੁੰਦਰ ਛਾਇਆ ॥

ਊਚੇ ਮੰਦਰੋਂ ਮੈਂ ਤਥਾ ਬਾਗੋਂ ਕੀ ਸੁੰਦਰ ਛਾਇਆ ਮੈਂ ਸੁਖ ਨਹੀਂ ਹੈਇਨ ਸਰਬ ਕੇ ਸਾਥ ਨਕਾਰ ਕੋ ਲਗਾ ਲੈਣਾ ॥

Digitized by Panjab Digital Library | www.panjabdigilib.org

ਝੂਠੇ ਲਾਲਚਿ ਜਨਮੁ ਗਵਾਇਆ ॥ ੧ ॥

ਇਨ ਝੂਠੇ ਪਦਾਰਥੋਂ ਕੇ ਲਾਲਚ ਸੇ ਜਨਮ ਕੋ ਗਵਾ ਲੀਆ ਹੈ ॥ ੧ ॥

ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ ਨੇਬ ਖਵਾਸਾ ॥

ਹਸਤੀ ਘੋੜੇ ਦੇਖ ਕਰ ਜੋ ਅਨੰਦ ਹੋਣਾਂ ਹੈ ॥ ਪੁਨਾ ਲਸਕਰ ਅਕਠੇ ਕੀਏ (ਨੇਬ)ਚੋਬਦਾਰ (ਖਵਾਸਾ) ਨਫਰ ਚੋਰੀ ਦਾਰ ਆਦਿਕ ॥

ਗਲਿ ਜੇਵੜੀ ਹਉਮੈ ਕੇ ਫਾਸਾ ॥ ੨ ॥

ਇਨ ਪਦਾਰਥੋਂ ਕੋ ਇਕਤ੍ਰ ਕਰਕੇ ਜੀਵ ਹਉਮੈ ਕੇ ਫਾਂਸਾ ਮੈਂ ਫਸਾ ਹੂਆ ਹੈ ਔਰ ਗਲੇ ਮੈਂ ਮੋਹੁ ਰੂਪੀ ਜੇਵੜੀ ਹੈ ॥ ੨ ॥

ਰਾਜ ਕਮਾਵੈ ਦਹਦਿਸ ਸਾਰੀ ॥

ਔਰ ਦਸੋਂਦਿਸਾ ਕੀ ਸਾਰੀ ਪ੍ਰਿਥਵੀ ਕਾ ਰਾਜ ਕਮਾਵੇ ॥

ਮਾਣੈ ਰੰਗੁ ਭੋਗੁ ਬਹੁ ਨਾਰੀ ॥ ਜਿਉ ਨਰਪਤਿ ਸੁਪਨੈ ਭੇਖਾਰੀ ॥ ੩ ॥

ਪੁਨਾ ਬਹੁਤ ਇਸਤ੍ਰੀਆ ਕੋ ਭੋਗ ਕਰ ਅਨੰਦ ਮਾਣਤਾ ਹੈ ॥ ਏਹੁ ਤੋ ਐਸੇ ਹੈ ਜੈਸੇ ਕੋਈ ਭਿਖਾਰੀ ਸੁਪਨੇ ਮੈਂ ਰਾਜਾ ਹੋ ਜਾਵੈ ਵਹੁ ਸੁਪਨ ਰਾਜ ਕਾ ਸੁਖ ਮ ਨ ਲੇਵੇ ਜਬ ਜਾਗੇ ਤਬ ਵਹੀ ਦੀਨਤਾ ਕੇ ਧਾਰਨੇਹਾਰਾ ਹੈ ਤਾਤੋ ਇਨਮੈਂ ਭੀ ਕੁਸਲਨਹੀਂ ਹੈ॥੩॥

ਏਕੁ ਕੁਸਲੁ ਮੋਕਉ ਸਤਿਗੁਰੂ ਬਤਾਇਆ ॥

ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥

ਹੇ ਭਾਈ ਏਕੁ ਕੁਸਲ ਮੇਰੇ ਕੋ ਗੁਰੋਂ ਨੇ ਬਤਾਇਆ ਹੈ ॥ ਜੋ ਕਿਛ ਹਰੀ ਕਰਤਾ ਹੈ ਸੋ ਹਰੀ ਕੇ ਭਗਤੋਂ ਕੋ ਭਾਇਆ ਹੈ ਅਰਥਾਤ ਭਾਣਾ ਮਾਨਣਾ ਇਉ ਤੋ ਸੁਖੁ ਹੋਤਾ ॥

ਜਨ ਨਾਨਕ ਹਉਮੈ ਮਾਰਿ ਸਮਾਇਆ ॥ ੪ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਸ ਪੁਰਸ ਨੇ ਹੰਕਾਰ ਕੋ ਮਾਰਿਆ ਹੈ ਸੋ ਸਮਾਇਆ ਅਰਥਾਤ ਅਭੇਦ ਹੂਆ ਹੈ ॥ ੪ ॥

ਇਨਿ ਬਿਧਿ ਕੁਸਲ ਹੋਤ ਮੇਰੇ ਭਾਈ ॥

ਹੇ ਮੇਰੇ ਭਾਈ ਇਸ ਪ੍ਰਕਾਰ ਕੁਸਲ ਹੋਤਾ ਹੈ ਭਾਵ ਏਹਿ ਕਿ ਪਰਮੇਸ੍ਵਰ ਕੇ ਹੁਕਮ ਮੈਂ ਪ੍ਰਸਿੰਨ ਰਹਣਾ ॥

Digitized by Panjab Digital Library | www.panjabdigilib.org

ਇਉ ਪਾਈਐ ਹਰਿ ਰਾਮ ਸਹਾਈ ॥ ੧ ॥ ਰਹਾਉ ਦੂਜਾ ॥ ੧ ॥

ਔਰ ਹਉਮੈ ਕੋ ਮਾਰ ਕਰ ਪਰਮੇਸ੍ਰਰ ਮੈਂ ਸਮਾਇ ਜਾਣਾ ਇਉ ਹਰੀ ਰਾਮ ਸਹਾਈ ਕੋ ਪਾਈਤਾ ਹੈ ॥ ੧ ॥

ਗਉੜੀ ਗੁਆਰੇਰੀ ਮਹਲਾ ੫ ॥

ਗੁਰੂ ਜੀ ਅਪਨਾ ਅਨੰਭਵ ਕਥਨ ਕਰਤੇ ਹੈਂ ॥

ਕਿਉ ਭ੍ਰਮੀਐ ਭ੍ਰਮੁ ਕਿਸਕਾ ਹੋਈ ॥ ਜਾ ਜਲਿ ਥਲਿ ਮਹੀਅਲਿ ਰਵਿਆ ਸੋਈ ॥

ਫਿਰ ਕਿਉ ਭ੍ਰਮੀਐ ਔਰ ਕਿਸ ਵਸਤੂ ਕਾ ਭ੍ਰਮ ਹੋਵੈ ਭਾਵ ਪਰਮੇਸ੍ਰਰ ਸੇ ਬਿਨਾਂ ਦੂਜਾ ਕੋਈ ਨਹੀਂ ਹੈ ॥ ਜਲ ਥਲ ਪ੍ਰਿਥਵੀ ਅਕਾਸ ਮੈਂ ਸੋਈ ਬਿਆਪ ਰਹਾ ਹੈ ॥

ਗੁਰਮੁਖਿ ਉਬਰੇ ਮਨਮੁਖ ਪਤਿ ਖੋਈ ॥ ੧ ॥

ਹੇ ਭਾਈ ਸੰਸਾਰ ਕੋ ਭ੍ਰਮ ਰੂਪ ਜਾਣਕਰ ਗੁਰਮੁਖ ਤੋ ਬਚ ਹੈਂ ਔਰ ਮਨਮੁਖੋਂ ਨੇ ਸਤਜ ਜਾਣ ਕਰ ਆਪਣੀ ਪਤ ਖੋਈ ਹੈ ॥ ੧ ॥

ਜਿਸੁ ਰਾਖੈ ਆਪਿ ਰਾਮੁ ਦਇਆਰਾ ॥ ਤਿਸ ਨਹੀ ਦੂਜਾ ਕੋ ਪਹੁਚਨ ਹਾਰਾ ॥ ੧ ॥ ਰਹਾਉ ॥

ਹੇ ਭਾਈ ਰਾਮ ਜੋ ਦਿਯਾਲੂ ਹੈ ਜਿਸ ਕੀ ਆਪ ਰਖਜਾ ਕਰੇ ਤਿਸ ਕੋ ਦੂਸਰਾ ਕੋਈ ਪਹੁਚਨ ਵਾਲਾ ਨਹੀਂ ਭਾਵ ਏਹਿ ਕਿ ਤਿਸ ਕੀ ਬਰਾਬਰੀ ਨਹੀਂ ਕਰ ਸਕਤਾ ॥

ਸਭ ਮਹਿ ਵਰਤੈ ਏਕੁ ਅਨੰਤਾ ॥ ਤਾ ਤੂੰ ਸੁਖਿ ਸੋਉ ਹੋਇ ਅਚਿੰਤਾ ॥

ਏਕ ਜੋ ਅਨੰਤਾ ਪ੍ਰਮਾਤਮਾ ਹੈ ਸੋਈ ਸਰਬ ਮੈਂ ਵਰਤ ਰਹਾ ਹੈ ॥ ਜੋ ਤੂੰ ਉਸ ਕੋ ਜਾਣੇ ਤਉ ਸੁਖ ਸੰਯੁਕਤ ਔ ਅਚਿੰਤ ਹੋ ਰਹੁ॥

ਓਹੁ ਸਭੁ ਕਿਛੁ ਜਾਣੈ ਜੋ ਵਰਤੰਤਾ ॥ ੨ ॥

ਜੋ ਵਰਤ ਰਹਾ ਹੈ ਸੋ ਵਹੁ ਸਭ ਕਿਛੁ ਜਾਨਤਾ ਹੈ ॥੨॥

ਮਨਮੁਖ ਮੁਏ ਜਿਨ ਦੂਜੀ ਪਿਆਸਾ ॥

ਜਿਨ ਮਨਮੁਖੋਂ ਕੋ ਦੂਜੀ ਪਿਆਸਾ ਹੈ ਸੋ ਭ੍ਰਮ ਕਰ ਮੁਏ ਅਰਥਾਤ ਜਨਮਤੇ ਮਰਤੇ ਹੈਂ ॥

ਬਹੁ ਜੋਨੀ ਭਵਹਿ ਧੁਰਿ ਕਿਰਤਿ ਲਿਖਿਆਸਾ ॥ ਜੈਸਾ ਬੀਜਹਿ ਤੈਸਾ ਖਾਸਾ ॥ ੩ ॥

ਔਰ ਧੁਰ ਕੇ ਕਰਤਤ੍ਰ ਲਿਖੇ ਅਨੁਸਾਰ ਅਨੇਕ ਜੋਨੀਓਂ ਮੈਂ ਭ੍ਰਮਤੇ ਹੈਂ ਜੈਸਾ ਬੀਜਤੇ ਹੈਂ ਤੈਸਾ ਖਾਤੇ ਹੈਂ ਅਰਥਾਤ ਜੈਸਾ

Digitized by Panjab Digital Library | www.panjabdigilib.org

ਕਰਮ ਕਰਤੇ ਹੈਂ ਤੈਸਾ ਫਲ ਭੋਗਤੇ ਹੈਂ ॥ ੪ ॥

ਦੇਖਿ ਦਰਸੁ ਮਨਿ ਭਇਆ ਵਿਗਾਸਾ ॥

ਔਰ ਗੁਰਮੁਖੋਂ ਕੋ ਦਰਸਨ ਦੇਖਣੇ ਸੇ ਮਨ ਮੈਂ (ਵਿਗਾਸਾ) ਅਨੰਦ ਭਇਆ ਹੈ ॥

ਸਭੁ ਨਦਰੀ ਆਇਆ ਬ੍ਰਹਮੁ ਪਰਗਾਸਾ ॥ ਜਨ ਨਾਨਕ ਕੀ ਹਰਿ ਪੂਰਨ ਆਸਾ ॥ ੪॥ ੨॥ ੭੧ ॥

ਕਿਉਂਕਿ ਤਿਨ ਕੀ ਦ੍ਰਿਸਟੀ ਮੈਂ ਸਰਬਤ੍ਰ ਬ੍ਰਹਮ ਕਾ ਪ੍ਰਗਾਸ ਹੀ ਆਇਆ ਹੈ ॥ ਸ੍ਰੀ ਗੁਰੂ ਜੀ ਕਹਤੇ ਹੈਂ ਹਰੀ ਕੇ ਪ੍ਰਾਪਤ ਹੋਣੇ ਕਰ ਜਨੋਂ ਕੀ ਆਸਾ ਪੂਰਨ ਹੋਗਈ ਹੈ ॥ ੪ ॥ ੨ ॥ ੭੧ ॥

ਗਉੜੀ ਗੁਆਰੇਰੀ ਮਹਲਾ ੫ ॥

ਚੌਰਾਸੀ ਕੇ ਦੁਖ ਸੂਚਨ ਕਰਾਵਤੇ ਹੂਏ ਮਾਨੁਖ ਜਨਮ ਕੀ ਦੁਰਲਭਤਾ ਦੇਖਾ ਕਰ ਉਪਦੇਸ ਕਰਤੇ ਹੈਂ ॥

ਕਈ ਜਨਮ ਭਏ ਕੀਟ ਪਤੰਗਾ ॥

ਕਈ ਜਨਮ ਕੀੜੇ ਪੁਨਾ ਪਤੰਗ ਜੋ ਦੀਪਕ ਪਰ ਆਨ ਕਰ ਜਲਤੇ ਹੈਂ ਸੋ ਭਏ ਹੈਂ ॥

ਕਈ ਜਨਮ ਗਜ ਮੀਨ ਕੁਰੰਗਾ ॥ ਕਈ ਜਨਮ ਪੰਖੀ ਸਰਪ ਹੋਇਓ ॥

ਔਰ ਕਈ ਜਨਮ ਹਸਤੀ ਤਥਾ ਮਛ (ਕੁਰੰਗਾ)ਮਿਰਗ ਹੂਏ ਹੈਂ ਕਈ ਜਨਮ ਪੰਖੀ,ਤਥਾ ਸਰਪ ਹੋਏ ਹੈਂ ॥

ਕਈ ਜਨਮੁ ਹੈਵਰ ਬ੍ਰਿਖ ਜੋਇਓ ॥

ਕਈ ਜਨਮ ਘੋੜੇ ਸ੍ਰੇਸਟ ਔਰ ਜੀਵ ਨੇ ਬ੍ਰਿਛ ਰੂਪ ਜਨਮ (ਜੋਇਓ) ਦੇਖੇ ਹੈਂ ਵਾ ਹਲ ਔਰ ਕੂੰਏ ਆਦਕੋਂ ਮੈਂ ਬ੍ਰਿਖ (ਬੈਲ)ਕਰਕੇ(ਜੋਇਓ) ਜੋੜਿਆ ਹੈ ॥ ੧ ॥

ਮਿਲ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਰ ਇਹ ਦੇਹ ਸੰਜਰੀਆ ॥ ੧ ॥ ਰਹਾਉ ॥

ਹੇ ਭਾਈ ਜਗਦੀਸ ਕੋ ਮਿਲੁ ਏਹੁ ਮਾਨੁਖ ਜਨਮ ਮਿਲਨ ਕਾ ਸਮਾ ਹੈ ॥ ਕਿਉਂਕਿ ਚਿਰੰਕਾਲ ਚੌਰਾਸੀ ਮੈਂ ਭ੍ਰਮਤੋਂ ਕੋ ਏਹੁ ਮਾਨੁਖ ਦੇਹ ਪ੍ਰਾਪਤ ਭਈ ਹੈ ॥

ਕਈ ਜਨਮ ਸੈਲ ਗਿਰ ਕਰਿਆ ॥

ਕਈ ਜਨਮੋਂ ਮੈਂ (ਸੈਲ) ਖੁਸਕ ਪ੍ਰਬਤ (ਗਿਰ) ਸਰਜੀਤ ਪਰਬਤ ਜਲ ਝਰਨੇ ਸੰਜੁਗਤ ਵਾ ਪਰਬਤੋਂ ਕੀ ਸ਼ਿਲਾ ਕੀਆ ਇਨਕੀ ਭੀ ਜੂਨ ਹੈ ॥

Digitized by Panjab Digital Library | www.panjabdigilib.org

ਕਈ ਜਨਮ ਗਰਭ ਹਿਰਿ ਖਰਿਆ ॥

ਕਈ ਜਨਮੋਂ ਕੇ ਬੀਚ ਗਰਭ ਮੈ ਹਿਰ ਗਿਆ ਔਰ ਖਰਗਿਆ ਹੈ ॥ ਛੇ ਵਾ ਸਾਤ ਮਹੀਨੇ ਕਾ ਹੋਕਰ ਨਿਕਸ ਜਾਨਾ ਇਸ ਕਾ ਨਾਮ ਹਿਰਨਾ ਹੈ। ਦੋ ਵਾ ਤੀਨ ਮਹੀਨੇ ਕਾ ਜਲ ਰੂਪ ਹੋਕਰ ਗਰਭ ਨੇ ਜਾਤੇ ਤਹਣਾ ਏਹ ਖਰਨਾ ਹੈ ॥

ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚੌਰਾਸੀਹ ਜੋਨਿ ਭ੍ਰਮਾਇਆ ॥ ੨ ॥

ਕਈ ਜਨਮ ਖੇਤੀ ਰੂਪ ਹੋਕਰ ਉਪਾਇਆ ਇਸ ਰੀਤੀ ਕਰ ਚਉਰਾਸੀ ਲਖ ਜੂਨ ਮੈਂ ਭ੍ਰਮ ਕਰ ਮਾਨੁਖ ਜਨਮ ਮੈਂ ਆਇਆ ਹੈ ॥ ੨ ॥

ਸਾਧ ਸੰਗਿ ਭਇਓ ਜਨਮ ਪ੍ਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥

ਸੰਤੋਂ ਕੀ ਸੰਗਤ ਕਰਨੇ ਵਾਸਤੇ ਤੇਰੇ ਕੋ ਮਾਨੁਖ ਜਨਮ ਮਿਲਾ ਹੈ ਵਾ ਜਨਮ ਪ੍ਰਾਪਤਿ ਭਇਆ ਹੈ ॥ ਤਾਂਤੇ ਸੰਤੋਂ ਕੀ ਸੇਵਾ ਕਰ ਔਰ ਗੁਰੋਂਕੀ ਸਿਖਜਾ ਲੇਕਰ ਹਰਿ ਹਰਿ ਨਾਮ ਜਪੁ ॥

ਤਿਆਗਿ ਮਾਨੁ ਝੂਠ ਅਭਿਮਾਨੁ ॥ ਜੀਵਤ ਮਰਹਿ ਦਰਗਹਿ ਪਰਵਾਨੁ ॥ ੩ ॥

ਪੁਨਾ ਮਾਨ ਅਭਿਮਾਨ ਝੂਠ ਕੋ ਤਿਆਗ ਦੇਹੁ ਜੀਵ ਭਾਵ ਸੇ ਮਰੇਗਾ ਤੌ ਦਰਗਾਹ ਮੈਂ ਪ੍ਰਮਾਨ ਹੋਵੇਗਾ ਐਸੇ ਬੇਨਤੀਕਰੇ।੩।

ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥

ਹੇ ਪ੍ਰਮੇਸਰ ਜੋ ਕਿਛੁ ਪੂਰਬ ਹੂਆ ਹੈ ਔਰ ਆਗੇ ਹੋਣਾ ਹੈ ਸੋ ਸਭ ਤੇਰੇ ਸੇ ਹੋਵੇਗਾ ॥

ਅਵਰੁ ਨ ਦੂਜਾ ਕਰਣੈ ਜੋਗੁ ॥ ਤਾ ਮਿਲੀਐ ਜਾ ਲੈਹਿ ਮਿਲਾਇ ॥

ਔਰ ਕੋਈ ਦੂਸਰਾ ਤੇਰੇ ਬਿਨਾ ਕਰਣੇ ਜੋਗੁ ਨਹੀਂ ਹੈ ਤਬ ਮਿਲੀਤਾ ਹੈ ਜਬ ਆਪ ਕ੍ਰਿਪਾ ਕਰਕੇਆਪਣੇਸਾਥ ਮਿਲਾ ਲੇਵੋ।

ਕਹੁ ਨਾਨਕ ਹਰਿ ਹਰਿ ਗੁਣ ਗਾਇ ॥ ੪ ॥ ੩ ॥ ੭੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਤਾਂਤੇ ਹੇ ਜੀਵ ਪੂਰਬੋਕਤ ਪ੍ਰਾਰਥਨਾ ਕਰਤਾ ਹੂਆ ਪਰਮੇਸ੍ਵਰ ਕੇ ਗੁਣ ਗਾਇਨ ਕਰੁ॥੪॥੩॥੭੨॥

ਗਉੜੀ ਗੁਆਰੇਰੀ ਮਹਲਾ ੫ ॥

ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥

ਕਰਮ ਭੂਮੀ ਭਾਰਤ ਖੰਡ ਮਾਨੁਖ ਜਨਮ ਮੈਂ ਨਾਮ ਬੀਜੋ ਭਾਵ ਏਹਿ ਕਿ ਨਾਮ ਜਪੋ ਤੁਮਾਰਾ ਸੰਕਲਪ ਪੂਰਨ ਹੋਜਾਵੇਗਾ।

Digitized by Panjab Digital Library | www.panjabdigilib.org

ਫਲ ਪਾਵਹਿ ਮਿਟੈ ਜਮ ਤ੍ਰਾਸ ॥ ਨਿਤ ਗਾਵਹਿ ਹਰਿ ਹਰਿ ਗੁਣ ਜਾਸੁ ॥੧॥

ਤਬ ਉਤਮ ਫਲ ਸੁਖ ਪਾਵੇਗਾ ਪੁਨਾ ਜਮਕਾ ਭੈ ਮਿਟ ਜਾਵੇਗਾ। ਜਬ ਨਿਤੰਪ੍ਰਤੀ ਹਰੀ ਕੇ ਗੁਨੋਂਕਾ ਜਸੁ ਗਾਯਨ ਕਰੇਗਾ ॥੧

ਹਰਿ ਹਰਿ ਨਾਮ ਅੰਤਰਿ ਉਰਿਧਾਰਿ ॥ ਸੀਘਰ ਕਾਰਜ ਲੇਹੁ ਸਵਾਰਿ॥੧॥ਰਹਾਉ॥

ਹੇ ਭਾਈ ਹਰਿ ਹਰਿ ਨਾਮ ਰਿਦੇ ਮੇਂ ਧਾਰ ਕਰ ਅਪਨਾ ਕਾਰਜ(ਸੀਘਰ)ਛੇਤੀ ਸਵਾਰ ਲੈ ॥

ਅਪਨੇ ਪ੍ਰਭੁ ਸਿਉ ਹੋਹੁ ਸਾਵਧਾਨੁ ॥ ਤਾ ਤੂੰ ਦਰਗਹ ਪਾਵਹਿ ਮਾਨੁ ॥

ਔਰਅਪਨੇ ਸੁਆਮੀ ਸਾਥ ਸਾਵਧਾਨ ਹੋਹੁ ਤਾਂ ਤੂ ਪ੍ਰਲੋਕ ਮੇਂ ਆਦਰ ਪਾਵੇਂਗਾ ॥

ਉਕਤਿ ਸਿਆਣਪ ਸਗਲੀ ਤਿਆਗੁ ॥ ਸੰਤ ਜਨਾ ਕੀ ਚਰਣੀ ਲਾਗੁ ॥ ੨ ॥

ਤਾਂਤੇ (ਉਕਤਿ)ਕਥਨੀ ਔਰ ਚਤੁਰਾਈ ਸਭ ਛੋਡ ਕਰਕੇ ਸੰਤ ਜਨੋਂ ਕੀ ਚਰਨੀ ਲਾਗ ਰਹੁ ॥੨॥

ਸਰਬ ਜੀਅ ਹਹਿ ਜਾਕੇ ਹਾਥਿ ॥ ਕਦੇ ਨ ਵਿਛੁੜੈ ਸਭ ਕੈ ਸਾਥਿ ॥

ਸਰਬ ਜੀਵ ਜਿਸਕੇ ਅਧੀਨ ਹੈਂ ਪੁਨਾ ਸਭ ਕੇ ਸਾਥ ਤੇ ਕਭੀ ਭਿੰਨ ਨਹੀਂ ਹੋਤਾ।

ਉਪਾਵ ਛੋਡਿ ਗਹੁ ਤਿਸਕੀ ਓਟ ॥ ਨਿਮਖ ਮਾਹਿ ਹੋਵੈ ਤੇਰੀ ਛੋਟਿ ॥ ੩ ॥

ਔਰ ਸਭ ਉਪਾਵ ਛੋੜਕੇ ਤਿਸਕੀ ਸਰਣ ਗ੍ਰਹਣ ਕਰ ਨਿਮਖ ਭਾਵ ਸੀਘਰ ਹੀ ਤੇਰੀ ਬੰਧਨੋਂ ਸੇ ਛੋਟ ਹੋਵੇਗੀ ॥ ੩ ॥

ਸਦਾ ਨਿਕਟਿ ਕਰਿ ਤਿਸਨੋ ਜਾਣੁ ॥ ਪ੍ਰਭ ਕੀ ਆਗਿਆ ਸਤਿ ਕਰਿ ਮਾਨੁ ॥

ਤਿਸ ਪ੍ਰਮਾਤਮਾ ਕੋ ਸਦਾ ਨਿਕਟ ਕਰਕੇ ਜਾਣ ਔਰ ਤਿਸ ਪ੍ਰਭੂ ਕੀ ਆਗਿਆ ਸਤ ਕਰਕੇ ਮਾਨ ॥

ਗੁਰ ਕੈ ਬਚਨਿ ਮਿਟਾਵਹੁ ਆਪੁ ॥ ਹਰਿ ਹਰਿ ਨਾਮੁ ਨਾਨਕ ਜਪਿ ਜਾਪੁ ॥੪॥੪॥੭੩॥

ਪੁਨਾ ਗੁਰੋਂ ਕੇ ਬਚਨੋਂ ਸੇ ਹੰਕਾਰ ਕੋ ਮਿਟਾ ਕਰ ਸ੍ਰੀ ਗੁਰੂ ਜੀ ਕਹਤੇ ਹੈਂ ਹਰਿ ਹਰਿ ਨਾਮ ਕਾ ਜਾਪ ਜਪ ॥ ੪॥੪॥੭੩॥

ਗਉੜੀ ਗੁਆਰੇਰੀ ਮਹਲਾ ੫

ਗੁਰੋਂ ਕੇ ਬਚਨੋਂ ਕੀ ਮਹਿਮਾ ਜਨਾਵਤੇ ਹੈਂ ॥

ਗੁਰ ਕਾ ਬਚਨ ਸਦਾ ਅਬਿਨਾਸੀ ॥ ਗੁਰ ਕੈ ਬਚਨਿ ਕਟੀ ਜਮ ਫਾਸੀ ॥

ਗੁਰੋਂ ਕਾ ਬਚਨ ਸਦਾ ਅਬਿਨਾਸੀ ਹੈ ਯਾਂਤੇ ਗੁਰੋਂ ਕੇ ਬਚਨੋਂਕਰ ਜਮਕੀ ਫਾਸੀ ਕਾਟੀ ਜਾਤੀ ਹੈ।

Digitized by Panjab Digital Library | www.panjabdigilib.org

ਗੁਰ ਕਾ ਬਚਨੁ ਜੀਅ ਕੈ ਸੰਗਿ ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ ॥ ੧ ॥

ਪੁਨਾ ਪ੍ਰਲੋਕ ਮੈਂ ਭੀ ਗੁਰੋਂ ਕਾ ਹੀ ਬਚਨ ਜੀਵਕੇ ਸੰਗ ਰਹਤਾਹੈ ਔਰ ਗੁਰੋਂਕੇ ਬਚਨਸੇ ਹੀ ਰਾਮ ਕੇ ਪ੍ਰੇਮਮੈਂ ਰਚਿਤਾਹੈ।੧।

ਜੋ ਗੁਰ ਦੀਆ ਸੁ ਮਨਕੈ ਕਾਮਿ ॥ ਸੰਤ ਕਾ ਕੀਆ ਸਤਿ ਕਰਿ ਮਾਨਿ ॥ ੧ ॥ ਰਹਾਉ ॥

ਹੇ ਭਾਈ ਜੋ ਗੁਰੋਂ ਨੇ ਨਾਮੁ ਦੀਆ ਹੈ ਸੋ ਪ੍ਰਲੋਕ ਮੈਂ ਮਨ ਕੇ ਕਾਮ ਆਵੇਗਾ। ਔਰ ਜੋ ਮਹਾਤਮਾ ਕਾ ਹੁਕਮ ਕਰਾ ਹੂਆ ਹੈ ਵਾ ਜੋ ਸੰਤੋਂ ਕਾ ਅਦ੍ਵੈਤ ਨਿਸਚਾ ਕੀਆ ਹੂਆ ਹੈ ਸੋਈ ਸਤਿ ਕਰ ਮਾਨੋ ॥

ਗੁਰ ਕਾ ਬਚਨੁ ਅਟਲ ਅਛੇਦ ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥

ਪੁਨਾ ਗੁਰੋਂ ਕਾ ਬਚਨ ਅਟਲ ਤਥਾ ਅਛੇਦ ਭਾਵ ਸਤ ਹੈ।ਔਰ ਗੁਰੋਂਕਾ ਬਚਨ ਭ੍ਰਮ ਤਥਾ ਭੇਦ ਕੋ ਕਾਟ ਦੇਤਾ ਹੈ॥ਭ੍ਰਮ ਕਾ ਰੂਪ ਤੋ ਪਹਲੇ ਕਹਾ ਗਿਆ ਹੈ ਔਰ ਭੇਦ ੬ ਪ੍ਰਕਾਰ ਕਾ ਹੈ॥ ਬ੍ਰਹਮ ਈਸ੍ਵਰ ਕਾ ੧ ॥ ਈਸ੍ਵਰ ਜੀਵ ਕਾ ੨ ॥ ਮਾਇਆ ਈਸ੍ਵਰ ਕਾ ੩ ।ਪ੍ਰਸਪਰਜੀਵੋਂਕਾ ੪ । ਜੜ੍ਹ ਚੇਤਨ ਕਾ ੫। ਪ੍ਰਸਪ੍ਰ ਜੋੜੋਂਕਾ ੬॥ਭਾਵ ਯੇਹਿ ਕਿ ਸਭਭੇਦ ਭ੍ਰਮ ਕੀ ਨਵਿਰਤੀ ਗੁਰ ਵਾਕ ਸੇ ਹੀ ਹੋਤੀ ਹੈ ॥

ਗੁਰ ਕਾ ਬਚਨ ਕਤਹੁ ਨ ਜਾਇ ॥ ਗੁਰਕੈ ਬਚਨਿ ਹਰਕੇ ਗੁਣ ਗਾਇ ॥ ੨ ॥

ਗੁਰ ਕਾ ਬਚਨ ਕਬੀ ਵਿਅਰਥ ਨਹੀਂ ਜਾਤਾ॥ ਗੁਰੋਂ ਕੇ ਬਚਨ ਦ੍ਵਾਰਾ ਹੀ ਹਰੀ ਕੇਗੁਨ ਗਾਯਨ ਕਰੀਤੇ ਹੈਂ ॥ ੨ ॥

ਗੁਰ ਕਾ ਬਚਨੁ ਜੀਅਕੈ ਸਾਥ ॥ ਗੁਰਕਾ ਬਚਨੁ ਅਨਾਥ ਕੋ ਨਾਥ ।

ਗੁਰੋਂ ਕਾ ਬਚਨ ਜੀਵ ਕੇ ਸਾਥ ਹੈ॥ ਔਰ ਗੁਰੋਂ ਕਾ ਬਚਨ ਅਨਾਥੋਂ ਕਾ ਨਾਥ ਹੈ॥

ਗੁਰ ਕੈ ਬਚਨਿ ਨਰਕਿ ਨ ਪਵੈ ॥ ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ ॥ ੩ ॥

ਗੁਰੋਂ ਕੇ ਬਚਨ ਧਾਰਨੇ ਸੇ ਜੀਵ ਨਰਕ ਮੈ ਨਹੀਂ ਪੜਤਾ ਪੁਨਾ ਗੁਰ ਕੇ ਬਚਨ ਸੇ ਰਸਨਾ ਅੰਮ੍ਰਿਤ ਨਾਮ ਕੋ ਉਚਾਰਨ ਕਰਤੀ ਹੈ ॥ ੩ ॥

ਗੁਰ ਕਾ ਬਚਨੁ ਪ੍ਰਗਟੁ ਸੰਸਾਰਿ ॥ ਗੁਰ ਕੈ ਬਚਨਿ ਨ ਆਵੈ ਹਾਰਿ ॥

ਗੁਰੋਂ ਕਾ ਬਚਨ ਸੰਸਾਰ ਮੈ ਪ੍ਰਗਟ ਹੈ॥ ਗੁਰੋਂ ਕੇ ਬਚਨ ਮਾਨਨੇ ਸੇ ਹਾਰ ਨਹੀਂ ਆਵਤੀ॥

ਜਿਸੁ ਜਨ ਹੋਏ ਆਪਿ ਕ੍ਰਿਪਾਲ ॥ ਨਾਨਕ ਸਤਿਗੁਰ ਸਦਾ ਦਇਆਲ ॥ ੪ ॥ ੫ ॥ ੭੪ ॥

ਪਰੰਤੂ ਜਿਸ ਪੁਰਸ ਪਰ ਵਾਹਗੁਰੂ ਆਪਿ ਕਿਰਪਾਲ ਹੋਤਾ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਤਿਸਪਰ ਸਤਿਗੁਰੂ ਸਦਾ ਦਿਆਲ

Digitized by Panjab Digital Library | www.panjabdigilib.org

ਹੋਤਾ ਹੈ ॥ ੪ ॥ ੫ ॥ ੭੪ ॥

ਗਉੜੀ ਗੁਆਰੇਰੀ ਮਹਲਾ ੫ ॥

ਪਰਮੇਸਰ ਕੇ ਉਪਕਾਰ ਜਨਾਵਤੇ ਹੂਏ ਕਹਤੇ ਹੈਂ ॥

ਜਿਨ ਕੀਤਾ ਮਾਟੀ ਤੇ ਰਤਨੁ ॥ ਗਰਭਿ ਮਹਿ ਰਾਖਿਆ ਜਿਨ ਕਰਿ ਜਤਨੁ ॥

ਜਿਸ ਮਹਾਰਾਜ ਨੇ (ਮਾਟੀ) ਪ੍ਰਿਥਵੀ ਆਦਿ ਪੰਚ ਤਤ ਸੇ(ਰਤਨ) ਅਮੋਲਕ ਮਾਨੁਖ ਸਰੀਰ ਰਚਾਹੈ ॥ ਪੁਨਾ ਜਿਸਨੇ ਮਾਤ ਗਰਭ ਮੈਂ ਬਡੇ ਜਤਨ ਸੇ ਰਖਯਾ ਕਰੀ ਹੈ ॥

ਜਿਨਿ ਦੀਨੀ ਸੋਭਾ ਵਡਿਆਈ ॥ ਤਿਸੁ ਪ੍ਰਭੁ ਕਉ ਆਠਿ ਪਹਰਿ ਧਿਆਈ ॥੧॥

ਔਰ ਜਿਸਨੇ (ਸੋਭਾ) ਉਸਤਤੀ ਤਥਾ ਵਡਿਆਈ ਪ੍ਰਤਿਸਟਾ ਦਈ ਹੈ ॥ ਹੇ ਭਾਈ ਤਿਸ ਪ੍ਰਭੂ ਕੋ ਆਠ ਪਹਰ ਧਿਆਵਨਾ ਕਰ ॥ ੧ ॥

ਰਮਈਆ ਰੇਨੁ ਸਾਧ ਜਨ ਪਾਵਉ ॥ ਗੁਰ ਮਿਲੁ ਅਪੁਨਾ ਖਸਮੁ ਧਿਆਵਉ ॥ ੧ ॥ਰਹਾਉ ॥

ਹੇ ਭਾਈ (ਰਮਈਆ) ਬਿਆਪਕ ਰੂਪ ਪ੍ਰਮੇਸ੍ਰਰ ਮੇਂ ਜਿਨਕਾ ਨਿਹਚਾ ਹੈ ਤਿਨ ਸਾਧੂ ਜਨੋਂ ਕੇ ਚਰਨੋਂ ਕੀ (ਰੇਨ) ਧੂੜੀ ਪਾਵੋ ਔਰ ਤਿਨ ਸੰਤ ਰੂਪ ਗੁਰੋਂ ਕੇ ਸਾਥ ਮਿਲ ਕਰ ਅਪਨੇ ਮਾਲਕ ਪ੍ਰਮੇਸ੍ਰਰ ਕਾ ਧਿਆਨ ਕਰੋ ॥

ਜਿਨਿ ਕੀਤਾ ਮੂੜ ਤੇ ਬਕਤਾ ॥ ਜਿਨਿ ਕੀਤਾ ਬੇ ਸੁਰਤ ਤੇ ਸੁਰਤਾ ॥

ਔਰ ਜਿਸਨੇ ਮੂਰਖ ਸੇ ਬਕਤਾ ਅਰਥਾਤ ਪੰਡਤ ਕੀਆ ਹੈ ॥ ਪੁਨਾ ਜਿਸਨੇ ਅਗਯਾਨ ਤੇ ਸੇ ਗਿਆਨੁ ਰੇਜ ਕੀਆ ਹੈ ॥

ਜਿਸੁ ਪ੍ਰਸਾਦਿ ਨਵੈ ਨਿਧਿ ਪਾਈ ॥ ਸੋ ਪ੍ਰਭੁ ਮਨ ਤੇ ਬਿਸਰਤ ਨਾਹੀ ॥ ੨ ॥

ਔਰ ਜਿਸਕੀ ਕਿਰਪਾ ਸੇ ਨੌ ਨਿਧੀਆਂ ਪਾਈਤੀਆਂ ਹੈਂ ਸੋ ਐਸਾ ਪ੍ਰਭੂ ਭਗਤੋਂ ਕੇ ਮਨ ਸੇ ਬਿਸਾਰਤਾ ਨਹੀਂ ਹੈ ॥

ਜਿਨਿ ਦੀਆ ਨਿਥਾਵੇ ਕਉ ਥਾਨੁ ॥ ਜਿਨਿ ਦੀਆ ਨਿਮਾਨੇ ਕਉ ਮਾਨੁ ॥

ਜਿਸਨੇ ਨਿਥਾਵੇਂ ਜੀਵ ਕੋ ਅਸਥਾਨ ਦੀਆ ਹੈ ॥ ਪੁਨਾ ਜਿਸਨੇ ਨਮਾਨੇ ਕੋ ਮਾਨ ਦੀਆ ਹੈ ॥

ਜਿਨਿ ਕੀਨੀ ਸਭ ਪੂਰਨ ਆਸਾ ॥ ਸਿਮਰਉ ਦਿਨੁ ਰੈਨਿ ਸਾਸਿ ਗਿਰਾਸਾ ॥ ੩ ॥

ਔਰ ਜਿਸਨੇ ਸੰਪੂਰਨ ਆਸਾ ਭਗਤੋਂ ਕੀ ਪੂਰੀ ਕਰੀ ਹੈ ਤਿਸਕੋ ਦਿਨ ਰਾਤ ਔਰ ਸਾਸ ਗਿਰਾਸ ਸਿਮਰੋ ॥ ੩ ॥

Digitized by Panjab Digital Library | www.panjabdigilib.org

ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ ॥ ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ ॥

ਜਿਸ ਕੀ ਕਿਰਪਾ ਕਰਕੇ ਮਹਾਤਮਾਂ ਨੇ ਮਾਇਆ ਰੂਪੀ ਫਾਸੀ ਕਾਟੀ ਹੈ ਅਰੁ ਤਿਨੋਂ ਕੋ ਹੀ ਅੰਮ੍ਰਿਤ ਅਰੁ ਬਿਖ (ਖਾਟੀ) ਮਿਲੀ ਹੁਈ ਪ੍ਰਤੀਤ ਹੁਈ ਹੈ ਭਾਵ ਏਹਿ ਕਿ ਓਹ ਦੁਖ ਸੁਖ ਮੇ ਸਮ ਰਹਿਤੇ ਹੈਂ *॥

ਕਹੁ ਨਾਨਕ ਇਸ ਤੇ ਕਿਛੁ ਨਾਹੀ ॥ ਰਾਖਨਹਾਰੇ ਕਉ ਸਲਾਹੀ ॥ ੪ ॥ ੬ ॥ ੭੫ ॥

ਸ੍ਰੀ ਗੁਰੂ ਜੀ ਕਹਤੇ ਹੈਂ ਅਪਨੇ ਬਲ ਕਰਕੇ ਪਰਮੇਸ੍ਵਰ ਕੀ ਕਿਰਪਾ ਸੇ ਬਿਨਾ ਇਸ ਜੀਵ ਸੇ ਕਿਛੁ ਨਾਹੀਂ ਹੋ ਸਕਤਾ ॥ ਯਾਂਤੇ ਰਾਖਨ ਹਾਰੇ ਪਰਮੇਸ੍ਵਰ ਕੋ ਹੀ ਸਲਾਹੋ ॥ ੪ ॥ ੬ ॥ ੭੫ ॥

ਗਉੜੀ ਗੁਆਰੇਰੀ ਮਹਲਾ ੫ ॥

ਤਿਸ ਕੀ ਸਰਣਿ ਨਾਹੀ ਭਉ ਸੋਗੁ ॥ ਉਸ ਤੇ ਬਾਹਰਿ ਕਛੁ ਨ ਹੋਗੁ ॥

ਤਿਸ ਕੀ ਸਰਣ ਲੈਣੇ ਸੇ ਭੈ ਅਰ ਸੋਗ ਨਹੀਂ ਰਹਤਾ ॥ ਔਰ ਉਸ ਕੇ ਹੁਕਮ ਤੇ ਬਾਹਰ ਕੁਛ ਨਹੀਂ ਹੋਤਾ ॥

ਤਜੀ ਸਿਆਣਪ ਬਲ ਬੁਧਿ ਬਿਕਾਰ ॥ ਦਾਸ ਅਪਨੇ ਕੀ ਰਾਖਨ ਹਾਰ ॥ ੧ ॥

ਜਿਸਨੇ ਬਲ ਤਥਾ ਬੁਧੀ ਕੀ ਚਤੁਰਾਈ ॥ ਪੁਨਾ ਬਿਕਾਰੋਂ ਕੀ ਪੰਗਤੀ ਤਜੀ ਹੈ ॥ ਤਿਸ ਅਪਨੇ ਦਾਸ ਕੀ ਪਤਿ ਰਖਣੇ ਵਾਲਾ ਹੁਆ ਹੈ ॥ ੧ ॥

ਜਪਿ ਮਨ ਮੇਰੇ ਰਾਮ ਰਾਮ ਰੰਗਿ ॥ ਘਰਿ ਬਾਹਰਿ ਤੇਰੈ ਸਦ ਸੰਗਿ ॥ ੧ ॥ ਰਹਾਉ ॥

ਹੇ ਮੇਰੇ ਮਨ ਜੋ ਵਾਹਿਗੁਰੂ ਘਰ ਬਾਹਰ ਸਦਾ ਤੇਰੇ ਸਾਥ ਹੈ ਤਿਸ ਰਮਣ ਸੀਲ ਰਾਮ ਕੋ ਪ੍ਰੇਮ ਕਰਕੇ ਜਪੁ ॥

ਤਿਸ ਕੀ ਟੇਕ ਮਨੈ ਮਹਿ ਰਾਖੁ ॥ ਗੁਰ ਕਾਸਬਦੁ ਅੰਮ੍ਰਿਤ ਰਸੁ ਚਾਖੁ ॥

ਤਾਂਤੇ ਤਿਸ ਵਾਹਿਗੁਰ ਕੀ ਟੇਕ ਭੈ ਭੀ ਮਨ ਮੈਂ ਰਾਖੁ ॥ ਗੁਰੂ ਕਾ ਉਪਦੇਸੁ ਲਕਰ ਅੰਮ੍ਰਿਤ ਰਸ ਜੋ ਨਾਮ ਹੈ ਸੋ ਚਖੁ ॥

ਅਵਰਿ ਜਤਨ ਕਹਹੁ ਕਉਨ ਕਾਜ ॥ ਕਰਿ ਕਿਰਪਾ ਰਾਖੈ ਆਪਿ ਲਾਜ ॥ ੨ ॥

ਹੇ ਭਾਈ ਔਰ ਜਤਨ ਕਹੋ ਕਿਸ ਕਾਮ ਹੈ ॥ ਭਾਵ ਸੇ ਨਕੰਮੇ ਹੈਂ ॥ ਕ੍ਰਿਪਾ ਕਰਕੇ ਪ੍ਰਮੇਸ੍ਵਰ ਆਪ ਹੀ ਲਜਾ ਰਖਤਾ ਹੈ ॥ ੨

ਕਿਆ ਮਾਨੁਖ ਕਹਹੁ ਕਿਆ ਜੋਰੁ ॥ ਝੂਠਾ ਮਾਇਆ ਕਾ ਸਭੁ ਸੋਰੁ ॥

*ਵਾਹਿਗੁਰੂ ਪਿਆਰੇ ਸੇ ਅੰਮ੍ਰਿਤ ਰੂਪ ਨਾਮ ਵਸਤੂ (ਖਟੀ) ਪ੍ਰਾਪਤਿ ਕਰ ਲਈ ਹੈ ।

Digitized by Panjab Digital Library | www.panjabdigilib.org

ਮਾਨੁਖ ਕਿਆ ਤੁਛ ਹੈ । ਪੁਨਾ ਜੋਰ ਇਸਕਾ ਕਿਆ ਹੈ ਇਹ ਮਾਇਆ ਕਾ ਸੰਪੂਰਨ ਸੋਰ ਝੂਠਾ ਹੈ ॥

ਕਰਨ ਕਰਾਵਨ ਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ੩ ॥

ਕਰਨ ਕਰਾਵਨੇ ਵਾਲਾ ਜੋ ਸੁਆਮੀ ਹੈ ਸੋ ਸਰਬ ਕੇ ਰਿਦਿਓਂ ਕੀ ਜਾਨਨੇ ਵਾਲਾ ਹੈ ॥ ੩ ॥

ਸਰਬ ਸੁਖਾ ਸੁਖ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥

ਹੇ ਭਾਈ ਗੁਰੋਂ ਕਾ ਉਪਦੇਸ਼ ਮਨ ਮੈਂ ਧਾਰ ਲੇ ਸਰਬ ਸੁਖ ਮੈਂ ਸਚਾ ਸੁਖ ਦੇਣੇ ਵਾਲਾ ਏਹੀ ਜਤਨ ਹੈ ॥

ਜਾਕਉ ਰਾਮ ਨਾਮ ਲਿਵ ਲਾਗੀ ॥ ਕਹੁ ਨਾਨਕ ਸੋ ਧੰਨੁ ਵਡਭਾਗੀ ॥ ੪ ॥ ੭ ॥ ੭੬ ॥

ਜਿਸ ਕੋ ਰਾਮ ਨਾਮ ਜਪਣੇ ਕੀ ਪ੍ਰੀਤੀ ਲਾਗੀ ਹੈ ॥ ਸ੍ਰੀ ਗੁਰੂ ਜੀ ਕਹਤੇ ਹੈਂ ਸੋ ਵਡਭਾਗੀ ਪੁਰਸ਼ ਧੰਨਜਤਾ ਜੋਗਜ ਹੈ ॥ ੪ ॥ ੭ ॥ ੭੬ ॥

ਗਉੜੀ ਗੁਆਰੇਰੀ ਮਹਲਾ ੫ ॥

ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥

ਜਿਨੋਂ ਨੇ ਹਰੀ ਕੀ ਕਥਾ ਸੁਨੀ ਹੈ ਤਿਨੋਂ ਨੇ ਰਿਦੇ ਕੀ ਮੈਲੁ ਉਤਾਰੀ ਹੈ ॥ ਮਹਾਂ ਪੁਨੀਤ ਭਏ ਹੈਂ ਔਰ ਆਤਮ ਸੁਖ ਕਾ ਸੈਲ ਕਰ ਲੀਆ ਹੈ ਵਾ (ਸੈਲ) ਪਰਬਤ ਸਮ ਭਾਰੀ ਸੁਖ ਹੁਆ ਹੈ ॥

ਵਡੈ ਭਾਗਿ ਪਾਇਆ ਸਾਧ ਸੰਗੁ ॥ ਪਾਰਬ੍ਰਹਮ ਸਿਉ ਲਾਗੋ ਰੰਗੁ ॥ ੧ ॥

ਜਬ ਵਡੇ ਭਾਗੋਂ ਕਰ ਸਤਿਸੰਗਿ ਪ੍ਰਾਪਤਿ ਭਇਆ ਤਬ ਪਾਰਬ੍ਰਹਮ ਕੇ ਸਾਥ ਪ੍ਰੇਮ ਲਗਾ ਹੈ ॥ ੧ ॥

ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥ ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ॥੧॥ਰਹਾਉ॥

ਹੇ ਮਨ ਜੋ ਪੁਰਸ ਗੁਰਾਂ ਦੁਆਰੇ ਹਰਿ ਹਰਿ ਨਾਮ ਜਪਤਾ ਹੈ ਸੋ ਨਾਮ ਨੇ ਤਾਰ ਲੀਆ ਹੈ ਔਰ ਤਿਸ ਨੇ ਆਗੇ ਅਗਨੀ ਕੇ ਸਮੁੰਦਰ ਸੰਸਾਰ ਸੇ ਔਰੋਂ ਕੋ ਪਾਰ ਕਰ ਲੀਆ ਹੈ॥ ਵਾ ਹਰਿ ਹਰਿ ਨਾਮ ਜਾਪਕ ਜੋ ਪੁਰਸੁ ਹੈ (ਓ) ਉਸਕੋ ਗੁਰਾਂ ਨੇ ਸੰਸਾਰ ਅਗਨੀ ਕੇ ਸਮੁੰਦਰ ਸੇ ਤਾਰਕੇ ਪਾਰ ਕਰ ਲੀਆ ਹੈ॥

ਕਰਿ ਕੀਰਤਨੁ ਮਨੁ ਸੀਤਲ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥

ਵਾਹਿਗੁਰੂ ਕਾ ਜਸ ਕਰਣੇ ਸੇ (ਮਨ) ਅੰਤਸਕਰਨ ਸੀਤਲ ਭਏ ਹੈਂ ॥ ਪਨਾ ਜਨਮ ਜਨਮਾਂਤ੍ਰੋਂ ਕੇ ਪਾਪ ਚਲੇ ਗਏ ਹੈਂ ॥

ਸਰਬ ਨਿਧਾਨ ਪੇਖੇ ਮਨ ਮਾਹਿ ॥ ਅਬ ਢੂਢਨ ਕਾਹੇ ਕਉ ਜਾਹਿ ॥ ੨ ॥

Digitized by Panjab Digital Library | www.panjabdigilib.org

ਔਰ ਸਰਬ ਨਿਧੀ ਰੂਪ ਪ੍ਰਮੇਸ੍ਰ ਮਨ ਮੈਂ ਦੇਖੇ ਹੈ ॥ ਅਬ ਕਹੀਂ ਢੂੰਢਨ ਕੋ ਕਿਸ ਵਾਸਤੇ ਜਾਨਾ ਹੈ ॥ ੨ ॥

ਪ੍ਰਭ ਅਪਨੇ ਜਬ ਭਏ ਦਇਆਲ ॥ ਪੂਰਨ ਹੋਈ ਸੇਵਕ ਘਾਲ ॥

ਜਬ ਅਪਨੇ ਪ੍ਰਭੂ ਦਿਯਾਲ ਭਏ ਤਬ ਸੇਵਕ ਕੀ ਸੇਵਾ ਕਰੀ ਹੂਈ ਸਫਲੀ ਹੂਈ ॥

ਬੰਧਨਿ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣ ਤਾਸੁ ॥ ੩ ॥

ਬੰਧਨ ਕਾਟ ਕਰ ਅਪਨੇ ਦਾਸ ਕੀਏ ਹੈਂ ॥ ਤਾਂਤੇ ਤਿਸ ਗੁਰੋਂ ਕੇ (ਤਾਸ) ਸਮੁੰਦਰ ਕੋ ਮਨ ਬਾਣੀ ਤਨ ਕਰ ਸਿਮਰਣ ਕਰਤੇ ਹੈਂ ॥ ੩ ॥

ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥

ਏਕੁ ਹਰੀ ਹੀ ਮਨ ਮੈਂ ਹੈ ਅਰ ਓਹੀ ਏਕ ਇੰਦ੍ਰ ਰੂਪ ਸੰਪੂਰਨ ਅਸਥਾਨੋਂ ਮੈਂ ਬਿਆਪਕ ਹੈ ॥ ਸੋ ਪੂਰਨ ਪਰਮੇਸ੍ਰ ਬ੍ਰਹਮਾਂਡ ਮੈਂ ਸਭ ਜਗਾ ਵਿਖੇ ਬਿਆਪਿ ਰਹਾ ਹੈ ॥

ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥ ੪ ॥ ੮ ॥ ੭੭

ਉਤੂ ॥ ਪੂਰੇ ਗੁਰੋਂ ਨੇ ਸੰਪੂਰਨ ਭਰਮ ਉਠਾਇ ਦੀਆ ਹੈ ॥ ਸ੍ਰੀ ਗੁਰੂ ਜੀ ਕਹਤੇ ਹੈਂ ਹਰੀ ਕੇ ਸਿਮਰਨ ਕਰਨੇ ਸੇ ਸੁਖ ਪਾਇਆ ਹੈ ॥ ੪ ॥ ੮ ॥ ੭੭ ॥

ਗਉੜੀ ਗੁਆਰੇਰੀ ਮਹਲਾ ੫ ॥

ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁ ਖਰੇ ॥

ਜੋ ਪਹਲੇ ਅਪਨੇ ਪਿਤਾ ਪਿਤਾਮਾ ਆਦਿਕ ਮਰੇ ਹੈਂ ਸੋ ਪਾਛੇ ਪਰੇ ਅਰਥਾਤ ਭੁਲ ਗਏ ਹੈਂ ॥ ਜੋ ਮ੍ਰਿਤੂ ਸੇ ਕੋਈ ਕਾਲ ਬਚੇ ਹੂਏ ਹੈਂ ਸੋ ਕਮਰ ਕਸਕੇ ਸਵਾਧਾਨ ਹੋ ਖੜੇ ਹੈਂ ॥

ਜਿਹ ਧੰਧੇ ਮਹਿ ਓਇ ਲਪਟਾਏ ॥ ਉਨਤੇ ਦੁਗਨ ਦਿੜੀ ਉਨ ਮਾਏ ॥ ੧ ॥

ਜਿਸ ਵਿਉਹਾਰ ਮੈਂ ਵਹੁ ਲਪਟਏ ਹੂਏ ਥੇ ਉਨੋਂ ਨੇ ਉਨਸੇ ਦੁਗਣੀ ਮਾਯਾ ਦ੍ਰਿੜ ਕਰ ਲਈ ਹੈ ॥ ੧ ॥

ਓਹ ਬੇਲਾ ਕਛੁ ਚੀਤਿ ਨ ਆਵੈ ॥ ਬਿਨਿਸ ਜਾਇ ਤਾਹੂ ਲਪਟਾਵੈ ॥ ੧ ॥ ਰਹਾਉ ॥

ਮਰਣੇ ਕਾ ਜੋ ਸਮਾ ਹੈ ਵਹੁ ਜੀਵਕੋ ਕੁਛ ਯਾਦ ਨਹੀਂ ਆਵਤਾ ਹੈ ॥ ਜੋ ਪਦਾਰਥ ਨਾਸ ਹੋ ਜਾਣੇ ਵਾਲੇ ਹੈਂ ਤਿਨਮੈਂ ਹੀ

Digitized by Panjab Digital Library | www.panjabdigilib.org

ਲਪਟ ਰਹਾ ਹੈ ॥

ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥

ਮੂਰਖ ਜੀਵ ਨੇ ਮਾਨੁਖ ਸਰੀਰ ਪਾ ਕਰਕੇ ਅੰਤਹਕਰਣ ਮੈਂ ਆਸਾ ਕੀ ਪੋਟ ਬੰਧ ਰਖੀ ਹੈ ਤਥਾ ਕ੍ਰੋਧ ਅਰ ਮੋਹ ਮੈਂ ਲਪਟ ਰਹਿਆ ਹੈ॥

ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥ ੨ ॥

ਹਿਸਾਬ ਲੇਨੇ ਕੇ ਵਾਸਤੇ ਸਿਰ ਪਰ ਧਰਮ ਰਾਇ ਖੜਾ ਹੈ ॥ (ਮੀਠੀ) ਸੁਖ ਰੂਪ ਜਾਨ ਕਰਕੇ ਬਿਖੈ ਰੂਪ ਬਿਖ ਕੋ ਭੋਗਤਾ ਹੈ॥ ੨ ॥

ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਣੁ ਘਾਲੈ ਪੈਰੁ ॥

ਮੈਂ ਅਮਕ ਕਉ ਬਾਂਧਾ ਗਾ ਔਰ ਮੈਂ ਅਪਨੇ ਵਡਿਓਂ ਕਾ ਬੈਰ ਲੇਵਾਂਗਾ ॥ ਹਮਰੀ ਭੂਮੀ ਵਿਖੇ ਕੌਨ ਪੈਰ ਪਾਵੇ ਭਾਵ ਹੰਕਾਰ ਸਹਤ ਹੋਕਰ ਦਾਵੇ ਬੰਨਦਾ ਹੈ ॥

ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥ ੩ ॥

ਮੈਂ ਪੰਡਤ ਹਾਂ ਮੈਂ ਚਤਰ ਹਾਂ ਮੈਂ ਸਿਆਣਾ ਹਾਂ ਐਸੇ ਹੰਕਾਰ ਸੰਜੁਗਤ ਹੁਆ ਹੁਆ (ਬਿਗਾਨਾ) ਮੂਰਖ ਵਾ ਜਮ ਕਾ ਭਛ ਵਾਹਿਗੁਰੂ ਕੋ ਨਹੀਂ ਜਾਨਤਾ ॥ ੩ ॥

ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿਆ ਆਖਿ ਵਖਾਨੈ ॥

ਅਪਨੀ ਇਸਥਿਤੀ ਕੀ ਮ੍ਰਯਾਦਾ ਕੋ ਆਪ ਹੀ ਜਾਨਤਾ ਹੈ॥ ਤਿਸਕੀ ਗਤੀ ਕੀ ਕਵੀਸਰੀ ਕਿਆ ਕੋਈ ਕਥੇ ਔਰ ਤਿਸ ਕਵੀਸਰੀ ਕਾ ਕਥਨ ਕਰਕੇ ਕਿਆ ਕਿਸੀ ਕੋ ਸੁਨਾਵੇ ॥

ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥ ੪ ॥

ਜਿਸੁ ਜਿਸੁ ਮੈਂ ਲਗਾਵਤਾ ਹੈ ਤਿਸ ਤਿਸ ਕਰਮ ਮੈਂ ਸਭ ਕਿਸੀ ਕਾ ਲਗਨਾ ਹੋਰਹਾ ਹੈ॥ ਪਰੰਤੂ ਅਪਨਾ ਭਲਾ ਭਾਵ ਸੁਖੁ ਮੰਗਾਨਾ ਸਭ ਕਰਤੇ ਹੈਂ ॥

ਪ੍ਰਸ਼ਨੁ ॥ ਭਲਾ ਕੈਸੇ ਹੋਵੇ? ਉਤ੍ਰ॥

ਸਭ ਕਿਛੁ ਤੇਰਾ ਤੂੰ ਕਰਣੈ ਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥

Digitized by Panjab Digital Library | www.panjabdigilib.org

ਐਸੇ ਬੇਨਤੀ ਕਰ ਸਕ ਕਿਛੁ ਤੇਰਾ ਹੈ ਔਰ ਤੂੰ ਕਰਣੇਹਾਰਾ ਹੈਂ ਤੇਰੇ ਪਾਰ ਉਰਾਰ ਕਾ ਕੁਛ ਅੰਤ ਨਹੀਂ ਹੈ ॥

ਦਾਸ ਅਪਨੇ ਕਉ ਦੀਜੈ ਦਾਨੁ ॥ ਕਬਹੂੰ ਨ ਵਿਸਰੈ ਨਾਨਕ ਨਾਮੁ ॥ ੫ ॥ ੯ ॥੭੮ ॥

ਤਾਂਤੇ ਅਪਨੇ ਦਾਸ ਕੋ ਨਾਮ ਕਾ ਦਾਨ ਦੀਜੀਏ। ਸ੍ਰੀ ਗੁਰੂ ਜੀ ਕਹਤੇ ਹੈਂ ਮੇਰੇ ਕੋ ਤੇਰਾ ਨਾਮ ਕਬੀ ਨ ਵਿਸਰੇ ॥ ੫ ॥ ੯ ॥ ੭੮ ॥

ਗਉੜੀ ਗੁਆਰੇਰੀ ਮਹਲਾ ੫ ॥

ਅਨਿਕ ਜਤਨ ਨਹੀ ਹੋਤ ਛੁਟਾਰਾ ॥ ਬਹੁਤੁ ਸਿਆਣਪ ਆਗਲ ਭਾਰਾ ॥

ਨਾਮ ਸੇ ਬਿਨਾਂ ਔਰ ਅਨੇਕ ਉਪਾਇ ਕਰਨੇ ਸੇ ਭੀ ਛੁਟਨਾ ਨਹੀਂ ਹੋਤਾ ॥ ਕਿਉਂਕਿ ਬਹੁਤ ਚਤਰਾਈਓਂ ਕਰ(ਆਗਲਾ) ਬਹੁਤ ਪਾਪ ਰੂਪ ਵਾ ਬਿਉਹਾਰੋਂ ਕਾ ਭਾਰੁ ਹੀ ਹੋਤਾ ਹੈ ॥

ਹਰਿ ਕੀ ਸੇਵਾ ਨਿਰਮਲ ਹੇਤ ॥ ਪ੍ਰਭ ਕੀ ਦਰਗਹ ਸੋਭਾ ਸੇਤ ॥ ੧ ॥

ਤਾਂਤੇ ਹਰੀ ਕੀ (ਸੇਵਾ) ਭਗਤੀ ਹੀ ਨਿਰਮਲਤਾ ਕਾ ਹੇਤੂ ਹੈ ਔਰ ਭਗਤੀ ਕਰਕੇ ਪ੍ਰਭੂ ਕੀ ਦਰਗਾਹ ਮੈਂ (ਸੇਤ) ਉਜਲ ਅਰਥਾਤ ਨਿਸ ਕਲੰਕ ਸੋਭਾ ਹੋਤੀ ਹੈ। ਵਾ ਸੋਭਾ ਸਹਤ ਹੋਵੇਗਾ ਵਾ ਪੁਲਸਮ ਸੋਭਾ ਹੀ ਪਾਰ ਕਰਨੇ ਵਾਲੀ ਹੋਵੇਗੀ ॥ ੧ ॥

ਮਨ ਮੇਰੇ ਗਹੁਹਰਿ ਨਾਮ ਕਾ ਓਲਾ ॥ ਤੁਝੈ ਨ ਲਾਗੈ ਤਾਤਾ ਝੋਲਾ ॥ ੧ ॥ ਰਹਾਉ ॥

ਹੇ ਮੇਰੇ ਮਨ ਹਰੀ ਨਾਮ ਕਾ ਆਸਰਾ ਲੇਹੁ ਕਿਉਂਕਿ ਫੇਰ ਤੁਝਕੋ (ਤਾਤਾ) ਦੁਖੋਂ ਕਾ (ਝੋਲਾ) ਬੁਲਾ ਨਹੀਂ ਲਗੇਗਾ ॥

ਜਿਉ ਬੋਹਿਥੁ ਭੈਸਾਗਰ ਮਾਹਿ ॥ ਅੰਧਕਾਰ ਦੀਪਕ ਦੀਪਾਹਿ ॥

ਜੈਸੇ ਜਹਾਜ ਭੈਦਾਇਕ ਸਮੁੰਦ੍ਰ ਮੈਂ ਰਖਕ ਹੋਤਾ ਹੈ। ਅੰਧੇਰੇ ਮੈਂ ਜੈਸੇ ਦੀਪਕ ਪ੍ਰਕਾਸ ਕਰਤਾ ਹੈ ॥

ਅਗਨਿ ਸੀਤ ਕਾ ਲਾਹਸਿ ਦੂਖ ॥ ਨਾਮੁ ਜਪਤ ਮਨਿ ਹੋਵਤ ਸੂਖ ॥ ੨ ॥

ਜੈਸੇ ਅਗਨੀ ਸੀਤ ਕਾ ਦੁਖ ਲਾਹੁਤੀ ਹੈ। ਤੈਸੇ ਹੀ ਹੇ ਮਨ ਨਾਮ ਜਪਣੇ ਸੇ ਸੁਖ ਹੋਤਾ ਹੈ ॥ ੨ ॥

ਉਤਰਿ ਜਾਇ ਤੇਰੇ ਮਨ ਕੀ ਪਿਆਸ। ਪੂਰਨ ਹੋਵੈ ਸਗਲੀ ਆਸ ॥

ਤੇਰੇ ਮਨ ਕੀ ਤ੍ਰਿਸਨਾ ਲਹਿ ਜਾਵੇਗੀ। ਪੁਨਾ ਸੰਪੂਰਨ ਆਸਾ ਪੂਰਨ ਹੋਵੇਗੀਆਂ ॥

ਡੋਲੈ ਨਾਹੀ ਤੁਮਾਰਾ ਚੀਤੁ ॥ ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ ॥ ੩ ॥

ਤੁਮਾਰਾ ਚਿਤ ਨਹੀਂ ਡੋਲੈ ਗਾ। ਤਾਂਤੇ ਹੇ ਮਿਤ੍ਰ ਨਾਮ ਅੰਮ੍ਰਿਤ ਗੁਰੋਂ ਦੁਆਰਾ ਜਪੁ ॥ ੩ ॥

Digitized by Panjab Digital Library | www.panjabdigilib.org

ਨਾਮੁ ਅਉਖਧੁ ਸੋਈ ਜਨੁ ਪਾਵੈ ॥ ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥

ਪਰੰਤੂ ਜਿਸਕੋ ਗੁਰੋਂ ਦੁਆਰਾ ਆਪ ਕ੍ਰਿਪਾ ਕਰਕੇ ਦਿਵਾਵਤਾ ਹੈ। ਸੋਈ ਪੁਰਸ਼ ਨਾਮ ਰੂਪ ਔਖਦੀ ਪਾਵਤਾ ਹੈ ॥

ਹਰਿ ਹਰਿ ਨਾਮੁ ਜਾਕੈ ਹਿਰਦੈ ਵਸੈ ॥ ਦੁਖੁ ਦਰਦੁ ਤਿਹ ਨਾਨਕ ਨਸੈ ॥ ੪ ॥ ੧੦ ॥ ੭੯ ॥

ਜਿਸਕੇ ਹਿਰਦੈ ਮੈਂ ਹਰਿ ਹਰਿ ਨਾਮ ਵਸਤਾ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਦੁਖ ਔਰ ਦਰਦ ਤਿਸ ਪੁਰਸ ਕਾ ਨਾਸ ਹੋ ਜਾਤਾ ਹੈ ॥ ੪ ॥੧੦ ॥੭੯ ॥

ਗਉੜੀ ਗੁਆਰੇਰੀ ਮਹਲਾ ੫

ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥ ਅਨਿਕ ਰੂਪ ਦੇਖਿ ਨਹ ਪਤੀਨਾ ॥

ਬਹੁਤੁ ਧਨ ਅਕਤ੍ਰ ਕਰਨੇ ਸੇ ਮਨ ਤ੍ਰਿਪਤ ਨਹੀਂ ਹੂਆ ਅਨੇਕ ਪ੍ਰਕਾਰਕੇ ਰੂਪ ਦੇਖ ਕਰ ਨਿਹਚਾ ਨਹੀਂ ਕੀਆ ॥

ਪੁਤ੍ਰ ਕਲਤ੍ਰ ਉਰਝਿਓ ਜਾਨ ਮੇਰੀ ॥ ਓਹੁ ਬਿਨਸੈ ਓਇ ਭਸਮੈ ਢੇਰੀ ॥ ੧ ॥

ਪੁਤ੍ਰ ਪੁਨਾ ਇਸਤ੍ਰੀ ਆਦਿ ਬਿਭੂਤੀ ਮੈ ਮੇਰੀ ਜਾਨ ਕਰ ਫਸ ਰਹਾ ਹੈ ॥ ਵਹੁ ਜੋ ਪਦਾਰਥ ਹੈ ਸੋ ਬਿਨਸ ਜਾਂਵੇ ਗੇ ਔਰ ਵਹੁ ਇਤ੍ਰੀ ਪੁਤ੍ਰ ਆਦਿ ਭਸਮ ਕੀ ਢੇਰੀ ਹੋ ਜਾਵੇਗੀ ॥ ੧ ॥

ਅਨੇਕ ਦ੍ਰਿਸਟਾਂਤੋਂ ਕਰ ਜੀਵ ਕੋ ਪ੍ਰੀਸ੍ਰਮ ਦਿਖਾਵਤੇ ਹੈਂ ॥

ਬਿਨੁ ਹਰਿ ਭਜਨੁ ਦੇਖਉ ਬਿਲਲਾਤੇ ॥
ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥ ੧ ॥ ਰਹਾਉ ।

ਹੇ ਭਾਈ ਹਰੀ ਕੇ ਭਜਨ ਸੇ ਬਿਨਾ ਜੀਵ ਬਿਰਲਾਪ ਕਰਤੇ ਦੇਖੀਤੇ ਹੈਂ ਔਰ ਵਹੁ ਸਰੀਰ ਧ੍ਰਿਗੁ ਹੈ ਪੁਨਾ ਧਨ ਕੋ ਭੀ ਧਿਕਾਰ ਹੈ ਜਿਸਕੋ ਪਾਇਕਰ ਜੀਵ (ਮਾਇਆ) ਛਲੋਂ ਕੇ ਸੰਗ ਰਤੇ ਹੈਂ ॥

ਜਿਉ ਬਿਗਾਰੀ ਕੈ ਸਿਰ ਦੀਜਹਿ ਦਾਮ ॥ ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ ।

ਜੈਸੇ ਵਿਗਾਰੀ ਕੇ ਸਿਰ ਪਰ (ਦਾਮ) ਰੁਪਯੇ ਦੀਜੀਏ ॥ ਅਰਥਾਤ ਰਖ ਦੇਈਏ ॥ ਵਹੁ ਦੰਮ ਤੋ ਮਾਲਕਕੇ ਘਰ ਰਹ ਜਾਤੇ ਹੈਂ ਔਰ ਬੇਗਾਰੀ ਭਾਰ ਉਠਾਵਣੇ ਕਾ ਦੁਖੁ ਹੀ ਸਹਾਰਤਾ ਹੇ ॥

ਜਿਉ ਸੁਪਨੈ ਹੋਇ ਬੈਸਤ ਰਾਜਾ ॥ ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥ ੨ ॥

Digitized by Panjab Digital Library | www.panjabdigilib.org

ਔਰ ਜੈਸੇ ਰੰਕ ਸੁਪਨੇ ਮੈਂ ਰਾਜਾ ਹੋ ਬੈਠਤਾ ਹੈ। ਜਬ ਨੇਤ੍ਰ (ਪਸਾਰੋਂ) ਖੋਲੈ ਤਬ ਰਾਜ ਕਾਜ ਨਿਫਲ ਦੇਖਾਈ ਦੇਤੇ ਹੈਂ ॥ ੨॥

ਜਿਉ ਰਾਖਾ ਖੇਤ ਊਪਰ ਪਰਾਏ ॥ ਖੇਤੁ ਖਸਮ ਕਾ ਰਾਖਾ ਉਠਿ ਜਾਏ॥

ਪੁਨਾ ਜੈਸੇ ਪਰਾਏ ਖੇਤ ਪਰ ਰਖਵਾਲਾ ਹੋਤਾ ਹੈ ॥ ਖੇਤ ਤੋ ਮਾਲਕ ਕਾ ਥਾ ਉਸਨੇ ਸੰਭਾਲ ਲੀਆ ਰਾਖਾ ਖਾਲੀ ਚਲਾ ਜਾਤਾਹੈ

ਉਸ ਖੇਤ ਕਾਰਣ ਰਾਖਾ ਕੜੈ ॥ ਤਿਸੁਕੈ ਪਾਲੈ ਕਛੂ ਨ ਪੜੈ ॥ ੩ ॥

ਉਸ ਖੇਤ ਕੇ ਵਾਸਤੇ ਰਾਖਾ (ਕੜੈ) ਝੁਰਿਦਾ ਵਾ ਤਪਿਦਾ ਹੈ ਤੌ ਤਿਸਕੇ ਪਲੇ ਕੁਛ ਨਹੀਂ ਪੜਤਾ ਭਾਵ ਮਜੂਰੀ ਤੇ ਅਧਿਕ ਨਹੀਂ ਮਿਲਤਾ ਹੈ ਤੈਸੇ ਹੀ ਇਹ ਜੀਵ ਅਸਤ ਰੂਪ ਪਦਾਰਥੋਂ ਕੇ ਵਾਸਤੇ ਝੂਰਦਾ ਹੈ॥ ਪਰੰਤੁ ਪਲੇ ਕੁਛ ਨਹੀਂ ਪੜਤਾ ਮਜੂਰ ਸਮ ਖਾਨ ਪਾਨ ਸੇ ਅਧਕ ਜੀਵ ਕੇ ਸੰਗ ਪ੍ਰਲੋਕ ਮੈਂ ਕਛੁ ਨਹੀਂ ਜਾਤਾ ਹੈ ॥੩॥

ਜਿਸੁ ਕਾ ਰਾਜੁ ਤਿਸੈ ਕਾ ਸੁਪਨਾ। ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ॥

ਜਿਸ ਪ੍ਰਮਾਤਮਾ ਕਾ ਸਰਬਘਟੋਂ ਮੈ (ਰਾਜ) ਪ੍ਰਕਾਸ ਹੈ ਤਿਸ ਕਾ ਹੀ ਸੁਪਨਾ ਰੂਪ ਸੰਸਾਰ ਉਤਪਤਿ ਕੀਆ ਹੂਆ ਹੈ॥ ਵਾ ਜਿਸ ਸੰਕਲਪ ਕੀ ਜਾਗ੍ਰਤ ਵਿਖੇ ਰਾਜ ਭਾਵ ਬਹੁਲਤਾ ਹੋਤੀ ਹੈ ਤਿਸੀ ਕਾ ਸੁਪਨਾ ਆਵਤਾ ਹੈ ਜਿਸਨੇ ਮਾਇਆ ਦਈ ਹੈ ਤਿਸੀ ਨੇ ਤ੍ਰਿਸਨਾ ਲਾਈ ਹੈ॥

ਆਪਿ ਬਿਨਾਹੇ ਆਪਿ ਕਰੇ ਰਾਸਿ ॥ ਨਾਨਕ ਪ੍ਰਭੁ ਆਗੈ ਅਰਦਾਸਿ ॥ ੪ ॥ ੧੧ ॥ ੮੦ ॥

ਆਪਹੀ ਨਾਸ ਕਰਤਾ ਹੈ ਪੁਨਾ ਆਪ ਹੀ (ਰਾਸ) ਬਨਾਵਨਾ ਕਰਤਾ ਹੈ॥ ਸ੍ਰੀ ਗੁਰੂ ਜੀ ਕਹਤੇ ਹੈਂ ਤਾਤੇ ਐਸੇ ਪ੍ਰਭੂ ਆਗੇ ਬੇਨਤੀ ਕਰੀਏ ਇਸਤ੍ਰੀ ਪੁਤ੍ਰ ਆਦਿ ਵਿਭੂਤੀ ਅਪਨੀ ਕੁਛ ਨ ਸਮਝੀਏ ॥ ੪ ॥ ੧੧ ॥ ੮੦ ॥

ਗਉੜੀ ਗੁਆਰੇਰੀ ਮਹਲਾ ੫ ॥ ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥

ਅਨੇਕ ਰੰਗੋਂ ਵਾਲੀਜੋ ਮਾਇਆ ਹੈ ਸੋ ਬਹੁਤ ਬਿਧੋਂ ਕਰਕੇ ਸੁਖ ਕੇ ਵਾਸਤੇ ਦੇਖੀ ਹੈ ਪਰ ਇਸਸੇ ਸੁਖ ਕਿਸੀ ਕੋ ਨਹੀਂ ਹੂਆ॥

ਕਲਮ ਕਾਗਦ ਸਿਆਨਪ ਲੇਖੀ ॥

ਕਲਮ ਕਾਗਜ ਔਰੁ ਲਿਖਨੇ ਕੀ ਚਤਰਾਈ ਏਹੁ ਸਭੁ ਮਾਯਾ ਹੀ ਹੈ॥

ਮਹਰ ਮਲੂਕ ਹੋਇ ਦੇਖਿਆ ਖਾਨ। ਤਾਤੇ ਨਾਹੀ ਮਨੁ ਤ੍ਰਿਪਤਾਨੁ ॥ ੧ ॥

ਮਹਰ ਮਲੂਕ ਔਰ ਖਾਨ ਹੋਕਰ ਦੇਖਿਆ ਹੈ ਤਿਸ ਕਰ ਭੀ ਮਨ ਤ੍ਰਿਪਤ ਨਹੀਂ ਹੂਆ ॥ ੧ ॥

Digitized by Panjab Digital Library | www.panjabdigilib.org

ਸੋ ਸੁਖੁ ਮੋਕਉ ਸੰਤ ਬਤਾਵਹੁ । ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ਰਹਾਉ॥

ਹੇ ਸੰਤ ਜਨੋਂ ਮੇਰੇ ਕੋ ਸੋ ਸੁਖ ਕਹੋ ਜਿਸਕੋ ਪਾਇ ਕਰ ਤ੍ਰਿਸਨਾ ਨਿਵਰਤ ਹੋਵੇ ਔਰ ਮਨ ਕੋ ਤ੍ਰਿਪਤੀ ਹੋਵੈ ॥

ਅਸੁ ਪਵਨ ਹਸਤਿ ਅਸਵਾਰੀ । ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥

ਪਵਨ ਸਮ ਬੇਗ ਵਾਲੇ ਘੋੜੇ ॥ ਪੁਨਾ ਹਸਤੀ ਕੀ ਭੀ ਅਸਵਾਰੀ ਕਰੀ ॥ ਪੁਨਾ (ਚੋਆ ਚੰਦਨੁ) ਚੰਦਨ ਕਾ ਅਰਕ ਭਾਵ ਅਤਰੁ ਸਰੀਰ ਪਰ ਮਰਦਨ ਕੀਆ ਔਰ ਅਤੀ ਸਰੂਪ ਵਾਲੀ ਇਸਤ੍ਰੀ ਸੇਜ ਪਰ ਪ੍ਰਾਪਤਿ ਹੋਈ ॥

ਨਟ ਨਾਟਿਕ ਆਖਾਰੇ ਗਾਇਆ । ਤਾਮਹਿ ਮਨਿ ਸੰਤੋਖੁ ਨ ਪਾਇਆ ॥੨॥

ਨਟੋਂ ਕੇ ਤਮਾਸ਼ੇ ਦੇਖੇ ॥ ਪੁਨਾ (ਗਾਇਆ)ਗਾਇਕੋਂ ਕੇ ਅਖਾੜ ਮੈਂ ਜਾਕਰ ਰਾਗ ਸੁਨੇ ॥ ਤਿਸ ਮੈਂ ਭੀ ਮਨ ਨੇ ਸੰਤੋਖ ਨਹੀਂ ਪਾਇਆ ॥ ੨ ॥

ਤਖਤੁ ਸੁਭਾ ਮੰਡ ਦੋਲੀਚੈ । ਸਗਲ ਮੇਵੇ ਸੁੰਦਰਿ ਬਗੀਚੇ॥

ਸਭਾ ਮੈਂ ਰਾਜ ਤਖਤੋਂ ਪਰ ਔਰ ਦੁਲੀਚਿਓਂ ਕੇ ਫਰਸ ਬਿਛਾ ਕਰ (ਮੰਡਨ) ਭੂਖਨ ਪਹਰ ਕਰ ਬੈਠੇ ॥ ਪੁਨਾ ਜਿਨ ਬਗੀਚਿਓਂ ਮੈਂ ਸੰਪੂਰਨ ਮੇਵੇ ਹੈਂ ਐਸੇ ਸੁੰਦਰ ਬਾਗੀਚਿਓਂ ਕਾ ਭੀ ਸੈਲ ਕੀਆ ॥

ਆਖੇੜ ਬਿਰਤਿ ਰਾਜਨ ਕੀ ਲੀਲਾ । ਮਨੁ ਨ ਸਹੇਲਾ ਪਰਪੰਚੁ ਹੀਲਾ ॥੩॥

ਔਰ ਸ਼ਿਕਾਰ ਖੇਲਨੇ ਕੀ ਖ੍ਰਿਤੀ ਧਾਰੀ ਤਥਾ ਔਰ ਭੀ ਜੋ ਰਾਜਿਓਂ ਕੇ ਚੋਜ ਹੋਤੇ ਹੈਂ ਸੋ ਦੇਖੇ ॥ ਪਰੰਤੂ ਮਨ ਸੁਖੀ ਨ ਹੂਆ ॥ ਪ੍ਰਸ਼ਨ ॥ ਕਿਆ ਕਾਰਣ ?ਉਤਰ ॥ ਏਹਿ ਜਗਤ (ਹੀਲਾ) ਦੁਖ ਰੂਪ ਹੈ ॥ ੩ ॥

ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨਦੁ ਲਹਿਆ ॥
ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡ ਭਾਗੀ ਪਾਈਐ ॥ ੪ ॥

ਕਿਰਪਾ ਕਰਕੇ ਸੰਤੋਂ ਨੇ ਸਚੁ ਰੂਪ ਉਤਰ ਕਹਿਆ ਹੈ ਜਿਤਨੇ ਬਿਵਹਾਰਕ ਸੰਪੂਰਨ ਸੁਖ ਹੈਂ ਔਰ ਆਤਮਾ ਨੰਦ ਇਸੀ ਮੈਂ (ਲਹਿਆ) ਜਾਣ ਲੀਆ ਹੈ ਭਾਈ ਸੰਤੋਂ ਕਾ ਸੰਗੁ ਕਰਕੇ ਹਰੀ ਕਾ ਜਸੁ ਗਾਇਨ ਕਰੀਏ ॥ ਏਹੁ ਕਹਾ ਹੈ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਪਰੰਤੂ ਵਡੇ ਪੁੰਨੋਂ ਕਰ ਸਤਸੰਗੁ ਪਾਈਤਾ ਹੈ ॥੪॥

ਜਾਕੈ ਹਰਿ ਧਨੁ ਸੋਈ ਸੁਹੇਲਾ ।ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ॥੧।ਰਹਾਉ ਦੂਜਾ॥੧੨॥੮੧॥

ਜਿਸ ਕੇ ਰਿਦੇ ਮੈਂ ਸੰਤੋਂ ਦੁਆਰਾ ਹਰੀ ਧਨ ਹੈ ਸੋਈ ਸੁਖੀਆ ਹੈ ॥ ਪਰੰਤੂ ਪ੍ਰਭੁ ਕੀ ਕਿਰਪਾ ਸੇ ਸਾਧ ਸੰਗਤਕਾ ਮਿਲਾਪੁ

Digitized by Panjab Digital Library | www.panjabdigilib.org

ਗਉੜੀ ਗੁਆਰੇਰੀ ਮਹਲਾ ੫ ॥

ਪ੍ਰਾਣੀ ਜਾਣੈ ਇਹੁ ਤਨੁ ਮੇਰਾ। ਬਹੁਰਿ ਬਹੁਰਿ ਉਆਹੂ ਲਪਟੇਰਾ॥

ਹੇ ਭਾਈ ਪ੍ਰਾਣੀ ਜਾਣਤਾ ਹੈ ਏਹ ਸਰੀਰ ਮੇਰਾ ਹੈ ਯਾਂਤੇ ਵਾਰੰਵਾਰ ਉਸੀ ਸੰਗ ਲੇਪਟ ਹੋਰਹਾ ਹੈ ॥

ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ। ਹੋਨੁ ਪਾਈਐ ਰਾਮ ਕੇ ਦਾਸਾ॥੧॥

ਪੁਤ੍ਰ ਇਸਤ੍ਰੀ ਆਦਿ ਗ੍ਰਸਤ ਕਾ ਫਾਸਾ ਪੜਾ ਹੁਆ ਹੈ ॥ ਯਾਂਤੇ ਰਾਮ ਕੇ ਸੇਵਕ ਹੋਨਾ ਨਹੀਂ ਪਾਈਤਾ ॥ ੧ ॥

ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ। ਕਵਨ ਸੁ ਮਤਿ ਜਿਤੁ ਤਰੈ ਇਹ ਮਾਇ॥੧॥ਰਹਾਉ॥

ਵਹੁ ਕਵਨ ਬਿਧੀ ਹੈ ਜਿਸ ਕਰਕੇ ਜੀਵ ਰਾਮ ਕੇ ਗੁਨ ਗਾਇਨ ਕਰੇ ॥ ਪੁਨਾ ਵਹੁ ਸਿਖਿਆ ਕਵਨ ਹੈ ਜਿਸ ਕਰ ਇਸ ਮਾਇਆ ਨਦੀ ਸੇ ਤਰ ਜਾਵੈ ॥

ਜੋ ਭਲਾਈ ਸੋ ਬੁਰਾ ਜਾਨੈ॥ ਸਾਚੁ ਕਹੈ ਸੋ ਬਿਖੈ ਸਮਾਨੈ॥

ਔਰ ਜੋ (ਭਲਾਈ)ਸੁਭ ਕਰਮ ਹੈਂ ਤਿਸਕੋ ਜੀਵ ਬੁਰਾ ਜਾਨਤਾ ਹੈ॥ਪੁਨਾ ਸਚ ਕਹੇਅਰਥਾਤਕਹੇਜੋਤੈਂ ਮਰਣਾ ਹੈ ਸੋ(ਬਿਖੈ) ਜਹਰ ਤੁਲ ਦੁਖਦਾਈ ਬਾਣੀ ਪ੍ਰਤੀਤ ਹੋਤੀ ਹੈ ॥

ਜਾਣੈ ਨਾਹੀ ਜੀਤ ਅਰੁ ਹਾਰ॥ ਇਹੁ ਵਲੇਵਾ ਸਾਕਤ ਸੰਸਾਰ॥੨॥

ਪੁਨਾ ਜੀਤ ਅਰ ਹਾਰ ਕੋ ਨਹੀਂ ਜਾਨਤਾ ਅਰਥਾਤ ਮਾਨੁਖ ਜਨਮ ਕੀ ਸਫਲਤਾ ਅਰੁ ਨਿਸਫਲਤਾ ਨਹੀਂ ਜਾਨਤਾ ਹੈ॥ ਏਹੁ (ਵਾਲੇਵਾ) ਵਰਤ ਵਰਤਾਰਾ ਸੰਸਾਰ ਮੈਂ ਸਾਕਤੋਂ ਕਾ ਹੈ ॥

ਜੋ ਹਲਾਹਲ ਸੋ ਪੀਵੈ ਬਉਰਾ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥

ਜੋ ਵਿਸਓਂ ਰੂਪੀ ਜਹਰ ਹੈ ਸੋ ਕਮਲਾ ਜੀਵ ਪੀਵਤਾ ਹੈ ॥ ਭਾਵ ਏਹ ਕਿ ਸੁਖ ਰੂਪ ਜਾਨ ਕਰ ਭੋਗਤਾ ਹੈ ॥ ਔਰ ਨਾਮ ਜੋ ਅੰਮ੍ਰਿਤ ਰੂਪ ਹੈ ਤਿਸਕੋ ਕਉਰਾ ਕਰਕੇ ਜਾਨਤਾ ਹੈ ॥

ਸਾਧ ਸੰਗਿ ਕੈ ਨਾਹੀ ਨੇਰਿ॥ ਲਖ ਚਉਰਾਸੀਹ ਭ੍ਰਮਤਾ ਫੇਰਿ॥ ੩ ॥

ਸੰਤੋਂ ਕੀ ਸੰਗਤ ਕੇ ਨਿਕਟ ਨਹੀਂ ਆਵਤਾ ਯਾਂਤੇ ਚਉਰਾਸੀ ਲਾਖ ਜੁਨੀਂ ਮੈਂ ਭ੍ਰਮਤਾ ਫਿਰਤਾ ਹੈ ॥

Digitized by Panjab Digital Library | www.panjabdigilib.org

ਏਕੈ ਜਾਲਿ ਫਹਾਏ ਪੰਖੀ ॥ ਰਸਿ ਰਸਿ ਭੋਗ ਕਰਹਿ ਬਹੁ ਰੰਗੀ ॥

ਏਕ ਮੋਹ ਰੂਪੀ ਜਾਲ ਮੈ ਜੀਵ ਰੂਪੀ ਪੰਖੀ ਮਾਇਆ ਨੇ ਫਸਾਏ ਹੈਂ ॥ ਯਾਂਤੇ (ਬਹੁ ਰੰਗੀ) ਰਜੋ ਤਮੋ ਸਤੋ ਗੁਨ ਜੀਵ (ਰਸਿ) ਰਸਾਦਿਕ ਜੋ ਪੰਚ ਵਿਖੇ ਹੈਂ ਤਿਨ ਮੈਂ (ਰਸਿ) ਤਦਾਕਾਰ ਹੋਕਰ ਭੋਗਨਾ ਕਰਤੇ ਹੈਂ ॥

ਕਹੁ ਨਾਨਕ ਜਿਸੁ ਭਏ ਕ੍ਰਿਪਾਲ ॥ ਗੁਰਿ ਪੂਰੈ ਤਾਕੇ ਕਾਟੇ ਜਾਲ ॥ ੪ ॥ ੧੩ ॥ ੮੨ ॥

ਸ੍ਰੀ ਗੁਰੂਜੀ ਕਹਤੇ ਹੈਂ ਜਿਸਕੋ ਵਾਹਿਗੁਰੂ ਦਿਯਾਲ ਹੂਏ ਹੈਂ ॥ ਤਿਸ ਪੁਰਸਕੇ ਗੁਰੂ ਪੂਰੇ ਨੇ (ਜਾਲ) ਫਾਸ ਕਾਟ ਦੀਏ ਹੈਂ ॥ ੪ ॥ ੧੩ ॥ ੮੨ ॥

ਗਉੜੀ ਗੁਆਰੇਰੀ ਮਹਲਾ ੫ ॥

ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭੁ ਕਿਰਪਾ ਤੇ ਨਾਮੁ ਧਿਆਈਐ ॥

ਤੇਰੀ ਕਿਰਪਾ ਸੇ ਗਿਆਨ ਰੂਪੀ ਰਸਤਾ ਪਾਈਤਾ ਹੈ ॥ ਔਰ ਹੇ ਪ੍ਰਭੂ ਤੇਰੀ ਕਿਰਪਾ ਸੇ ਹੀ ਨਾਮ ਧਿਆਈਤਾ ਹੈ ॥

ਪ੍ਰਭੁ ਕਿਰਪਾ ਤੇ ਬੰਧਨ ਛੁਟੈ ॥ ਤਉ ਕਿਰਪਾ ਤੇ ਹਉਮੈ ਤੁਟੈ ॥ ੧ ॥

ਪੁਨਾ ਹੇ ਪ੍ਰਭੂ ਤੇਰੀ ਕਿਰਪਾ ਸੇ ਸੰਸਾਰ ਬੰਧਨੋਂ ਸੇ ਛੂਟ ਜਾਈਤਾ ਹੈ ॥ ਤਥਾ ਤੇਰੀ ਕਿਰਪਾ ਸੇ ਹੰਕਾਰ ਛੂਟ ਜਾਤਾ ਹੈ ॥ ੧॥

ਤੁਮ ਲਾਵਹੁ ਤਉ ਲਾਗਹ ਸੇਵ ॥ ਹਮਤੇ ਕਛੂ ਨ ਹੋਵੈ ਦੇਵ ॥ ੧ ॥ ਰਹਾਉ ॥

ਹੇ ਦੇਵ ਜੇਕਰ ਤੁਮ ਅਪਨੀ ਭਗਤੀ ਮੈਂ ਲਾਵੋ ਤੌ ਲਾਗੋਂ ਹਮਾਰੇ ਸੇ ਕੁਛ ਨਹੀਂ ਹੋਤਾ ॥

ਤੁਧੁ ਭਾਵੈ ਤਾ ਗਾਵਾ ਬਾਣੀ ॥ ਤੁਧੁ ਭਾਵੈ ਤਾ ਸਚੁ ਵਖਾਣੀ ॥

ਔਰ ਜੇਕਰ ਤੇਰੇ ਕੋ ਭਾਵਾਂ ਤਾ ਰਾਮ ਨਾਮ ਰੂਪੀ ਬਾਣੀ ਕਾ ਗਾਯਾਨ ਕਰਾਂ ॥ ਜੋ ਤੇਰੇ ਕੋ ਭਾਈਏ ਤੌ ਸਚ ਬੋਲੀਏ ॥

ਤੁਧ ਭਾਵੈ ਤਾ ਸਤਿਗੁਰੋ ਮਇਆ ॥ ਸਰਬ ਸੁਖਾ ਪ੍ਰਭ ਤੇਰੀ ਦਇਆ ॥ ੨ ॥

ਪੁਨਾ ਜੇ ਤੇਰੇ ਕੋ ਭਾਵੇ ਤੌ ਸਤਿਗੁਰੂ ਕਿਰਪਾ ਕਰਤੇ ਹੈਂ ॥ ਹੇ ਪ੍ਰਭੂ ਸਰਬ ਸੁਖਾਂ ਦਾ ਕਾਰਣ ਤੇਰੀ ਦਇਆ ਹੈ ॥ ੨ ॥

ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥ ਜੋ ਤੁਧੁ ਭਾਵੈ ਸੋ ਸਚੁ ਧਰਮਾ ॥

ਜੋ ਤੇਰੇ ਕੋ ਭਾਵੈ ਸੋ ਸੁਧ ਕਰਮੋਂ ਵਾਲਾ ਹੈ ॥ ਔਰ ਜੋ ਤਨੂੰ ਭਾਵਤਾ ਹੈ ਸ ਸਚ ਧਰਮਾਤਮਾ ਹੈ ॥

ਸਰਬ ਨਿਧਾਨ ਗੁਣ ਤੁਮਹੀ ਪਾਸਿ ॥ ਤੂੰ ਸਾਹਿਬੁ ਸੇਵਕ ਅਰਦਾਸਿ ॥ ੩ ॥

Digitized by Panjab Digital Library | www.panjabdigilib.org

ਹੇ ਵਾਹਿਗੁਰੂ ਸੰਪੂਰਨ ਨਿਧੀਆਂ ਔਰ ਗੁਣ ਤੇਰੇ ਪਾਸ ਹੈਂ ॥ ਤੂੰ ਹਮਾਰਾ ਸਾਹਿਬੁ ਹੈ ਯਾਤੇ ਮੈਂ ਸੇਵਕ ਕੀ ਅਰਦਾਸ ਹੈ।੩।

ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ ॥ ਸਰਬ ਸੁਖਾ ਪਾਵਉ ਸਤਸੰਗਿ ॥

ਹੇ ਹਰੀ ਤੇਰੇ ਪ੍ਰੇਮ ਕਰ ਮਨ ਤਨ ਨਿਰਮਲ ਹੋਵੇ ॥ ਔਰ ਸਰਬ ਸੁਖੋਂ ਕੇ ਦੇਣੇ ਵਾਲਾ ਸਤਸੰਗ ਪਾਵੇ ॥

ਨਾਮਿ ਤੇਰੈ ਰਹੈ ਮਨੁ ਰਾਤਾ ॥ ਇਹੁ ਕਲਿਆਣੁ ਨਾਨਕ ਕਰਿ ਜਾਤਾ ॥ ੪ ॥ ੧੪ ॥ ੮੩ ॥

ਪੁਨਾ ਹੇ ਨਾਮੀ ਤੇਰੇ ਮੈਂ ਮਨ ਰਤਾ ਰਹੇ। ਸ੍ਰੀ ਗੁਰੂ ਜੀ ਕਹਤੇ ਹੈਂ ਹਮਨੇ ਤੋ ਏਹੀ ਕਲਜਾਨ ਕਰਕੇ ਜਾਣਿਆਂ ਹੈ ॥੪॥੧੪॥੮੩॥

ਗਉੜੀ ਗੁਆਰੇਰੀ ਮਹਲਾ ੫ ॥ ਆਨ ਰਸਾ ਜੇਤੇ ਤੈ ਚਾਖੇ। ਨਿਮਖ ਨ ਤ੍ਰਿਸਨਾ ਤੇਰੀ ਲਾਥੇ॥

ਪ੍ਰੇਮ ਰਸ ਸੇ ਬਿਨਾਂ ਔਰ ਰਸੋਂ ਕੇ ਸਮੂਹ ਜਿਤਨੇ ਤੈਨੇ ਚਾਖੇ ਹੈਂ ਤਿਨੋਂ ਕਰ ਨਿਮਖ ਭਰ ਭੀ ਤੇਰੀ ਤ੍ਰਿਸਨਾ ਨਹੀਂ ਲਹੀ ॥

ਹਰਿ ਰਸ ਕਾ ਤੂੰ ਚਾਖਹਿ ਸਾਦੁ। ਚਾਖਤ ਹੋਇ ਰਹਹਿ ਬਿਸਮਾਦੁ॥੧॥

ਔਰ ਜੇਕਰ ਹਰੀ ਰਸ ਕਾ ਤੂੰ ਸ੍ਵਾਦ ਚਾਖੇਂ ॥ ਤੋ ਚਾਖਤਾ ਹੀ ਅਸਚਰਜ ਹੋ ਰਹੇਂ ॥ ੧ ॥

ਅਪਨੀ ਜਿਹਬਾ ਕੋ ਪ੍ਰਬਾਇ ਉਪਦੇਸ਼ ਕਰਤੇ ਹੈਂ ॥

ਅੰਮ੍ਰਿਤ ਰਸਨਾ ਪੀਉ ਪਿਆਰੀ। ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥੧॥ਰਹਾਉ॥

ਹੇ ਪਯਾਰੀ ਰਸਨਾ ਨਾਮ ਅੰਮ੍ਰਿਤ ਪੀਉ ਇਸ ਰਸ ਅੰਮ੍ਰਿਤ ਮੈਂ ਰਤੀ ਹੂਈ ਤ੍ਰਿਪਤ ਹੋਵੇਂਗੀ ॥

ਹੇ ਜਿਹਵੇ ਤੂੰ ਰਾਮ ਗੁਣ ਗਾਉ ॥ ਨਿਮਖ ਨਿਮਖ ਹਰਿ ਹਰਿ ਹਰਿ ਧਿਆਉ ॥

ਤਾਂਤੇ ਹੇ ਜਿਹਵੇ ਤੂੰ ਰਾਮ ਕੇ ਗੁਣ ਗਾਇਨ ਕਰੁ ਔਰ ਨਿਮਖ ਨਿਮਖ ਮੈਂ ਹਰਿ ਹਰਿ ਧਿਆਉ ਅਰਥਾਤ ਜਪੁ ॥

ਆਨ ਨ ਸੁਨੀਐ ਕਤਹੂੰ ਜਾਈਐ ॥ ਸਾਧ ਸੰਗਤਿ ਵਡ ਭਾਗੀ ਪਾਈਐ ॥ ੨ ॥

ਪਰਮੇਸ੍ਵਰ ਸੇ ਬਿਨਾਂ ਔਰ ਕੋਈ ਨਹੀਂ ਸੁਨੀਤਾ ਹੈ ਚਾਹ ਕਹੀ ਜਾਈਏ ਵਾ ਸਤਿਸੰਗ ਸੇ ਬਿਨਾਂ ਪਰਮੇਸ੍ਵਰ ਕਾ ਜਸ ਕਹੀਂ ਕਿਸੀ ਜਾਗਾਂ ਮੈਂ ਨਹੀਂ ਸੁਨੀਤਾ ਹੈ ॥ ਸੋ ਸੰਤੋਂ ਕਾ ਸੰਗ ਬਡੇ ਭਾਗੋਂ ਕਰ ਪ੍ਰਾਪਤਿ ਹੋਤਾ ਹੈ ॥ ੨ ॥

ਆਠ ਪਹਰ ਜਿਹਵੇ ਆਰਾਧਿ ॥ ਪਾਰਬ੍ਰਹਮ ਠਾਕੁਰ ਆਗਾਧਿ ॥

ਹੇ ਜਿਹਬੇ ਠਾਕਰ ਪਾਰਬ੍ਰਹਮ ਬੇਅੰਤ ਕੋ ਆਠ ਪਹਰ ਆਰਾਧੁ ।

ਈਹਾ ਊਹਾ ਸਦਾ ਸੁਹੇਲੀ ॥ ਹਰਿ ਗੁਣ ਗਾਵਤ ਰਸਨ ਅਮੋਲੀ ॥ ੩ ॥

Digitized by Panjab Digital Library | www.panjabdigilib.org

ਹੇ ਰਸਨੇ ਹਰੀ ਕੇ ਗੁਣ ਗਾਵਤੀ ਹੁਈ ਅਮੋਲਕ ਹੋਜਾਵੇਂਗੀ ॥ ਅਰ ਲੋਕ ਪ੍ਰਲੋਕ ਮੈਂ ਸਦਾ ਸੁਖੀ ਰਹੇਂਗੀ ॥ ੩ ॥

ਬਨਸਪਤਿ ਮਉਲੀ ਫਲ ਫੂਲ ਪੇਡੇ ॥ ਇਹ ਰਸ ਰਾਤੀ ਬਹੁਰਿ ਨ ਛੋਡੇ ॥

ਜਿਸਕੀ ਸਤਾ ਕਰ ਬਨਸਪਤਿ ਪ੍ਰਫੁਲ ਹਰਹੀ ਹੈ ਔਰ ਫਲ ਫੁਲ ਪੇਡੇ ਕੋ ਲਾਗਤੇ ਹੈਂ ॥ ਦਾਰਸ੍ਰਾਂਤ ਮੈਂ ਫਲ ਗਿਆਨ ਫੁਲ ਧਰਮਾਦੀ ਸਰੀਰ ਬ੍ਰਿਖਨ ਬਨਾਸਪਤ ਸਾਧ ਸੰਗਤ ਸਮਝਨਾ(ਇਹ) ਇਸ ਰਸ ਮੈਂ ਅਰਥਾਤ ਪ੍ਰਮੇਸਰ ਪ੍ਰਤਖ ਚੇਤਨ ਦੇਵ ਕੇ ਰਸ ਮੈਂ ਤੂੰ ਰਤੀ ਹੁਈ ਫੇਰ ਨਹੀਂ ਛੋਡੇਂਗੀ ॥

ਆਨ ਨ ਰਸ ਕਸ ਲਵੈ ਨ ਲਾਈ ॥ ਕਹੁ ਨਾਨਕ ਗੁਰ ਭਏ ਹੈ ਸਹਾਈ ॥ ੪ ॥ ੧੫ ॥ ੮੪ ॥

ਸ੍ਰੀ ਗੁਰੂ ਜੀ ਕਹਤੇ ਹੈਂ ਹਮਾਰੀ ਟੇਕ ਆਪ ਨੇ ਰਾਖੀ ਹੈ ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਸਰਨੀ ਲਗ ਕੇ ਸਭ ਸੰਸਾਰ ਤਰਿਆ ਕਰੇਗਾ ਸੋ ਬਾਣੀ ਸਾਨੂੰ ਬਖਸੀ ਹੈ ॥ ਵਾ ਅੰਤਰੀਵ ਹੇ ਮੋਹਨ ਪਰਮੇਸ੍ਰ ਤੇਰੇ ਬੈਕੁੰਠ ਆਦੀ ਲੋਕ ਊਚੇ ਮੰਦਰ ਹੈਂ ਔਰ ਸਤਸੰਗ ਰੂਪ ਅਪਾਰ ਮਹਲ ਹੈਂ ॥ ਹੇ ਮੋਹਨ ਜੀ ਤੇਰੇ ਦੁਆਰੇ ਸਤਿਸੰਗਿ ਰੂਪ ਧਰਮ ਸਾਲਾ ਮੈਂ ਸੰਤ ਸੋਹਤੇ ਹੈਂ ਧਰਮ ਕਾ ਅਸਥਾਨ ਜੋ ਸਤਿਸੰਗ ਤਿਸ ਮੈਂ ਸੰਤ ਅਪਾਰ ਹੇ ਦਿਆਲ ਠਾਕੁਰ ਸਦਾ ਹੀ ਕੀਰਤਨ ਗਾਵਤੇ ਹੈਂ ਜਹਾਂ ਸ੍ਰੇਸਟ ਸੰਤ ਏਕਠੇ ਹੋਤੇ ਹੈਂ ਤਹਾਂ ਹੇ ਪਰਮੇਸ੍ਰ ਜੀ ਤੁਝ ਕੋ ਹੀ ਧਿਆਵਤੇ ਹੈਂ ਕਰੋ ਦਇਆ ਮਇਆ ਮੇਰੇ ਪਰ ਵਾ ਹੇ ਦਯਾਲੁ ਸ੍ਵਾਮੀ ਮੈਂ ਦੀਨ ਪਰ ਅਤ ਸੇ ਕ੍ਰਿਪਾਲ ਹੋਵੋ ਸ੍ਰੀ ਗੁਰੂ ਜੀ ਕਹਿਤ ਹੈਂ ਹਮ ਤੇਰੇ ਦਰਸਨ ਕੇ ਪਿਆਸੇ ਹਾਂ ਹਮਕੋ ਤੇਰਾ

Digitized by Panjab Digital Library | www.panjabdigilib.org

ਦਰਸਨ ਮਿਲੇ ਇਹੀ ਸ੍ਰੇਸ੍ਰ ਸੁਖੁ ਹੈ ਹੇ ਮੋਹਨ ਜੀ ਤੇਰੇ ਵਦ ਰੂਪ ਬਚਨ ਅਨੂਪ ਹੈਂਔਰੁ ਕਰਣੀ ਭੀ ਔਰੁ ਜੀਵੋਂ ਸੇਭਿੰਨਸ੍ਰੂਬ ਸਕਤੀ ਮਾਨ ਹੈ ਹੇ ਮੋਹਨ ਤੂੰ ਏਕ ਜੋ ਅਦੁਤੀਯ ਹੈਂ ਹਮ ਤੇਰੇ ਏਕ ਸਰੂਪ ਕੋ ਹੀ ਸਤਿ ਮਾਨਤੇ ਹੈਂਔਰੁ ਸਬ ਜੀਵੋਂ ਕੋ ਰਾਲੀ ਖੇਹ ਰੂਪ ਭਾਵ ਮਿਥਿਆ ਮਾਨਤੇ ਹੈਂ ਮੈ ਤੂੰ ਕਸਾ ਹੈ ਏਕ ਅਲਖ ਠਾਕੁਰ ਜਿਸ ਤੈਨੇ ਸੁਬ ਸਥਾਨੋ ਹੈਂ ਅਪਨੀ ਚੈਤੰਨ ਸਤਾ ਧਾਰੀਹੈ ਆਦਿ ਪੁਰਖ ਸੰਸਾਰ ਬਨਕੇ ਵਾਲੋ ਤੁਮਾਰੇ ਕ ਗੁਰਾ ਕੇ ਵਚਨੋਂ ਕਰਿ ਭਗਤ ਨੇ ਵਸ ਕੀਆ ਹੈ ਤੁਮ ਆਪ ਜੰਗਮ ਅਸਿਥਾਵਰ ਵਾ ਜੀਵਕੁਟਸਥ ਹੋ ਚਲਤ ਅਸਥਿਰ ਹੋ ਰਹਾ ਹ ਔਰੁ ਆਪ ਹੀ ਸਰਬ ਸਕਤੀਆਂ ਕੋ ਧਾਰਨ ਕੀਆ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਜੋ ਸੇਵਕ ਤੁਮਾਰੀ ਸਰਨਿ ਹੈਂ ਤਿਨਕੋਤੁਮਇਜਤ ਰਖਤ ਹੇ ਹ ਮੋਹਨ ਤੇਰੇ ਕੋ ਸਾਧ ਸੰਗਤ ਮੇਂ ਧਿਆ ਵਤੇਹੈਂ ਕੋਈ ਨਿਰਗੁਨ ਰੂਪ ਅਰੁ ਕੋਈ ਸਰਗੁਨ ਰੂਪ ਕਾ ਧਿਆਨੁ ਕਰਤੇ ਹੈਂ ਹੇ ਮੋਹਨ ਜੋ ਤੇਰੇ ਕੋ ਜਪਤੇ ਹੈਂ ਅੰਤ ਸਮੇ ਜਮ ਤਿਨਕੇ ਪਾਸ ਨਹੀਂ ਆਵਤਾ ਪਰੰਤੂ ਜੋ ਇਕਾਗ੍ਰ ਮਨ ਕਰ ਧਿਆਨ ਕਰਤੇ ਹੈਂ ਜਮੁ ਮਾਰਨੇ ਵਾਲਾ ਵਾ ਜਨਮ ਮਰਨ ਤਿਨਕੋ ਪ੍ਰਾਪਤਿ ਨਹੀਂ ਹੋਤਾ ਮਨ ਬਾਨੀ ਸਰੀਰ ਕਰ ਜੋ ਤੁਮਕੋ ਅਰਾਧਤੇ ਹੈਂ ਸੋ ਸਰਬ ਧਰਮ ਆਦੀ ਫਲੋਂ ਕੋ ਪ੍ਰਾਪਤਿ ਹੋਤੇ ਹੈਂ ਜੋ ਅਗਿਆਨ ਦਸ਼ਾ ਮੇਂ ਮਲ ਮੁਤ੍ਰਾਦਿ ਅਚਾਰਕੋ ਮਲਨ ਔਰੁ ਮਨ ਕਰ ਮੂੜ ਜਬ ਤੁਮਰੇ ਦਰਸਨ ਕੋ ਪਾਇਆ ਤਬਿ ਸ੍ਰੇਸ੍ਰ ਗਜਾਨ ਵਾਲੇ ਕਹੀਤੇ ਹੈਂ ਸ੍ਰੀ ਗੁਰੂ ਜੀ ਕਹਿਤੇ ਹੈਂ ਪੂਰਨ ਭਗਵਾਨ ਪੁਰਖੁ ਤੇਰਾ ਗਜਾਨ ਏਕ ਰਸੁ ਹੈ ਵਾ ਥਿਰ ਕਰਨੇ ਹਾਰਾ ਹੈ ਹੇ ਮੋਹਨ ਜੀ ਤੂੰ ਮੰਤ ਭਗਤ ਪਰਵਾਰ ਕੇ ਸਹਤ ਉਤਮ ਗੁਨ ਰੂਪੀ ਫਲੁ ਸੰਜੁਗਤਿ ਹੈਂ ਹੇਮੋਹਨ ਪੁਤ੍ਰ ਬ੍ਰਹਮ ਆਦਿ ਮਿਤ੍ਰਅਰਜਨ ਆਦਿ ਭਾਈ ਲਖਮਨ ਆਦਿ ਔਰੁ ਕੁਟੇਬ ਸਾਰੇ ਪ੍ਰਵਾਰ ਦਸਰਥ ਲਉ ਕੁਸ੍ਰੂ ਆਦਿ ਤਾਰੇ ਹੈਂ ਹੇ ਭਗਵਨ ਜਿਨਕਾਰੰਕਾਰ ਦੂਰ ਕੀਆ ਹੈ ਤਿਨਾਂ ਨੇ ਤੇਰਾ ਦਰਸਨ ਪਾਇਕੇ ਜਹਾਨ ਕੋ ਤਾਰਿਆ ਹੈ ਜਿਨੋ ਨੇ ਤੁਮਾਰਾ ਧੰਨਵਾਦੁ ਕੀਆ ਹੈ ਤਿਨਕੇ ਨੜੇ ਜਮ ਨਹੀਂ ਆਵਤਾ ਹੇ ਸਤ ਸ੍ਰੂਬ ਸੈ ਬਡੇ ਨਰਕ ਤੇ ਰਖਿਆ ਕਰਨੇ ਵਾਲੇ ਮੁਰ ਕੇ ਸਤ੍ਰ ਤੇਰੇ ਗੁਨ ਅਨੰਤ ਹੈਂ ਬਾਨੀਸੈ ਸਾਰੇ ਕਹੇ ਨਹੀਂ ਜਤੇ ਸ੍ਰੀ ਗੁਰੂ ਜੀ ਕਹਤੇ ਹੈਂ ਹਮਨੇ ਆਪਕਾ ਹੀ ਆਸਰਾ ਸਰਨ ਲਈ ਹੈ ਜਿਸ ਤੇਰੇ ਸਾਥ ਲਗਕੇ ਸਾਰਾ ਸੰਸਾਰ ਤਰਿਆ ਹੈ ॥੪॥੨॥

ਗਉੜੀ ਮਹਲਾ ੫ ॥ ॥ ਸਲੋਕ ॥

ਅਪਨੇ ਮਨ ਪ੍ਰਤੀ ਉਪਦੇਸੁ ਕਰਤੇ ਹੈਂ ॥ ਸਲੋਕ ਮੂਲ ਰੂਪੁ ਹੈ ਔਰੁ ਛੰਤ ਤਿਸਕਾ ਟੀਕਾ ਰੂਪ ਹੈ ॥

ਪਤਿਤ ਅਸੰਖ ਪੁਨੀਤ ਕਰਿ ਪੁਨਹਿ ਪੁਨਹ ਬਲਿਹਾਰ ॥

ਹੇ ਮਨ (ਅਸੰਖ) ਅਨੰਤ ਪਾਪੀਓਂ ਕੋ ਪਵਿਤ੍ਰ ਕਰਨੇ ਹਾਰਾ ਜੋ ਨਾਮ ਹੈ ਤਿਸ ਪਰ ਵਾਰੰਵਾਰ ਬਲਿਹਾਰਨੇ ਜਾਈਏ ॥

ਨਾਨਕ ਰਾਮ ਨਾਮ ਜਪਿ ਪਾਵਕੋ ਤਿਨ ਕਿਲਬਿਖ ਦਾਹਨ ਹਾਰ ॥ ੧ ॥

Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਕਹਿਤੇ ਹੈਂ ਰਾਮ ਨਾਮ ਕਾ ਜਪੁ ਅਗਨੀਵਤ ਹੈ ਪਾਪੋਂ ਰੂਪੀ (ਤਿਨ) ਤ੍ਰਿਣੋਂ ਕੋ ਜਲਾਵਣ ਹਾਰਾ ਹੈ ॥ ੧ ॥

ਛੰਤ ॥ ਜਪਿ ਮਨਾ ਤੂ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ ॥

ਹੇ ਮਨ ਤੂੰ ਰਾਮ ਨਾਰਾਯਣ ਗੋਬਿੰਦਮਾਧੋ ਆਦੀ ਹਰੀ ਕੇ ਨਾਮੋਂ ਕੋ ਜਪਣਾ ਕਰੁ ॥

ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ ਫਾਧੋ ॥

ਹੇ ਮਨ ਤਿਸੀ ਮੁਰਾਰੀ ਮੁਕੰਦ ਕੋ ਧਿਆਉ ਜਿਸ ਸੋਂ ਕਾਲ ਕੀ ਦੁਖਦਾਯਾ ਫਾਸੀ ਤੇਰੀ ਕਟੀ ਜਾਵੇ ॥

ਦੁਖ ਹਰਣ ਦੀਨ ਸਰਣ ਸ੍ਰੀ ਧਰ ਚਰਨ ਕਮਲ ਅਰਾਧੀਐ ॥

ਜੋ ਦੀਨ ਜਨੋਂ ਕੋ ਸਰਣ ਆਏ ਦੇਖਕਰ ਤਿਨਕੇ ਦੁਖੋਂ ਕੋ ਹਰਨੇਹਾਰਾ ਹੈ ਤਿਸ ਸ੍ਰੀ ਧਰ ਕੇ ਚਰਨ ਕਮਲੋਂ ਕੋਅਰਾਧੀਐ।

ਜਮ ਪੰਥ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ ॥

ਅਤੀ(ਬਿਖੜਾ)ਕਠਨ ਜੋ ਜਮਕਾ ਰਸਤਾ ਹੈ ਔਰੁ ਅਗਨੀ ਕਾ ਸਮੁੰਦ੍ਰ ਜੋ ਸੰਸਾਰ ਹੈ ਜਿਸਕੋ ਏਕ ਨਿਮਖ ਮਾਤ੍ਰ ਸਿਮਰਨ ਕਰਨੇ ਸੇ ਸਾਧ ਲਈਤਾ ਹੈ ਭਾਵ ਅਗਨੀ ਸਾਗਰੁ ਔਰੁ ਜਮ ਮਾਰਗ ਕੋਂ ਉਲੰਘ ਜਾਈਤਾ ਹੈ ॥

ਕਲਿ ਮਲਹ ਦਹਤਾ ਸੁਧੁ ਕਰਤਾ ਦਿਨ ਸੁ ਰੈਣਿ ਅਰਾਧੋ॥

ਪਾਪੋਂ ਕੋ ਦਗਧ ਕਰਣੇਹਾਰ ਔਰੁ ਮਨ ਕੋ ਸੁਧ ਕਰਤਾ ਹਰੀ ਕਾ ਨਾਮੁ ਹੈ ਹੇ ਮਨ ਤਿਸਕੋ ਦਿਨੋ ਰਾਤ ਹੀ ਅਰਾਧੋ ॥

ਬਿਨਵੰਤਿ ਨਾਨਕ ਕਰਹੁ ਕਿਰਪਾ ਗੋਲਾਪ ਗੋਬਿੰਦ ਮਾਧੋ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਐਸੇ ਬਨਤੀ ਕਰ ਹੇ ਗੋਪਾਲ ਗੋਬਿੰਦ ਮਾਧੋ ਮੁਝ ਪਰ ਅਪਨੀ ਕ੍ਰਿਪਾ ਕਰੋ ।੧॥

ਸਿਮਰਿ ਮਨਾ ਦਾਮੋਦਰੁ ਦੁਖ ਹਰੁ ਭੈਭੰਜਨ ਹਰਿ ਰਾਇਆ ॥

ਹੇ ਮਨ ਦਾਮੋਦਰ ਜੋ ਦੁਖੋਂ ਕੋ ਹਰਨੇ ਹਾਰਾ ਹੈ ਤਿਸ ਭੈ ਭੰਜਨ ਹਰੀ ਰਾਜਾ ਕੋ ਸਿਮਰੁ ॥

ਸ੍ਰੀ ਰੰਗੋ ਦਇਆਲ ਮਨੋਹਰੁ ਭਗਤ ਵਛਲੁ ਬਿਰਦਾਇਆ ॥

(ਸ੍ਰੀਰੰਗੋ)ਲਛਮੀ ਕੋ ਅਨੰਦ ਦੇਨੇ ਹਾਰਾ ਦਿਆਲੂ ਜੋ(ਮਨੋਹਰ)ਸੁੰਦਰੁ ਸਰੂਪੁ ਹੈ ਪੁਨਾ ਤਿਸਕਾ ਭਗਤ ਵਛਲੁ (ਬਿਰਦੁ) ਪ੍ਰਣੁ ਆਦਿਸੇ ਹੀ ਚਲਾ ਆਯਾ ਹੈ ॥

ਭਗਤਿ ਵਛਲ ਪੁਰਖ ਪੂਰਨ ਮਨਹਿ ਚਿੰਦਿਆ ਪਾਈਐ ॥

Digitized by Panjab Digital Library | www.panjabdigilib.org

ਤਿਸ ਭਗਤੋਂ ਕੇ ਪਿਆਰੇ ਪੂਰਨ ਪੁਰਖ ਕਾ ਸਿਮਰਨ ਕਰਨੇ ਸੇ ਮਨ ਬਾਛਤ ਫਲ ਕੋ ਪਾਈਤਾ ਹੈ ॥

ਤਮ ਅੰਧ ਕੂਪ ਤੇ ਉਧਾਰੇ ਨਾਮੁ ਮੰਨਿ ਵਸਾਈਐ ॥

ਹੇ ਮਨ ਜਬ ਤਿਸਕਾ ਨਾਮੁ ਰਿਦੇ ਮੈਂ ਵਸਾਈਐ ਤਬ ਵਹੁ ਸੰਸਾਰ ਰੂਪੀ ਅਤੀ ਤਮ ਰੂਪ ਅੰਧੇਰੇ ਖੂਹੇ ਸੇ ਉਧਾਰ ਦੇਤਾਹੈ ॥

ਸੁਰ ਸਿਧ ਗਣ ਗੰਧਰਬ ਮੁਨਿ ਜਨ ਗੁਣ ਅਨਿਕ ਭਗਤੀ ਗਾਇਆ ॥

ਦੇਵਤਿਓਂ ਸਿਧੋਂ ਪੁਨਾ ਗਣੋਂ ਗੰਧਰਬੋਂ ਰਿਖੀ ਜਨੋਂ ਨੇ ਅਰੁ ਅਨੇਕ ਭਗਤੋਂ ਨੇ ਜਿਸਕੇ ਗੁਣੋਂ ਕੋ ਗਾਯਨ ਕੀਆ ਹੈ ॥

ਬਿਨਵੰਤਿ ਨਾਨਕ ਕਰਹੁ ਕਿਰਪਾ ਪਾਰਬ੍ਰਹਮ ਹਰਿ ਰਾਇਆ ॥ ੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਮਨ ਤਿਸ ਆਗੇ ਐਸੇ ਬੇਨਤੀ ਕਰ ਹੇ ਪਾਰਬ੍ਰਹਮ ਹਰੀ ਰਾਇਆ ਮੇਰੇ ਪਰ ਅਪਨੀ ਕ੍ਰਿਪਾ ਕਰੋ ॥੨॥

ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ ਧਾਰੀ ॥

ਹੇ ਮਨ ਤਿਸ ਪਾਰਬ੍ਰਹਮ ਪਰਮਸ਼੍ਵਰ ਕੋ(ਚੇਤਿ)ਸਿਮਰੁ ਜਿਸਨੇ ਸਰਬ ਮ ਅਪਨੀ ਸ਼ਕਤੀ ਧਾਰੀ ਹੋਈ ਹੈ ॥

ਕਰੁਣਾ ਮੈ ਸਮਰਥੁ ਸੁਆਮੀ ਘਟ ਘਟ ਪ੍ਰਾਣੁ ਅਧਾਰੀ ॥

ਸੋ ਸਮਰਥ ਸ੍ਵਾਮੀ(ਕਰੁਣਾਮੈ)ਕ੍ਰਿਪਾ ਸਰੂਪ ਹੈ ਔ ਘਟ ਘਟ ਮੈਂ ਪ੍ਰਾਣੋਂ ਕਾ(ਅਧਾਰੀ) ਆਸਰਾ ਹੋ ਰਹਾ ਹੈ ॥

ਪ੍ਰਾਣ ਮਨ ਤਨ ਜੀਅ ਦਾਤਾ ਬੇਅੰਤ ਅਗਮ ਅਪਾਰੋ ॥

ਹੇ ਮਨ ਸੋ ਅਗਮ ਅਪਾਰ ਬੇਅੰਤ ਪਰਮੇਸਰੁ ਪ੍ਰਾਣੋਂ ਕਾ ਔ ਤਨ ਆਦੀ(ਜੀਅ)ਚੇਤਨ ਸੱਤਾ ਕਾ ਦਾਤਾ ਹੈ ॥

ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ ॥

ਸਰਣ ਆਏ ਕੀ ਰਖਸ਼ਾ ਕਰਨੇ ਯੋਗ ਜੋ ਸਮਰਥ ਮੋਹਨ ਹੈ ਸੋਈ ਸਰਬ ਦੋਖੋਂ ਕੋ ਦੂਰ ਕਰਨੇ ਹਾਰਾ ਹੈ ॥

ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ ॥

ਤਿਸ ਮੁਰਾਰੀ ਕਾ ਨਾਮ ਜਪਤਿਆਂ ਸਰਬ ਰੋਗ ਔਰ ਸੋਗ ਪੁਨਾ ਦੋਸ ਨਾਸ ਹੋ ਜਾਤੇ ਹੈਂ ॥

ਬਿਨਵੰਤਿ ਨਾਨਕ ਕਰਹੁ ਕਿਰਪਾ ਸਮਰਥ ਸਭ ਕਲ ਧਾਰੀ ॥ ੩ ॥

ਸ੍ਰੀ ਗੁਰੂ ਜੀ ਕਹਤੇ ਹੈਂ ਤਿਸ ਆਗੇ ਐਸੇ ਬੇਨਤੀ ਕਰ ਹੇ ਸਰਬ ਸਕਤ ਧਾਰੀ ਸਮਰਥ ਮੇਰੇ ਪਰ ਅਪਨੀ ਕ੍ਰਿਪਾ ਕਰੋ ॥ ੩ ॥

ਗੁਣ ਗਾਉ ਮਨਾ ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ ॥

Digitized by Panjab Digital Library | www.panjabdigilib.org

ਹੇ ਮਨ ਤਿਸਕੇ ਗੁਣੋਂ ਕੋ ਗਾਉ ਜੋ ਅਚੁਤ ਅਬਨਾਸੀ ਰੂਪ ਸਭਸੇ ਊਚਾ ਦਿਆਲੁ ਹੈ॥

ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ ॥

ਜੋ ਵਿਸ੍ਵ ਕੋ ਭਰਨੇਹਾਰਾ ਸਰਬ ਕੋ ਦਨ ਹਾਰ ਏਕ ਹੈ ਪੁਨਾ ਵਹੀ ਸਰਬ ਕੀ ਪ੍ਰਤਿ ਪਾਲਨਾ ਕਰਤਾ ਹੈ ਭਾਵ ਤੀਨੋਂ ਕਾਲੋਂ ਮੈਂ ਵਿਸੰਭਰ ਆਦੀ ਪਦ ਜੋੜ ਲੈਣੇ ॥

ਪ੍ਰਤਿਪਾਲ ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ ॥

ਸੋ ਪ੍ਰਤਿਪਾਲਾ ਕਰਨੇ ਹਾਰ ਜੋ ਮਹਾ ਦਿਆਲੁ(ਦਾਨਾ)ਅੰਤਰ ਜਾਮੀ ਹੈ ਸੋਈ ਸਭ ਕਿਸੀ ਪਰ ਦਯਾ ਧਾਰਤਾ ਹੈ॥

ਕਾਲੁ ਕੰਟਕੁ ਲੋਭੁ ਮੋਹ ਨਾਸੈ ਜੀਅ ਜਾਕੈ ਪ੍ਰਭੁ ਬਸੈ ॥

ਜਿਸਕੇ ਅੰਤਰ ਸੋ ਪ੍ਰਭੂ ਨਿਵਾਸ ਕਰਤਾ ਹੈ ਕੰਡਾ ਰੂਪ ਦੁਖਦਾਈ ਜੋ ਕਾਲ ਹੈ ਅਰ ਲੋਭ ਮੋਹ ਆਦੀ ਵਿਕਾਰ ਤਿਸਕੇ ਸਭ ਨਾਸ ਹੋ ਜਾਤੇ ਹੈਂ ॥

ਸੁ ਪ੍ਰਸੰਨ ਦੇਵਾ ਸਫਲ ਸੇਵਾ ਭਈ ਪੂਰਨ ਘਾਲਾ ॥

ਜਿਸ ਦੇਵ ਪ੍ਰਮਾਤਮਾ ਕੀ ਸੇਵਾ ਕਰੀ ਸਫਲੀ ਹੈ ਜਬ ਸੋ ਪ੍ਰਸੰਨ ਭਏ ਤਬ ਘਾਲ ਕਰੀ ਹੁਈ ਪੂਰਨ ਭਈ ਭਾਵ ਬਾਂਛਤ ਫਲ ਕੋ ਦੇਣੇ ਵਾਲੀ ਹੁਈ ॥

ਬਿਨਵੰਤ ਨਾਨਕ ਇਛ ਪੁੰਨੀ ਜਪਤ ਦੀਨਦਇਆਲਾ ॥ ੪ ॥ ੩ ॥

ਸ੍ਰੀ ਗੁਰੂ ਜੀ ਕਹਿਤ ਹੈਂ ਤਿਸ ਦੀਨਦਿਆਲ ਕੋ ਜਪਤਿਆਂ ਹੋਇਆਂ ਸਰਬ ਇੱਛਾ ਪੂਰਨ ਭਈ ਹੈਂ ॥ ੪ ॥ ੩ ॥

ਗਉੜੀ ਮਹਲਾ ੫ ॥

ਸ੍ਰੀ ਗੁਰੂ ਸਾਹਿਬ ਜੀ ਸ ਕਿਸੀ ਸੰਤ ਨੇ ਪੂਛਾ ਕਿ ਪਤੀ ਪਰਮੇਸੁਰ ਕੈਸੇ ਮਿਲੈ ਤਿਨਕੇ ਪ੍ਰਥਾਇ ਕਹਿਤੇ ਹੈਂ ॥

ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ ॥

ਹੇ ਸੰਤ ਜਨ ਸਖੀਏ ਸੁਣ ਤੁਮ ਹਮ ਮਿਲਕੇ ਉੱਦਮ ਕਰੀਏ ਤੋ ਹਰੀ ਕੰਤ ਕੋ ਮਨਾਇ ਲਈਏ ਭਾਵ ਪ੍ਰਸੰਨ ਕਰੀਏ ॥

ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ ॥

ਅਪਨੇ ਆਪ ਕਾ (ਮਾਨ) ਹੰਕਾਰ ਤਿਆਗ ਕਰਕੇ ਭਗਤੀ ਰੂਪ (ਠਗਉਰੀ) ਠਗ ਬੂਟੀ ਔ ਸੰਤੋਂ ਕਾ ਉਪਦੇਸ਼ ਮੋਹਿਣੀ ਮੰਤ੍ਰ ਜੋ ਹੈ ਇਨ ਸੇ ਉਸ ਕੋ ਮੋਹਿ ਲਈਏ ॥

Digitized by Panjab Digital Library | www.panjabdigilib.org

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੇ ॥

ਹੇ)ਸਖੀ) ਸੰਤ ਜਨ ਵਹੁ ਪਤੀ ਏਕ ਵੇਰ ਵਸ ਆਯਾ ਹੂਆ ਪੁਨਾ ਛੋਡ ਕਰਕੇ ਨਹੀਂ ਜਾਤਾ ਹੈ ਇਹੁ ਤਿਸ ਭਗਵੰਤ ਕੀ ਭਲੀ ਰੀਤ ਹੈ ॥

ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸ ਜੰਤੇ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸਕੇ ਵਸ ਵਹੁ ਹੋਤਾ ਹੈ ਤਿਸ ਜੀਵ ਕੇ ਜਨਮ ਮਰਣ ਬ੍ਰਿਧ ਅਵਸਥਾ ਆਈ ਨਰਕੋਂ ਕੇ ਭੈ ਨਿਵਾਰ ਕਰਕੇ ਪਵਿਤ੍ਰ ਕਰ ਦੇਤਾ ਹੈ ॥ ੧ ॥

ਸੁਣਿ ਸਖੀਏ ਇਹ ਭਲੀ ਬਿਨੰਤੀ ਇਹੁ ਮਤਾਂਤ ਪਕਾਈਐ ॥

ਹੇ ਸੰਤ ਜਨ ਸਖੀਏ ਮੇਰੀ ਇਹੁ ਉਤਮ ਬੇਨਤੀ ਸੁਣ ਕਿ ਅੰਤ ਕੇ ਇਹ ਸਲਾਹ ਦ੍ਰਿੜ ਕਰੀਏ ॥

ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ ॥

ਸਰਬ ਉਪਾਧ ਸੇ ਰਹਿਤ ਹੋਕਰ ਸਹਜ ਸੁਭਾਵਕ ਹੀ ਗੋਵਿੰਦ ਕੇ ਗੀਤੋਂ ਕੋ ਗਾਇਨ ਕਰੀਏ ॥

ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨ ਚਿੰਦਿਆ ਫਲੁ ਪਾਈਐ ॥

ਜਿਸ ਤੇ (ਕਲਿ ਕਲੇਸ) ਕਲਜੁਗ ਕੇ ਕਲੇਸ ਵਾ ਕਲਪਨਾ ਔ ਪਾਂਚ ਕਲੇਸ ਅਵਿਦਿਆ ੧, ਅਸਮਤਾ ੨, ਰਾਗ੩, ਦ੍ਵੈਖ ੪,ਅਭਨਿਵੇਸ ਅਰਥਾਤ ਹਠ ੫ ਔਰ ਸੰਪੂਰਨ ਭ੍ਰਮ ਨਾਸ ਹੋਜਾਤੇ ਹੈਂ ਔ ਮਨ ਵਾਂਛਤ ਫਲ ਪਾਈਤਾ ਹੈ ॥

ਪਾਰਬ੍ਰਹਮ ਪੂਰਨ ਪਰਮੇਸ੍ਵਰ ਨਾਨਕ ਨਾਮੁ ਧਿਆਈਐ ॥ ੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਪਾਰਬ੍ਰਹਮ ਪੂਰਨ ਪਰਮੇਸ੍ਵਰ ਕਾ ਨਾਮ ਹੀ ਸਦਾ ਧਿਆਈਐ ॥ ੨ ॥

ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭੁ ਮੇਰੀ ਆਸ ਪੁਜਾਏ ॥

ਹੇ ਸੰਤ ਜਨ ਸਖੀ ਏਹੀ ਨਿਤ ਮੈਂ ਇਛਾ ਕਰਤੀ ਹੂੰ ਔਰ ਸੁਖ ਮਨਾਵਤੀ ਹੂੰ ਜੋ ਪ੍ਰਭੁ ਮੇਰੀ ਆਸਾ ਕੋ ਪੂਰਨ ਕਰੇ ॥

ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥

ਜਿਸ ਕੇ ਚਰਨੋਂ ਕੇ ਦਰਸਨ ਕੀ ਪਿਆਸੀ ਔਰ ਬੈਰਾਗ ਵਾਨ ਹੋਕਰ ਸੰਪੂਰਨ ਅਸਥਾਨੋਂ ਬੀਚ ਦੇਖਤੀ ਹੂੰ ॥

ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ ॥

ਹਰੀ ਕੇ ਸੰਤ ਜਨੋਂ ਕਾ ਸੰਗ ਖੋਜ ਲਵਾਂਗੀ ਸੋ ਸੰਤ ਜਨ ਸਮਰਥ ਪੁਰਖ ਮੇਰੇ ਕੋ ਮਿਲਾਇ ਦੇਵੇਂਗੇ ॥

Digitized by Panjab Digital Library | www.panjabdigilib.org

ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ ॥ ੩ ॥

ਸ੍ਰੀ ਗੁਰੂ ਜੀ ਕਹਿਤੇ ਹੈਂ (ਮਾਏ) ਹੇ ਭਾਈ ਜਿਨੋਂ ਨੇ ਸਤਸੰਗੁ ਪਾਇਆ ਹੈ ਤਿਨ ਸੰਤਜਨੋਂ ਕੋ (ਸੁਰਜਨ) ਰਤਨੁ ਸੁਖ ਦਾਤਾ ਹਰੀ ਮਿਲਾ ਹੈ ॥ ਪੁਨਾ ਸੋਈ ਵਡਭਾਗੀ ਹੈ ॥ ੩ ॥

ਸਖੀ ਨਾਲਿ ਵਸਾ ਅਪੁਨੇ ਨਾਹਿ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥

ਹੇ ਸੰਤ ਜਨ ਸਖੀ ਅਬ ਮੈਂ ਅਪਨੇ ਪਿਆਰੇ ਪਤੀ ਸਾਥ ਵਸਤੀ ਹੂੰ ਕਿਉਂਕਿ ਮੇਰਾ ਮਨ ਤਨ ਤਿਸ ਹਰੀ ਸਾਥ ਹਿਲਿਆ ਹੈ॥

ਸੁਨ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰ ਮਿਲਿਆ ॥

ਹੇ ਸੰਤ ਜਨ ਰੂਪਿ ਸਖੀ ਅਬ ਮੇਰੀ ਸਾਂਤੀ ਰੂਪੁ ਨਿੰਦ੍ਰਾ (ਭਲੀ) ਉਤਮ ਹੈ ਕਿਉਂਕਿ ਮੈਨੂੰ ਅਪਨਾ ਪਤੀ ਮਿਲਿਆ ਹੈ॥

ਭ੍ਰਮ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ ॥

ਸੰਪੂਰਨ ਭ੍ਰਮ ਖੋਯਾ ਹੈ ਅਪਨੇ ਸ੍ਵਾਮੀ ਪ੍ਰਮੇਸ੍ਵਰ ਕੋ ਪਾਇ ਕਰਕੇ ਸਹਜੇ ਹੀ ਸਾਂਤੀ ਪ੍ਰਾਪਤ ਭਈ ਹੈ ਜਬ ਗਿਆਨ ਰੂਪ ਪ੍ਰਕਾਸ ਹੂਆ ਤਬ ਮੇਰਾ ਰਿਦਾ ਕੌਲ ਖਿੜਿਆ ਅਰਥਾਤ ਪ੍ਰਸੰਨ ਹੁਆ ਹੈ ॥

ਵਰੁ ਪਾਇਆ ਪ੍ਰਭੁ ਅੰਤਰਿ ਜਾਮੀ ਨਾਨਕ ਸੋਹਾਗੁ ਨ ਟਲਿਆ ॥ ੪ ॥ ੪ ॥ ੨ ॥ ੫ ॥ ੧੧॥

ਸ੍ਰੀ ਗੁਰੂ ਜੀ ਕਹਤੇ ਹੈਂ ਜਬ ਮੈਨੇ ਇਸ ਪ੍ਰਕਾਰ ਅੰਤਰ ਜਾਮੀ ਪ੍ਰਭੂ ਪਤੀ ਕੋ ਪਾਇ ਲੀਆ ਹੈ ਤਬ ਪੁਨਾ ਮੇਰਾ ਸੋਹਾਗ ਨਹੀਂ ਟਲਿਆ ਹੈ ॥ ਇਸ ਮੈਂ ਪਤੀ ਪਰਮੇਸ੍ਵਰ ਕੀ ਅਮਰ ਰੂਪਤਾ ਸੇ ਅਪਨੀ ਅਭੇਦਤਾ ਪ੍ਰਗਟ ਕਰੀ ਭਾਵ ਤਿਸ ਸਾਥ ਅਭੇਦ ਹੋਇ ਗਈ ਹੂੰ ॥ ੪ ॥ ੪ ॥ ੨ ॥ ੫ ॥ ੧੧ ॥

ੴ ਸਤਿਗੁਰਪ੍ਰਸਾਦਿ ॥

ਗਉੜੀ ਬਾਵਨ ਅਖਰੀ ਮਹਲਾ ੫ ॥ ਸਲੋਕੁ ॥

ਸ੍ਰੀ ਗੁਰੂ ਅਰਜਨ ਦੇਵ ਜੀ ਗਉੜੀ ਰਾਗ ਮੈਂ ਬਾਵਨ ਅਖਰੀ ਨਾਮਕ ਬਾਣੀ ਅਰਥਾਤ ਬਾਵਨ ਅਖਰੋਂ ਕਰ ਉਪਦੇਸ ਕਰਤੇ ਹੈਂ ॥ ਯਦਿਪ ਗੁਰਮੁਖੀ ਮੈਂ ਪੈਂਤੀਸ ਅਖਰੋਂ ਕਾ ਸੰਕੇਤ ਹੇ ਪਰੰਤੂ ਇਹਾਂ ਸੰਸਕ੍ਰਿਤ ਰੀਤਿ ਸੇ ਬਾਵਨ ਅਖਰ ਕਹੇ ਹੈਂ ॥ ੩੩ ॥ ਤੇਤੀਸ ਬਯੰਜਨ ਹੈਂ ॥ ਅਰੁ ॥ ੧੬ ॥ ਸ੍ਵਰ ਹੈਂ ॥ ਅਰ ਤੀਨ ਯਕ੍ਰਾਖਰ ਹੈਂ ਖਜ ੧ । ਤ੍ਰ । ੨ । ਗਜ ੩ । ਇਸ ਰੀਤਿ ਸੇ ਬਾਵਨ ਹੋ ਜਾਤੇ ਹੈਂ ॥ ਇਸ ਬਾਣੀ ਮੈਂ ਸਲੋਕੁ ਮੂਲਰੂਪੁ ਹੈ ਅਰ ਤਿਸਕਾ ਟੀਕਾ ਰੂਪੁ ਪਉੜੀਆ

Digitized by Panjab Digital Library | www.panjabdigilib.org

ਹੈਂ ॥ ਕਿਸੀ ਸਮਯ ਮਾਤਾ ਗੰਗਾ ਜੀ ਕੋ ਜੜਾਊ ਭੂਖਣੋਂ ਕੀ ਇਛਾ ਹੂਈ ਥੀ ਤਿਨੋਂ ਕੇ ਨਮਿਤ ਇਹ ਬਾਣੀ ਵੈਰਾਗ ਬਿਬੇਕ ਆਦਿ ਰਤਨੋਂ ਕਰ ਜਟਤ ਰਚ ਕਰ ਪ੍ਰਲੋਕ ਕਾ ਭੂਖਣ ਜਾਣ ਕਰਕੇ ਸ੍ਰੀ ਮਾਤਾ ਗੰਗਾ ਜੀ ਕੇ ਕੰਠ ਕਰਾਈ ਵਾ ਆਪਣੀ ਇਛਾ ਕਰ ਸਰਬ ਸਿਖਨਕੇ ਨਮਿਤ ਰਚੀ ਹੈ ॥ ਆਦਿ ਅਰ ਅੰਤ ਮੈਂ ਦੋ ਮੰਗਲਾ ਚਰਨ ਕੀਏ ਹੈਂ ॥ ਸੋ ਦੋਨੋਂ ਡਬੇ ਕੇ ਢਕਣੇ ਹੈਂ ਅਰ ਇਸ ਮੈਂ ਜੜਾਊ ਭੂਖਨ ਰੂਪਬਾਣੀ ਹੈ ॥

ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥

ਗੁਰੂ ਜੋ (ਦੇਵ) ਪਰਕਾਸ ਰੂਪ ਅਰਥਾਤ ਤਤਵੇਤੇ ਹੈਂ ਸੋਈ ਮਾਤਾ ਪਿਤਾ ਰੂਪ ਹੈ ਪੁਨਃ ਗੁਰਦੇਵ ਹੀ (ਸ੍ਵਾਮੀ) ਰਾਜਾ ਹੈ ਅਰੁ ਪ੍ਰਮੇਸ੍ਵਰ ਕਾ ਰੂਪ ਹੈਂ ਜਿਸਕੇ ਆਸਰੇ ਉਪਜੀਵਕਾ ਹੋ ਉਸਕੋ ਭੀ ਸ੍ਵਾਮੀ ਕਹਿਤੇ ਹੈਂ ॥

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥

ਗੁਰਦੇਵ ਹੀ (ਸਖਾ) ਮਿਤ੍ਰ ਹੈ ਅਗਿਆਨ ਕੋ ਨਸਟ ਕਰਨੇ ਹਾਰੇ ਹੈਂ ਔਰ ਗੁਰਦੇਵ ਸਹੋਦਰ ਭਾਈ ਅਰਥਾਤ ਏਕ ਹੀ ਉਦਰ ਸੇਂ ਜਨਮ ਲੇਣੇ ਵਾਲੇ ਭ੍ਰਾਤਾ ਵਤ ਹੈਂ ॥

ਗੁਰਦੇਵ ਦਾਤਾ ਹਰਿਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥

ਗੁਰਦੇਵ ਜੀ ਹਰਿਨਾਮ ਉਪਦੇਸਕੇ ਦਾਤਾ ਹੈਂ ਗੁਰਦੇਵ ਜੀ ਕਾਜੋ ਮੰਤ੍ਰ ਹੈ ਸੋ (ਨਿਰੋਧਰਾ) ਨਿਰਨੇ ਕਰਕੇ ਵਾ ਵਿਸ਼ੇਸ ਕਰਕੇ ਵਾ ਨਿਰ ਆਸਰੇ ਉਧਾਰ ਕਰਤਾ ਹੈ ਭਾਵ ਸੇ ਔਰ ਕਰਮ ਕੀ ਸਹਾਇਤਾ ਨਹੀਂ ਚਾਹਿਤਾ ਹੈ ॥

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸਪਰਾ ॥

ਗੁਰਦੇਵ ਸਾਂਤਿ ਅਰੁ ਸਤਜ ਅਰ (ਬੁਧਿ) ਗਿਆਨ ਰੂਪ ਹੈ॥ ਪੁਨਾਃ ਗੁਰਦੇਵ ਜੀ ਕਾ ਜੋ (ਪਰਸ) ਮਿਲਾਪ ਹੈ ਸੋ ਪਾਰਸ ਤੇ ਭੀ (ਪਰਾ) ਅਧਿਕ ਹੈ ॥

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥

ਗੁਰਦੇਵ (ਤੀਰਥ) ਪਵਿਤ੍ਰ ਰੂਪ ਹੈਂ ਵਾ ਤੀਰਥ ਕੈਸੇ ਹੈਂ ਅੰਮ੍ਰਿਤ ਕਾ ਸਰੋਵਰ ਹੈਂ ਭਾਵ ਸੇ ਜੋ ਕੋਈ ਤਿਨਕੀ ਸੰਗਤਿ ਕਰਤਾ ਹੈ ਤਿਸਕੋ ਜਨਮ ਮਰਨ ਰਹਿਤ ਕਰ ਦੇਤੇ ਹੈਂ ਅਰ ਗੁਰੂ ਸਰੋਵਰ ਮੈਂ ਜੋ ਗਯਾਨ ਰੂਪ ਅੰਮ੍ਰਿਤ ਹੈ ਤਿਸਮੈਂ ਜਿਸ ਪੁਰਸ ਨੈ ਇਸਨਾਨ ਕੀਆ ਹੈ ਸੋ ਪੁਰਸ (ਅਪਰੰ) ਬ੍ਰਹਮਾਦਿਕੋਂ ਕਾ ਪਰਾ ਰੂਪ ਪਰਮਸ੍ਵਰ ਕੋ ਪ੍ਰਾਪਤਿ ਹੂਆ ਹੈ।

ਗੁਰਦੇਵ ਕਰਤਾ ਸਭਿ ਪਾਪ ਹਰਿਤਾ ਗੁਰਦੇਵ ਪਤਿਤ ਪਵਿਤ ਕਰਾ ।

Digitized by Panjab Digital Library | www.panjabdigilib.org

ਗੁਰਦੇਵ ਕਰਤਾ ਰੂਪ ਹੈਂ ਜੀਵ ਕੇ ਸਭ ਪਾਪੋਂ ਕੇ ਹਰਨੇ ਹਾਰੇ ਹੈਂ ਔਰ ਗੁਰਦੇਵ ਨੇ (ਪਤਿਤ) ਪਾਪੀਓਂ ਕੋ ਪਵਿਤ੍ਰ ਕੀਆ ਹੈ ॥

ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤ ਹਰਿ ਜਪਿ ਉਧਰਾ ॥

ਗੁਰਦੇਵ (ਆਦਿ ਜੁਗਾਦਿ) ਸਦਾ ਸਦਾ ਪੀਛੇ ਥੇ ਅਰ ਜਗ ਜੁਗ ਮੈਂ ਆਗੇ ਹੋਵੈਂ ਗੇ ਅਬ ਹੈਂ ਔਰ ਗੁਰਦੇਵ ਕੇ (ਮੰਤ) ਉਪਦੇਸ ਕਰ ਜਿਸ ਪੁਰਸ ਨੇ ਹਰੀ ਕੋ ਜਪਾ ਹੈ ਸੋ ਪੁਰਸ ਉਧਾਰ ਕੋ ਪ੍ਰਾਪਤਿ ਹੁਆ ਹੈ ॥

ਗੁਰਦੇਵ ਸੰਗਤਿ ਪ੍ਰਭਿ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥

ਹੇ ਪ੍ਰਭੂ ਕਿਰਪਾ ਦ੍ਰਿਸਟੀ ਕਰਕੈ ਗੁਰਦੇਵ ਜੀ ਕੀ ਸੰਗਤਿ ਮੈਂ ਮੇਰੇ ਕੋ ਮੇਲੁ (ਹਮ) ਸਮੂਹ ਵਾ ਮੇਰੇ ਸਮਾਨ ਮੂਰਖ ਪਾਪੀਓਂ ਕਾ ਸਮੁਦਾਇ ਤਿਨਕੇ ਸਾਥ (ਲਗਿ) ਮਿਲ ਕਰ ਤਰ ਗਿਆ ਹੈ ॥ ਵਾ ਮੈਂ ਮਿਲਕਰ ਤਰ ਜਾਵਾਂ ॥

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸੁਕਰਾ ॥ ੧ ॥

(ਗੁਰ) ਪੂਜਜ ਅਰ (ਦੇਵ) ਪ੍ਰਕਾਸ ਰੂਪ ਸਤਗੁਰੂਪਾਰਬ੍ਰਹਮ ਪਾਰਮੇਸ੍ਰਰ ਕਾ ਸ੍ਵਰੂਪ ਹੀ ਹੈਂ ਤਾਂਤੇ ਸ੍ਰੀ ਗੁਰੂ ਜੀ ਕਹਿਤੇ ਹੈਂ ਐਸੇ ਹਰੀ ਰੂਪ ਗੁਰਦੇਵ ਜੀ ਕੋ ਵਾ ਹਰ ਬਾਰੀ ਨਮਸਕਾਰ ਹੈ ॥ ੧ ॥

ਸਲੋਕੁ ॥ ॥ ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥

ਪਰਮੇਸ੍ਰਰ ਨੇ ਜਗਤ ਕੋ ਭੂਤਕਾਲ ਮੈਂ ਆਪ ਹੀ ਕੀਆ ਥਾ ਅਰ ਮਾਯਾ ਦ੍ਵਾਰੇ ਅਬ ਕਰਾਇਆ ਹੈ ਔਰ ਆਗੇ ਕੋ ਭੀ ਕਰਨੇ ਜੋਗ ਹੈਂ ॥

ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥ ੧ ॥

ਸ੍ਰੀ ਗੁਰੂ ਜੀ ਕਹਤੇ ਹੈਂ ਏਕ ਆਪੇ ਹੀ ਸਰਬ ਮੈਂ ਬਜਾਪਕ ਹੋ ਰਹਾ ਹੈ ਦੂਸਰਾ ਕੋਈ ਨਾ ਤੋ ਪਹਲੇ ਹੁਆ ਹੈ ਅਰ ਨਾ ਅਬ ਹੈ ਨਾ ਆਗੇ ਹੋਵੇਗਾ ॥

ਪਉੜੀ ॥ ਓਅੰ ਸਾਧ ਸਤਿਗੁਰ ਨਮਸਕਾਰੰ ॥

(ਓਅੰ) ਮੰਗਲ ਰੂਪ ਵਾ ਓਂਕਾਰ ਸ੍ਵਰੂਪ (ਸਾਧ) ਸ੍ਰੇਸਟ ਜੋ (ਸਤਿ) ਤ੍ਰਿਕਾਲ ਅਬਾਧ ਹੈ ਅਰ (ਗੁਰ) ਪੂਜਜ ਹੈ ਤਿਸਕੋ ਮੇਰੀ ਨਿਮਸਕਾਰ ਹੈ ਪੁਨਃ ਕੈਸਾ ਹੈ ਸੋ ਕਹਤੇ ਹੈਂ ॥

ਆਦਿ ਮਧਿ ਅੰਤਰਿ ਨਿਰੰਕਾਰੰ ॥

Digitized by Panjab Digital Library | www.panjabdigilib.org

ਆਦਿ ਅਰ ਮਧ ਪੁਨਃ ਅੰਤ ਮੈ ਅਨਬ੍ਰਿਤੀਨੋਂ ਕਾਲੋਂ ਮੈਂ ਸੋਈ ਨਿਰੰਕਾਰ ਬਰਤ ਰਹਾ ਹੈ॥

ਆਪਹਿ ਸੁੰਨ ਆਪਹਿ ਸੁਖ ਆਸਨ ॥ ਆਪਹਿ ਸੁਨਤ ਆਪ ਹੀ ਜਾਸਨ ॥

ਆਪ ਹੀ (ਸੁੰਨ) ਅਫੁਰ ਨਿਰੰਕਾਰ ਹੈ ਪੁਨਃ ਆਪ ਹੀ ਧਯਾਨ ਕਰਤਾ ਜਗਜਾਸੂਓਂ ਕੋ (ਸੁਖਆਸਨ) ਸੁਖ ਅਸਥਾਨ ਵੈਰਾਟ ਸ੍ਵਰੂਪ ਹੈ ॥ ਆਪਹੀ ਸੁਨਤਾ ਹੈ ਅਰ ਆਪ ਹੀ ਜਸ ਰੂਪ ਹੈ ਭਾਵ ਆਪ ਹੀ ਜਗਜਾਸੂ ਰੂਪ ਹੋਕਰ ਸ੍ਰੋਤਾ ਹੈ ਪੁਨਃ ਆਪਹੀ (ਜਾਸਨ) ਜਸਕੋ ਉਚਾਰਨੇ ਵਾਲਾ ਗੁਰੂ ਰੂਪ ਹੈ ॥

ਆਪਨ ਆਪੁ ਆਪਹਿ ਉਪਾਇਓ ॥ ਆਪਹਿ ਬਾਪ ਆਪਹੀ ਮਾਇਓ ॥

ਆਪਹਿ ਸੂਖਮ ਆਪਹਿ ਅਸਥੂਲਾ ॥

ਅਪਨੇ ਆਪ ਹੀ ਪਰਮੇਸ੍ਵਰ ਜਗਤ ਰੂਪ ਹੈ ਪੁਨਃ ਆਪ ਹੀ ਤਿਸ ਨੇ ਉਤਪਤ ਕੀਆ ਹੈ ਪਰਮੇਸ੍ਵਰ ਆਪ ਹੀਪਿਤਾ ਰੂਪ ਹੈ ਪੁਨਃਆਪਹੀ (ਮਾਇਓ) ਮਾਤਾ ਹੈ ਸੂਖਮ ਰੂਪ ਭੀ ਆਪ ਹੀ ਹੈ ਪੁਨਃ ਆਪਹੀ ਅਸਥੂਲ ਰੂਪ ਹੈ ॥

ਲਖੀ ਨ ਜਾਈ ਨਾਨਕ ਲੀਲਾ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸਕੀ ਲੀਲਾ ਲਖੀ ਨਹੀਂ ਜਾਤੀ ਹੈ ॥ ਭਾਵ ਸੇ ਤਿਸਕੀ ਰਚਨਾ ਬਜੰਤ ਹੈ ॥ ੧ ॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੇ ਸੰਤਨ ਕੀ ਮਨ ਹੋਇ ਰਵਾਲਾ ॥ ਰਹਾਉ ॥

ਹੇ ਦੀਨ ਦਯਾਲ ਪ੍ਰਭੂ ਐਸੀ ਕਿਰਪਾ ਕਰੁ ਮੇਰਾ ਮਨੁ ਤੇਰੇ ਸੰਤ ਜਨੋਂ ਕੀ ਧੂੜੀ ਹੋ ਜਾਵੈ ਭਾਵ ਨਿੰਮ੍ਰਤਾ ਧਾਰੇ ॥

ਸਲੋਕੁ ॥ ਨਿਰੰਕਾਰੁ ਆਕਾਰੁ ਆਪਿ ਨਿਰਗੁਨ ਸਰਗੁਨ ਏਕ ॥

ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥ ੧ ॥

ਜੋ ਨਿਰਾਕਾਰ ਨਿਰਗੁਣ ਪ੍ਰਭੂ ਹੈ ਸੋਈ ਏਕ ਆਪਿ ਅਕਾਰ ਰੂਪ ਹੋਕਰ ਸਗੁਣ ਹੋਤਾ ਭਇਆ। ਬੇਦ ਅਰ ਸ਼ਾਸਤ੍ਰ ਤਿਸ ਏਕ ਹੀ ਏਕ ਕਾ ਬਖਯਾਨ ਕਰਤੇ ਹੈਂ ਸ੍ਰੀ ਗੁਰੂ ਜੀ ਕਹਿਤੇ ਹੈ ਵਹਾ ਏਕ ਅਨਕ ਰੂਪੋਂ ਕੋ ਧਾਰ ਰਹਾ ਹੈ ॥ ੧ ॥

ਜੋ ਕਹੇ ਏਕ ਅਨੇਕ ਰੂਪ ਕੈਸੇ ਹੂਆ ਸੋ ਕਹਤ ਹੈਂ ॥

ਪਉੜੀ ॥ ੴ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨ ਹਾਰਾ ॥

ਗੁਰਮੁਖੋਂ ਨੇ ਐਸੇ ਜਾਨਾ ਹੈ ਕਿ ੴ ਰੂਪ ਪ੍ਰਮਾਤਮਾ ਨੇ ਜਗਤ ਕਾ ਅਕਾਰੁ ਕੀਆ ਹੈ। ਪੁਨਃ ਏਕ ਹੀ ਚੇਤਨ ਸੱਤਾ ਰੂਪੀ

Digitized by Panjab Digital Library | www.panjabdigilib.org

ਸੂਤ ਵਿਖੇ ਆਕਾਰ ਰੂਪੀ ਮਣਕਿਓਂ ਕੇ ਪਰੋਵਨੇ ਵਾਲਾ ਹੈ ॥

ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਣ ਤੇ ਸਰਗੁਨ ਦ੍ਰਿਸਟਾਰੰ ॥

ਨਿਆਰੇ ਨਿਆਰੇ ਤੀਨੋਂ ਗੁਣੋਂ ਕੋ ਬਿਸਥਾਰ ਕੀਆ ਹੈ ਤਮੋ ਗੁਣੀ ਪਾਤਾਲ ਮੈ ਨਾਗ ਅਰ ਰਜੋ ਗੁਨੀ ਪ੍ਰਿਥ੍ਵੀ ਮੈ ਮਾਨੁਖ ਅਰ ਸੁਰਗ ਮੈਂ ਸਤੋ ਗੁਣੀ ਦੇਵਤਾ ਹੈ ॥ ਨਿਰਗੁਣ ਸ੍ਵਰੂਪ ਤੇ ਪਰਮੇਸ੍ਵਰ ਸਰਗੁਣ ਵੈਰਾਟ(ਦ੍ਰਿਸਟਾਰੰ)ਦਿਖਾਈ ਦੇਤਾ ਹੈ॥

ਸਗਲ ਭਾਂਤਿ ਕਰਿ ਕਰਹਿ ਉਪਾਇਓ ॥ ਜਨਮ ਮਰਨ ਮਨ ਮੋਹੁ ਬਢਾਇਓ ॥

ਸਗਲ ਪ੍ਰਕਾਰ ਕਰ ਤਿਸਨੇ ਆਪ ਜਗਤ ਕੋ ਉਪਾਵਣਾ ਕੀਆ ਹੈ ।ਜੋ ਕਹੇ ਜੀਵਾਂ ਕੋ ਜਨਮ ਮਰਨ ਕੈਸੇ ਹੁਆ?ਸੋ ਕਹਤੇ ਹੈਂ । ਮਨ ਮੈ ਜੋ ਮੋਹ ਵਧਾਇ ਦੀਆ ਹੈ ਇਸਤੇ ਜਨਮ ਮਰਨ ਹੋਤਾ ਹੈ ॥

ਦੁਹੂ ਭਾਂਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥ ੨ ॥

ਦੋਨੋਂ ਤਰਾਂ ਸੇ ਅਰਥਾਤ ਜਨਮ ਅਰ ਮਰਨ ਸੇ ਆਪ ਨਿਆਰਾ ਹੈ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸਕੇ ਪਾਰਾਵਾਰ ਕਾ ਅੰਤੁ ਨਹੀਂ ਹੈ ॥ ੨ ॥

ਸਲੋਕੁ ॥ ਸੋਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥
ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥ ੧ ॥

ਵਹੀ ਸ਼ਾਹੂਕਾਰ (ਭਗਵੰਤ ਸੇ) ਭਾਗੋਂ ਵਾਲੇ ਵਾ ਭਗਵੰਤ ਕਾ ਸ੍ਵਰੂਪ ਵਹੀਂ ਹੈ ਜਿਨਕੇ ਪਾਸ ਸਚੇ ਹਰਿ ਨਾਮ ਰੂਪਿ ਸੰਪਤਾਦੀ (ਰਾਸਿ) ਪੂੰਜੀ ਅਰਥਾਤ ਸਰਧਾ ਹੈ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਤਿਨ ਸੰਤਜਨੋਂ ਕੇ ਪਾਸ ਸੇ ਸਚ ਰੂਪ ਪ੍ਰਮੇਸ੍ਵਰ ਕੀ ਪ੍ਰਾਪਤੀ ਅਰ (ਸੁਚਿ) ਪਵਿਤ੍ਰਤਾ ਪ੍ਰਾਪਤਿ ਹੋਤੀ ਹੈ ॥ ੧ ॥ ਸੋ ਪਰਮੇਸ੍ਵਰ ਕੈਸਾ ਹੈ ਸੋ ਕਹਿਤੇ ਹੈਂ ॥

ਪਵੜੀ ॥ ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥
ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥

ਸੱਸੇ ਅਖਰ ਦ੍ਵਾਰਾ ਕਹਿਤੇ ਹੈਂ ਸੋ ਪ੍ਰਭੂ ਤੀਨ ਕਾਲੋਂ ਮੈਂ ਸਤਿ ਹੈ ॥ ਸਤਿਪੁਰਖ ਪਰਮੇਸ੍ਵਰ ਤੇ ਨਯਾਰਾ ਕੋਈ ਨਹੀਂ ਹੈ ॥ ਸੋਈ ਪੁਰਸ ਤਿਸਕੀ ਸਰਨ ਪੜਤਾ ਹੈ ਜਿਸਕੋ ਵਹੁ ਆਪ ਪਾਵਤਾ ਹੈ ॥ ਪੁਨਃ ਵਹੁ ਪੁਰਸ ਮਨ ਤਨ ਕਰ ਤਿਸਕੋ ਸਿਮਰਤਾ ਹੈ ਬਾਣੀ ਕਰਕੇ ਤਿਸਕੇ ਗੁਣੋਂ ਕੋ ਗਾਇ ਕਰ ਸੁਨਾਵਤਾ ਹੈ ॥ ੨ ॥

ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥

Digitized by Panjab Digital Library | www.panjabdigilib.org

ਸੰਹਿਸਾ ਅਰ ਭ੍ਰਮ ਤਿਸਕੋ ਕਛੁ ਬਜਾਪ ਨਹੀਂ ਸਕਤੇ ਹੈਂ । ਜਿਸ ਵਾਹਿਗੁਰੂ ਕਾ ਪ੍ਰਤਾਪ ਪ੍ਰਗਟ ਹੈ ਤਿਸੀ ਕੋ ਵਹੁ ਪੁਰਸ ਜਪਤਾ ਹੈ ॥ ਵਾ ਤਿਸ ਪੁਰਸ ਕਾ ਪ੍ਰਤਾਪੁ ਪ੍ਰਗਟ (ਜਾਪਤ) ਜਾਣੀਤਾ ਹੈ ॥

ਸੋ ਸਾਧੂ ਇਹ ਪਹੁਚਨ ਹਾਰਾ ॥ ਨਾਨਕ ਤਾਕੈ ਸਦ ਬਲਿਹਾਰਾ ॥ ੩ ॥

ਸੋਈ ਪੁਰਸ (ਸਾਧੁ) ਸ੍ਰੇਸਟ ਹੈ ਜੋ (ਇਹ) ਇਸ ਸਤਿ ਸ੍ਵਰੂਪ ਕੋ ਪਹੁਚਨਹਾਰ ਹੂਆ ਹੈ ਭਾਵਸੇ ਸਤਿ ਰੂਪ ਹੀ ਹੂਆ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਤਿਸਕੋ ਸਦਾਵ ਬਲਿਹਾਰਨੇ ਜਾਤਾ ਹੂੰ ॥ ੩ ॥

ਸਲੋਕੁ ॥ ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥
ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭਿ ਧੂਰ ॥ ੧ ॥

ਹੇ ਜੀਵੋ ਧਨ ਪ੍ਰਾਪਤਿ ਹੋਵੇ ਧਨ ਮਿਲ ਜਾਵੇ ਐਸੇ ਕਨੋਂ ਪੁਕਾਰ ਰਹੇ ਹੋ ਕਿਉਂਕਿ ਮਾਯਾ ਕਾ ਮੋਹਿ ਸਭ ਝੂਠਾ ਹੈ ਵਾ ਧਨਕੋ ਧਨ ਰੂਪ ਜਾਣਕੇ (ਕਹਾ) ਕਥ ਪੁਕਾਰਤੇ ਹੋਂ ਭਾਵ ਸੇ ਨਹੀਂ ਪੁਕਾਰ ਤੇ ਹੈਂ ਜਿਨ ਹਰੀ ਭਗਤੋਂ ਨੇ ਮਾਇਆ ਕਾ ਮੋਹ ਸਭ (ਕੂੜ) ਝੂਠਾ ਜਾਨਾ ਹੈ ਸ੍ਰੀ ਗੁਰੂ ਜੀਕਹਤੇ ਹੈਂ ਜੋ ਪੁਰਸ਼ ਨਾਮ ਸੇ ਰਹਿਤ ਹੋਂ ਸੋ ਸਭੀ (ਜਾਤਿ) ਉਤਪਤਿ ਹੋਕੇ ਧੂਰ ਹੋਤੇ ਰਹਿਤੇ ਹੈਂ ਸੰਤ ਜਨੋਂ ਨੇ ਐਸੇ ਜਾਨਿਆ ਹੈ ਨਾਮ ਬਿਨਾ ਸਭ ਧੂੜ ਹੋਤੇ ਜਾਤੇ ਹੈਂ ॥

ਪਵੜੀ ॥ ਧਧਾ ਧੂਰਿ ਪੁਨੀਤ ਤੇਰੇ ਜਨੂਆ ॥ ਧਨਿ ਤੇਊ ਜਿਹ ਰੁਚ ਇਆ ਮਨੂਆ ॥

ਧੱਧੇਦ੍ਵਾਰਾ ਕਹਤੇ ਹੈਂ ਹੇ ਜੀਵ (ਜਨੂਆ) ਸੰਤਜਨੋਂ ਕੀ ਚਰਨ ਧੂਰੀ ਤੇਰੇ ਕੋ (ਪੁਨੀਤ) ਪਵਿਤ੍ਰ ਕਰਨੇ ਵਾਲੀ ਹੈ ਅਰ ਵਹੁ ਪੁਰਸ ਧੰਨਜਤਾ ਯੋਗ ਹੈਂ ਜਿਨਕੇ ਮਨਮੈਂ (ਇਆ) ਇਸ ਸੰਤ ਚਰਨ ਧੂਰੀ ਕੀ ਰੁਚੀ ਹੈ ॥

ਧਨੁ ਨਹੀ ਬਾਛਹਿ ਸੁਰਗ ਨ ਆਛਹਿ ॥ ਅਤਿ ਪ੍ਰਿਅ ਪ੍ਰੀਤਿ ਸਾਧੂ ਰਜ ਰਾਚਹਿ ॥

ਵਹੁ ਪੁਰਸ ਧਨਕੋ ਨਹੀਂ ਚਾਹਿਤੇ ਹੈਂ ਅਰੁ ਸ੍ਵਰਗ ਕੀ ਇਛਾ ਨਹੀ ਕਰਤੇ ਹੈ (ਪ੍ਰਿਅ) ਪਤਾ ਪਰਮੇਸ੍ਵਰ ਕੀ ਅਤੀ ਪ੍ਰੀਤੀ ਕੇ ਵਾਸਤੇ ਸਾਧੂ ਕੀ ਚਰਨ ਧੂਰੀਮੈਂ (ਰਾਚਹਿ) ਰਚ ਰਹੇ ਹੈਂ ॥

ਧੰਧੇ ਕਹਾ ਬਿਆਪਹਿ ਤਾਹੂ ॥ ਜੋ ਏਕ ਛਾਡਿ ਅਨ ਕਤਹਿ ਨ ਜਾਹੂ ॥

ਤਿਨਕੋ ਸੰਸਾਰ ਕੇ ਧੰਧੇ ਕਥ ਬਜਾਪ ਸਕਤੇ ਹੈਂ ਜੋ ਪੁਰਸ ਏਕ ਪਰਮਸ੍ਵਰ ਕੋ ਛੋਡ ਕਰ ਔਰ ਕਹੀਂ ਨਹੀਂ ਜਾਤੇ ਹੈਂ ॥

ਜਾਕੈ ਹੀਐ ਦੀਓ ਪ੍ਰਭੁ ਨਾਮਿ ॥ ਨਾਨਕ ਸਾਧ ਪੂਰਨ ਭਗਵਾਨ ॥ ੪ ॥

ਜਿਸ ਪੁਰਸ਼ ਕੇ ਹਿਰਦੇ ਮੰ ਪ੍ਰਭੁ ਨੇ ਅਪਨਾ ਨਾਮੁਦੀਆਹੈ ਸ੍ਰੀਗੁਰੂਜੀ ਕਹਤੇ ਹੈਂ ਸੋ ਸਾਧੂ ਪੂਰਨ ਭਗਵਾਨ ਕਾਸ੍ਵਰੂਪਹੀ ਹੈ॥੪॥

Digitized by Panjab Digital Library | www.panjabdigilib.org

ਸਲੋਕ ॥ ਅਨਿਕ ਭੇਖ ਅਰੁ ਗਿਆਨ ਧਿਆਨ ਮਨ ਹਠਿ ਮਿਲਿਅਉ
ਨ ਕੋਇ ॥ ਕਹੁ ਨਾਨਕ ਕਿਰਪਾ ਭਈ ਭਗਤੁ ਗਿਆਨੀ ਸੋਇ ॥ ੧ ॥

ਮਨਕੇ ਹਠ ਕਰਕੇ ਅਨੇਕ ਭੇਖ ਧਾਰਨੇ ਅਰ ਸਾਸਤ੍ਰ ਗਯਾਨ ਅਰ ਧਯਾਨ ਕਰਨੇ ਕਰ ਧਾਰਨਾ ਬਿਨਾ ਈਸ੍ਵਰ ਕੋ ਕੋਈ ਨਹੀਂ ਮਿਲਾ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਜਿਸਕੋ ਪਰਮੇਸ੍ਵਰ ਕੀ ਕ੍ਰਿਪਾ ਹੂਈ ਹੋ ਸੋ ਭਗਤ ਗਯਾਨੀ ਹੂਆ ਹੈ ਭਾਵ ਏਹ ਭਗਤੀ ਸਹਿਤ ਗਯਾਨ ਤਰੁ ਗਯਾਨ ਹੈ ਇਹੀ ਮਤ ਗੁਰੂ ਜੀਨੇ ਮੁਖ ਰਖਾ ਹੈ ॥

ਪਉੜੀ ॥ ਛੰਛਾ ਗਿਆਨੁ ਨਹੀ ਮੁਖ ਬਾਤਉ ॥ ਅਨਿ ਜੁਗਤਿ ਸਾਸਤ੍ਰ ਕਰ ਭਾਤਉ ॥

ਛੰਛੇ ਦ੍ਵਾਰੇ ਕਹਿਤੇ ਹੈਂ ਧਾਰਨਾ ਸੋ ਬਿਨਾ ਜੋ ਗਯਾਨ ਕੀਆਂ ਮੁਖਸੇ ਬਾਤਾਂ ਕਰਨੀਆਂ ਹੈ ਸੋ ਯਿਹ ਗਯਾਨ ਨਹੀਂ ਕਹਾਵਤਾ ਹੈ। ਅਨੇਕ ਸਾਸਤ੍ਰੋਂ ਕੀਆਂ ਜੁਗਤੀਓਂ ਅਰਥਾਤ ਦ੍ਰਿਸਟਾਂਤੋਂਕੇ (ਭਾਤਉ) ਪ੍ਰਕਾਸ਼ ਕਰਨੇ ਅਰਥਾਤ ਉਚਾਰਨ ਕਰਨੇ ਸੇ ਭੀ ਗਯਾਨ ਨਹੀਂ ਹੋਤਾ ਜੇ ਕਹੈ ਗਯਾਨ ਕਾ ਕਿਆ ਲਛਣ ਹੈ ? ਸੋ ਕਹਿਤੇ ਹੈਂ ॥

ਗਿਆਨੀ ਸੋਇ ਜਾਕੈ ਦ੍ਰਿੜ ਸੋਊ ॥ ਕਹਤ ਸੁਨਤ ਕਛੁ ਜੋਗੁ ਨ ਹੋਊ ॥

ਗਯਾਨੀ ਵਹੁ ਪੁਰਸ ਹੈ ਜਿਸਕੇ ਹਿਰਦੇ ਮੈਂ (ਸੋਊ) ਸੋ ਅਕਾਲ ਪੁਰਖ ਦ੍ਰਿੜ ਹੋ ਰਹਾ ਹੋ ਕਹਿਨੇ ਅਰ ਸ੍ਰਵਣ ਕਰਨੇ ਸੇ ਕੁਛ ਪਰਮੇਸ੍ਵਰ ਕੇ ਸਾਥ (ਜੋਗੁ)ਜੁੜਨਾ ਨਹੀਂ ਹੋਤਾ ॥

ਗਿਆਨੀ ਰਹਤ ਆਗਿਆ ਦ੍ਰਿੜੁ ਜਾਕੈ ॥ ਉਸਨ ਸੀਤ ਸਮਸਰਿ ਸਭ ਤਾਕੈ ॥

ਗਯਾਨੀ ਸੋਈ ਹੈ ਜਿਸਕੇ ਮਨ ਅੰਤ੍ਰ ਪਰਮੇਸ੍ਵਰ ਕੀ ਆਗਿਆ (ਦ੍ਰਿੜ) ਨਿਸਚੇ ਹੋਈ ਰਹਿਤੀ ਹੈ ਭਾਵ ਜੋ ਪਰਮੇਸ੍ਵਰ ਕੇ ਹੁਕਮ ਕੋ ਪ੍ਰਸੰਨ ਹੋਕਰ ਮਾਨਤਾ ਹੈ ਅਰ (ਉਸਨ) ਤਪਤ ਅਰ (ਸੀਤ) ਠੰਡ ਅਰਥਾਤ ਇਸਟ ਅਨਿਸ੍ਟ ਸਭ ਤਿਸ ਗਯਾਨੀ ਕੇ (ਸਮਸਰਿ) ਤੁੱਲ ਹੈ ॥

ਗਿਆਨੀ ਤਤੁ ਗੁਰਮੁਖਿ ਬੀਚਾਰੀ ॥ ਨਾਨਕ ਜਾਕਉ ਕਿਰਪਾ ਧਾਰੀ ॥ ੫ ॥

ਗਿਯਾਨੀ ਵਹੁ ਹੈ ਜੋ ਗੁਰੋਂ ਦ੍ਵਾਰੇ ਤਤ ਮਿੱਥਯਾ ਕਾ ਵੀਚਾਰੀ ਹੂਆ ਹੋ ਅਤ ਵੀਚਾਰੀ ਸੋ ਹੂਆ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸ ਪੁਰਸ ਪਰ ਪਰਮੇਸ੍ਵਰਨੇ ਕ੍ਰਿਪਾ ਦ੍ਰਿਸਟੀ ਧਾਰਨ ਕਰੀ ਹੈ ॥ ੫ ॥

ਸਲੋਕ ॥ ਆਵਨਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥

(ਆਵ) ਆਇਤੇ ਹੋਂ ਪਰੰਤੂ (ਨਆਇ)ਨਾ ਆਇਆਂ ਜੈਹੇ ਢਾ ਆਵਨ ਮਾਤ੍ਰਹੀ ਆਏ ਹੈਂ। ਭਾਵ ਜਨਮ ਕਾ ਲਾਭੁ ਕਛੁ ਨਹੀ

Digitized by Panjab Digital Library | www.panjabdigilib.org

ਹਆਹੈ ਵਾ ਆਵਨੇ ਕੀ ਵਾਰੀ ਆਗਈ ਇਸ ਵਾਸਤੇ ਜੀਵ ਜਗਤਮੈਂ ਆਏਹੈਂ ਪਰਮੇਸ੍ਰ ਕੇ ਜਾਣੇਸੇ ਬਿਨਾ ਢੋਰ (ਪਸੁ) ਦੇਖੀਤੇਹੈਂ ਵਾ(ਪਸੁਢੋਰ)ਮੁਰਦ ਪਸੂ ਵਾ(ਪਸੁ)ਘੋੜੇ ਆਦਿਕ ਉਤਮ ਚੌਪਾਏਅਰ(ਢੋਰ)ਖੋਤੇ ਆਦਿਕਨਿਖਿਧ ਚੌਪਾਓਂਵਤਹੈ॥

ਨਾਨਕ ਗੁਰਮੁਖਿ ਸੋ ਬੁਝੈ ਜਾਕੈ ਭਾਗੁ ਮਥੋਰ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਗੁਰੋਂ ਦ੍ਵਾਰੇ ਸੋ ਪੁਰਸ਼ ਬੂਝਤੇ ਹੈਂ ਜਿਨਕੇ (ਮਥੋਰ) ਮਾਥੇ ਕੇ ਉਤਮ ਭਾਗ ਹੋਤੇ ਹੈਂ ॥ ੧ ॥

ਪਉੜੀ ॥ ਯਾ ਜੁਗ ਮਹਿ ਏਕਹਿ ਕਉ ਆਇਆ ॥ ਜਨਮਤ ਮੋਹਿਓ ਮੋਹਨੀ ਮਾਇਆ ॥

ਇਸ ਸੰਸਾਰਮੈਂਜੀਵ ਏਕ ਪਰਮੇਸ੍ਰਕੇ ਪਾਵਣੇ ਕੇਵਾਸਤੇ ਆਯਾਥਾ ਪਰੰਤੂ ਜਨਮਤੇ ਕੋ ਹੀ ਮੋਹਨੀ ਮਾਇਆਨੇ(ਮੋਹਿਓ) ਠਗ ਲੀਆ॥

ਗਰਭ ਕੁੰਟ ਮਹਿ ਉਰਧ ਤਪ ਕਰਤੇ ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥

(ਗਰਭਕੁੰਟ)ਗਰਭ ਰੂਪ ਕੁੰਡਮੈਂ ਜੀਵ(ਉਰਧ)ਊਪਰ ਪੈਰ ਕਰਕੇ ਤਪੁ ਕਰਤੇ ਥੇ ਔਰ ਸ੍ਵਾਸ ਸ੍ਵਾਸ ਪ੍ਰਭੂਕੋ ਸਿਮਰਤੇ ਰਹਿਤੇ ਥੇ ॥ ਜਬ ਗਰਭ ਜੂਨੀ ਸੇ ਬਾਹਰ ਆਏ ॥

ਉਰਝਿ ਪਰੇ ਜੋ ਛੋਡਿ ਛਡਾਨਾ ॥ ਦੇਵਨ ਹਾਰ ਮਨਹਿ ਬਿਸਰਾਨਾ ॥

ਤਬ ਜੀਵੋਂ ਨੇ ਜੋ ਵਿਸਰਜ(ਛੋਡ)ਤਜਾਗ ਛੋਡਣੇ ਥੇ ਵਾ ਜੋ ਪਦਾਰਥ ਪਿਛਲੇ ਲੋਕ ਛੋਡ ਗਏ ਹੈਂ ਅਰ ਅਬ ਆਗੇਕੋ(ਛਡਾਨਾ) ਛੋਡ ਜਾਣੇਹੈਂ ਐਸੇ ਅਨਿੱਤ ਪਦਾਰਥੋ ਮੈਂ(ਉਰਝਿਪਰੇ)ਫਸਰਹੇ ਹੈਂ ਅਰ ਜੋ ਸਰਬ ਪਦਾਰਥੋਂ ਕਾ ਦਾਤਾ ਵਾਹਿਗੁਰੂ ਹੈ ਤਿਸਕੋ ਜੀਵ ਨੇ ਮਨ ਸੇ ਬਿਸਾਰ ਛੋਡਾ ਹੈ ॥ ਤਾਂਤੇ ਐਸੀ ਪ੍ਰਾਰਥਨਾ ਕਰੇ ॥

ਧਾਰਹੁ ਕਿਰਪਾ ਜਿਸਹਿ ਗੁਸਾਈ ॥ ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥ ੬ ॥

ਹੇ (ਗੁਸਾਈ)ਪਰਮੇਸ੍ਰ ਜਿਸ ਪੁਰ ਆਪ ਕ੍ਰਿਪਾ ਦ੍ਰਿਸ੍ਟੀ ਧਾਰਨ ਕਰਤ ਹੋ ਸ੍ਰੀ ਗੁਰੂ ਜੀ ਕਹਿਤ ਹੈਂ (ਇਤ ਉਤ) ਈਹਾਂ ਊਹਾਂ ਅਰਥਾਤ ਲੋਕ ਪ੍ਰਲੋਕ ਮੈਂ ਤਿਸਕੋ ਆਪ ਬਿਸਰਤੇ ਨਹੀਂ ਹੋ॥ਭਾਵ ਮੇਰੇ ਪਰ ਭੀ ਕਿਰਪਾ ਕਰੋ ॥ ੬ ॥

ਸਲੋਕ ॥ ਆਵਤ ਹੁਕਮਿ ਬਿਨਾਸੁ ਹੁਕਮਿ ਆਗਿਆ ਭਿੰਨ ਨ ਕੋਇ ॥

ਸਭ ਜੀਵ ਪਰਮੇਸ੍ਰ ਕੇ ਹੁਕਮ ਮੈ ਸੰਸਾਰ ਮੈ ਆਵਤੇ ਹੈਂ ਅਰੁ ਤਿਸਕੇ ਹੁਕਮ ਮੈ ਮਰਕਰ ਚਲ ਜਾਤ ਹੈਂ। ਪਰਮੇਸ੍ਰਕੀ ਆਗਯਾ ਸੇ ਬਾਹਰ ਕੋਈ ਜੀਵ ਨਹੀਂ ਹੈ ॥

ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ ॥ ੧ ॥

ਪਰੰਤੂ (ਆਵਨ ਜਾਨਾ) ਜਨਮਨਾ ਮਰਣਾ ਤਿਸਕਾ ਨਿਬ੍ਰਤ ਹੋਤਾ ਹੈ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸ ਪੁਰਸ ਕੇ ਮਨ ਮੈਂ

Digitized by Panjab Digital Library | www.panjabdigilib.org

ਸੋ ਪਰਮੇਸ੍ਰਰ ਬਸਤਾ ਹੈ ॥ ੫ । ਮਾਯਾ ਕੀ ਪ੍ਰਬਲਤਾ ਦਿਖਾਵਤੇ ਹੈਂ ॥

ਪਉੜੀ ॥ ਏਹੂ ਜੀਅ ਬਹੁਤ ਗ੍ਰਭ ਵਾਸੇ ॥ ਮੋਹ ਮਗਨ ਮੀਠ ਜੋਨਿ ਫਾਸੇ ॥

ਯਹ ਜੋ ਜੀਵ ਹੈ ਬਹੁਤੇ ਗਰਭੋਂ ਮੈਂ ਨਿਵਾਸ ਕਰਤੇ ਹੈਂ ਕਯੋਂ ਕਿ ਮਾਯਾ ਕੇ ਮੋਹ ਮੈ ਮਗਨ ਹੂਏ ਹੂਏ ਅਰ (ਮੀਠੀ)ਪਜਾਰੀ ਜਾਨ ਕਰ ਜੂਨੀਓਂ ਮੈਂ ਫਸ ਰਹੇ ਹੈਂ ॥

ਇਨਿ ਮਾਇਆ ਤ੍ਰੈਗੁਣ ਬਸਿ ਕੀਨੇ ॥ ਆਪਨ ਮੋਹ ਘਟੇ ਘਟਿ ਦੀਨੇ ॥

ਇਸ ਮਾਯਾ ਨੇ ਤ੍ਰਿਗੁਣੀ ਜੀਵ ਬਸਿ ਕੀਏ ਹੁਏ ਹੈਂ ਤਿਸ ਮਾਇਆ ਨੇ ਅਪਨੇ ਮੋਹ ਘਟੋਂ ਘਟੋਂ ਮੈਂ ਦੀਏ ਹੁਏ ਹੈਂ॥ ਪ੍ਰਸ਼ਨ॥

ਏ ਸਾਜਨ ਕਛੁ ਕਹਹੁ ਉਪਾਇਆ ॥ ਜਾਤੇ ਤਰਉ ਬਿਖਮ ਇਹ ਮਾਇਆ ॥

ਹੇ ਮਹਾਂ ਪੁਰਸੋ ਕੋਈ ਉਪਾਉ ਕਥਨ ਕਰੀਏ ਜਿਸ ਉਪਾਉ ਕਰਨੇ ਤੇ ਯਿਹ ਕਠਨ ਮਾਯਾ ਕੀ ਨਦੀ ਸੇ ਤਰ ਕਰ ਪਾਰ ਹੋ ਜਾਵੋਂ ? ॥ ਉਤ੍ਰ ॥

ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾਕੇ ਨਿਕਟ ਨ ਮਾਏ ॥ ੭॥

ਪਰਮੇਸ੍ਰਰ ਨੇ ਅਪਨੀ ਕ੍ਰਿਪਾ ਕਰਕੇ ਜੋ ਪੁਰਨ ਸਤਿਸੰਗ ਮੈਂ ਮਿਲਾਇ ਲੀਏ ਹੈਂ ਸ੍ਰੀ ਗੁਰੂ ਜੀ ਕਹਿਤੇ ਹੈਂ ਤਿਨਕੇ ਸਮੀਪ ਮਾਯਾ ਨਹੀਂ ਆਵਤੀ ਹੈਂ ॥ ੭ ॥

ਸਲੋਕੁ ॥ ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥

ਜੋ (ਕਿਰਤ) ਕਰਮ ਸੁਭ ਅਥਵਾ ਅਸੁਭ ਜੀਵੋਂ ਨੇ (ਕਮਾਵਨੇ) ਕਰੇ ਹੈਂ ਸੋ ਤਿਸੁ ਪ੍ਰਭੂ ਨੇ ਆਪ ਹੀ ਕਰੇ ਹੈਂ ॥

ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥ ੧ ॥

ਪਸੂ ਜੀਵ ਅਪਨੇ ਆਪੁ ਕੋ ਕਰਤ ਮਾਨ ਕਰ ਐਸੇ ਕਹਿਤਾ ਹੈ ਕਿ ਏਹ ਮੈਂ ਹੀ ਕਰਤਾਹੂੰ ਅਰ ਮੈ ਹੀ ਕਰਾਂਗਾ ਸ੍ਰੀ ਗੁਰੂ ਜੀ ਕਹਿਤੇ ਹੈਂ ਜੋ ਵਿਚਾਰੀਏ ਤਾਂ ਹਰੀ ਸੇ ਬਿਨਾ ਤੁਛ ਜੀਵ ਕਯਾ ਕਰ ਸਕਤਾ ਹੈ ॥ ਭਾਵ ਯੇਹ ਕੁਛੁ ਨਹੀਂ ਕਰਸਕਤਾ ॥੧॥

ਪਉੜੀ ॥ ਏਕਹਿ ਆਪਿ ਕਰਾਵਨ ਹਾਰਾ ॥ ਆਪੇ ਪਾਪ ਪੁੰਨ ਬਿਸਥਾਰਾ ॥

ਏਕ ਪਰਮੇਸ੍ਰਰ ਆਪ ਹੀ ਸਭ ਕਰਮੋਂ ਕੋ ਕਰਾਵਨੇ ਹਾਰਾ ਹੈ॥ਔਰ ਆਪ ਹੀ ਤਿਸਨੇ ਪਾਪ ਅਰ ਪੁੰਨ ਕਾਵਿਸਥਾਰਕੀਆਹੈ॥

ਇਆ ਜੁਗ ਜਿਤੁ ਜਿਨੁ ਆਪਹਿ ਲਾਇਓ ॥ ਸੋ ਸੋ ਪਾਇਓ ਜੁ ਆਪਿ ਦਿਵਾਇਓ ॥

ਇਸ ਸੰਸਾਰ ਮੈ ਜੀਵੋਂ ਕੋ ਜਹਾਂ ਜਹਾਂ ਆਪਹੀ ਕਰਮੋਂ ਮੇ ਲਗਾਇਆ ਹੂਆ ਹੈ ॥ ਤਹਾਂ ਤਹਾਂ ਲਗ ਰਹੇ ਹੈਂ ॥ ਔਰ ਤਿਨ

Digitized by Panjab Digital Library | www.panjabdigilib.org

ਕਰਮੋਂ ਕਾ ਫਲੁ ਸੁਖ ਅਥਵਾ ਦੁਖ ਸੋਈ ਸੋਈ ਜੀਵੋਂ ਨ ਪਾਯਾ ਹੈ ਜੋ ਪਰਮੇਸ੍ਰਰ ਨੇ ਆਪ ਤਿਨ ਕੋ ਦਿਵਾਯਾ ਹੈ ।

ਉਆ ਕਾ ਅੰਤੁ ਨ ਜਾਨੈ ਕੋਊ ॥ ਜੋ ਜੋ ਕਰੈ ਸੋਊ ਫੁਨਿ ਹੋਊ ॥

ਉਸ ਪਰਮੇਸ੍ਰਰ ਕਾ ਕੋਈ ਅੰਤੁ ਨਹੀਂ ਜਾਨਤਾ ਹੈ॥ ਜੋ ਜੋ ਪਰਮੇਸ੍ਰਰ ਕਰਤਾ ਹੈ ਬਹੁੜੇ ਓਹੀ ਹੋਤਾ ਹੈ ਅਰੁ ਹੋਊਗਾ ॥

ਏਕਹਿ ਤੇ ਸਗਲਾ ਬਸਥਾਰਾ। ਨਾਨਕ ਆਪਿ ਸਵਾਰਨ ਹਾਰਾ ॥ ੮ ॥

ਏਕ ਪਰਮੇਸ੍ਰਰ ਤੇ ਹੀ ਸੰਪੂਰਨ ਸੰਸਾਰ ਕਾ ਬਿਸਥਾਰ ਹੂਆ ਹੋ॥ ਸ੍ਰੀ ਗੁਰੂ ਜੀ ਕਹਿਤੇ ਹੈਂ ਪਰਮੇਸ੍ਰਰ ਆਪ ਹੀ ਸਰਬ ਕੇ ਸਵਾਰਨੇ ਵਾਲਾ ਹੈ ॥ ੮ ॥

ਸਲੋਕੁ ॥ ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ ॥

ਹੇ ਜੀਵੋ (ਬਨਿਤਾ) ਇਸਤ੍ਰੀ ਕੇ ਬਿਲਾਸੋਂ ਮੈਂ ਰਾਚ ਰਹੇ ਹੋ ਸੋ ਬਿਸਯੋ ਕਾ ਜੋ ਸੋਰ ਸਰਾਬਾ ਹੈ(ਕੁਸਮ)ਕਸੁੰਭੇ ਕੇ ਰੰਗਵਤ ਹੈ ਭਾਵ ਸੋ ਪੂਣਾਮੀ ਹੈ ਵਾ ਜਿਨ ਇਸਤ੍ਰੀਓਂ ਕੇ ਬਿਲਾਸੋਂ ਮੇ ਰਚਿ ਰਹੇ ਹੈਂ ਸੋ ਤਿਨਕਾ ਰੰਗ (ਕੁਸਮ) ਫੂਲੋਂ ਸਮ ਥੋੜੇ ਦਿਨ ਕੇ ਰਹਿਣੇ ਵਾਲਾ ਹੈ ਔਰ (ਬਿਖ) ਜਹਿਰ ਕੇ ਤੁਲ ਮਾਰਨੇ ਵਾਲਾ ਹੈ ਔਰ (ਸੋਰ) ਸੋਰੇ ਕੇ ਸਮਾਨ ਸੀਘ੍ਰ ਨਸ੍ਰ ਹੋ ਜਾਤਾ ਹੈ ॥

ਨਾਨਕ ਤਿਹ ਸਰਨੀ ਪਰਹੁ ਬਿਨਸਿ ਜਾਇ ਮੈ ਮੋਰ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਭਾਂਤੇ ਹੇ ਭਾਈ ਤਿਸਕੀ ਸਰਨੀ ਪੜੋ ਜਿਸਕੀਸਰਨ ਪੜਨੇ ਸੇ(ਮੈ ਮੋਰ)ਮੈਂ ਮੇਰੀ ਨਿਬ੍ਰਿਤਿ ਹੋ ਜਾਵੈ॥

ਪਉੜੀ ॥ ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥

ਹੇ ਮਨ ਹਰੀ ਸੇ ਬਿਨਾ ਜਹਾਂ ਜਹਾਂ ਤੂੰ ਰਚਤਾ ਹੈਂ ਤਹਾ ਤਹਾਂ ਤੇਰੇ ਕੋ ਬੰਧਨ ਹੀ ਪੜਤੇ ਹੈਂ॥

ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥

ਜਿਸ ਬਿਧੀ ਕਰ ਕਹੀਂ ਭੀ ਛੂਟਣਾ ਨ ਹੋਵੇ (ਸਾਕਤ) ਮਨਮੁਖ ਲੋਗ (ਤੇਊ) ਓਹੀ ਕਰਮ ਕਮਾਵਤੇ ਹੈਂ॥

ਹਉ ਹਉ ਕਰਤੇ ਕਰਮ ਰਤ ਤਾਕੋ ਭਾਰੁ ਅਫਾਰ ॥

ਜੋ ਜੀਵ (ਕਰਮਰਤਿ) ਕਰਮੋਂ ਮੈ ਪ੍ਰੀਤੀ ਕਰਕੇ (ਹਉਹਉ) ਮੈ ਮੇਰਾ ਕਰਤੇ ਹੈਂ ਤਿਨਕੋ ਚੌਰਾਸੀ ਕਾ (ਅਫਾਰ)ਅਸਹਿ ਵਾ ਬਹੁਤਾ ਭਾਰ ਹੋਤਾ ਹੈ ਕਾਰਣ ਸੇ ਨੀਚ ਜੂਨੀਓਂ ਮੈਂ ਭਟਕਤੇ ਹੈਂ ਜੇਕਰ ਨਾਮ ਸਿਮਰਨ ਸਹਿਤ ਕਰਮ ਕਰੇ ਤਬ ਕਰਮ ਭੀ ਸਫਲ ਹੋਵੇਂ ॥

Digitized by Panjab Digital Library | www.panjabdigilib.org

ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥

ਭਾਂਤੇ ਜੋ ਨਾਮ ਕੇ ਸਾਥਿ ਪ੍ਰੀਤੀ ਨਹੀਂ ਹੈ ਤੌ ਯਹੀ ਕਰਮ ਬਿਕਾਰ ਰੂਪ ਅਰਥਾਤ ਬਜਰਥ ਹੈਂ ਵਾ ਦੁੱਖ ਰੂਪ ਹੈਂ॥

ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ॥ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ॥

ਵਹੁ ਪੁਰਸ਼ ਜਮਕੀ (ਜੇਵੜੀ) ਰਸੀ ਸਾਥ ਬਾਂਧ ਜਾਤੇਹੈਂ ਜਿਨਕੋ ਮਾਯਾ (ਰੰਗ)ਅਨੰਦ ਵਾਲੀ(ਮੀਠੀ) ਪਯਾਰੀ ਲਗੀਹੈ ਭ੍ਰਮਕੇ ਮੋਹੇ ਹੁਏ ਜੀਵ ਬੂਝਤੇ ਨਹੀਂ ਹੈਂ ਕਿ ਸੋ ਪਰਮੇਸ੍ਰ ਨਿਸਚੇ ਕਰ ਸਦੀਵ ਕਾਲ ਸੰਗ ਹੀ ਹੈ॥

ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥
ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥ ੯ ॥

ਕਰਮੋਂ ਕੇ ਲੇਖੇ ਕੀ ਗਿਣਤੀ ਕਰਨੇ ਸੇ ਨਹੀਂ ਛੁਟੀਤਾ ਹੈ ਔਰ ਜੈਸੇ ਕਾਚੀ ਕੇਧ ਜਲ ਸੇ ਧੋਣੇ ਕਰ ਕਬੀ ਸੁਧ ਨਹੀਂ ਹੋਤੀ ਹੈ। ਭਾਵ ਏਹ ਕਿ ਤੈਸੇ ਹੀ ਸਕਾਮ ਕਰਮੋਂ ਕੇ ਕਰਨੇ ਕਰ ਬੁਧੀ ਸੁਧ ਨਹੀਂ ਹੋਤੀ ਹੈ। ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸਕੋ ਪਰਮੇਸ੍ਰ ਕ੍ਰਿਪਾ ਕਰਕੇ ਬੁਝਾਵਤਾ ਹੈ ਤਿਸ ਗੁਰਮੁਖਿ ਕੀ ਬੁਧੀ ਨਿਰਮਲ ਹੋ ਜਾਤੀ ਹੈ॥ ੯ ॥

ਸਲੋਕੁ ॥ ਟੂਟੇ ਬੰਧਨ ਜਾਮੁ ਕੇ ਹੋਆ ਸਾਧੂ ਸੰਗਿ ॥
ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥ ੧ ॥

(ਜਾਸੁਕੇ) ਜਿਸ ਪੁਰਸ ਕੇ ਭਾਈ ਸਾਧੂ ਸੰਗੁ ਹੁਆ ਹੈ ਤਿਸ ਕੇ ਅਗਯਾਨਾਦੀ ਬੰਧਨ ਟੂਟ ਗਏ ਹੈਂ। ਜੋ ਏਕ ਪਰਮੇਸ੍ਰ ਕੇ ਪ੍ਰੇਮ ਮੈਂ ਰਾਤੇ ਹੈਂ। ਸ੍ਰੀ ਗੁਰੂ ਜੀ ਕਹਿਤੇ ਹੈਂ ਤਿਨਤੋ (ਗੂੜਾ ਰੰਗ) ਸਘਨ ਆਤਮਾਨੰਦ ਪ੍ਰਾਪਤਿ ਹੁਆ ਹੈ॥ ੧ ॥

ਪਉੜੀ ॥ ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥

ਰਾਰੇ ਅਖਰ ਦ੍ਵਾਰਾ ਕਹਿਤੇ ਹੈਂ ਹੇ ਭਾਈ ਇਹ ਅਪਨਾ ਮਨੁ ਹਰੀ ਕੇ ਪ੍ਰੇਮ ਮੈਂ ਰੰਗੋ ਅਰ ਰਸਨਾ ਕਰਕੇ ਹਰਿ ਹਰਿ ਨਾਮ ਕਾ ਜਾਪ ਜਪੋ। ਜੋ ਕਹੋ ਜਾਪ ਕਾ ਕਿਆ ਫਲ ਹੋਗਾ? ਸੋ ਕਹਿਤੇ ਹੈਂ॥

ਰੇਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰ ਸੁਭ ਦੇਊ ॥

(ਰੇਰੇ) ਅਰੇ ਅਰੇ ਐਸੇ ਅਨਾਦਰ ਕੇ ਵਚਨ ਤੁਮਾਰੇ ਕੋ ਦਰਗਾਹ ਮੇਂ ਕੋਈ ਨਹੀਂ ਕਹੇਗਾ॥ ਆਉ ਬੈਠੋ ਐਸੇ ਕਹਿ ਕਰ (ਸੁਭ) ਸ੍ਰੇਸਟ ਪੁਰਸੁ ਆਦਰ ਦੇਵੇਂਗੇ॥

ਉਆ ਮਹਲੀ ਪਾਵਹਿ ਤੂੰ ਬਾਸਾ ॥ ਜਨਮ ਮਰਨ ਨਹਿ ਹੋਇ ਬਿਨਾਸਾ ॥

Digitized by Panjab Digital Library | www.panjabdigilib.org

(ਮਹਿਲੀ) ਹੇ ਜਗਜਾਸੂ ਉਸ ਸ੍ਵਰੂਪ ਮੈਂ ਵਾਸਾ ਪਾਵੇਂਗਾ ਜਿਸਮੇਂ ਜਨਮ ਮਰਨ ਨਹੀਂ ਹੋਤਾਜੇ ਕਹੈ ਜਨਮ ਮਰਨ ਕਜੋਂ ਨਹੀਂ ਹੋਤਾ ਸੋ ਕਹਤੇ ਹੈਂ ਵਹੁ ਪੁਰਸ ਤਿਸ ਮੈਂ ਪ੍ਰਾਪਤਿ ਹੋਕਰ (ਬਿਨਾਸਾ) ਆਸਾ ਤੇ ਰਹਤ ਹੋ ਜਾਤਾ ਹੈ ॥

ਮਸਤਕਿ ਕਰਮੁ ਲਿਖਿਓ ਧੁਰਿ ਜਾਕੈ ॥ ਹਰਿ ਮੰਪੈ ਨਾਨਕੁ ਘਰਿ ਤਾਕੈ ॥ ੧੦ ॥

ਜਿਸ ਪੁਰਸ ਕੇ ਮਸਤਕ ਪਰ (ਧੁਰਿ) ਆਦਿ ਸੇ ਹੀ ਉੱਤਮ ਕਰਮ ਲਿਖਾ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਹਰਿ ਨਾਮ ਰੂਪ ਸੰਪਤੀ ਤਿਸ ਪੁਰਸ ਕੇ ਰਿਦੇ ਘਰ ਮੈਂ ਪ੍ਰਾਪਤਿ ਹੋਤੀ ਹੈ ॥ ੧੦ ॥

ਸਲੋਕੁ ॥ ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥

(ਮੂੜੇ) ਮੂਰਖ (ਅੰਧ) ਅਗਿਆਨੀ ਲੋਗ ਲਾਲਚ ਅਰ ਝੂਠ ਪੁਨਾ ਬਿਕਾਰੋਂ ਕੇ ਮੋਹਿ ਮੈਂ ਲਗ ਰਹੇ ਹੈਂ ॥

ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਮਾਇਆ ਕੇ ਬੰਧਨ ਕਰਕੇ (ਦੁਰਗੰਧਿ) ਖੋਟੀ ਵਾਸਨਾ ਮੈਂ ਜੀਵ ਲਗ ਪੜੇ ਹੈਂ ॥ ੧ ॥

ਪਉੜੀ ॥ ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ ॥

ਲਲੇ ਦ੍ਵਾਰਾ ਕਹਿਤੇ ਹੈਂ ਏਹ ਜੀਵ ਲੰਪਟ ਹੋ ਕਰਕੇ ਵਿਸਯ ਰਸੋਂ ਮੈਂ ਰਾਤੇ ਹੈਂ ਅਹੰਕਾਰ ਬੁਧੀ ਕਰਕੇ ਮਾਯਾ ਕੇ ਰਸ ਵਿਖੇ (ਮਾਤੇ) ਮਸਤ ਹੋ ਰਹੇ ਹੈਂ ॥

ਇਆ ਮਾਇਆ ਮਹਿ ਜਨਮਹਿ ਮਰਨਾ ॥ ਜਿਉ ਜਿਉ ਹੁਕਮਿ ਤਿਵੈ ਤਿਉ ਕਰਨਾ ॥

ਇਸ ਮਾਇਆਮੈਂ ਲਗ ਕਰਕੇ ਜਨਮਣਾ ਅਰ ਮਰਣਾ ਹੋਤਾਹੇ ਜਿਸ ਜਿਸ ਪ੍ਰਕਾਰ ਪਰਮੇਸ੍ਵਰ ਕਾ ਹੁਕਮ ਹੋਤਾ ਹੈ । ਤਿਸੀ ਪ੍ਰਕਾਰ ਜੀਵੋਂ ਕਾ ਕਰਮਾਦਿ ਕਰਨਾ ਹੋਤਾ ਹੈ ॥

ਕੋਊ ਊਨ ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥

ਆਪਣੇ ਆਪ ਨਾ ਕੋਈ ਊਣਾ ਹੀ ਹੈ ਅਰ ਨਾ ਕੋਈ ਪੂਰਨ ਹੈ ਨਾ ਕੋਈ ਚਤਰ ਹੀ ਹੈ ਅਰ ਨਾ ਮੂਰਖ ਹੈ ॥

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਠਾਕੁਰ ਸਦਾ ਅਲਿਪਨਾ ॥ ੧੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਐਸੇ ਪ੍ਰਾਰਥਨਾ ਕਰੋ ਹੇ ਠਾਕਰ ਆਪ ਜੀਵੋਂ ਕੋ ਜਿਸ ਜਿਸ ਕਰਮ ਮੈਂ ਲਾਵਤੇ ਹੋ ਤਿਸੀ ਤਿਸੀ ਮੈਂ ਤਿਨ ਕਾ ਲਗਣਾ ਹੋਤਾ ਹੈ ਪੁਨਾ ਆਪ ਸਦਾ (ਅਲਿਪਨਾ) ਅਭੰਗ ਹੋ ॥ ੫੧ ॥

ਸਲੋਕੁ ॥ ਲਾਲ ਗੋਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ ॥

Digitized by Panjab Digital Library | www.panjabdigilib.org

(ਲਾਲ) ਪਯਾਰਾ ਗੋਪਾਲ ਗੋਬਿੰਦ ਪ੍ਰਭੂ ਜੋ ਹੈ ਸੋ (ਗਹਿਰ) ਡੂੰਘਾ ਅਰ (ਗੰਭੀਰ) ਨਿਰਹੱਲ ਅਰ ਅਥਾਹ ਅਰਥਾਤ ਬਿਅੰਤ ਹੈ ॥

ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ ॥

ਤਿਸਤੇ ਬਿਨਾ ਦੂਸਰਾ ਔਰੁ ਕੋਈ ਨਹੀਂ ਹੈ ਸ੍ਰੀ ਗੁਰ ਜੀ ਕਹਿਤੇ ਹੈਂ ਪੁਨਾ ਵਹੁ ਬੇਪਰਵਾਹੁ ਹੈ ॥ ੧ ॥

ਪਉੜੀ ॥ ਲਲਾ ਤਾਕੈ ਲਵੈ ਨ ਕੋਊ । ਏਕਹਿ ਆਪਿ ਅਵਰ ਨਹ ਹੋਊ ॥

ਲਲੇ ਅਖਰ ਦ੍ਵਾਰਾ ਕਹਿਤੇ ਹੈਂ ਤਿਸ ਪਰਮੇਸ੍ਵਰ ਕੇ (ਲਵੇ) ਤੁੱਲ ਵਾ ਪਾਸ ਕੋਈ ਨਹੀਂ ਹੈ ਪਰਮੇਸ੍ਵਰ ਅਦੁਤੀ ਆਪ ਹੀ ਹੈ ਔਰ ਆਗੇ ਕੋ ਭੀ ਤਿਸ ਬਿਨ ਔਰ ਕੋਈ ਨਹੀਂ ਹੋਵੇਗਾ ॥

ਹੋਵਨ ਹਾਰੁ ਹੋਤ ਸਦ ਆਇਆ ॥ ਉਆ ਕਾ ਅੰਤੁ ਨ ਕਾਹੂ ਪਾਇਆ ॥

(ਹੋਵਨ ਹਾਰੁ) ਭਵ ਸੱਤ ਰੂਪ ਅਥ ਹੈ ਪ੍ਰਭੂ ਪੀਛੇ ਭੀ ਸਦੀਵ ਹੋਤਾ ਆਇਆ ਹੈ ਪਰੰਤੁ ਉਸ ਕਾ ਅੰਤ ਕਿਸੀ ਨੇ ਨਹੀਂ ਪਾਯਾ ॥

ਕੀਟ ਹਸਤਿ ਮਹਿ ਪੂਰ ਸਮਾਨੇ ॥ ਪ੍ਰਗਟ ਪੁਰਖ ਸਭ ਠਾਊ ਜਾਨੇ ॥

ਹਸਤੀ ਅਰ ਚੀਟੀ ਮੈਂ ਸਮਾਨ ਸੱਤਾ ਕਰ ਪੂਰਨ ਹੈ । ਵਹੁ ਪੁਰਖ ਪਰਮੇਸ੍ਵਰ ਪ੍ਰਗਟ ਹੋ ਸਰਬ ਅਸਥਾਨੋਂ ਮੈਂ ਬਜਾਪਕ ਜਾਨਿਆਂ ਹੈ ॥

ਜਾਕਉ ਦੀਨੋ ਹਰਿ ਰਸੁ ਅਪਨਾ ॥ ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥ ੧੨ ॥

ਜਿਸ ਪੁਰਸ ਕੋ ਹਰੀ ਨੇ ਅਪਨਾ (ਰਸੁ) ਪ੍ਰੇਮੁ ਦੀਆ ਹੈ । ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸ ਪੁਰਸ ਨੇ ਗੁਰਾਂ ਦੁਆਰੇ ਹਰਿ ਹਰਿ ਨਾਮ ਕਾ ਜਪਨਾ ਕੀਆ ਹੈ ॥ ੧੨ ॥

ਸਲੋਕੁ ॥ ਆਤਮ ਰਸ ਜਿਹ ਜਾਨਿਆ ਹਰਿ ਰੰਗਿ ਸਹਜੇ ਮਾਣੁ ॥

(ਆਤਮਾ) ਜੀਵ ਕੋ ਬ੍ਰਹਮ ਕੀ ਪ੍ਰਾਪਤੀ ਕਾ ਸਾਧਨ ਪ੍ਰੇਮੁ ਜਿਨੇ ਨੇ ਜਾਨਾ ਹੈ ਵਹੁ ਪੁਰਸ ਹਰੀ ਕਾ (ਰੰਗਿ) ਅਨੰਦ ਸਹਿਜੇ (ਮਾਣੁ) ਭੋਗਤੇ ਹੈਂ ॥

ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਵਹੁ ਪੁਰਸ ਮਨ ਤਨ ਬਾਣੀ ਕਰਕੇ ਵਾ ਤੀਨੋ ਕਾਲੋਂ ਮੈਂ ਧੰਨਤਾ ਯੋਗ ਹੈਂ ਔਰ ਸੰਸਾਰ ਮੈਂ ਆਏ

Digitized by Panjab Digital Library | www.panjabdigilib.org

ਹੁਏ ਭੀ ਵਹੀ ਪ੍ਰਵਾਨ ਹੈਂ ॥

ਪਉੜੀ ॥ ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥

ਸੰਸਾਰ ਮੇ ਸਫਲ ਆਵਣਾ ਤਿਸੀ ਕਾ ਗਿਣੀਤਾ ਹੈ ਜਿਸਕੀ ਰਸਨਾ ਸੇ ਹਰਿ ਹਰਿ ਜਸ ਉਚਾਰਨ ਹੋਤਾ ਹੈ ॥

ਆਇ ਬਸਹਿ ਸਾਧੂ ਕੈ ਸੰਗੇ ॥ ਅਨਦਿਨੁ ਨਾਮੁ ਧਿਆਵਹਿ ਰੰਗੇ ॥

ਜੋ ਪੁਰਸ ਸਾਧੂ ਕੇ ਸੰਗ ਮੇਂ ਆਇਕਰ ਨਿਵਾਸ ਕਰਤੇ ਹੈਂ ॥ ਸੋ ਪ੍ਰੇਮ ਸਹਿਤ ਰਾਤਿ ਦਿਨ ਨਾਮ ਕੋ ਧਯਾਵਤੇ ਹੈਂ ॥

ਆਵਤ ਸੋ ਜਨੁ ਨਾਮਹਿ ਰਾਤਾ ॥ ਜਾਕਉ ਦਇਆ ਮਇਆ ਬਿਧਾਤਾ ॥

(ਆਵਤ) ਜਨਮ ਕਾਲ ਤੇ ਹੀ ਸੋ ਪੁਰਸ ਨਾਮ ਮੇ ਰਾਤਾ ਹੈ ॥ ਜਿਸਕੋ (ਮਇਆ) ਕ੍ਰਿਪਾ ਸ੍ਵਰੂਪ ਬਿਧਾਤਾ ਕੀਦਯਾਹੁਈਹੈ ॥

ਏਕਹਿ ਆਵਨ ਫਿਰਿ ਜੋਨਿ ਨ ਆਇਆ ॥ ਨਾਨਕ ਹਰਿ ਕੈ ਦਰਸਿ ਸਮਾਇਆ ॥ ੧੩ ॥

ਤਿਸਕਾ ਏਕ ਵੇਰ ਹੀ ਸੰਸਾਰ ਮੈ ਆਵਨਾ ਹੁਆ ਹੈ ॥ ਪਨਃ ਗਰਭ ਜੂਨੀ ਮੇਂ ਨਹੀਂ ਆਯਾ ਸ੍ਰੀ ਗੁਰੂ ਜੀ ਕਹਿਤੇ ਹੈਂ ਵਹੁ ਪੁਰਸ ਹਰੀ ਕੇ(ਦਰਸਿ) ਸਰੂਪ ਮੇਂ ਸਮਾਯਾ ਅਰਥਾਤ ਅਭੇਦ ਹੁਆ ਹੈ। ੧੩॥

ਸਲੋਕੁ ॥ ਯਾਸੁ ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ ॥

ਜਿਸ ਪਰਮੇਸ੍ਵਰ ਕੇ ਨਾਮ ਕੋ ਜਪਣੇ ਕਰਮ ਮੇਂ ਆਨੰਦ ਹੋਵੇ ਔਰ ਦ੍ਵੈਤ ਭਾਵ ਬਿਨਸ ਜਾਵੇ ॥

ਦੂਖ ਦਰਦ ਤ੍ਰਿਸਨਾ ਬੁਝੈ ਨਾਨਕ ਨਾਮਿ ਸਮਾਉ ॥

ਯਾਨਾ ਦੁਖ ਦਰਦ ਅਰ ਤ੍ਰਿਸਨਾ ਅਗਨਿ ਬੁਝ ਜਾਵੈ। ਸ੍ਰੀ ਗੁਰੂ ਜੀ ਕਹਤ ਹੈਂ ਹੇ ਭਾਈ ਤਾਂਤੇ ਤਿਸੁ ਨਾਮੋ ਮੇਂ ਸਮਾਵਣਾ ਕਰੁ ॥ ੧ ॥

ਪਉੜੀ ॥ ਯਯਾ ਜਾਰਉ ਦੁਰਮਤਿ ਦੋਊ ॥ ਤਿਸਹਿ ਤਿਆਗਿ ਸੁਖ ਸਹਜੇ ਸੋਊ ॥

ਯਯਾ ਅਖਰ ਦ੍ਵਾਰਾ ਕਹਿਤੇ ਹੈਂ ਦੁਰਮਤਿ ਅਰ ਦ੍ਵੈਤ ਕੋ ਜਲਾਇ ਦੇਵੋ ॥ ਤਿਸਕੇ ਤਿਆਗਣੇ ਕਰ ਸੁਖ ਪੂਰਬਕ ਸ੍ਵਰੂਪ ਮੇਂ ਸੌਨ ਹੋਤਾ ਹੈ ॥

ਯਯਾ ਜਾਇ ਪਰਹੁ ਸੰਤ ਸਰਨਾ ॥ ਜਿਹ ਆਸਰ ਇਆ ਭਵਜਲੁ ਤਰਨਾ ॥

ਯਾਨਾ ਯਯਾ ਅਖਰ ਦ੍ਵਾਰਾ ਕਹਿਤੇ ਹੈਂ ਸੰਤੋਂ ਕੀ ਸਰਨੀ ਜਾਇ ਪੜੋ ਜਿਸਕੇ ਆਸਰੇ ਇਸ ਸੰਸਾਰ ਸਮੁੰਦ੍ਰ ਸੇ ਤਰਨਾ ਹੋਤਾ ਹੈ॥

Digitized by Panjab Digital Library | www.panjabdigilib.org

ਯਯਾ ਜਨਮਿ ਨ ਆਵੈ ਸੋਊ ॥ ਏਕ ਨਾਮ ਲੇ ਮਨਹਿ ਪਰੋਊ ॥

ਫਿਰ ਯਯਾ ਅਖਰ ਕਹਿਤਾ ਹੈ ਸੋ ਪੁਰਸ ਜਨਮ ਮੈਂ ਨਹੀਂ ਆਵਤਾ ਹੈ ਜੋ ਏਕ ਪ੍ਰਮੇਸ੍ਵਰ ਕੇ ਨਾਮ ਕੋ ਲੈਕਰ ਮਨ ਮੈਂ ਪਰੋਇ ਰਖਤਾ ਹੈ॥

ਯਯਾ ਜਨਮੁ ਨ ਹਾਰੀਐ ਗੁਰ ਪੂਰੇ ਕੀ ਟੇਕ ॥
ਨਾਨਕ ਤਿਹ ਸੁਖ ਪਾਇਆ ਜਾਕੈ ਹੀਅਰੈ ਏਕ ॥੧੪॥

ਯਯੇ ਅਖਰ ਦ੍ਵਾਰਾ ਕਹਿਤੇ ਹੈਂ ਹੇ ਭਾਈ ਪੂਰੇ ਗੁਰ ਕੀ (ਟੇਕ) ਸਰਨ ਲੈਕਰ ਮਾਨਖ ਜਨਮ ਕੋ ਸੰਸਾਰ ਜੂਏ ਮੈਂ ਹਾਰ ਨਾ ਦੇਈਏ। ਸ੍ਰੀ ਗੁਰੂ ਜੀ ਕਹਿਤੇ ਹੈਂ ਜਿਨਕੇ ਹਿਰਦੇ ਮੈਂ ਏਕੁ ਪ੍ਰਮੇਸਰ ਵਸ ਰਹਾ ਹੈ ਤਿਨੋ ਨੇ ਸੁਖ ਪਾਯਾ ਹੈ ॥ ੧੪ ॥

ਸਲੋਕੁ ॥ ਅੰਤਰਿ ਮਨ ਤਨ ਬਸ ਰਹੇ ਈਤ ਊਤ ਕੇ ਮੀਤ ॥

ਪਰਮੇਸ੍ਵਰ ਜੀ ਮਨ ਤਨ ਕੇ (ਅੰਤਰ) ਬੀਚ ਬਸਿ ਰਹੇ ਹੈਂ ਜੋ ਈਤ ਊਤ ਭਾਵ ਲੋਕ ਪ੍ਰਲੋਕ ਕੇ ਮਿਤ੍ਰ ਹੈਂ ॥

ਗੁਰ ਪੂਰੈ ਉਪਦੇਸਿਆ ਨਾਨਕ ਜਪੀਐ ਨੀਤ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਪੂਰੇ ਗੁਰੋਂ ਨੇ ਏਹ ਉਪਦੇਸ ਦੀਆ ਹੈ ਕਿ ਤਿਸ ਪਰਮੇਸ੍ਵਰ ਕੋ ਨਿਤ ਪ੍ਰਤਿ ਜਪੀਏ ॥ ੧ ॥

ਪਉੜੀ ॥ ਅਨੁਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥

ਹੇ ਭਾਈ ਜਨੋਂ ਰਾਤ੍ਰਿ ਦਿਨ ਤਿਸ ਪਰਮੇਸ੍ਵਰ ਕਾ ਸਿਮਰਨ ਕਰੋ ਜੋ ਅੰਤ ਸਮੇਂ ਸਹਾਈ ਹੋਵੇ।

ਇਹ ਬਿਖਿਆ ਦਿਨ ਚਾਰ ਛਿਅ ਛਾਡਿ ਚਲਿਓ ਸਭੁ ਕੋਇ ॥

ਇਹ ਜੋ ਵਿਸਯ ਅਨੰਦੁ ਹੈ ਸੋ ਦਸ ਰੋਜ ਕਾ ਹੈ ਭਾਵ ਥੋੜਾ ਕਾਲ ਰਹਿਣੇ ਵਾਲੇ ਹੈਂ ਅੰਤਿ ਕੋ ਸਭ ਕੋਈ ਇਸਕੋ ਛੋੜ ਕਰ ਚਲਾ ਜਾਤਾ ਹੈ।ਜ ਕਹੈ ਸਨਬੰਧੀ ਸਹਾਇਕ ਹੈਂ ਤਿਸ ਪਰ ਕਹਿਤੇ ਹੈਂ ॥

ਕਾਕੋ ਮਾਤ ਪਿਤਾ ਸੁਤ ਧੀਆ ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥

ਮਾਤਾ ਪਿਤਾ ਅਰ ਪੁਤ੍ਰ ਪੁਤ੍ਰੀ ਕਿਸਕੇ ਹੈ ਕਾਕ ਉਕਤੀ ਸੇ ਕਿਸੀ ਕੇ ਨਹੀਂ ਘਰ ਔ ਇਸਤ੍ਰੀ ਆਦਿਕੋਂ ਮੈਂ ਸੇ ਜੀਵ ਨੇ ਅੰਤ ਸਮੇ ਕੁਛ ਭੀ ਸੰਗ ਲੀਆ ਨਹੀਂ ॥

ਐਸੀ ਸੰਚਿ ਜੁ ਬਿਨਸਤ ਨਾਹੀ ॥ ਪਤਿ ਸੇਤੀ ਅਪਨੇ ਘਰਿ ਜਾਹੀ ॥

ਐਸੀ ਨਾਮ ਰੂਪੀ ਬਿਭੂਤੀ ਸੰਚਲੀ ਕਰੋ ਜੋ ਕਬੀ ਨਸ੍ਟ ਨਹੀਂ ਹੋਤੀ ਪੁਨਾ ਪਤਿਸਦਾ ਸਹਿਤ ਅਪਨੇ ਸ੍ਵਰੂਪ ਘਰ ਮੈਂ ਜਾਵੋਗੇ॥

Digitized by Panjab Digital Library | www.panjabdigilib.org

ਸਾਧ ਸੰਗਿ ਕਲਿ ਕੀਰਤਨੁ ਗਾਇਆ ॥ ਨਾਨਕ ਤੇਤੇ ਬਹੁਰਿ ਨ ਆਇਆ ॥ ੧੫ ॥

ਜਿਨੋਂ ਨੇ ਸਾਧੋਂ ਕੇ ਸੰਗ ਕਰ (ਕਲਿ) ਸੁੰਦਰ ਵਾ ਕਲਿਜੁਗ ਮੈਂ ਕੀਰਤਨ ਗਾਇਨ ਕੀਆ ਹੈ। ਸ੍ਰੀ ਗੁਰੂ ਜੀ ਕਹਿਤੇ ਹੈਂ (ਤੇਤੇ) ਸੋ ਸੋ ਭਾਵ ਤਿਤਨਿਓਂ ਕਾ ਫਿਰ ਸੰਸਾਰ ਮੈ ਆਵਨਾ ਨਹੀਂ ਹੂਆ ॥ ੧੫॥

ਸਲੋਕੁ ॥ ਅਤਿ ਸੁੰਦਰੁ ਕੁਲੀਨ ਚਤਰੁ ਮੁਖਿ ਗਿਆਨੀ ਧਨਵੰਤ ॥

ਅਤੀ ਸੁੰਦਰ ਔਰ ਊਚੀ ਕੁਲ ਮੇਂ ਜਨਮ ਅਰ ਚਤਰ ਭੀ ਹੋਵੈ ਔਰ ਧਾਰਨਾ ਸੇ ਬਿਨਾਂ ਮੁਖ ਸੇ ਗਿਆਨ ਕੀਆਂ ਬਾਤਾਂ ਕਰਨੇ ਵਾਲਾ ਪੁਨਾ ਧਨੀ ਭੀ ਹੋਵੈ ॥

ਮ੍ਰਿਤਕ ਕਹੀਏ ਨਾਨਕਾ ਜਿਹ ਪ੍ਰੀਤ ਨਹੀ ਭਗਵੰਤ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜੇ ਤਿਸਕੇ ਮਨ ਮੈਂ ਪ੍ਰਮੇਸ੍ਵਰ ਕੀ ਪ੍ਰੀਤੀ ਨਹੀਂ ਹੈ ਤੌ ਮ੍ਰਿਤਕੁ ਹੈ ॥ ੧ ॥

ਪਉੜੀ ॥ ਛੰਛਾ ਖਟ ਸਾਸਤ੍ਰ ਹੋਇ ਗਿਆਤਾ ॥ ਪੂਰਕ ਕੁੰਭਕ ਰੇਚਕ ਕਰਮਾਤਾ ॥

ਛੰਛੇ ਅਖਰ ਦ੍ਵਾਰਾ ਕਹਿਤੇ ਹੈਂ ਕਿ ਪੁਰਸ ਚਾਹੇ ਖਟ ਸਾਸਤ੍ਰੋਂ ਅਰਥਾਤ ਸਾਂਖ੍ਯ੧ ਪਾਤੰਜਲ ੨ ਨਯਾਇ ੩ ਵੈਸੇਸਕ ੪ ਮੀਮਾਂਸਾ ੫ ਵੇਦਾਂਤ ੬ ਕਾ (ਗਿਆਤਾ) ਜਾਨਣੇ ਵਾਲਾ ਹੋਵੇ ਅਰ ਪੂਰਕ ਕੁੰਭਕ ਰੇਚਕ ਯਿਹ ਜੋ ਪ੍ਰਾਣਾਯਾਮ ਕਾ ਪ੍ਰਕਾਰ ਹੈ ਨਾਸਾਂ ਕੇ ਖਾਂਵੇ ਛਿੱਦ੍ਰ ਦ੍ਵਾਰਾ ਇੜਾ ਨਾੜੀ ਸੇ ਪ੍ਰਾਣ ਪਵਨ ਉਪਰ ਕੋ ਚੜਾਉਣੇ ਕਾ ਨਾਮ ਪੂਰਕ ਹੈ ਦਖਣ ਨਾਮ ਸਜੀ ਨਾਸਕਾ ਮੇਂ ਪਿੰਗਲਾ ਨਾਮ ਨਾੜੀ ਦ੍ਵਾਰਾ ਪ੍ਰਾਣੋਂ ਕੇ ਉਤਾਰਨੇ ਕੋ ਰੇਚਕ ਕਹਿਤੇ ਹੈਂ ਸੁਖਮਨਾ ਤੇ ਦਸਮੇ ਦ੍ਵਾਰ ਮੈ ਰੋਕਣੇ ਕਾ ਨਾਮੁ ਕੁੰਭਕ ਹੈ (ਕਰਮਾਤਾ) ਐਸੇ ਪ੍ਰਾਣਾਯਾਮ ਕਰਮ ਕਰਨੇ ਮੈਂ ਮਸਤ ਭੀ ਹੋਵੇ ਵਾ ਪ੍ਰਾਣਾਯਾਮ ਕਾ ਕਰਮ ਭੀ ਤਿਸਕੋ ਆਤਾ ਹੋ॥

ਗਿਆਨ ਧਿਆਨ ਤੀਰਥ ਇਸਨਾਨੀ ॥ ਸੋਮਪਾਕ ਅਪਰਸ ਉਦਿਆਨੀ ॥

ਗਯਾਨ ਕਰਤਾ ਹੋ ਧਯਾਨ ਧਰਤਾ ਹੋ ਤੀਰਥੋਂ ਕਾ ਇਸਨਾਨ ਕਰਤਾ ਹੋਵੇ॥ ਔਰ (ਸੋਮਪਾਕ) ਅਪਨੇ ਹਾਥ ਸੇ ਰਸੋਈਬਨਾ ਕਰ ਖਾਤਾ ਹੋ ਔਰ (ਅਪਰਸ) ਕਿਸੀ ਕੇ ਸਾਥ ਛੁਹਤਾ ਨਾ ਹੋ ਪੁਨਾ (ਉਦਿਆਨੀ) ਉਜਾੜ ਮੈਂ ਨਿਵਾਸ ਹੋਵੇ ॥ਇਤਯਾਦਿਕ ਕਠਨ ਸਾਧਨ ਰੂਪ ਕਰਮ ਕਰਤਾ ਹੋ ॥

ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥ ਜੋਕਛੁ ਕੀਨੋ ਸੋਊ ਅਨੇਤਾ ॥

ਪਰੰਤੂ ਜੇਕਰ ਰਾਮ ਕੇ ਨਾਮ ਸਾਥ ਤਿਸਕੇ ਮਨਕਾ ਪ੍ਰੇਮ ਨਹੀਂ ਹੈ ਤੌ ਜੋ ਜੋ ਪੂਰਬੋਕਤ ਕਰਮ ਤਿਸਨੇ ਕੀਆ ਹੈ ਸੋ(ਅਨੇਤਾ) ਅਨਿਤ ਹੀ ਹੈ ਅਰਥਾਤ ਮਿਥਯਾ ਹੈ ॥

Digitized by Panjab Digital Library | www.panjabdigilib.org

ਉਆਤੇ ਊਤਮ ਗਨਉ ਚੰਡਾਲਾ ॥ ਨਾਨਕ ਜਿਹਿ ਮਨਿ ਬਸਹਿ ਗੋਪਾਲਾ ॥ ੧੬ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸਕ ਮਨ ਮੈਂ ਗੋਪਾਲ ਬਸਤਾ ਹੈ॥ ਉਸ ਪੂਰਬੋਕਤ ਪੁਰਸ ਸੇ ਚੰਡਾਲ ਉਤਮ ਗਿਨ ਲੇਵੋ॥ ਪ੍ਰਮਾਣ ਭਾਗਵਤ ਪੁਰਾਣ ਸਕੰਧ ੭ ਮੈ ਪ੍ਰਹਿਲਾਦ ਕੇ ਪ੍ਰਸੰਗ ਮੈ ਲਿਖਾਹੈ॥ ਬਾਰਾ ਗੁਣੋਂ ਯੁਕਤ ਬ੍ਰਾਹਮਣ ਕੀ ਹੋਵੇ ਪਰੰਤੂ ਜੇ ਭਗਵਤ ਪ੍ਰੇਮ ਸੇ ਰਹਿਤ ਹੋ ਤੌ ਉਸ ਸੇ ਚੰਡਾਲ ਸ੍ਰੇਸ੍ਰ ਸਮਝ ਲੈਣਾ ਜੋ ਹਰੀ ਭਗਤ ਹੈ ॥ ਕਰਮੋਂ ਅਨਸਾਰ ਜੀਵੋਂ ਕੀ ਗਤੀ ਦਿਖਾਵਤੇ ਹੈਂ ॥ ੧੬ ॥

ਸਲੋਕੁ ॥ ਕੁੰਟ ਚਾਰਿ ਦਹਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ ॥
ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥ ੧ ॥

ਪੂਰਬ (ਕਿਰਤਿ) ਕੀਏ ਹੁਏ ਕਰਮੋਂ ਕੀ ਰੇਖਾ ਅਨੁਸਾਰ ਚਾਰੋਂ ਕੁੰਟ ਅਰਥਾਤ ਉਤਰ ਦਖਣ ਪੂਰਬ ਪਸਚਮ ਔਰ (ਦਹਦਿਸਿ)ਦਸੋਂ ਦਿਸਾ ਨੈਰਤ ਵਾਇਬ ਈਸਾਨ ਅਗਨਿ ਅਕਾਸਅਰ ਪਾਤਾਲ ਅਰ ਪੂਰਬੋਕਤ ਚਾਰੋਂ ਕੁੰਟਾਂ ਮਿਲਾਇ ਕਰ ਇਨ ਦਸੋਂ ਦਿਸਾ ਮੈਂ ਜੀਵ ਭ੍ਰਮ ਰਹੇ ਹੈਂ ਸੁਖ ਦੁਖ ਕੀ ਪ੍ਰਾਪਤੀ ਅਰ ਜੋਨੀ ਸੈ ਜੋ (ਮੁਕਤਿ) ਛੁਟਣਾ ਹੈ ਵਾ ਮੁਕਤੀ ਜੋ ਹੈ ਅਰ ਜੋਨੀ ਕੀ ਪ੍ਰਾਪਤੀ ਸ੍ਰੀ ਗੁਰੂ ਜੀ ਕਹਿਤੇ ਹੈਂ ਏਹ ਸਭ ਲਿਖੇ ਲੇਖ ਕੇ ਅਨਸਾਰ ਹੋਤੇ ਹੈਂ ॥ ੧ ॥

ਪਵੜੀ ॥ ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖੁ ਨ ਮੇਟਤ ਕੋਊ ॥

ਕਕੇ ਦ੍ਵਾਰਾ ਕਹਿਤੇ ਹੈਂ ਸੋਈ ਪਰਮੇਸ੍ਵਰ ਸਰਬ ਕਾਰਣੋਂ ਕਾ ਕਰਤਾ ਹੈ। ਤਿਸਕੇ ਲਿਖੇ ਹੁਏ ਲੇਖ ਕੋ ਕੋਈ ਮੇਟ ਨਹੀਂ ਸਕਤਾ ਹੈ ॥

ਨਹੀ ਹੋਤ ਕਛੁ ਦੋਊ ਬਾਰਾ ॥ ਕਰਨੈ ਹਾਰੁ ਨ ਭੂਲਨ ਹਾਰਾ ॥

ਦੂਸਰੀ ਬਾਰ ਕੁਛ ਨਹੀਂ ਹੋਤਾ ਭਾਵਸੇ ਤਿਸਕੇ ਕੋਇ ਪਰ ਕੁਛ ਪੁਨਾ ਨਜ਼ੂਨਅਧਿਕਤਾ ਨਹੀਂ ਹੋ ਸਕਤੀ ਕਯੋਂਕਿ ਕਰਨੇ ਹਾਰਾ ਵਾਹਗੁਰੂ ਭੂਲਨੇ ਵਾਲਾ ਨਹੀਂ ਹੈ ॥

ਕਾਹੂੰ ਪੰਥ ਦਿਖਾਰੈ ਆਪੈ ॥ ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥

ਕਿਸੀ ਕੋ ਤੋ ਅਪਨਾ ਰਸਤਾ ਆਪ ਦਿਖਾਇ ਦੇਤਾ ਹੈ ਕਿਸੀ ਕੋ (ਉਦਿਆਨ) ਜੰਗਲ ਮੈਂ ਭ੍ਰਮ ਇ ਕਰ ਅਰਥਾਤ ਸੰਸਾਰਕ ਧੰਧੋਂ ਮੈਂ ਲਗਾਇ ਕਰ ਪਸਚਾਤਾਪ ਕਰਾਵਤਾ ਹੈ ॥

ਆਪਨ ਖੇਲੁ ਆਪਹੀ ਕੀਨੋ ॥ ਜੋ ਜੋ ਦੀਨੋ ਸੁ ਨਾਨਕ ਲੀਨੋ ॥ ੧੭ ॥

Digitized by Panjab Digital Library | www.panjabdigilib.org

ਵਾਹਿਗੁਰੂ ਨੇ ਅਪਨਾ ਜਗਤ ਰੂਪ ਅਪਨਾ ਖੇਲ ਆਪਹੀ ਕੀਆ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਜੋ ਜੋ ਜਿਸ ਕਿਸੀ ਕੋ ਪ੍ਰਾਰਬਧ ਅਨੁਸਾਰ ਤਿਸਨੇ ਦੀਆ ਹੈ ਸੋ ਸੋ ਜੀਵੋਂਨੇ ਲੀਆ ਹੈ॥ ਹਰੀ ਭਗਤੋਂ ਕੀ ਅਰ ਵਾਹਿਗੁਰੂ ਕੇ ਭੰਡਾਰ ਕੀ ਮਹਿਮਾ ਉਚਾਰਨ ਕਰਤੇ ਹੈਂ॥੧੭॥

ਸਲੋਕੁ॥ ਖਾਤ ਖਰਚਤ ਬਿਲਛਤ ਰਹੈ ਟੂਟ ਨ ਜਾਹਿ ਭੰਡਾਰ॥

ਸੰਤ ਜਨ ਹਰੀ ਕੇ ਦੀਏ ਹੂਏ ਨਾਮ ਧਨ ਕੋ ਆਪ ਤੋ ਖਾਤੇ ਅਰਥਾਤ ਜਪਤੇ ਔਰ ਖਰਚਤੇ ਹੈਂ ਉਪਦੇਸ ਕਰ ਔਰੋਂ ਸੇ ਜਪਾਵਤੇ ਹੈਂ। ਔਰ ਜਪਣੇ ਅਰ ਜਪਾਉਣੇ ਮੈਂ (ਬਿਲਛਤ) ਬਿਲਾਸ ਕਰਤੇ ਹੈਂ ਤਿਸ ਪਰਮੇਸ੍ਵਰ ਕੇ (ਭੰਡਾਰ) ਖਜਾਨੇ ਮੁਕ ਨਹੀਂ ਜਾਤੇ ਹੈਂ॥

ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ॥੧॥

ਅਨੇਕ ਹੀ ਦਾਸ ਹਰਿ ਹਰਿ ਨਾਮ ਕੋ ਜਪਤੇ ਹੈਂ ਸ੍ਰੀ ਗੁਰੂ ਜੀ ਕਹਿਤੇ ਹੈਂ ਨਾਮ ਕੇ ਜਾਪਕੋਂ ਕੀ ਵਾ ਤਿਸ ਪਰਮੇਸ੍ਵਰ ਕੇ ਨਾਮ ਕੀ (ਸੁਮਾਰ) ਗਿਣਤੀ ਨਹੀਂ ਆਵਤੀ॥੧॥

ਪਉੜੀ॥ ਖਖਾ ਖੂਨਾ ਕਛੂ ਨਹੀ ਤਿਸੁ ਸਮ੍ਰਥ ਕੈ ਪਾਹਿ॥
ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ॥

ਖਖੇ ਦ੍ਵਾਰੇ ਕਹਿਤੇ ਹੈਂ ਤਿਸ ਸਮਰਥ ਪ੍ਰਮੇਸ੍ਵਰ ਕੇ ਪਾਸ ਕਛੁ(ਖੂਨਾ) ਊਣਤਾ ਨਹੀਂ ਹੈ॥ ਜੋ ਦੇਨਾ ਹੈ ਸੋ ਦੇ ਰਹਾ ਹੈ ਭਾਵ ਸੇ ਅਧਕ ਨਹੀਂ ਮਿਲਤਾ ਭਾਵੇਂ ਜਹਾਂ ਜਹਾਂ ਜੀਵ ਕੀ ਇਛਾ ਹੋਵੈ ਤਹਾਂ ਤਹਾਂ ਚਲਾ ਜਾਵੇ॥

ਖਰਚੁ ਖਜਾਨਾ ਨਾਮੁ ਧਨੁ ਇਆ ਭਗਤਨ ਕੀ ਰਾਸਿ॥

ਨਾਮ ਰੂਪੀ ਧਨੁ ਭਗਤ ਜਨੋਂ ਕਾ ਖਜਾਨਾ ਹੈ ਪੁਨਾ ਇਹੀ ਖਰਚੁ ਹੈ ਪੁਨਾ ਤਿਨ ਭਗਤੋਂ ਕੀ ਯਹੀ ਨਾਮ ਰੂਪੀ ਮੋਖ ਕੀ (ਰਾਸਿ) ਪੂੰਜੀ ਹੈ॥

ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣ ਤਾਸੁ॥

ਖਿਮਾ ਅਰ ਗਰੀਬੀ ਕੋ ਧਾਰਨ ਕੀਏ ਹੂਏ ਸ੍ਵਭਾਵਕ ਹੀ ਅਨੰਦ ਪੂਰਬਕ ਗੁਣੋਂ ਕੇ (ਤਾਸੁ) ਸਮੁੰਦ੍ਰ ਪਰਮੇਸ੍ਵਰ ਕੇ ਨਾਮ ਕੋ ਜਪਤੇ ਰਹਿਤੇ ਹੈਂ ਵਾ ਤਿਸਕੇ ਗੁਣੋ ਕੋ ਜਪਤ ਰਹਿਤੇ ਹੈਂ॥

ਖੇਲਹਿ ਬਿਗਸਹਿ ਅਨਦ ਸਿਉ ਜਾਕਉ ਹੋਤ ਕ੍ਰਿਪਾਲ॥

Digitized by Panjab Digital Library | www.panjabdigilib.org

ਜਿਨਕੋ ਵਾਹਿਗੁਰੂ ਕ੍ਰਿਪਾਲ ਹੋਤਾ ਹੈ ਵਹੁ ਪੁਰਮ ਆਤਮ ਅਨੰਦ ਸਹਿਤ ਹੁਏ ਹੁਏ ਪਰਮੇਸ੍ਵਰ ਕੇ ਜਸ ਮੈਂ ਖੇਲਤੇ ਹੈਂ ਔਰ ਪ੍ਰਫੁਲਤ ਹੋਤੇ ਹੈਂ ॥

ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ ॥

ਪੁਨਾ ਵਹੁ ਪੁਰਸ ਸਦੀਵ (ਗਨੀਵ) ਧਨਾਢ ਔਰ ਸੰਭਨੀਕ ਹੁਏ ਹੈਂ ਕਿਯੋਂ ਕਿ ਤਿਨਕੇ ਗ੍ਰਹ ਮੈਂ ਰਾਮ ਨਾਮ ਰੂਪ ਮਾਲ ਹੈ ॥

ਖੇਦ ਨ ਦੂਖ ਨ ਭਾਨੁ ਤਿਹ ਜਾਕਉ ਨਦਰਿ ਕਰੀ ॥

ਜਿਸ ਪੁਰਸ ਕੋ ਪਰਮੇਸ੍ਵਰ ਨੇ ਕ੍ਰਿਪਾਦ੍ਰਿਸਟੀ ਕਰੀ ਹੈ ਤਿਸ ਕੋ ਨਾਂ ਤੋ ਕੋਈ ਕਾਮਾਦਿਕੋਂ ਕਾ ਖੇਦੁ ਹੋਤਾ ਹੈ ਅਰ ਨਾ ਕੋਈ ਜਨਮਾਦੀ ਦੁਖ ਹੀ ਹੋਤਾ ਹੈ ਅਰ ਨਾ (ਭਾਨੁ) ਕਰੁ ਪਿਤਰੋਂ ਕਾ ਰਿਣ ਵਾ ਧਰਮਰਾਇ ਕਾ ਡੰਡ ਹੀ ਲਾਗਤਾ ਹੈ ॥

ਨਾਨਕ ਜੋ ਪ੍ਰਭੁ ਭਾਣਿਆ ਪੂਰੀ ਤਿਨਾ ਪਰੀ ॥ ੧੮ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜੋ ਪੁਰਸ ਪ੍ਰਭੂ ਕੋ ਭਾਏ ਹੈਂ ਤਿਨ ਕੀ ਪਈ ਪੜੀ ਹੈ ਭਾਵ ਸਭ ਕਾਮ ਸਿਧ ਹੁਏ ਹੈਂ ॥ ੧੮

ਸਲੋਕੁ ॥ ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਣੋ ਲੋਗ ॥

ਹੇ ਭਾਈ ਜਨੋਂ ਤੁਮ (ਗਨਿ ਮਿਨਿ) ਗਿਨਕੇ ਅਰ ਮਿਨਕੇ ਭਾਵ ਨਿਸਚੈ ਵਿਚਾਰ ਕਰਕੇ ਮਨ ਮੈਂ ਦੇਖ ਲੇਵੋ ਇਸ(ਲੋਗ) ਸੰਸਾਰ ਨੇ (ਸਰਪਰ) ਜਰੂਰ ਹੀ (ਚਲਨਾ) ਨਾਸ ਹੋ ਜਾਣਾ ਹੈ ॥

ਆਸ ਅਨਿਤ ਗੁਰਮੁਖਿ ਮਿਟੈ ਨਾਨਕ ਨਾਮੁ ਅਰੋਗੁ ॥ ੧ ॥

ਸੰਸਾਰ ਕੋ ਅਨਿਤ ਰੂਪ ਜਾਣ ਕਰਕੇ ਗੁਰਮੁਖੋਂ ਕੀ ਆਸ ਮਿਟ ਜਾਤੀ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਨਾਮ ਕੋ ਜਪ ਕਰ (ਅਰੋਗ) ਅਗਯਾਨ ਸੇ ਰਹਿਤ ਹੋ ਜਾਤੇ ਹੈਂ ॥ ੧ ।

ਪਉੜੀ ॥ ਗਗਾ ਗੋਬਿੰਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥

ਗਗੇ ਅਖਰ ਦ੍ਵਾਰਾ ਕਹਿਤੇ ਹੈਂ ਗੋਬਿੰਦ ਕੇ ਗੁਣੋਂ ਕੋ (ਰਵਹੁ) ਉਚਾਰਨ ਕਰੋ ਪੁਨਾ ਸ੍ਵਾਸ ਸ੍ਵਾਸ ਨਿਤਾਪ੍ਰਤਿ ਨਾਮ ਜਪਣਾ ਕਰੋ। ਜੋ ਕਹ ਫੇਰ ਜਪ ਲਵੈਗੇ ਸੋ ਕਹਿਤੇ ਹੈਂ ।

ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ ॥

ਇਸ ਸਰੀਰ ਕਾ ਕਯਾ (ਬਿਸਾਸਾ) ਭਰੋਸਾ ਹੈ ਤਾਂਤੇ ਹੇ ਮਿਤ੍ਰੋ ਨਾਮ ਜਪਣੇ ਮੈਂ (ਬਿਲਮ) ਦੇਰੀ ਨਾ ਕਰੋ ॥

Digitized by Panjab Digital Library | www.panjabdigilib.org

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧ ॥

ਨਾ ਤੋ ਬਾਲਕ ਅਵਸਥਾ ਕਾ ਹੀ ਔਰ ਨਾ ਜੋਬਨ ਅਵਸਥਾ ਕਾ ਪੁਨਾ ਨਾਂ ਹੀ ਬ੍ਰਿਧ ਅਵਸਥਾ ਕਾ ਕੁਛੁ (ਬੰਧ) ਬੰਧਾਨ ਹੈ ਭਾਵ ਸੇ ਮ੍ਰਿਤੂ ਕੀ ਕੋਈ ਮ੍ਰਿਯਾਦਾ ਨਹੀਂ ਹੈ ॥

ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥

ਵਹੁ (ਬੇਰਾ) ਸਮਾ ਜਾਨਾ ਨਹੀਂ ਜਾਤਾ ਹੈ ਕਿ ਜਿਸ ਸਮੇ ਮੈਂ ਜਮ ਕਾ(ਫੰਧੁ)ਫਾਹਾ ਆਨ ਪੜਨਾ ਹੈ॥ ਜੇ ਕਹੇ ਕੋਈ ਗਜਾਨੀ ਧਜਾਨੀ ਬਚਤਾ ਹੋਗਾ ?

ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ ॥

ਜੋ ਗਜਾਨੀ ਹੈ ਪੁਨਾ ਜੋ ਧਜਾਨੀ ਹੈ ਔਰ ਜੋ ਚਤੁਰ ਪੁਰਸ਼ ਹੈਂ(ਪੇਖਿ) ਦੇਖ ਲੇਵੋ ਇਸ ਸੰਸਾਰ ਅਸਥਾਨ ਮੈਂ ਕਿਸੀ ਨੇ ਰਹਣਾ ਨਹੀਂ ਹੈ।

ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਇ ॥

ਜਿਨ ਪਦਾਰਥੋਂ ਕੋ ਸਭੀ ਸ੍ਰਿਸਟੀ ਛੋਡ ਛੋਡ ਕਰ ਚਲੀ ਗਈ ਹੇ ਮੂਰਖ ਲੋਗ ਬਾਰੰਬਾਰ ਤਿਨਹੀ ਮੈਂ ਲਪਟਤੇ ਹੈਂ।

ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕ ਭਾਗ ॥

ਜਿਸ ਪੁਰਸ਼ ਕੇ ਮਸਤਕ ਕਾ ਉਤਮ ਭਾਗ ਹੈ ਵਹੁ ਪੁਰਸ ਗੁਰੋਂ ਕੀ ਪ੍ਰਸੰਨਤਾ ਕਰ ਨਾਮ ਕੋ ਸਿਮਰਤਾ ਰਹਿਤਾ ਹੈ।

ਨਾਨਕ ਆਏ ਸਫਲਤੇ ਜਾਕਉ ਪ੍ਰਿਅਹਿ ਸੁਹਾਗ ॥ ੧੯ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਵਹੁ ਪੁਰਸ ਸੰਸਾਰ ਮੈਂ ਆਏ ਹੂਏ ਸਫਲ ਹੂਏ ਹੈਂ ਜਿਨਕੋ (ਪ੍ਰਿਅਹਿ) ਪਤੀ ਪ੍ਰਮੇਸ੍ਵਰ ਕਾ (ਸੁਹਾਗ) ਆਨੰਦ ਹੂਆ ਹੈ ॥ ੧੯ ॥

ਸਲੋਕ ॥ ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ ॥

ਸਭੀ ਬੇਦ ਅਰ ਸਾਸਤ੍ਰ (ਘੋਖੇ) ਵਿਚਾਰੇ ਹੈਂ ਬਿਨਾਂ ਪਰਮੇਸ੍ਵਰ ਤੇ ਕੋਈ ਅਨਯ ਕੋ ਕਥਨ ਨਹੀਂ ਕਰਤਾ ਕੋਈ ਪਰੰਪਰਾ ਕਰ ਕਹਤਾ ਹੈ ਕੋਈ ਸਾਖਜਾਤ ਕਹਤਾ ਹੈ।

ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥ ੧ ॥

(ਆਦਿ ਜੁਗਾਦੀ) ਭੂਤਕਾਲ ਮੈਂ ਥਾ (ਹੁਣਿ) ਅਬ ਵਰਤਮਾਨ ਮੈਂ ਭੀ ਓਹੀ ਹੈ ਔਰ ਭਵਿਖਤ ਕਾਲ ਮੈਂ ਭੀ ਓਹੀ

Digitized by Panjab Digital Library | www.panjabdigilib.org

ਹੋਵੇਗਾ। ਸ੍ਰੀ ਗੁਰੂ ਜੀ ਕਹਤੇ ਹੈਂ ਤੀਨੋਂ ਕਾਲ ਮੈਂ ਏਕ ਸੋਈ ਵਾਹਗੁਰੂ ਹੈ॥ ੫॥

ਪਉੜੀ॥ ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ॥

ਸ੍ਰੀ ਗੁਰੂ ਜੀ ਘੱਘੇ ਅੱਖਰ ਕੋ ਲੇਕਰ ਕਹਿਤੇ ਹੈਂ ਹੇ ਭਾਈ ਇਹ ਨਿਹਚਾ ਮਨ ਮੈਂ ਘਾਲਹੁ ਕਿ ਹਰੀ ਸੇ ਬਿਨਾਂ ਦੂਸਰਾ ਔਰ ਕੋਈ ਨਹੀਂ॥

ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ॥

ਨਾਂ ਤੋ ਕੋਈ ਪੀਛੇ ਹੂਆ ਹੈ ਔਰ ਨਾਂ ਆਗੇ ਕੋ ਹੋਨਾ ਹੀ ਹੈ ਜਹਾਂ ਕਹਾਂ ਓਹੀ ਸਮਾਇ ਰਹਾ ਹੈ।

ਘੂਲਹਿ ਤਉ ਮਨ ਜਉ ਆਵਹਿ ਸਰਨਾ॥

ਹੇ ਮਨ ਜਬ ਤੂੰ ਪਰਮੇਸ੍ਵਰ ਕੀ ਸਰਨ ਕੋ ਪ੍ਰਾਪਤਿ ਹੋਵੈਂਗਾ ਤਬੀ ਤੂੰ (ਘੂਲਹਿ) ਛੂਟੈਂਗਾ॥

ਨਾਮ ਤਤੁ ਕਲ ਮਹਿ ਪੁਨਹਚਰਨਾ॥

ਕਲਿਜੁਗ ਕੇ ਬੀਚ ਨਾਮ ਹੀ (ਤਤੁ) ਸਾਰ ਰੂਪ ਅਰ ਪਾਪੋਂ ਕੋ ਪੁਨਹਚਰਨ ਰੂਪ ਹੈ। ਪਾਪ ਨਿਬ੍ਰਿਤੀ ਕੇ ਸਾਧਨ ਰੂਪ ਕਰਮ ਕੋ ਪੁਨਹਚਰਨ ਕਹਿਤੇ ਹੈਂ।

ਘਾਲਿ ਘਾਲਿ ਅਨਿਕ ਪਛੁਤਾਵਹਿ॥

ਅਨੇਕ ਹੀ ਜੀਵ (ਘਾਲ) ਕਰਤਬੋਂ ਕੋ (ਘਾਲਿ) ਕਰਕੇ ਪਸਚਾਤਾਪ ਕਰਤੇ ਹੈਂ॥

ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ।

ਸੋ ਹਰੀ ਕੀ ਭਗਤੀ ਸੇ ਬਿਨਾਂ ਕਹਾਂ ਇਸਥਿਤੀ ਪਾਵੇਂ ਭਾਵ ਸੇ ਚੌਰਾਸੀ ਮੈਂ ਪੜੇ ਭ੍ਰਮਤੇ ਹੈਂ।

ਘੋਲ ਮਹਾ ਰਸੁ ਅੰਮ੍ਰਿਤੁ ਤਿਹ ਪੀਆ॥

ਗੁਰ ਸਬਦ ਕੇ ਸਾਥ (ਘੋਲ) ਮਿਲਾਇਕਰ ਪ੍ਰਮੇਸ੍ਵਰ ਕਾ ਨਾਮ ਮਹਾ ਅੰਮ੍ਰਿਤ ਰਸ ਰੂਪ ਤਿਸ ਪੁਰਸ ਨੇ ਪੀਆ ਹੈ।

ਨਾਨਕ ਹਰਿ ਗੁਰਿ ਜਾਕਉ ਦੀਆ॥ ੨੦॥

ਸ੍ਰੀ ਗੁਰੂ ਜੀ ਕਹਿਤੇ ਹੈਂ ਹਰੀ ਰੂਪ ਗੁਰੋਂ ਨੇ ਜਿਸ ਪੁਰਸ ਕੋ ਦੀਆ ਹੈ॥ ਜੋ ਕਹੇ ਅਵਸਥਾ ਬਹੁਤ ਹੈ ਫੇਰ ਭਜਨ ਕਰ ਲੇਵੇਂਗੇ ਤਿਸ ਪਰ ਕਹਤੇ ਹੈਂ॥ ੨੦॥

Digitized by Panjab Digital Library | www.panjabdigilib.org

ਸਲੋਕੁ ॥ ਛਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲ ਸਾਰ ॥

ਪੁਰਸ਼ ਕੇ ਸਰੀਰ ਮੈਂ ਸ੍ਵਾਸ ਔਰ ਦਿਨ ਸੰਪੂਰਨ (ਛਣਿਘਾਲੇ) ਗਿਣਕੇ ਪਾਏ ਹੋਂ ਤਿਲ ਸਾਦ੍ਰਸ ਬਢਤੇ ਘਟਤੇ ਨਹੀਂ।

ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥ ੧ ॥

ਜੋ ਪੁਰਸ ਭਰਮ ਕਰ ਮੋਹੇ ਹੁਏ ਬਹੁਤ ਜੀਵਨਾ ਚਾਹਤੇ ਹੋਂ ਸ੍ਰੀ ਗੁਰੂ ਜੀ ਕਹਿਤੇ ਹੋਂ ਵਹੁ (ਗਵਾਰ) ਮੂਰਖ ਹੋਂ ॥ ੧ ॥

ਪਉੜੀ ॥ ਛੰਛਾ ਛ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭੁ ਕੀਨ ॥

ਛੰਛੇ ਅਖਰ ਦ੍ਵਾਰਾ ਕਹਿਤੇ ਹੋਂ ਜੋ ਪ੍ਰਭੁ ਨੇ (ਸਾਕਤ) ਮਨਮੁਖ ਕੀਏ ਹੋਂ ਤਿਨ ਕੋ ਕਾਲ (ਛ੍ਰਾਸੈ) ਪਕੜ ਲੇ ਜਾਤਾ ਹੈ ॥

ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ ।

ਅਨੇਕ ਜੂਨੀਓਂ ਮੈਂ ਜਨਮਤੇ ਪੁਨਾ ਮਰਤੇ ਹੋਂ(ਆਤਮ)ਜੀਵਾਤਮਾ ਕੋ (ਰਾਮ) ਰਮਣ ਰੂਪ ਬ੍ਰਹਮ ਕਰਕੇ ਨਹੀਂ ਜਾਨਾ ਹੈ॥

ਗਿਆਨ ਧਿਆਨ ਤਾਹੂ ਕੋ ਆਏ । ਕਰਿ ਕਿਰਪਾ ਜਿਹ ਆਪਿ ਦਿਵਾਏ ॥

ਗਿਆਨ ਧਿਆਨ ਆਦਿਕ ਸੁਭ ਗੁਣ ਤਿਸ ਪੁਰਸ ਕੋ (ਆਏ) ਪ੍ਰਾਪਤਿ ਹੁਏ ਹੋਂ ਜਿਸਕੋ ਪਰਮੇਸ੍ਵਰ ਨੇ ਕ੍ਰਿਪਾ ਦ੍ਰਿਸਟੀ ਕਰਕੇ ਗੁਰਾਂ ਪਾਸੋਂ ਆਪ ਦਿਵਾਏ ਹੋਂ ॥

ਛਣਤੀ ਛਣੀ ਨਹੀ ਕੋਊ ਛੂਟੈ । ਕਾਚੀ ਗਾਗਰਿ ਸਰਪਰ ਫੂਟੈ ॥

ਕਰਮੋਂ ਕੀ ਗਿਣਤੀ ਗਿਣਨੇ ਸੇ ਕੋਈ ਛੂਟਤਾ ਨਹੀ ਹੈ ਇਹ ਦੇਹ ਕਚੀ ਗਾਗਰਵਤ ਹੈ ਭਾਵ ਏਹ ਕਿ ਜਿਸਕੇ ਵਾਸਤੇ ਪੁੰਨ ਪਾਪ ਕਰਤਾ ਹੈ ਸੋ ਮਿਥਯਾ ਹੈ (ਸਰਪਰ) ਜਰੂਰ ਹੀ ਛੂਟ ਜਾਵੇਗੀ ਜੋ ਕਹੇ ਕੋਈ ਜੀਵਤਾ ਰਹੀ ਹੈ ਤਿਸ ਪਰ ਕਹਤੇ ਹੋਂ।

ਸੋ ਜੀਵਤ ਜਿਹ ਜੀਵਤ ਜਪਿਆ । ਪ੍ਰਗਟ ਭਏ ਨਾਨਕ ਨਹ ਛਪਿਆ ॥ ੨੯ ॥

ਸੋ ਪੁਰਸ ਜੀਵਤੇ ਹੋਂ ਜਿਨੋਂ ਨੇ (ਜੀਵਤ) ਜੀਵਨ ਰੂਪ ਪਰਮੇਸ੍ਵਰ ਕੋ ਜਪਾ ਹੈ ਅਰੁ ਵਹੁ ਪ੍ਰਗਟ ਹੁਏ ਹੋਂ ਸ੍ਰੀ ਗੁਰੂ ਜੀ ਕਹਤੇ ਹੋਂ ਤਿਨਕਾ ਪ੍ਰਤਾਪ ਛਪਾ ਨਹੀਂ ਰਹਤਾ॥ ੨੯ ॥

ਸਲੋਕੁ ॥ ਚਿਤ ਚਿਤਵਉ ਚਰਣਾਰ੍ਹ ਬਿੰਦ ਊਧ ਕਵਲ ਬਿਗਸਾਂਤ ॥

ਪੁਨਹ ਤਿਨੋਂ ਨੇ ਪਰਮੇਸ੍ਵਰ ਕੇ ਚਰਨ ਕਮਲੋਂ ਕੋਚਿਤ ਮੈਂ ਚਿੰਤਨ ਕੀਆ ਹੈ ਔਰ ਤਿਨਕਾ ਰਿਦਾ ਕਮਲ ਜੋ ਪ੍ਰਮੇਸ੍ਵਰ ਕੀ ਤਰਫ ਸੇ (ਊਧ) ਉਲਟਾ ਹੁਆ ਥਾ ਸੋ (ਬਿਗਸਾਤ) ਪ੍ਰਫੁਲਤ ਹੁਆ ਹੈ॥

Digitized by Panjab Digital Library | www.panjabdigilib.org

ਪ੍ਰਗਟ ਭਏ ਆਪਹਿ ਗੋਬਿੰਦ ਨਾਨਕ ਸੰਤ ਮਤਾਂਤ ॥ ੧ ॥

ਸ੍ਰੀ ਗੁਰੂ ਜੀ ਕਹਤੇ ਹੈਂ ਸੰਤੋਂ ਕੇ (ਮਤਾਂਤ) ਮੰਤ੍ਰ ਕਰਕੇ ਤਿਨਕੋ ਗੋਬਿੰਦ ਜੀ ਆਪ ਹੀ(ਪ੍ਰਗਟ)ਸਾਖਯਾਤ ਕਾਰ ਹੁਏ ਹੈਂ॥੧॥

ਪਉੜੀ ॥ ਚਚਾ ਚਰਨ ਕਮਲ ਗੁਰ ਲਾਗਾ । ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥

ਚਚਾ ਅਖਰ ਲੇਕਰ ਕਹਿਤੇ ਹੈਂ ਕੋ ਸਿਖ ਗੁਰੋ ਕੇ ਚਰਨ ਕਮਲੋਂ ਮੈਂ ਲਾਗਾ ਹੈ। ਵਹੁ ਦਿਨ ਧੰਨ ਹੈ ਅਰੁ ਸਿਖ ਭੀ ਧੰਨ ਹੈ ਕਯੋਂਕਿ ਵਹੁ ਪੁਰਸ਼ ਗੁਰਾਂ ਕੇ (ਸੰਜੋਗ) ਮਿਲਾਪ ਕਰਕੇ (ਸੁ) ਉਤਮ ਭਾਗੋਂ ਵਾਲਾ ਹੁਆ ਹੈ ।

ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ ॥ ਭਈ ਕ੍ਰਿਪਾ ਤਬ ਦਰਸਨੁ ਪਾਇਓ ॥

ਜਿਸ ਵਾਹਿਗੁਰੂ ਕੇ ਦਰਸਨ ਹੇਤ ਚਾਰੋਂ ਕੁੰਟ ਸਹਤ ਜੋ ਦਸੋਂ ਦਿਸਾ ਹੈਂ ਤਿਨ ਮੈਂ ਭ੍ਰਮ ਆਇਆ ਥਾ ਹਰੀ ਕਾ ਦਰਸਨ ਨਹੀਂ ਹੁਆ ਥਾ ਸੋ ਜਬ ਗੁਰੋਂ ਕੀ ਕ੍ਰਿਪਾ ਦ੍ਰਿਸ੍ਟੀ ਹੁਈ ਤਬ ਤਿਸ ਪ੍ਰਮੇਸ਼ੁਰ ਕਾ ਦਰਸਨ ਪਾਇ ਲੀਆ ਹੈ ।

ਚਾਰ ਬਿਚਾਰ ਬਿਨਸਿਓ ਸਭ ਦੂਆ ॥ ਸਾਧ ਸੰਗਿ ਮਨੁ ਨਿਰਮਲ ਹੂਆ ॥

ਜਬ (ਚਾਰ) ਸ੍ਰਿਸਟ ਵਾ ਚਾਰੋਂ ਬਦੋਂ ਕਾ ਵੀਚਾਰ ਕੀਆ ਤਬ ਦ੍ਵੈਤ ਭਾਵ ਸਭ ਬਿਨਸ ਜਾਤਾ ਭਯਾ ਸੰਤੋਂ ਕੇ ਸਾਥ ਮਿਲਨੇ ਕਰ ਮਨ ਨਿਰਮਲ ਹੁਆ ਹੈ॥

ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥ ੨੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਤਿਸਨੇ ਸਭ ਚਿੰਤਾ ਵਿਸਾਰ ਦਈ ਹੈ ਔਰ ਏਕ ਵਾਹਿਗੁਰੂ ਹੀ ਤਿਸਕ ਦ੍ਰਿਸਟ ਆਵਤਾ ਹੈ ਜਿਸ ਪੁਰਸ ਕੇ ਬੁਧੀ ਰੂਪ ਨੇਤ੍ਰੋਂ ਮੈਂ ਗਯਾਨ ਰੂਪੀ (ਅੰਜਨ) ਸੁਰਮਾ ਪੜਾ ਹੈ ॥ ੨੨ ॥

ਸਲੋਕੁ ॥ ਐਸੇ ਹੀ ਬੇਨਤੀ ਕਰੇ ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿੰਦ ਗੁਨ ਗਾਇ ॥

ਹੇ ਗੋਬਿੰਦ ਜੀ ਤੇਰੇ ਗੁਨ ਅਰ ਜਸ ਕੋ ਗਾਇਕਰ ਮੇਰੀ ਛਾਤੀ ਅਰਥਾਤ ਬੁਧੀ ਸੀਤਲ ਭਈ ਹੈ ਪੁਨਾ ਮਨ ਭੀ ਸੁਖੀ ਹੁਆ ਹੈ॥

ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥ ੧ ॥

ਹੇ ਪ੍ਰਭੂ ਮੇਰੇ ਪੁਰ ਐਸੀ ਕ੍ਰਿਪਾ ਦ੍ਰਿਸ੍ਟੀ ਕਰੋ ਸ੍ਰੀ ਗੁਰੂ ਜੀ ਕਹਤੇ ਹੈਂ ਕਿ ਮੈਂ ਆਪਕੇ ਦਾਸੋਂ ਕਾ ਦਾਸ ਹੋ ਜਾਵੋਂ ॥ ੧ ॥

ਪਉੜੀ ॥ ਛਛਾ ਛੋਹਰੇ ਦਾਸ ਤੁਮਾਰੇ ॥ ਦਾਸ ਦਾਸਨ ਕੇ ਪਾਨੀ ਹਾਰੇ ॥

ਛਛੇ ਦ੍ਵਾਰਾ ਕਹਿਤੇ ਹੈਂ ਜੋ ਆਪਕੇ (ਛੋਹਰੇ) ਛੋਟੇ ਬਾਲਕ ਕੇ ਸਮਾਨ ਦਾਸ ਹੈਂ ਤਿਨਕੇ ਦਾਸਨ ਕੇ ਦਾਸੋਂ ਕੇ ਹਮ ਪਾਨੀ ਹਾਰੇ ਹੋਵੈ॥ਜੇ ਕਹੋ ਤੁਮ ਪਾਨੀ ਹਾਰ ਕਯੋਂ ਹੋਤੇ ਹੋ ?

Digitized by Panjab Digital Library | www.panjabdigilib.org

ਛਛਾ ਛਾਰ ਹੋਤ ਤੇਰੇ ਸੰਤਾ॥ ਅਪਨੀ ਕਿਰਪਾ ਕਰਹੁ ਭਗਵੰਤਾ॥

ਪੁਨਾ ਛਛੇ ਦ੍ਵਾਰਾ ਕਹਿਤੇ ਹੈਂ ਜੋ ਪੁਰਸ ਤੇਰੇ ਸੰਤ ਜਨੋਂ ਕੀ (ਛਾਰ) ਚਰਨ ਧੂੜ ਹੋਤੇ ਹੈਂ ਤਿਸ ਪਰ ਹੇ ਭਗਵੰਤ ਤੁਮ ਆਪਨੀ ਕ੍ਰਿਪਾ ਦ੍ਰਿਸਟੀ ਕਰਤੇ ਹੋ॥

ਛਾਡਿ ਸਿਆਨਪ ਬਹੁ ਚਤਰਾਈ॥ ਸੰਤਨ ਕੀ ਮਨ ਟੇਕ ਟਿਕਾਈ॥

ਜਿਸ ਪੁਰਸ ਨੇ ਮਨ ਕੀ ਸਯਾਨਪ ਅਰ ਬਾਣੀ ਕੀ ਬਹੁਤੀ ਚਤਰਾਈ ਛੱਡ ਕਰ ਤੇਰੇ ਸੰਤ ਜਨੋਂ ਕੀ ਮਨ ਕੇ ਵਿਖੇ(ਟੇਕ) ਸਰਣਿ ਟਿਕਾਈ ਹੈ॥

ਛਾਰ ਕੀ ਪੁਤਰੀ ਪਰਮ ਗਤਿ ਪਾਈ॥ ਨਾਨਕ ਤਾ ਕਉ ਸੰਤ ਸਹਾਈ॥ ੨੩॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਸਕੇ ਸੰਤ ਜਨ ਸਹਾਈ ਹੂਏ ਹੈਂ ਤਿਸਨੇ ਛਾਰ ਭਸਮ ਕੀ ਪੁਤਰੀ ਅਰਥਾਤ ਦੇਹ ਕੋ ਮਿਥਯਾ ਜਾਣਕੇ ਵਾ ਦੇਹ ਦੁਆਰਾ ਵਾ ਦੇਹ ਕੇ ਹੋਤਿਆਂ ਹੀ (ਪਰਮ ਗਤਿ) ਮੋਖ ਪਦਵੀ ਪਾਇ ਲਈ ਹੈ॥ ੨੩॥ ਅਬ ਮਨਮੁਖ ਕੀ ਦਸਾ ਕਹਤੇ ਹੈਂ॥

ਸਲੋਕੁ॥ ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹਿ ਬਿਕਾਰ॥

ਹੁਕਮ ਆਦਿਕ ਕੇ ਜੋਰ ਕਰ ਜੁਲਮ ਕਰਤਾ ਹੈ ਔਰ ਫੂਲੇ ਘਨੋ ਅਤੀ ਹੰਕਾਰੁ ਕਰਤਾ ਹੈ ਵਾ ਬਹੁਤ ਅਨੰਦਤ ਹੋਤਾ ਹੈ ਔਰ (ਕਾਚੀ) ਖਿਣਭੰਗਰ ਦੇਹਿ ਕੋ ਪਾਇ ਕਰ ਬਿਕਾਰ ਕਰਤਾ ਹੈ॥

ਅਹੰ ਬੁਧਿ ਬੰਧਨ ਪਰੇ ਨਾਨਕ ਨਾਮੁ ਛੁਟਾਰ॥ ੧॥

ਹੰਕਾਰ ਬੁਧੀ ਕਰ ਬੰਧਨ ਪੜੇ ਹੂਏ ਹੈਂ ਸ੍ਰੀ ਗੁਰੂ ਜੀ ਕਹਿਤੇ ਹੈਂ ਨਾਮ ਕਰਕੇ ਬੰਧਨੋਂ ਸੇ ਜੀਵ ਛੁਟਤੇ ਹੈਂ। ਅਹੰ ਬੁਧੀ ਕਾ ਰੂਪ ਅਰੁ ਫਲੁ ਦਿਖਾਵਤੇ ਹੈਂ॥ ੧॥

ਪਉੜੀ॥ ਜਜਾ ਜਾਨੈ ਹਉ ਕਛੁ ਹੂਆ॥ ਬਾਧਿਓ ਜਿਉ ਨਲਨੀ ਭ੍ਰਮਿ ਸੂਆ॥

ਜਜਾ ਅਖਰ ਲੇਕਰ ਕਹਿਤੇ ਹੈਂ ਜੋ ਕੋਈ ਪੁਰਸ ਕਹਿਤਾ ਹੈ ਮੈਂ ਕੁਛ ਹੋ ਗਿਆ ਹੂੰ ਅਰਥਾਤ ਹੰਕਾਰ ਕਰਤਾ ਹੈ। ਸੋ ਐਸੇ ਬਾਂਧਿਆ ਹੂਆ ਹੈ ਜੈਸੇ ਨਲਨੀ ਮੇਂ ਭ੍ਰਮ ਕਰਕੇ (ਸੂਆ)ਤੋਤਾ ਬਾਧਾ ਹੁਆ ਹੋਤਾ ਹੈ॥ਨਲਨੀ ਕਾ ਸ੍ਵਰੂਪ ਏਹ ਹੈ ਕਿ ਏਕ ਜਲਕੇ ਕੁੰਡ ਉਪਰਿ ਦੋ ਸੀਖੇਂ ਗਾਡ ਕਰ ਏਕ ਸੀਖ ਮੇਂ ਬਧਾ ਨੜਾ ਪਾਇ ਕਰ ਉਨਕੇ ਸੀਖੇਂ ਪਰ ਰਾਖ ਦੇਈਤਾ ਹੈ ਜਬ ਤੋਤਾ ਪਾਨੀ ਪੀਨੇ ਕੇ ਵਾਸਤੇ ਆਕਰ ਤਿਸਪਰ ਬੈਠਤਾ ਹੈ ਤਬ ਤੋਤੇ ਕੇ ਏਕ ਲਾਤ ਕਰ ਵਹੁ ਨਲਨੀ ਫਿਰ ਜਾਤੀ ਹੈ॥ ਤੋਤੇ ਕਾ ਸਿਰੁ ਨੀਚੇ ਹੋ ਜਾਤਾ ਹੈ ਤੋਤਾ ਨੀਚੇ ਕੇ ਪਾਨੀ ਕੋ ਅਤੀ ਗੰਭੀਰ ਸਮੁੰਦ੍ਰ ਰੂਪ ਜਾਨ ਕਰ ਡੂਬਣੇ ਕੇ ਭਯ ਕਰਕੇ

Digitized by Panjab Digital Library | www.panjabdigilib.org

ਨਲਨੀ ਕੋ ਪੰਜੇ ਸੇ ਛੋਡਤਾ ਨਹੀਂ ਹੈ ਅਰ ਜਾਨਤਾ ਹੈ ਇਸਨੇ ਮੁਝਕੋ ਪਕੜ ਲੀਆ ਹੈ॥ਤੈਸੇ ਹੀ ਜੀਵ ਅਪਨੇ ਹੰਕਾਰ ਕਰ ਬਾਂਧਾ ਹੂਆ ਹੈ ॥ ਇਸਕੋ ਬਾਂਧਨੇ ਵਾਲਾ ਔਰ ਕੋਈ ਨਹੀਂ ਹੈ ॥

ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲ ਨਹੀ ਮਾਨੀ ॥

ਜੇਕਰ ਹੰਕਾਰ ਬੁਧੀ ਕਰਕੇ ਕੋਈ ਸਮਝੇ ਕਿ ਮੈ ਭਗਤ ਹੂੰ ਅਰ ਗਿਯਾਨੀ ਹੂੰ ਸੋ(ਆਗੇ)ਪ੍ਰਲੋਕ ਮੈਂ ਵਾ ਠਾਕੁਰ ਜੀ ਕੇ ਆਗੇ ਤਿਸਕੀ ਭਗਤੀ ਤਿਲ ਮਾਤ੍ਰ ਭੀ ਪ੍ਰਮਾਣ ਨਹੀਂ ਹੋਤੀ॥

ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥

ਜੇਕਰ ਪੁਰਸੁ ਯਿਹ ਜਾਨ ਲੇਵੇ ਕਿ ਮੈਂ (ਕਥਨੀ) ਕਥਾ ਕਰਤਾ ਹੂੰ ਸੋ ਜੈਸੇ ਵਾਪਾਰੀ ਲਾਭ ਕੇ ਵਾਸਤੇ (ਬਸੁਧਾ) ਪ੍ਰਿਥ੍ਵੀ ਮੈਂ ਫਿਰਤਾ ਹੈ ਤੈਸੇ ਹੀ ਵਹੁ ਕਥਾ ਕਰਨੇ ਵਾਲਾ ਹੈ ਕਿਉਂ ਕਿ ਉਸਨੇ ਕਥਾ ਕਾ ਹੀ ਵਾਪਾਰ ਕਰ ਰਖਾ ਹੈ ॥

ਸਾਧ ਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾਕਉ ਮਿਲੇ ਮੁਰਾਰੀ ॥ ੨੪ ॥

ਜਿਸ ਪੁਰਸ ਨੇ ਸਾਧ ਸੰਗ ਕਰ ਕੇ ਮਮਤਾ ਮਾਰੀ ਹੈ॥ ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸ ਪੁਰਸ ਕੋ ਵਾਹਗੁਰੂ ਮਿਲਤਾ ਹੈ॥ਜੋ ਕਹੇ ਹੰਕਾਰ ਨਿਬ੍ਰਤੀ ਕਾ ਸਾਧਨ ਕਹੀਏ ਸੋ ਕਹਿਤੇ ਹੈ ॥ ੨੪ ॥

ਸਲੋਕੁ ॥ ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥

ਹੇ ਭਾਈ ਜਬ (ਝਾਲਾਘੇ) ਸਵੇਰੇ ਉਠੇ ਤੋ ਵਾਹਿਗੁਰੂ ਨਾਮ ਕੋ ਜਪਣਾ ਕਰੁ ਇਸੀ ਤਰਾਂ (ਨਿਸਬਾਸਰ) ਰਾਤਿ ਦਿਨ ਪਰਮੇਸ੍ਵਰ ਕੇ ਨਾਮ ਕੋ (ਅਰਾਧ) ਸਵਨ ਕਰਤਾ ਰਹੁ ਤਿਸਕਾ ਫਲੁ ਕਹਿਤੇ ਹੈਂ ॥

ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥ ੧ ॥

ਤੁਝਕੋ(ਕਾਰਾ)ਝੋਰਾ ਨਹੀਂ ਬਿਆਪੇਗਾ ਪੁਨਃ ਸ੍ਰੀ ਗੁਰੂਜੀ ਕਹਿਤੇ ਹੈਂ ਉਪਾਧਿ ਰੂਪ ਹੰਕਾਰ ਭੀ ਨਿਬ੍ਰਿਤ ਹੋ ਜਾਵੇਗਾ ॥੧॥

ਪਉੜੀ ॥ ਝਝਾ ਝੂਰਨ ਮਿਟੈ ਤੁਮਾਰੋ ॥ ਰਾਮ ਨਾਮ ਸਿਉ ਕਰਿ ਬਿਉਹਾਰੋ ॥

ਝਝਾ ਅਖਰ ਲੇਕਰ ਕਹਿਤੇ ਹੈਂ ਹੇ ਭਾਈ ਤੁਮਾਰਾ ਝੂਰਨਾ ਮਿਟ ਜਾਵੇਗਾ। ਇਸ ਵਾਸਤੇ ਰਾਮ ਕੇ ਨਾਮ ਸਾਥ ਆਪਣਾ ਬਯੋਹਾਰ ਕਰੁ। ਅਰਥਾਤ ਨਾਮ ਕੋ ਜਪਤਾ ਰਹੁ ॥

ਝੂਰਤ ਝੂਰਤ ਸਾਕਤ ਮੂਆ ॥ ਜਾਕੈ ਰਿਦੈ ਹੋਤ ਭਉ ਬੀਆ ॥

ਜਿਸ ਸਾਕਤ ਕੇ ਰਿਦੇ ਮੈਂ (ਬੀਆ) ਦ੍ਵੈਤ ਭਾਉ ਹੋਤਾ ਹੈ। ਸੋ ਸਾਕਤ ਜਨ ਝੂਰ ਝੂਰ ਕਰ ਮੂਆ ਹੈ ॥

Digitized by Panjab Digital Library | www.panjabdigilib.org

ਝਰਹਿ ਕਸੰਮਲ ਪਾਪ ਤੇਰੇ ਮਨੂਆ ॥ ਅੰਮ੍ਰਿਤ ਕਥਾ ਸੰਤ ਸੰਗਿ ਸੁਨੂਆ ॥

ਹੇ ਭਾਈ (ਕਸੰਮਲ) ਅਤੀ ਕਾਰੀ ਜੋ ਪਾਪ ਹੈਂ ਤੇਰੇ ਮਨ ਸੇ ਸਭ ਮਿਟ ਜਾਵੇਂਗੇ ਇਸ ਵਾਸਤੇ ਸੰਤੋਂ ਕੇ ਸੰਗ ਮਿਲਕਰ ਅੰਮ੍ਰਿਤ ਰੂਪ ਕਥਾ ਕੋ ਸ੍ਰਵਣ ਕਰੁ ॥

ਝਰਹਿ ਕਾਮ ਕ੍ਰੋਧ ਦੁਸਟਾਈ ॥ ਨਾਨਕ ਜਾਕਉ ਕ੍ਰਿਪਾ ਗੁਸਾਈ ॥ ੨੫ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਇਸ ਪੁਰਸ ਕੋ ਦੁਸਟਤਾ ਕਰਨੇ ਵਾਲੇ ਕਾਮ ਕ੍ਰੋਧ ਆਦਿਕ ਬਿਕਾਰ (ਝਰਹਿ)ਝੜ ਜਾਤੇ ਹੈਂ ਜਿਸਕੋ(ਗੁਸਾਈ) ਵਾਹਿਗੁਰੂ ਕੀ ਕ੍ਰਿਪਾ ਹੋਤੀ ਹੈ ॥ ੨੫ ॥

ਸਲੋਕੁ ॥ ਜਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ ॥

ਹੇ ਮਿਤ੍ਰ ਤੁਮ ਅਨੇਕ ਪ੍ਰਕਾਰ ਕੇ ਜਤਨ ਭੀ ਕਰੋ ਪਰੰਤੂ ਇਸ ਸੰਸਾਰ ਮੈਂ ਰਹਿਨਾ ਨਹੀਂ ਪਾਵੋਗੇ ॥

ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਪ੍ਰੀਤੀ ਕਰਕੇ ਹਰਿ ਹਰਿ ਨਾਮ ਕੋ ਭਜਤੇ ਰਹੋ ॥ ੧ ॥

ਪਵੜੀ ॥ ੳੰਵਾ ਵਾਣਹੁ ਦ੍ਰਿੜ ਸਹੀ ਬਿਨਸਿ ਜਾਤ ਏਹ ਹੇਤ ॥

ੳੰਵੇ ਅਖਰ ਦ੍ਵਾਰਾ ਕਹਿਤੇ ਹੈਂ ਦ੍ਰਿੜ (ਸਹੀ) ਨਿਸਚੇ ਕਰਕੇ ਇਹ ਬਾਤ ਜਾਣ ਲੇਹੋ ਇਸਤ੍ਰੀ ਪੁਤ੍ਰ ਆਦਕੋਂ ਕਾ ਜੋ (ਹੇਤ) ਮੋਹ ਹੈ ਸੋ ਇਹ ਅੰਤ ਕੋ ਨਸਟ ਹੋ ਜਾਤਾ ਹੈ ॥

ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ ॥

ਜੋ ਮੈਂ ਤਿਨਕੀ ਗਿਣਤੀ ਕੋ ਗਿਣੋਂ ਗਿਣ ਨਹੀਂ ਸਕਤਾ ਹੂੰ ॥ ਇਨ ਇਸਤ੍ਰੀ ਪੁਤ੍ਰੋਂ ਕੋ ਤਜਾਗ ਕਰਕੇ (ਕਿਤ)ਕਿਤਨੇ ਭਾਵ ਬਹੁਤੇ ਹੀ ਜੀਵ ਸੰਸਾਰ ਸੇ ਉਠ ਕਰ ਚਲੇ ਗਏ ॥

ਵੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ ॥

(ਵੋ) ਜੋ ਤੁਮ ਪ੍ਰਪੰਚ(ਪੇਖਉ) ਦੇਖ ਰਹੇ ਹੋ ਸੋ ਬਿਨਸਤਾ ਜਾਤਾ ਹੈ ਤਾਂਤੇ ਹੇ ਭਾਈ ਕਿਸਕੇ (ਸਾਥ) ਸੰਗ ਮਿਲਾਪ ਕਰੀਏ ॥

ਵਾਣਹੁ ਇਆ ਬਿਧ ਸਹੀ ਚਿਤ ਝੂਠਉ ਮਾਇਆ ਰੰਗੁ ॥

ਤੁਮ ਇਸ ਪ੍ਰਕਾਰ ਚਿਤ ਮੈ (ਸਹੀ) ਨਿਸਚੇ ਕਰਕੇ ਜਾਣ ਲੇਵੋ ਕਿ ਇਸ ਮਾਯਾ ਕਾ (ਰੰਗ) ਅਨੰਦ ਝੂਠਾ ਹੀ ਹੈ ॥

Digitized by Panjab Digital Library | www.panjabdigilib.org

ਵਾਣਤ ਸੋਈ ਸੰਤੁ ਸੁਇ ਭ੍ਰਮਤੇ ਕੀਚਿਤ ਭਿੰਨ ॥

ਇਸ ਬਾਨ ਕੋ ਸਈ ਜਾਣਤਾ ਹੈ ਔਰ ਸੰਤ ਭੀ (ਸੁਇ) ਵੋਹੀ ਹੈ ਜਿਸ ਪੁਰਸ ਨੇ ਭ੍ਰਮ ਸੇ ਅਪਨੇ ਮਨ ਕੋ (ਭਿੰਨ) ਜੁਦਾ (ਕੀਚਤਿ) ਕੀਆ ਹੈ ॥

ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁ ਪ੍ਰਸਿੰਨ ॥

ਐਸੇ ਬੇਨਤੀ ਕਰੋ ਅੰਧ ਕੂਪ ਵਤ ਸੰਸਾਰ ਸੇ ਤਿਸ ਪ੍ਰਾਣੀ ਕੋ (ਕਢਹੁ) ਨਿਕਾਸਤੇ ਹੋ ਜਿਸ ਕੇ ਊਪਰਿ ਸੋ ਹੇ ਪਰਮੇਸ੍ਰ ਆਪ ਪ੍ਰਸਿੰਨ ਹੋਤੇ ਹੋ ॥

ਵਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗੁ ॥

(ਵਾ ਕੈ) ਜਿਸਕੇ ਹਾਥ ਮੇ ਹੈ ਸਮਰਥਤਾ (ਤੇ)ਪੂਰਾ (ਕਾਰਨ)ਤਤ੍ਵੋਂ ਕੋ ਵਾ ਕਾਰਨ ਕਾਰਜ ਰੂਪ ਜਗਤ ਕੋ (ਕਰਨੈ) ਬਨਾਵਨੇ ਕੋ ਭੀ (ਜੋਗੁ)ਸਮਰਥ ਹੈ॥

ਨਾਨਕ ਤਿਹ ਉਸਤਤਿ ਕਰਉ ਜਾਹੂ ਕੀਓ ਸੰਜੋਗ ॥ ੨੬ ॥

ਸ੍ਰੀ ਗੁਰੂ ਜੀ ਕਹਿਤੇਹੈਂ ਹੇ ਭਾਈ ਤਿਸ ਵਾਹਿਗੁਰੂ ਕੀ ਉਸਤਤੀ ਕਰੋ(ਜਾਹੂ)ਜਿਸਨੇ ਮਾਨੁਖ ਸਰੀਰਕਾ ਵਾ ਸਰਬਪਦਾਰਥੋਂ ਕਾ (ਸੰਜੋਗੁ)ਮਿਲਾਪ ਕੀਆ ਹੈ ॥ ੨੬ ॥

ਸਲੋਕੁ ॥ ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥

ਸਾਧੂ ਸੇਵ ਕਰ ਜਨਮ ਮਰਨ ਆਦਾ ਬੰਧਨ ਟੂਟ ਗਏਹਾਂ ਔ ਤਿਸਨੇ ਸੁਖ ਪਾਇਆ ਹੈ ॥

ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿੰਦ ਰਾਇ ॥੧॥

ਸ੍ਰੀਗੁਰੂ ਜੀ ਕਹਿਤੇਹੈਂ ਗੁਣੋਂਕਾ ਸਮੁਦ੍ਰ (ਗੋਬਿੰਦ ਰਾਇ)ਵਾਹਿਗੁਰੂ ਤਿਸਕੇ ਮਨਸੇ ਬਿਸਰਤਾ ਨਹੀਂ ਹੈ ॥ ੧ ॥

ਪਉੜੀ ॥ ਟਹਲ ਕਰਉ ਤਉ ਏਕ ਕੀ ਜਾਤੇ ਬ੍ਰਿਥਾ ਨ ਕੋਇ ॥

ਹੇ ਭਾਈ ਜੇਕਰ ਟਹਿਲ ਕਰੋ ਤੌ ਏਕ ਵਾਹਿਗੁਰੂ ਕੀ ਕਰੋ (ਜਾਤੇ)ਜਿਸ ਪਾਸ ਸੇ ਕੋਈ (ਬ੍ਰਿਥਾ)ਖਾਲੀ ਨਹੀਂ ਰਹਿਤਾ॥

ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋਇ ਹੋਇ ॥

ਜੇਕਰ ਮਨ ਤਨ ਮੁਖ ਹਿਰਦੇਮੇਂ ਰਹੇਗਾ ਤੌ ਜੋ ਮਨੋਰਥ ਚਾਹੋ ਸੋ ਹੋਇ ਜਾਵੇਗਾ ॥

ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ ॥

Digitized by Panjab Digital Library | www.panjabdigilib.org

ਟਹਿਲ ਰੂਪ(ਮਹਲ)ਮੁਰਾਤਬਾ ਵਾ ਮਹਿਲ ਪਤੀ ਕੀ ਟਹਲ ਤਿਸਕੋ ਮਿਲਤੀ ਹੈ ਜਿਸ ਪੁਰਸ ਕੋ ਸਾਧੂ ਕ੍ਰਿਪਾਲ ਹੋਤਾ ਹੈ।

ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥
ਟੋਹੇ ਟਾਹੇ ਬਹੁ ਭੁਵਨ ਬਿਨੁ ਨਾਵੈ ਸੁਖੁ ਨਾਹਿ ॥

ਸਾਧੂਕੀ ਸੰਗਤਿ ਮੈਂ ਜੀਵਤੋ ਬਸਤਾਹੈ ਜਬ ਪਰਮੇਸ੍ਵਰਆਪ ਦਯਾਲ ਹੋਤਾ ਹੈ ਬਹੁਤੇ ਭੁਵਨ ਅਰਥ ਚੌਦਾਂ ਹੀ ਭੁਵਨ ਮੈਂ ਵਾ ਦੇਵੀ ਦੇਵਤਨੋਂ ਕੇ ਮੰਦਰ (ਟੋਹੇਟਾਹੇ) ਦੇਖੇ ਭਾਲੇ ਵਾ ਵਿਚਾਰ ਕਰਤੇ ਦੇਖ ਲੀਆ ਹੈ ਵਾਹਿਗੁਰੂ ਨਾਮ ਸੇ ਬਿਨਾਂ ਸੁਖ ਕਹੀਂ ਨਹੀਂ ਹੈ ॥

ਟਲਹਿ ਜਾਮ ਕੇ ਦੂਤ ਤਿਹ ਜੋ ਸਾਧੂ ਸੰਗਿ ਮਾਹਿ ॥
ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ ਬਿਨਾਸਹਿ ਕਦਿਕੇ ॥ ੨੭ ॥

ਜਮਰਾਜੇ ਕੇ ਦੂਤ ਤਿਸਕੇ ਊਪਰ ਸੇ (ਟਲਹਿ)ਹਟ ਜਾਤੇ ਹੈਂ ਜੋ ਪੁਰਸ ਸਾਧੂ ਕੀ ਸੰਗਤਿ ਕਰਿ (ਸਮਾਹਿ) ਅਨੰਦਤ ਹੂਏ ਹੈਂ ਵਾ ਸਮਾਏ ਹੈਂ ॥ ਮੈ ਬਾਰੰਬਾਰ ਸੰਤ ਜਨੋਂ ਕੇ (ਸਦਕੇ) ਬਲਹਾਰਨੇ ਜਾਤਾ ਹੂੰ ਸ੍ਰੀ ਗੁਰੂ ਜੀ ਕਹਿਤੇ ਹੈਂ ਜਿਨਕੀ ਕ੍ਰਿਪਾ ਕਰ (ਕਦਿਕੇ) ਚਿਰੰਕਾਲ ਕੇ ਅਰਥਾਤ ਜਨਮਾਂਤਰੋਂ ਕੇ ਪਾਪ ਨਸਟ ਹੋ ਜਾਤੇ ਹੈਂ ॥ ੨੭ ॥

ਸਲੋਕੁ ॥ ਠਾਕਿ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁ ਪ੍ਰਸੰਨ ॥

ਜਿਨ ਪਰ ਤੂੰ ਸੋ ਪ੍ਰਸੰਨ ਹੋਤਾ ਹੈਂ ਤਿਨਕੋ (ਦਰਿ) ਸਤਿਸੰਗਤਿ ਵਾ ਤੇਰੇ ਦ੍ਵਾਰੇ ਮੈ ਕਿਸੀ ਪ੍ਰਕਾਰ ਕੀ (ਠਾਕ)ਰੋਕ ਨਹੀਂ ਹੋਤੀ ਹੈ ॥

ਜੋ ਜਨੁ ਪ੍ਰਭੁ ਅਪਨੇ ਕਰੇ ਨਾਨਕ ਤੇ ਧੰਨਿ ਧੰਨਿ ॥ ੧ ॥

ਜੋ ਪੁਰਸ਼ ਪ੍ਰਮੇਸ੍ਵਰ ਨੇ ਆਪਨੇ ਕੀਏ ਹੈਂ ਸ੍ਰੀ ਗੁਰੂ ਜੀ ਕਹਿਤੇ ਹੇ ਸੋ ਪੁਰਸ(ਧੰਨਿ ਧੰਨਿ)ਮਨ ਬਾਣੀ ਕਰ ਧੰਨਯਤਾ ਯੋਗ ਹੈਂ ॥ ੧ ॥

ਪਉੜੀ ॥ ਠਠਾ ਮਨੂਆ ਠਾਹਹਿ ਨਾਹੀ ॥ ਜੋ ਸਗਲ ਤਿਆਗਿ ਏਕਹਿ ਲਪਟਾਹੀ ॥

ਠਠੇ ਅਖਰ ਦ੍ਵਾਰਾ ਕਹਿਤੇ ਹੈਂ ਮੈ ਕਿਸੀ ਕਾ ਮਨੁ(ਠਾਹਹਿ)ਢਾਹੁੰਦੇ ਨਹੀਂ ਜੋ ਪੁਰਸ ਸਗਲ ਪ੍ਰਪੰਚ ਕੋ ਤਿਆਗ ਕਰ ਏਕ ਵਾਹਿਗੁਰੂ ਕੇ ਸਾਥ (ਲਪਟਾਹੀ) ਮਿਲਨਾ ਚਾਹੇ ਵਾ ਜੋ ਸਰਬ ਵਸਨਾ ਕੋ ਤਯਾਗ ਕਰ ਏਕ ਵਾਹਿਗੁਰੂ ਮੈ ਮਿਲੇ ਹੈਂ ਵਹੁ ਪੁਰਸ ਕਿਸੀ ਕਾ ਮਨੁ ਢਾਹਤੇ ਨਹੀਂ ॥

Digitized by Panjab Digital Library | www.panjabdigilib.org

ਠਹਕਿ ਠਹਕਿ ਮਾਇਆ ਸੰਗਿ ਮੂਏ ॥ ਉਆ ਕੈ ਕੁਸਲ ਨ ਕਤਹੂ ਹੂਏ ॥

ਜੋ ਪੁਰਸ ਮਾਯਾ ਕੇ ਸਾਥ (ਠਹਕਿ ਠਹਕਿ) ਲਗ ਲਗਕਰ ਮਰੇ ਹੈਂ॥ਉਨਕੇ ਮਨ ਮੈਂ(ਕੁਸਲ)ਅਨੰਦ ਕਬੀ ਨਹੀਂ ਹੂਏ ॥

ਠਾਂਢਿ ਪਰੀ ਸੰਤਹ ਸੰਗਿ ਬਸਿਆ ॥ ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥

ਜੋ ਪੁਰਸ ਸੰਤੋਂ ਕੇ ਸੰਗਮੇਂ ਬਸਾਹ ਤਿਸਕੇ ਮਨ ਮੇਂ (ਠਾਂਢਿ)ਸਾਂਤੀ ਪੜੀਹੈ ਕਿਉਂਕਿ (ਤਹਾਂ) ਤਿਸ ਸਤਿਸੰਗਮੈਂ ਅੰਮ੍ਰਿਤ ਰੂਪ ਨਾਮਕਾ ਤਿਸਕੇ ਮਨਮੈਂ ਰਸੁ ਆਇਆ ਹੈ ਵਾ ਤਿਨਕਾ ਜੀਉ ਤਹਾਂ ਤਦਾਕਾਰ ਹੂਆਹੈ ॥

ਠਾਕੁਰ ਅਪਨੇ ਜੋ ਜਨੁ ਭਾਇਆ ॥ ਨਾਨਕ ਉਆ ਕਾ ਮਨੁ ਸੀਤਲਾਇਆ ॥ ੨੮॥

ਜੋ ਪੁਰਸ਼ ਅਪਨੇ ਠਾਕੁਰ ਕੋ ਭਾਇ ਗਇਆ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਉਸ ਜੀਵ ਕਾ ਮਨੁ ਸੀਤਲੁ ਹੋ ਆਇਆ ਹੈ ॥ ਐਸੇ ਬੇਨਤੀ ਕਰੇ ॥ ੨੮॥

ਸਲੋਕੁ ॥ ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥

ਹੇ ਸਰਬ ਕਲਾ ਸ਼ਕਤੀ ਕਰ ਸਮਰਥ ਵਾਹਿਗੁਰੂ ਤੇਰੇਕੋ (ਡੰਡਉਤ) ਦੰਡਵਤ ਹੋਕਰ ਮੇਰੀ ਅਨੇਕ ਵਾਰ ਨਮਸਕਾਰ ਹੈ॥

ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ੧ ॥

ਸ੍ਰੀ ਗੁਰੂਜੀ ਕਹਿਤੇ ਹੈਂ ਹੇ ਪ੍ਰਭੂ ਕ੍ਰਿਪਾ ਰੂਪੀ ਹਥ ਦੇਕਰ ਡੋਲਨੇ ਤੇ ਮਨਕੋ ਰਾਖ ਲੇਵੋ ॥ ੧ ॥ ਉਪਦੇਸ ॥

ਪਉੜੀ ॥ ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥

ਡਡਾ ਅਖਰ ਲੇਕਰ ਉਪਦੇਸ ਕਰਤੇ ਹੈਂ ਇਹੁ ਸੰਸਾਰ ਕਾ ਘਰੁ ਡੇਰਾ ਨਹੀਂ ਹੈ ਜੋ ਸਚਾ ਡੇਰਾ ਪ੍ਰਮਾਤਮਾ ਕਾ ਸਰੂਪ ਹੈ ਤਿਸਕੋ ਜਾਨ ਲੇਹ ॥

ਉਆ ਡੇਰੇ ਕਾ ਸੰਜਮੋ ਗੁਰਕੈ ਸਬਦਿ ਪਛਾਨੁ ॥

ਤਾਂਤੇ ਉਸ ਡੇਰੇ ਕੇ(ਸੰਜਮ)ਜਤਨ ਵਾ ਉਪਾਵ ਕੋ ਗੁਰੂ ਕੇ ਸਬਦ ਕਰ ਪਛਾਨਲਾ ਕਰੋ ॥

ਇਆ ਡੇਰਾ ਕਉ ਸ੍ਰਮ ਕਰਿ ਘਾਲੈ ॥ ਜਾਕਾ ਤਸੂ ਨਹੀ ਸੰਗਿ ਚਾਲੈ ॥

(ਇਆ)ਇਸ ਡਰੇਕੋ(ਸ੍ਰਮ)ਅਤੀ ਕਸ਼ਟ ਕਰਕੇ (ਘਾਲਹਿ)ਪਾਵਤਾ ਹੈ ਜਿਸ ਡੇਰੇ ਕਾ ਅੰਤਕੋ ਤਸੂ ਮਾਤ੍ਰ ਭੀ ਪਦਾਰਥ ਸਾਥ ਨਹੀਂ ਚਲੇਗਾ ॥

ਉਆ ਡੇਰੇ ਕੀ ਸੋ ਮਿਤਿ ਜਾਨੈ ॥ ਜਾਕਉ ਦ੍ਰਿਸਟਿ ਪੂਰਨ ਭਗਵਾਨੈ ॥

Digitized by Panjab Digital Library | www.panjabdigilib.org

ਉਸ ਡੇਰੇ ਕੀ ਮੂਯਾਦਾ ਕੋ ਸੋ ਪੁਰਸ਼ ਜਾਨਤਾ ਹੈ ਜਿਸਕੋ ਪੂਰਨ ਭਗਵਾਨ ਕੀ ਕ੍ਰਿਪਾ ਦ੍ਰਿਸ਼ਟਿ ਹੁਈ ਹੈ ॥

ਡੇਰਾ ਨਿਹਚਲੁ ਸਚੁ ਸਾਧ ਸੰਗਿ ਪਾਇਆ ॥ ਨਾਨਕ ਤੇ ਜਨ ਨਹਿ ਡੋਲਾਇਆ ॥ ੨੯ ॥

ਸਤਸੰਗ ਦੁਆਰਾ ਅਚੱਲ ਰੂਪ ਸਚਾ ਡੇਰਾ ਪਰਮਸ਼ਰ ਜਿਨ ਪੁਰਸ਼ੋਂ ਨੇ ਪਾਇਆ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ (ਤੇ) ਤਿਨ ਪੁਰਸ਼ੋਂ ਨੇ ਪਦਾਰਥੋਂ ਮੈਂ ਚਿਤਕੋ ਡੁਲਾਯਾ ਨਹੀਂ ਹੈ ॥ ੨੯ ॥

ਸਲੋਕੁ ॥ ਢਾਹ ਨ ਲਾਰੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ ॥

ਜਬ ਧਰਮ ਰਾਜਾਕੇ ਦੂਤ ਇਸ ਸਰੀਰਕੋ ਨਸ਼ਟ ਕਰਨੇ ਲਾਗੇ ਤਬ ਕਿਸੀ ਸਨਬੰਧਾ ਨੇ (ਬੰਧ) ਬੰਨਾ ਨਾ ਪਇਆ ਭਾਵਸੇ ਕੋਈ ਭੀ ਨਾ ਹਟਾਇ ਸਕਾ ॥

ਨਾਨਕ ਉਬਰੇ ਜਪਿ ਹਰੀ ਸਾਧ ਸੰਗਿ ਸਨਬੰਧ ॥ ੧ ॥

ਸ੍ਰੀ ਗੁਰੂਜੀ ਕਹਿਤੇ ਹੈਂ ਜਿਨਕਾ ਸਾਧ ਸੰਗਤ ਕੇ ਸਾਥ ਸਨਬੰਧ ਹੁਆ ਹੈ ਸੋ ਪੁਰਸ਼ ਹਰੀਕੋ ਜਪਕਰ (ਉਬਰੇ) ਬਚੇ ਹੈਂ ਵਾ ਜੋ ਪੁਰਸ਼ ਹਰੀ ਨਾਮਕੋ ਜਪਕਰ ਉਬਰ ਹੈਂ ਤਿਨਕੋ ਧਰਮਰਾਇ ਕੀ ਢਾਹ ਨਹੀਂ ਲਾਗੀ ਭਾਵਸੇ ਧਰਮ ਰਾਜਾਕਾ ਤਿਨ ਪਰ ਹੁਮਕ ਨਹੀਂ ਹੈ ਔਰ ਕਾਮਕ੍ਰੋਧਾਦਿਕ ਕਿਸੀ ਵਿਸ਼ਯਨੇ ਭੀ ਤਿਨਕੋ ਬੰਧਨ ਨਹੀਂ ਪਾਇਆ ॥ ੧ ॥

ਪਉੜੀ ॥ ਢਢਾ ਢੂਢਤ ਕਹਿ ਫਿਰਹੁ ਢੂਢਨੁ ਇਆ ਮਨ ਮਾਹਿ ॥

ਢਢੇ ਅਖਰ ਦ੍ਵਾਰਾ ਕਹਿਤੇ ਹੈਂ ਭਾਈ ਕਹਾਂ ਢੂੰਢਤੇ ਫਿਰਤੇ ਹੋ ਇਸ ਮਨ ਵਿਖੇ ਹੀ ਢੂੰਢਨਾ ਕਰੋ ॥

ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥

ਹੇ ਭਾਈ ਪ੍ਰਭੂ ਤੁਮਾਰੇ ਸੰਗ ਹੈ ਬਸਤਾ ਹੈ ਭੇਖ ਬਨਾ ਬਨਾ ਕਰ ਵਾ ਬਨ ਬਨ ਮੈਂ (ਕਹਾ) ਕਿਸ ਵਾਸਤੇ ਭਟਕਤੇ ਫਿਰਤੇ ਹੋ॥

ਢੇਰੀ ਢਾਹਹੁ ਸਾਧ ਸੰਗਿ ਅਹੰ ਬੁਧਿ ਬਿਕਰਾਲ ॥

ਸਾਧੂ ਸੰਗ ਕਰ ਅਹੰ ਬੁਧੀ ਰੂਪੀ ਢਰੀ ਬਿਕ੍ਰਾਲ ਕਰਨੇ ਵਾਲੀ ਢਾਹਿ ਦੇਵੋ ਜੋ ਕਹੇ ਕਿਸਕੀ ਨਿਬ੍ਰਿਤੀ ਕਾ ਕਜਾ ਫਲ ਹੋਗਾ ਸੋ ਕਹਿਤੇ ਹੈਂ ॥

ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ ॥

ਸੁਖ ਪਾਵੋ ਗੇ ਅਰ ਸੰਤੋਖ ਪੂਰਬਕ ਨਿਵਾਸ ਕਰੋਗੇ ਔਰ ਸੁਭਾਵਕ ਹੀ ਪਰਮਾਤਮ ਵਿਖੇ ਬਸੋਗੇ ਅਰ ਦਰਸ਼ਨ ਦੇਖ ਕਰਕੇ (ਨਿਹਾਲ) ਅਨੰਦ ਹੋਵੋ ਗੇ ॥

Digitized by Panjab Digital Library | www.panjabdigilib.org

ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ ॥

ਜਿਸ ਪੁਰਖ ਵਿਖੇ ਹੰਤਾ ਰੂਪੀ ਢੇਰੀ ਹੈ ਸੋ ਜਨਮਤਾ ਮਰਤਾ ਹੈ ਵਾ ਜਮ ਤਿਸਕੋ ਮਾਰਤਾ ਹੈ ਅਰ ਗਰਭ ਜੋਨੀ ਮੈਂ ਦੁਖ ਪਾਵਤਾ ਹੈ ਵਾ ਜਿਸਕੇ ਅੰਤਰ ਹੰਤਾ ਰੂਪ ਢੇਰੀ ਜਮਾ ਹੈ ਵਾ ਜਮ ਰਹੀ ਹੈ ਸੋ ਮਰਤਾ ਹੈ ਅਰ ਜੋਨੀ ਕੇ ਬੀਚ ਦੁਖ ਪਾਵਤਾ ਭਾਵ ਜਨਮਤਾ ਮਰਤਾ ਹੈ॥

